**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763



**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 7, February 12, 2011 20451 N Plum Grove Rd. Palatine, IL 60074 Ph:847-359-0746, Fax:847-705-9388

## ਮਿਸਰ ਦਾ ਸੰਕਟ ਗਹਿਰਾਇਆ

# ਵਿਰੋਧੀ ਹੋਸਨੀ ਮੁਬਾਰਕ ਨੂੰ ਹਟਾਉਣ 'ਤੇ ਅੜੇ

**ਕਾਹਿਰਾ (ਪੰਜਾਬ ਟਾਈਮਜ਼ ਬਿਊਰੋ):** ਮਿਸਰ 'ਚ ਸ਼ੁਰੂ ਹੋਇਆ ਸਿਆਸੀ ਸੰਕਟ ਪੂਰੀ ਤਰ੍ਹਾਂ ਗਹਿਰਾ ਗਿਆ ਹੈ। ਜਿੱਥੇ ਵਿਰੋਧੀ ਧਿਰਾਂ ਸਦਰ ਹੋਸਨੀ ਮੁਬਾਰਕ ਨੂੰ ਹਟਾਉਣ ਲਈ ਦ੍ਰਿੜ ਹਨ ਉਥੇ ਮੁਬਾਰਕ ਅਸਤੀਫ਼ਾ



ਹੋਸਨੀ ਮੁਬਾਰਕ

ਨਾ ਦੇਣ 'ਤੇ ਅੜਿਆ ਹੋਇਆ ਹੈ। ਸਦਰ ਮੁਬਾਰਕ ਨੇ ਕਿਹਾ ਕਿ ਉਹ ਤੁਰੰਤ ਗੱਦੀ ਨਹੀਂ ਛੱਡਣਗੇ ਕਿਉਂਕਿ ਅਜਿਹਾ ਕਰਨ ਨਾਲ ਮੁਲਕ ਵਿਚ ਅਰਾਜਕਤਾ ਫੈਲ ਸਕਦੀ ਹੈ ਪਰ ਮੁਬਾਰਕ ਨੇ ਸਤੰਬਰ 'ਚ ਆਪਣਾ ਕਾਰਜਕਾਲ ਪੂਰਾ ਹੋਣ 'ਤੇ ਅਹੁਦਾ ਛੱਡਣ ਦੀ ਸਹਿਮਤੀ ਪ੍ਰਗਟਾਈ ਹੈ। ਮੁਬਾਰਕ ਨੇ ਕਿਹਾ ਕਿ ਉਹ 'ਤੰਗ ਆ ਚੁੱਕੇ' ਹਨ ਤੇ ਸੱਤਾ ਛੱਡਣਾ ਚਾਹੁੰਦੇ ਹਨ ਪਰ ਇਸ ਨਾਲ ਦੇਸ਼ ਵਿਚ ਹਾਲਾਤ ਖਰਾਬ ਹੋ ਸਕਦੇ ਹਨ। ਉਧਰ ਪ੍ਰਦਰਸ਼ਨਕਾਰੀ ਇਸ ਗੱਲ 'ਤੇ ਬਜ਼ਿਦ ਹਨ ਕਿ ਜਦੋਂ ਤਕ ਸਦਰ ਹੋਸਨੀ ਮੁਬਾਰਕ ਅਹੁਦਾ ਨਹੀਂ ਛੱਡਦੇ ਉਦੋਂ ਤਕ ਸੰਵਿਧਾਨਕ ਸੋਧਾਂ ਦੀ ਸ਼ੁਰੂਆਤ ਬਾਰੇ ਸਮਝੌਤੇ 'ਤੇ ਪਹੁੰਚਿਆ ਹੀ ਨਹੀਂ ਜਾ ਸਕਦਾ। ਇਸ ਤਰ੍ਹਾਂ ਸਰਕਾਰ ਤੇ ਵਿਰੋਧੀ ਧਿਰਾਂ ਵਿਚਾਲੇ ਗੱਲਬਾਤ ਦਾ ਕੋਈ ਸਿੱਟਾ ਸਾਹਮਣੇ ਨਹੀਂ ਆ ਰਿਹਾ।

ਇਹ ਮਾਮਲਾ ਉਸ ਵੇਲੇ ਹੋਰ ਪੇਚੀਦਾ ਬਣ ਗਿਆ ਜਦੋਂ ਮਿਸਰ ਦੇ ਉਪ ਰਾਸ਼ਟਰਪਤੀ ਉਮਰ ਸੁਲੇਮਾਨ 'ਤੇ ਜਾਨਲੇਵਾ ਹਮਲਾ ਹੋ ਗਿਆ ਪਰ ਉਹ ਵਾਲ-ਵਾਲ ਬਚ ਗਏ। ਇਸ ਹਮਲੇ 'ਚ ਉਨ੍ਹਾਂ ਦੇ ਦੋ ਸੁਰੱਖਿਆ ਜਵਾਨ ਮਾਰੇ ਗਏ। ਇਸ ਤੋਂ ਇਲਾਵਾ ਵਿਰੋਧੀਆਂ ਨੇ ਇਸਰਾਈਲ ਨੂੰ ਗੈਸ ਸਪਲਾਈ ਕਰਨ ਵਾਲੀ ਮੁਲਕ ਦੀ ਮੁੱਖ ਪਾਈਪ ਲਾਈਨ ਧਮਾਕੇ ਰਾਹੀਂ ਉਡਾ ਦਿੱਤੀ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਉਪ ਸਦਰ ਦਾ ਅਹੁਦਾ ਖਾਲੀ ਚਲਿਆ ਆ ਰਿਹਾ ਸੀ ਤੇ ਸ੍ਰੀ ਮੁਬਾਰਕ ਨੇ ਆਪਣੇ ਖ਼ਿਲਾਫ਼ ਲੋਕ ਵਿਰੋਧ ਭੜਕਣ ਪਿੱਛੋਂ ਇਹ ਅਹੁਦਾ ਸ੍ਰੀ ਸੁਲੇਮਾਨ ਨੂੰ ਦਿੱਤਾ ਸੀ। ਬਦਲਵੀਂ ਸਰਕਾਰ ਬਣਾਉਣ ਤੇ ਸੱਤਾ ਦੇ ਤਬਾਦਲੇ ਲਈ ਸ੍ਰੀ ਸੁਲੇਮਾਨ ਨੂੰ ਮਿਸਰ ਦੇ ਨਵੇਂ ਆਗੂ ਵਜੋਂ ਦੇਖਿਆ ਜਾ ਰਿਹਾ ਹੈ। ਉਂਜ ਸ੍ਰੀ ਸੁਲੇਮਾਨ ਦਾ ਅਕਸ ਵੀ ਬਹੁਤ ਵਧੀਆ ਨਹੀਂ ਕਿਉਂਕਿ ਇਸ ਤੋਂ ਪਹਿਲਾਂ

(ਬਾਕੀ ਸਫਾ 6 'ਤੇ)



ਤਸਵੀਰ: ਸਤਵਿੰਦਰ ਬਸਰਾ

ਮਿੰਨੀ ਉਲੰਪਿਕਸ ਕਰਕੇ ਜਾਣੇ ਜਾਂਦੇ ਕਿਲਾ ਰਾਏਪੁਰ ਦੇ ਖੇਡ ਮੇਲੇ ਦੌਰਾਨ ਇਕ ਨੌਜਵਾਨ ਦੰਦਾਂ ਨਾਲ ਹਲ-ਪੰਜਾਲੀ ਚੁੱਕਦਾ ਹੋਇਆ

# ਯੂ.ਪੀ.ਏ. ਸਰਕਾਰ ਹੁਣ ਇਸਰੋ ਘੁਟਾਲੇ 'ਚ ਫਸੀ!

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** 2-ਜੀ ਸਪੈਕਟ੍ਰਮ, ਰਾਸ਼ਟਰਮੰਡਲ ਖੇਡਾਂ ਤੇ ਆਦਰਸ਼ ਸੁਸਾਇਟੀ ਨਾਲ ਸਬੰਧਿਤ ਘੁਟਾਲਿਆਂ ਤੋਂ ਬਾਅਦ ਹੁਣ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਹੁਣ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਘੁਟਾਲੇ 'ਚ ਘਿਰਦੀ ਨਜ਼ਰ ਆ ਰਹੀ ਹੈ। ਇਸਰੋ 'ਚ ਦੋ ਲੱਖ ਕਰੋੜ ਰੁਪਏ ਦੇ ਘੁਟਾਲੇ ਦਾ ਖੁਲਾਸਾ ਹੋਣ ਨਾਲ ਸ਼ਾਂਤ ਹੋਈਆਂ ਵਿਰੋਧੀ ਧਿਰਾਂ ਮੁੜ ਸਰਗਰਮ ਹੋ ਗਈਆਂ ਹਨ।

ਇਸਰੋ ਅਤੇ ਇਕ ਨਿਜੀ ਕੰਪਨੀ ਵਿਚਾਲੇ ਹੋਏ ਦੋ ਲੱਖ ਕਰੋੜ ਰੁਪਏ ਦੇ ਐਸ. ਸਪੈਕਟ੍ਰਮ ਸਮਝੌਤੇ ਬਾਰੇ ਲੇਖਾਕਾਰ ਤੇ ਮਹਾਲੇਖਾ ਪਰੀਖਕ (ਕੈਗ) ਨੇ ਮੁੱਢਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਜਾਂਚ-ਪੜਤਾਲ ਐਸ. ਸਪੈਕਟ੍ਰਮ ਦੀ ਭਾਰਤੀ ਸਪੇਸ ਖੋਜ ਸੰਸਥਾ (ਇਸਰੋ) ਵੱਲੋਂ ਪ੍ਰਾਈਵੇਟ ਕੰਪਨੀ ਦੇਵਾਸ ਮਲਟੀ ਮੀਡੀਆ ਨੂੰ 2005 ਵਿਚ ਅਲਾਟ ਕੀਤੇ ਜਾਣ ਬਾਰੇ ਹੈ। ਇਸਰੋ ਦੇ ਵਪਾਰਕ ਵਿੰਗ 'ਸਪੇਸ ਕਾਰਪੋਰੇਸ਼ਨ' ਨੇ ਇਸ ਨਿਜੀ ਕੰਪਨੀ ਨਾਲ ਸਮਝੌਤੇ ਕਰਕੇ ਬੇਹੱਦ ਕੀਮਤੀ ਐਸ ਸਪੈਕਟ੍ਰਮ ਦੀਆਂ ਬਿਜਲਈ ਲਹਿਰਾਂ-70 ਮੈਗਾ ਹਰਟਜ਼ ਨੂੰ ਬਿਨਾ ਕਿਸੇ ਹੱਦਬੰਦੀ ਦੇ 20 ਸਾਲਾਂ ਤੱਕ ਵਰਤਣ ਦੀ ਇਜਾਜ਼ਤ ਦੇ ਦਿੱਤੀ। ਕੈਗ ਵੱਲੋਂ ਮੁੱਢਲੀ ਜਾਂਚ ਪੜਤਾਲ ਵਿਚ ਕਿਹਾ ਗਿਆ ਹੈ ਕਿ ਅਜਿਹਾ ਕਰਨ ਨਾਲ ਸਰਕਾਰੀ ਖ਼ਜ਼ਾਨੇ ਨੂੰ ਸੰਭਾਵੀ ਤੌਰ 'ਤੇ ਦੋ ਲੱਖ ਕਰੋੜ ਰੁਪਏ ਦਾ ਨੁਕਸਾਨ

(ਬਾਕੀ ਸਫਾ 6 'ਤੇ)

**Mann Tax Services**
Individual, Trucking or Business Taxes
CTEC California Tax Education Council Approved Tax Preparer
e-file
For Fast Refund:
For Appointments.
Gurdawar S. Mann
Ph:(510) 487-1000
(510) 468-9381
Email: manntaxservices@gmail.com



Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
AUTHORIZED CATERER FOR MAJOR 5-STAR HOTELS
follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com



# ਐਨ ਆਰ ਆਈ ਸਭਾ ਬੇਕਰਜ਼ਫੀਲਡ ਦੇ ਚੇਅਰਮੈਨ ਗੁਰਜੀਤ ਮਾਣਕ ਭਾਰਤ ਰਵਾਨਾ

**ਬੇਕਰਜ਼ਫੀਲਡ (ਮਾਨ ਮਨਦੀਪ):** ਐਨ ਆਰ ਆਈ ਸਭਾ, ਅਮਰੀਕਾ ਵਲੋਂ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਹੱਲ ਕਰਾਉਣ ਲਈ ਅਰੰਭੇ ਯਤਨਾਂ ਦੇ ਇਕ ਹਿੱਸੇ ਵਜੋਂ ਐਨ ਆਰ ਆਈ ਸਭਾ, ਬੇਕਰਜ਼ਫੀਲਡ ਦੇ ਚੇਅਰਮੈਨ ਗੁਰਜੀਤ ਸਿੰਘ ਮਾਣਕ ਵਿਸ਼ੇਸ਼ ਤੌਰ 'ਤੇ ਇੰਡੀਆ ਲਈ ਰਵਾਨਾ ਹੋ ਗਏ ਹਨ। ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਸ੍ਰੀ ਮਾਣਕ ਇਕ ਮਹੀਨਾ ਇੰਡੀਆ ਰਹਿਣਗੇ ਅਤੇ ਪਰਵਾਸੀਆਂ ਦੇ ਮਸਲਿਆਂ ਬਾਰੇ ਪੰਜਾਬ ਦੇ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਅਤੇ ਸਭਾ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨਾਲ ਮੁਲਾਕਾਤ ਕਰਨਗੇ।

ਬਿਆਨ ਅਨੁਸਾਰ ਆਪਣੇ ਇਸ ਦੌਰੇ ਦੌਰਾਨ ਸ੍ਰੀ ਮਾਣਕ ਸਭਾ ਦੇ ਅਹੁਦੇਦਾਰਾਂ ਦੀ ਮੈਂਬਰਸ਼ਿਪ ਫੀਸ ਅਤੇ ਫਾਰਮ ਵੀ ਸਭਾ ਦੇ ਜਲੰਧਰ ਸਥਿਤ ਦਫਤਰ ਵਿਚ ਜਮ੍ਹਾ ਕਰਾਉਣਗੇ ਅਤੇ ਉਥੋਂ ਸਭਾ ਦੇ ਅਹੁਦੇਦਾਰਾਂ ਦੇ ਆਈ ਕਾਰਡ ਬਣਵਾ ਕੇ ਲਿਆਉਣਗੇ। ਸ੍ਰੀ ਮਾਣਕ ਨੇ ਇੰਡੀਆ ਰਵਾਨਾ ਹੋਣ ਤੋਂ ਪਹਿਲਾਂ ਪੰਜਾਬ ਟਾਈਮਜ਼ ਨੂੰ ਦੱਸਿਆ ਕਿ ਇਕ ਪਰਵਾਸੀ ਪੰਜਾਬੀ ਦੇ ਕਤਲ ਵਿਚ ਦੋਸ਼ੀ ਭਗੌੜੇ ਭਿੰਦਾ ਸ਼ਾਹਪੁਰੀਆ ਨੂੰ ਪੰਜਾਬ ਪੁਲਿਸ ਦੇ ਇਕ ਜਾਂਬਾਜ ਅਫਸਰ ਅੰਗਰੇਜ਼ ਸਿੰਘ ਨੇ ਪਿਛਲੇ ਦਿਨੀਂ ਇਕ ਮੁਕਾਬਲੇ ਵਿਚ ਹਲਾਕ ਕਰ ਦਿੱਤਾ। ਜ਼ਿਕਰਯੋਗ



ਹੈ ਕਿ ਇਸ ਕੇਸ ਦੀ ਪੈਰਵੀ ਵੀ ਐਨ ਆਰ ਆਈ ਸਭਾ, ਅਮਰੀਕਾ ਕਰ ਰਹੀ ਹੈ। ਭਿੰਦੇ ਨੂੰ ਛੱਡ ਕੇ ਬਾਕੀ ਸਾਰੇ ਦੋਸ਼ੀ ਇਸ ਵੇਲੇ ਪੁਲਿਸ ਦੀ ਹਿਰਾਸਤ ਵਿਚ ਹਨ। ਭਿੰਦੇ ਦੀ ਗ੍ਰਿਫਤਾਰੀ ਲਈ ਐਨ ਆਰ ਆਈ ਸਭਾ, ਅਮਰੀਕਾ ਵਲੋਂ ਲਗਾਤਾਰ ਪੰਜਾਬ ਪੁਲਿਸ ਉਤੇ ਦਬਾਅ ਪਾਇਆ ਜਾ ਰਿਹਾ ਸੀ।

ਸ੍ਰੀ ਮਾਣਕ ਦੇ ਰਵਾਨਾ ਹੋਣ ਤੋਂ ਪਹਿਲਾਂ ਸਭਾ ਦੀ ਹੋਈ ਮੀਟਿੰਗ ਵਿਚ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਸਕੱਤਰ ਜਨਰਲ ਤੇਜਪਾਲ ਨਿਕਸਨ, ਮਨਜੀਤ ਸਿੰਘ ਜਨਰਲ ਸਕੱਤਰ, ਪ੍ਰਧਾਨ ਪਾਲ ਮੰਨਣ ਤੋਂ ਇਲਾਵਾ ਹਰਜਾਪ ਜਾਪੀ, ਸ਼ਿਵਚਰਨ ਬੁੱਟਰ, ਜੀਤਾ ਢਿੱਲੋਂ, ਗੁਰਦੀਪ ਢੀਂਡਸਾ, ਜਗਵਿੰਦਰ ਸਿੰਘ ਅਟਵਾਲ ਸਕੱਤਰ ਅਤੇ ਹੋਰ ਅਹੁਦੇਦਾਰ ਮੌਜੂਦ ਸਨ।

M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont




*ਪਾਂਡੀਚੇਰੀ ਦੇ ਲੈਫਟੀਨੈਂਟ ਗਵਰਨਰ ਡਾ. ਇਕਬਾਲ ਸਿੰਘ ਦਾ ਸੈਕਰਾਮੈਂਟੋ ਏਅਰਪੋਰਟ ਉਤੇ ਸਵਾਗਤ ਕਰਦੇ ਹੋਏ ਪਰਿਵਾਰਕ ਮੈਂਬਰ ਅਤੇ ਦੋਸਤ। ਜ਼ਿਕਰਯੋਗ ਹੈ ਕਿ ਡਾ. ਇਕਬਾਲ ਸਿੰਘ ਉਘੇ ਫੋਟੋਗ੍ਰਾਫਰ ਸ. ਹਰਭਜਨ ਸਿੰਘ ਲੌਂਗਮੈਨ ਦੇ ਮਾਮਾ ਜੀ ਹਨ।*



# ਸਪੈਕਟ੍ਰਮ ਘੁਟਾਲਾ:ਰਾਜ ਨੇ ਸਰਕਾਰ ਨੂੰ 22000 ਕਰੋੜ ਦਾ ਘਾਟਾ ਪਾਇਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਨੇ ਕੁਝ ਟੈਲੀਕਾਮ ਫਰਮਾਂ ਨੂੰ ਰਿਆਇਤਾਂ ਦੇ ਕੇ ਸਰਕਾਰੀ ਖ਼ਜ਼ਾਨੇ ਨੂੰ 22000 ਕਰੋੜ ਰੁਪਏ ਦਾ ਨੁਕਸਾਨ ਪਹੁੰਚਾਇਆ ਹੈ। ਇਹ ਦੋਸ਼ ਲਾਉਂਦਿਆਂ ਸੀ.ਬੀ.ਆਈ. ਨੇ ਅਦਾਲਤ ਨੂੰ ਦੱਸਿਆ ਕਿ ਸਾਬਕਾ ਟੈਲੀਕਾਮ ਮੰਤਰੀ ਨੇ ਕਈ ਟੈਲੀਕਾਮ ਕੰਪਨੀਆਂ ਦਾ ਪੱਖ ਲੈਂਦਿਆਂ ਉਨ੍ਹਾਂ ਨੂੰ 2-ਜੀ ਸਪੈਕਟ੍ਰਮ ਦੇ ਲਾਇਸੈਂਸ ਦਿਵਾਏ ਸਨ ਜਿਸ ਨਾਲ ਜਨਤਕ ਖ਼ਜ਼ਾਨੇ ਨੂੰ 22000 ਕਰੋੜ ਰੁਪਏ ਦਾ ਘਾਟਾ ਪਿਆ।

ਸੀ.ਬੀ.ਆਈ. ਅਨੁਸਾਰ ਰਾਜਾ ਕਾਰਨ ਘੱਟੋ-ਘੱਟ ਦੋ ਟੈਲੀਕਾਮ ਫਰਮਾਂ ਸਵੈਨ ਟੈਲੀਕਾਮ ਤੇ ਯੂਨੀਟੈਕ ਨੂੰ ਸੈਂਕੜੇ ਕਰੋੜਾਂ ਦਾ ਲਾਭ ਮਿਲਿਆ ਸੀ ਕਿਉਂਕਿ ਉਨ੍ਹਾਂ ਨੇ ਲਾਇਸੈਂਸ ਲੈਂਦਿਆਂ ਸਾਰ ਇਹ ਹੋਰ ਗਲੋਬਲ ਫਰਮਾਂ ਨੂੰ ਵੇਚ ਦਿੱਤੇ ਸਨ। ਜ਼ਿਕਰਯੋਗ ਹੈ ਕਿ 21 ਅਕਤੂਬਰ 2009 ਨੂੰ ਕੁਝ ਅਣਪਛਾਤੇ ਅਫਸਰਾਂ, ਅਣਪਛਾਤੇ ਵਿਅਕਤੀਆਂ ਤੇ ਕੰਪਨੀਆਂ ਵਿਰੁੱਧ ਕੇਸ ਦਰਜ ਕਰਨ ਮਗਰੋਂ ਸੀ.ਬੀ.ਆਈ. ਹੁਣ 2-ਜੀ ਸਪੈਕਟ੍ਰਮ ਘੁਟਾਲੇ 'ਚ ਪਹਿਲੀ ਵਾਰ ਰਾਜਾ 'ਤੇ ਸਾਜ਼ਿਸ਼ੀ ਹੋਣ ਦਾ ਸਿੱਧਾ ਦੋਸ਼ ਲਾ ਰਹੀ ਹੈ। ਏਜੰਸੀ ਸੀ.ਵੀ.ਸੀ. ਵੱਲੋਂ ਕੀਤੇ ਹਿਸਾਬ ਕਿਤਾਬ ਦੇ ਆਧਾਰ 'ਤੇ ਇਹ ਨੁਕਸਾਨ 22000 ਕਰੋੜ ਰੁਪਏ ਕਹਿ ਰਹੀ ਹੈ ਜਦਕਿ ਕੈਗ ਦੀ ਰਿਪੋਰਟ 'ਚ 1.76 ਲੱਖ ਕਰੋੜ ਰੁਪਏ ਦਾ ਨੁਕਸਾਨ ਆਂਕਿਆ ਗਿਆ ਸੀ। ਸਪੈਕਟ੍ਰਮ ਵੰਡ ਦੇ ਲਾਇਸੈਂਸ ਜਾਰੀ ਕਰਨ ਦੀ ਪ੍ਰਕਿਰਿਆ ਨਾਲ ਛੇੜਛਾੜ ਕਰਕੇ ਆਪਣੀਆਂ ਮਨਭਾਉਂਦੀਆਂ ਕੁਝ ਕੰਪਨੀਆਂ ਨੂੰ ਲਾਭ ਪਹੁੰਚਾਉਣ 'ਚ ਆਪਣੇ ਅਹੁਦਿਆਂ ਦੀ ਕਥਿਤ ਦੁਰਵਰਤੋਂ ਕਰਨ ਦੇ ਦੋਸ਼ਾਂ 'ਚ ਇਨ੍ਹਾਂ ਤਿੰਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਉਧਰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਿਹਾ ਹੈ ਕਿ 2-ਜੀ ਸਪੈਕਟ੍ਰਮ ਤੇ ਰਾਸ਼ਟਰਮੰਡਲ ਖੇਡਾਂ 'ਚ ਘਪਲੇ ਦੇ ਮੁੱਦੇ 'ਤੇ ਸਰਕਾਰ ਨੂੰ ਏ. ਰਾਜਾ ਤੇ ਸੁਰੇਸ਼ ਕਲਮਾਡੀ ਨੂੰ ਬਲੀ ਦੇ ਬੱਕਰੇ ਨਹੀਂ ਬਣਾਉਣਾ ਚਾਹੀਦਾ ਕਿਉਂਕਿ ਸਾਰੇ ਫੈਸਲੇ ਕੇਂਦਰੀ ਮੰਤਰੀ ਮੰਡਲ ਤੇ ਪ੍ਰਧਾਨ ਮੰਤਰੀ ਵੱਲੋਂ ਲਏ ਗਏ ਸਨ ਤੇ ਕੇਵਲ ਜੇ.ਪੀ.ਸੀ. ਜਾਂਚ ਹੀ ਸੱਚਾਈ ਸਾਹਮਣੇ ਲਿਆ ਸਕਦੀ ਹੈ।

ਇਸ ਦੇ ਨਾਲ ਹੀ ਡੀ.ਐਮ.ਕੇ. ਨੇ ਸਪੈਕਟ੍ਰਮ ਘੁਟਾਲੇ 'ਚ ਘਿਰ ਚੁੱਕੇ ਸਾਬਕਾ ਟੈਲੀਕਾਮ ਮੰਤਰੀ ਤੇ ਪਾਰਟੀ ਦੇ ਦਲਿਤ ਚਿਹਰੇ ਵਜੋਂ ਜਾਣੇ ਜਾਂਦੇ ਏ. ਰਾਜਾ ਨਾਲ ਖਲੋਂਦਿਆਂ ਦਾਅਵਾ ਕੀਤਾ ਹੈ ਕਿ ਉਸ ਦੀ 'ਕੇਵਲ ਗ੍ਰਿਫ਼ਤਾਰੀ' ਉਸ ਨੂੰ ਦੋਸ਼ੀ ਨਹੀਂ ਬਣਾ ਦੇਵੇਗੀ। ਸੀ.ਬੀ.ਆਈ. ਤੇ ਉਸ ਦੇ ਅਧੀਨ ਕੰਮ ਕਰਦੇ ਰਹੇ ਦੋ ਸਾਬਕਾ ਸੀਨੀਅਰ ਅਧਿਕਾਰੀਆਂ ਦੀ ਗ੍ਰਿਫ਼ਤਾਰੀ ਤੋਂ ਮਗਰੋਂ ਡੀ.ਐਮ.ਕੇ. ਦੀ ਨੀਤੀ ਘੜਨ ਵਾਲੀ ਚੋਟੀ ਦੀ ਜਨਰਲ ਕੌਂਸਲ ਬਾਡੀ ਦੀ ਮੀਟਿੰਗ ਮਗਰੋਂ ਡੀ.ਐਮ.ਕੇ. ਦੇ ਤਰਜਮਾਨ ਟੀ.ਕੇ.ਐਸ. ਇਲਾਨਗੋਵਨ ਨੇ ਦੱਸਿਆ ਕਿ ਹਾਈ ਕਮਾਂਡ ਨੂੰ ਰਾਜਾ ਦਾ ਕੋਈ ਅਸਤੀਫ਼ਾ ਪੱਤਰ ਨਹੀਂ ਮਿਲਿਆ। ਪਹਿਲਾਂ ਇਹ ਕਿਆਸਅਰਾਈਆਂ ਸਨ ਕਿ ਰਾਜਾ ਨੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਪੇਸ਼ਕਸ਼ ਕੀਤੀ ਹੈ। ਦੂਜੇ ਪਾਸੇ ਕਾਂਗਰਸ ਨੇ ਸੰਕੇਤ ਦਿੱਤੇ ਹਨ ਕਿ ਭਾਵੇਂ ਡੀ.ਐਮ.ਕੇ. ਵੱਲੋਂ ਸਾਬਕਾ ਟੈਲੀਕਾਮ ਮੰਤਰੀ ਏ. ਰਾਜਾ ਦੀ ਜ਼ੋਰਦਾਰ ਪਿੱਠ ਥਾਪੜੀ ਜਾ ਰਹੀ ਹੈ ਪਰ ਇਸ ਨਾਲ ਦੋਵੇਂ ਪਾਰਟੀਆਂ ਦੀ ਭਾਈਵਾਲੀ 'ਚ ਕੋਈ ਫਰਕ ਨਹੀਂ ਪਏਗਾ। ਕਾਂਗਰਸ ਨੇ ਡੀ.ਐਮ.ਕੇ. ਵੱਲੋਂ ਰਾਜਾ ਦੀ ਹਮਾਇਤ ਨੂੰ ਪਾਰਟੀ ਦਾ 'ਅੰਦਰੂਨੀ ਮਾਮਲਾ' ਦੱਸਿਆ ਹੈ।

ਐਨ.ਡੀ.ਏ. ਸਰਕਾਰ ਨੂੰ ਵੀ ਘੜੀਸਿਆ: ਉਧਰ ਸਪੈਕਟ੍ਰਮ ਘਪਲੇ ਦੀ ਘੋਖ਼ ਕਰ ਰਹੀ ਪਾਟਿਲ ਕਮੇਟੀ ਨੇ ਪਿਛਲੀ ਐਨ.ਡੀ.ਏ. ਸਰਕਾਰ ਨੂੰ ਵੀ ਇਸ ਘਟਨਾਕ੍ਰਮ 'ਚ ਘੜੀਸਦਿਆਂ ਕਿਹਾ ਕਿ 2-ਜੀ ਸਪੈਕਟ੍ਰਮ ਦੇ ਲਾਇਸੈਂਸ ਜਾਰੀ ਕਰਨ ਦੇ ਅਮਲ 'ਚ ਬਹੁਤ ਸਾਰੀਆਂ ਉਲੰਘਣਾਵਾਂ ਹੁੰਦੀਆਂ ਆਈਆਂ ਹਨ ਪਰ ਨਾਲ ਹੀ ਇਸ ਨੇ ਏ. ਰਾਜਾ ਨੂੰ ਵੀ ਬਰਾਬਰ ਫਿਟਕਾਰਦਿਆਂ ਕਿਹਾ ਕਿ 2007-08 'ਚ ਉਸ ਦੀਆਂ ਕਾਰਵਾਈਆਂ ਮੰਤਰੀ ਮੰਡਲ ਦੇ ਫ਼ੈਸਲਿਆਂ ਦੇ ਅਨੁਸਾਰ ਨਹੀਂ ਸਨ।

2001 ਤੋਂ ਲੈ ਕੇ ਹੁਣ ਤਕ ਸਪੈਕਟ੍ਰਮ ਵੰਡ 'ਚ ਹੋਈਆਂ ਬੇਨੇਮੀਆਂ ਦੀ ਜਾਂਚ ਕਰ ਰਹੀ ਜਸਟਿਸ ਸ਼ਿਵਰਾਜ ਪਾਟਿਲ ਕਮੇਟੀ ਦੀ ਰਿਪੋਰਟ ਦੇ ਮੁੱਖ ਅੰਸ਼ ਜਾਰੀ ਕਰਦਿਆਂ ਟੈਲੀਕਾਮ ਮੰਤਰੀ ਕਪਿਲ ਸਿੱਬਲ ਨੇ ਐਲਾਨ ਕੀਤਾ ਕਿ ਇਹ ਰਿਪੋਰਟ ਸੀ.ਬੀ.ਆਈ. ਨੂੰ ਭੇਜੀ ਜਾਵੇਗੀ ਜੋ ਪਹਿਲਾਂ ਹੀ ਏ. ਰਾਜਾ ਅਧੀਨ ਹੋਏ ਕਥਿਤ-2 ਜੀ ਘੁਟਾਲੇ ਦੀ ਜਾਂਚ ਕਰ ਰਹੀ ਹੈ। ਕਮੇਟੀ ਦੇ ਮੁੱਖ ਇਤਰਾਜ਼ਾਂ 'ਚੋਂ ਇਕ ਵੱਡਾ ਇਤਰਾਜ਼ ਇਹ ਹੈ ਕਿ 2001 ਤੋਂ ਟੈਲੀਕਾਮ ਵਿਭਾਗ ਤੇ ਸਰਕਾਰ ਵੱਲੋਂ ਕੰਮ ਕਰਨ ਦੇ ਅਪਨਾਏ ਗਏ ਅੰਦਰੂਨੀ ਢੰਗ ਸਰਕਾਰ ਦੀਆਂ ਪ੍ਰਚਲਤ ਨੀਤੀਆਂ ਤੇ ਨਿਰਦੇਸ਼ਾਂ ਅਨੁਸਾਰ ਨਹੀਂ ਰਹੇ ਹਨ। ਜਾਂਚ ਕਮੇਟੀ ਦਾ ਕਹਿਣਾ ਹੈ ਕਿ ਯੂ.ਏ.ਐਸ.ਐਲ. ਤੇ ਸਪੈਕਟ੍ਰਮ ਅਲਾਟ ਕਰਨ ਵੇਲੇ 2003 ਤੋਂ ਲੈ ਕੇ ਅੱਗੇ ਤਕ 2007-08 'ਚ ਕੀਤੇ ਗਏ ਕੰਮਾਂ ਸਮੇਤ ਕਦੇ ਵੀ ਕੇਂਦਰੀ ਕੈਬਨਿਟ ਦੇ 2003 'ਚ ਲਏ ਗਏ ਫੈਸਲਿਆਂ ਜਾਂ ਟੈਲੀਕਾਮ ਰੈਗੂਲੇਟਰੀ ਅਥਾਰਟੀ ਦੀਆਂ ਸਿਫਾਰਸ਼ਾਂ ਨਹੀਂ ਮੰਨੀਆਂ ਗਈਆਂ।

## ਕਰੁਣਾਨਿਧੀ ਵੀ ਘਪਲੇ 'ਚ ਸ਼ਾਮਲ!

**ਨਵੀਂ ਦਿੱਲੀ:** ਜਨਤਾ ਪਾਰਟੀ ਦੇ ਪ੍ਰਧਾਨ ਸੁਬਰਾਮਣੀਅਮ ਸਵਾਮੀ ਨੇ 2-ਜੀ ਸਪੈਕਟਰਮ ਘਪਲੇ ਬਾਰੇ ਸੀ.ਪੀ.ਆਈ. ਦੀ ਵਿਸ਼ੇਸ਼ ਅਦਾਲਤ ਅੱਗੇ ਆਪਣੀ ਸ਼ਿਕਾਇਤ 'ਚ ਸਾਬਕਾ ਦੂਰਸੰਚਾਰ ਮੰਤਰੀ ਏ. ਰਾਜਾ ਦੇ ਨਾਲ



ਹੀ ਤਾਮਿਲਨਾਡੂ ਦੇ ਮੁੱਖ ਮੰਤਰੀ ਤੇ ਡੀ.ਐਮ.ਕੇ. ਮੁਖੀ ਐਮ. ਕਰੁਣਾਨਿਧੀ ਨੂੰ ਵੀ ਸਹਿ-ਮੁਲਜ਼ਮ ਦੱਸਿਆ ਹੈ ਤੇ ਅਦਾਲਤ ਸਾਹਮਣੇ ਆਪਣੀ ਨਿੱਜੀ ਸ਼ਿਕਾਇਤ 'ਤੇ ਕਾਰਵਾਈ ਜਾਰੀ ਰੱਖਣ ਦੀ ਅਪੀਲ ਕੀਤੀ।

ਸਵਾਮੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਸ਼ਿਕਾਇਤ ਦਾ ਘੇਰਾ ਕਾਫ਼ੀ ਵਿਆਪਕ ਹੈ ਜਿਸ 'ਚ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਣਾਨਿਧੀ ਦੀ ਮਾਮਲੇ ਵਿਚ ਸ਼ਮੂਲੀਅਤ ਤੇ ਕੌਮੀ ਸੁਰੱਖਿਆ ਨਾਲ ਜੁੜੀ ਚਿੰਤਾ ਸ਼ਾਮਲ ਹੈ।

ਉਧਰ ਸ੍ਰੀ ਐਮ. ਕਰੁਣਾਨਿਧੀ ਨੇ ਜਨਤਾ ਪਾਰਟੀ ਦੇ ਸੁਪਰੀਮੋ ਸੁਬਰਾਮਨੀਅਮ ਸਵਾਮੀ ਨੂੰ ਨੋਟਿਸ ਭੇਜਿਆ ਹੈ ਜਿਸ ਵਿਚ ਸਵਾਮੀ ਨੂੰ ਕਿਹਾ ਗਿਆ ਹੈ ਕਿ ਉਹ ਘਪਲੇ 'ਚ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਦਿੱਤੇ ਬਿਆਨ ਨੂੰ ਵਾਪਸ ਲੈਣ। ਡੀ.ਐਮ.ਕੇ. ਵੱਲੋਂ ਭੇਜੇ ਗਏ ਨੋਟਿਸ 'ਚ ਜਿਥੇ ਸਵਾਮੀ ਵੱਲੋਂ ਲਗਾਏ ਦੋਸ਼ਾਂ ਨੂੰ ਰੱਦ ਕੀਤਾ ਗਿਆ ਹੈ ਉਥੇ ਇਹ ਵੀ ਕਿਹਾ ਗਿਆ ਹੈ ਕਿ ਇਹ ਬਿਆਨ ਸ੍ਰੀ ਕਰੁਣਾਨਿਧੀ ਦਾ ਅਕਸ ਖ਼ਰਾਬ ਕਰਨ ਲਈ ਤੇ ਸਿਆਸੀ ਦੁਸ਼ਮਣੀ ਕੱਢਣ ਲਈ ਦਿੱਤਾ ਗਿਆ ਹੈ।

ਉਧਰ ਸੁਬਰਾਮਨੀਅਮ ਸਵਾਮੀ ਨੇ ਤਾਮਿਲਨਾਡੂ ਦੇ ਰਾਜਪਾਲ ਤੋਂ ਮੁੱਖ ਮੰਤਰੀ ਐਮ. ਕਰੁਣਾਨਿਧੀ ਵਿਰੁੱਧ ਮੁਕੱਦਮਾ ਚਲਾਏ ਜਾਣ ਦੀ ਮਨਜ਼ੂਰੀ ਦੀ ਮੰਗ ਕੀਤੀ ਹੈ। ਸਵਾਮੀ ਅਨੁਸਾਰ ਕਰੁਨਾਨਿਧੀ 'ਤੇ ਨਿਯਮਾਂ ਦੀ ਅਵੱਗਿਆ ਕਰਕੇ ਆਪਣੇ ਅਖ਼ਤਿਆਰੀ ਕੋਟੇ 'ਚੋਂ ਆਪਣੇ ਕੁਝ ਚਹੇਤਿਆਂ ਨੂੰ ਕਥਿਤ ਤੌਰ 'ਤੇ ਜ਼ਮੀਨ ਅਲਾਟ ਕਰਨ ਦੇ ਦੋਸ਼ ਹਨ। ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੇ ਦਫ਼ਤਰ 'ਚ ਪਟੀਸ਼ਨ ਦੇਣ ਮਗਰੋਂ ਸਵਾਮੀ ਨੇ ਕਿਹਾ ਕਿ ਉਸ ਨੇ ਕੁਝ ਕੁ ਲੋਕਾਂ ਨੂੰ ਲਾਭ ਦੇਣ ਲਈ ਹਰੇਕ ਨਿਯਮ ਤੋੜ ਦਿੱਤਾ। ਸਵਾਮੀ ਨੇ ਦਾਅਵਾ ਕੀਤਾ ਕਿ ਉਸ ਦੇ ਕੋਲ ਇਸ ਮੁੱਦੇ 'ਤੇ ਲੋੜੀਂਦੇ ਸਬੂਤ ਹਨ।

## ਪਰਵਾਸੀ ਭਾਰਤੀਆਂ ਦੇ ਮਸਲੇ ਹੱਲ ਕਰਨ ਲਈ ਵਿਸ਼ੇਸ਼ ਕੈਂਪ

**ਲੁਧਿਆਣਾ:** ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੈਪਟਨ ਬਲਬੀਰ ਸਿੰਘ ਬਾਠ ਨੇ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਦੀ ਵਾਗਡੋਰ ਇਕੋ ਥਾਈਂ ਰੱਖਣ ਦੀ ਵਕਾਲਤ ਕੀਤੀ ਹੈ ਤੇ ਇਸ ਬਾਰੇ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਬੇਨਤੀ ਕਰਨਗੇ।

ਇਥੇ ਪਹੁੰਚੇ ਕੈਪਟਨ ਬਾਠ ਨੇ ਕਿਹਾ ਕਿ ਮੁੱਖ ਮੰਤਰੀ ਦਫ਼ਤਰ ਵਿਚ ਕਾਇਮ ਕੀਤਾ ਪਰਵਾਸੀ ਭਾਰਤੀ ਸੈਲ ਉਨ੍ਹਾਂ ਦੇ ਮੰਤਰੀ ਬਣਨ ਤੋਂ ਪਹਿਲਾਂ ਦਾ ਹੈ ਤੇ ਹੁਣ ਉਹ ਮੁੱਖ ਮੰਤਰੀ ਨੂੰ ਇਸ ਸੈਲ ਨੂੰ ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰਾਲੇ ਵਿਚ ਮਿਲਾਉਣ ਬਾਰੇ ਆਖਣਗੇ।

ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਵਿਸ਼ੇਸ਼ ਕੈਂਪ ਲਾਉਣ ਬਾਰੇ ਕਿਹਾ ਕਿ ਪਹਿਲਾ ਕੈਂਪ 17 ਫਰਵਰੀ ਨੂੰ ਕਪੂਰਥਲਾ ਵਿਖੇ ਲਾਇਆ ਜਾਵੇਗਾ। ਦੂਸਰਾ 23 ਫਰਵਰੀ ਨੂੰ ਜਲੰਧਰ ਤੇ ਤੀਸਰਾ 28 ਫਰਵਰੀ ਨੂੰ ਲੁਧਿਆਣਾ ਲੱਗੇਗਾ। ਇਨ੍ਹਾਂ ਕੈਂਪਾਂ ਵਿਚ ਪਰਵਾਸੀ ਭਾਰਤੀਆਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਮੌਜੂਦ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀ ਹੱਲ ਕੱਢਣਗੇ। ਉਨ੍ਹਾਂ ਕਿਹਾ ਕਿ ਬਾਕੀ ਜ਼ਿਲ੍ਹਿਆਂ 'ਚ ਇਹ ਕੈਂਪ ਬਜਟ ਸੈਸ਼ਨ ਤੋਂ ਪਿਛੋਂ ਲਾਏ ਜਾਣਗੇ।

## ਦਲਜੀਤ ਸਿੰਘ ਬਿੱਟੂ ਦੀ ਜ਼ਮਾਨਤ ਮਨਜ਼ੂਰ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮੁਖੀ ਦਲਜੀਤ ਸਿੰਘ ਬਿੱਟੂ ਸਣੇ ਤਿੰਨ ਹੋਰਨਾਂ- ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਪਲਵਿੰਦਰ ਸਿੰਘ ਸ਼ੁਤਰਾਣਾ ਤੇ ਗੁਰਦੀਪ ਸਿੰਘ ਰਾਜੂ ਨੂੰ ਜ਼ਮਾਨਤ ਦੇ ਦਿੱਤੀ ਹੈ। ਪੰਜਾਬ ਪੁਲਿਸ ਵੱਲੋਂ ਇਨ੍ਹਾਂ ਤਿੰਨਾਂ ਵਿਰੁਧ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ 1967 ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਈ ਕੋਰਟ ਤੋਂ ਜ਼ਮਾਨਤ ਮਿਲਣ ਦੇ ਬਾਵਜੂਦ ਲੰਬੇ ਸਮੇਂ ਤੋਂ ਜੇਲ੍ਹ 'ਚ ਬੰਦ ਭਾਈ ਬਿੱਟੂ ਤੇ ਸਾਥੀਆਂ ਦੀ ਰਿਹਾਈ ਅਜੇ ਸੰਭਵ ਨਹੀਂ ਹੋ ਸਕਦੀ ਕਿਉਂਕਿ ਪੁਲਿਸ ਨੇ ਮਾਨਸਾ ਤੇ ਰੂਪਨਗਰ ਵਿਚ ਹੋਰ ਕਈ ਫੌਜਦਾਰੀ ਮਾਮਲਿਆਂ 'ਚ ਵੀ ਉਨ੍ਹਾਂ ਨੂੰ ਨਾਮਜ਼ਦ ਕੀਤਾ ਹੋਇਆ ਹੈ।

ਪੰਜਾਬ ਪੁਲਿਸ ਨੇ ਅਗਸਤ 2009 'ਚ ਲੁਧਿਆਣਾ ਦੇ ਰੇਲਵੇ ਸਟੇਸ਼ਨ ਤੋਂ ਬੱਬਰ ਖਾਲਸਾ ਨਾਲ ਸਬੰਧਿਤ ਬਲਬੀਰ ਸਿੰਘ ਭੂਤਨਾ ਤੇ ਉਸ ਦੀ ਪਤਨੀ ਨੂੰ ਮੁਕਾਬਲੇ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਨੇ ਭੂਤਨਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਭਾਈ ਬਿੱਟੂ ਤੇ ਹੋਰਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਸਨ। ਭਾਈ ਦਲਜੀਤ ਸਿੰਘ ਬਿੱਟੂ ਤੇ ਬਾਕੀ ਸਾਰੇ ਤਕਰੀਬਨ ਡੇਢ ਸਾਲ ਤੋਂ ਜੇਲ੍ਹ 'ਚ ਬੰਦ ਹਨ। ਪੁਲਿਸ ਨੇ ਇਨ੍ਹਾਂ ਨੂੰ ਮਾਨਸਾ ਜ਼ਿਲ੍ਹੇ 'ਚ ਡੇਰਾ ਸਿਰਸਾ ਦੇ ਸ਼ਰਧਾਲੂ ਲਿੱਲੀ ਕੁਮਾਰ ਦੀ ਹੱਤਿਆ ਦੇ ਮਾਮਲੇ ਵਿਚ ਵੀ ਨਾਮਜ਼ਦ ਕੀਤਾ ਹੋਇਆ ਹੈ।

## ਸਰਨੇ ਨੂੰ ਫਿਰ ਸੰਮਨ ਜਾਰੀ

**ਨਵੀਂ ਦਿੱਲੀ:** ਕੇਂਦਰੀ ਸੂਚਨਾ ਕਮਿਸ਼ਨ ਨੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਸੂਚਨਾ ਦੇ ਅਧਿਕਾਰ ਕਾਨੂੰਨ ਦੀ ਲਗਾਤਾਰ ਉਲੰਘਣਾ ਕਰਨ ਤੇ ਐਕਟ ਦੇ ਤਹਿਤ ਮੰਗੀ ਗਈ ਜਾਣਕਾਰੀ ਨਾ ਦੇਣ ਦੇ ਦੋਸ਼ 'ਚ ਇਕ ਵਾਰ ਫਿਰ ਸੰਮਨ ਜਾਰੀ ਕੀਤੇ ਗਏ ਹਨ ਤੇ 23 ਮਾਰਚ 2011 ਨੂੰ ਕਮਿਸ਼ਨ ਸਾਹਮਣੇ ਪੇਸ਼ ਹੋਣ ਦਾ ਆਦੇਸ਼ ਦਿੱਤਾ ਹੈ।

## ਥੌਮਸ ਨੂੰ ਲੈ ਕੇ ਚਿਦੰਬਰਮ ਤੇ ਸੁਸ਼ਮਾ ਉਲਝੇ

**ਨਵੀਂ ਦਿੱਲੀ:** ਕੇਂਦਰੀ ਚੌਕਸੀ ਕਮਿਸ਼ਨਰ (ਸੀ.ਵੀ.ਸੀ.) ਪੀ.ਜੇ. ਥੌਮਸ ਦੀ ਨਿਯੁਕਤੀ ਦੇ ਮਾਮਲੇ 'ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਤੇ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਆਪਸ ਵਿਚ ਉਲਝ ਗਏ। ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਸ੍ਰੀ ਚਿਦੰਬਰਮ 'ਤੇ ਦੋਸ਼ ਲਾਏ ਸਨ ਕਿ ਉਨ੍ਹਾਂ





ਸੀ.ਵੀ.ਸੀ. ਦੀ ਚੋਣ ਲਈ ਬਣੇ ਪੈਨਲ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਸੀ ਕਿ ਸ੍ਰੀ ਥੌਮਸ ਭ੍ਰਿਸ਼ਟਾਚਾਰ ਦੇ ਕੇਸਾਂ ਤੋਂ ਬਰੀ ਹੋ ਚੁੱਕੇ ਹਨ। ਗ੍ਰਹਿ ਮੰਤਰੀ ਨੇ ਭਾਜਪਾ ਆਗੂ ਦੇ ਇਸ ਬਿਆਨ ਦਾ ਖੰਡਨ ਕਰਦਿਆਂ ਕਿਹਾ ਕਿ ਉਨ੍ਹਾਂ ਅਜਿਹਾ ਕੁਝ ਨਹੀਂ ਕਿਹਾ। ਉਨ੍ਹਾਂ ਉਲਟਾ ਸੁਸ਼ਮਾ 'ਤੇ ਬੇਬੁਨਿਆਦ ਇਲਜ਼ਾਮ ਲਾਉਣ ਦਾ ਦੋਸ਼ ਲਾਇਆ।

ਇਸ ਤੋਂ ਪਹਿਲਾਂ ਸੁਸ਼ਮਾ ਸਵਰਾਜ ਨੇ ਕਿਹਾ ਸੀ ਕਿ ਜਦੋਂ ਉਨ੍ਹਾਂ ਚੋਣ ਪੈਨਲ ਕੋਲ ਇਹ ਮੁੱਦਾ ਉਠਾਇਆ ਕਿ ਥੌਮਸ ਖ਼ਿਲਾਫ਼ ਕੇਸ ਚੱਲ ਰਿਹਾ ਹੈ ਤਾਂ ਸ੍ਰੀ ਚਿਦੰਬਰਮ ਨੇ ਕਿਹਾ ਕਿ ਥੌਮਸ ਕੇਸ 'ਚੋਂ ਬਰੀ ਹੋ ਚੁੱਕੇ ਹਨ। ਭਾਜਪਾ ਆਗੂ ਨੇ ਕਿਹਾ ਕਿ ਸ੍ਰੀ ਚਿਦੰਬਰਮ ਨੇ ਇਕ ਗੱਲ ਸਵੀਕਾਰ ਕੀਤੀ ਹੈ ਕਿ ਉਨ੍ਹਾਂ ਇਸ ਸੂਚਨਾ ਨੂੰ ਚੋਣ ਪੈਨਲ ਤੋਂ ਛੁਪਾਇਆ ਹੈ। ਪਿਛਲੇ ਹਫਤੇ ਅਟਾਰਨੀ ਜਨਰਲ ਜੀ.ਈ. ਵਾਹਨਵਤੀ ਨੇ ਸੁਪਰੀਮ ਕੋਰਟ ਵਿਚ ਕਿਹਾ ਸੀ ਕਿ ਪਾਮੋਲਿਨ ਕੇਸ ਵਿਚ ਥੌਮਸ ਖ਼ਿਲਾਫ਼ ਦੋਸ਼ ਪੱਤਰ ਬਾਰੇ ਦਸਤਾਵੇਜ਼ਾਂ ਨੂੰ ਚੋਣ ਪੈਨਲ ਦੇ ਸਾਹਮਣੇ ਨਹੀਂ ਰੱਖਿਆ ਗਿਆ ਸੀ। ਇਸ ਤੋਂ ਬਾਅਦ ਸੁਸ਼ਮਾ ਸਵਰਾਜ ਨੇ ਇਸ ਨੂੰ 'ਝੂਠ' ਕਰਾਰ ਦਿੰਦਿਆਂ ਕਿਹਾ ਸੀ ਕਿ ਉਨ੍ਹਾਂ ਇਹ ਮੁੱਦਾ ਉਠਾਇਆ ਸੀ ਤੇ ਪੈਨਲ ਨੇ ਉਸ 'ਤੇ ਵਿਚਾਰ ਵਟਾਂਦਰਾ ਕੀਤਾ ਸੀ।

ਉਧਰ ਪੀ.ਜੇ. ਥੌਮਸ ਦੀ ਨਿਯੁਕਤੀ ਨੂੰ ਵਿਜੀਲੈਂਸ ਕਲੀਅਰੈਂਸ ਦਿੱਤੇ ਜਾਣ ਬਾਰੇ ਸਰਕਾਰ ਨੂੰ ਮੁੜ ਸੁਪਰੀਮ ਕੋਰਟ 'ਚ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਅਦਾਲਤ ਦਾ ਕਹਿਣਾ ਸੀ ਕਿ ਭ੍ਰਿਸ਼ਟਾਚਾਰ ਦੇ ਕੇਸ ਦਾ ਸਾਹਮਣਾ ਕਰ ਰਹੇ ਅਧਿਕਾਰੀ ਨੂੰ ਅੰਤਿਮ ਕਲੀਅਰੈਂਸ ਦੇਣ ਲਈ ਸੀ.ਵੀ.ਸੀ. ਅੰਤਿਮ ਅਥਾਰਿਟੀ ਨਹੀਂ ਹੋ ਸਕਦੀ। ਅਦਾਲਤ ਨੇ ਇਹ ਵੀ ਕਿਹਾ ਕਿ ਭਵਿੱਖ 'ਚ ਕੇਂਦਰੀ ਵਿਜੀਲੈਂਸ ਕਮਿਸ਼ਨ ਦੇ ਅਹੁਦੇ ਦੀ ਨਿਯੁਕਤੀ ਲਈ ਇਸ ਵੱਲੋਂ ਦਿਸ਼ਾ ਨਿਰਦੇਸ਼ ਨਿਰਧਾਰਤ ਕੀਤੇ ਜਾਣਗੇ।

**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**

**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG, starting at $69/mo.***
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.






**Call SAGAR HANDA at: 773-416-8526**
or 773-935-VISA, SagarATM@yahoo.com

**FREE CREDIT CARD TERMINAL!**

**www.GoldCoastATM.com**

## ਮਾਤਾ ਹਰਬੰਸ ਕੌਰ ਸੁਰਗਵਾਸ

**ਫਰੀਮਾਂਟ:** ਮਾਤਾ ਹਰਬੰਸ ਕੌਰ ਕੂਨਰ 5 ਫਰਵਰੀ ਨੂੰ ਇਸ ਦੁਨੀਆਂ ਤੋਂ ਚਲ ਵਸੇ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ



ਚਲੇ ਆ ਰਹੇ ਸਨ। ਉਹ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਜਨਰਲ ਸਕੱਤਰ ਸ. ਬਲਬੀਰ ਸਿੰਘ ਗਾਖਲ ਦੇ ਸੱਸ ਸਾਹਿਬਾ ਸਨ।

ਮਾਤਾ ਹਰਬੰਸ ਕੌਰ ਪੰਜਾਬ ਦੇ ਜ਼ਿਲਾ ਜਲੰਧਰ ਦੇ ਪਿੰਡ ਚੌਕਾਂ ਤੋਂ ਸਨ ਅਤੇ ਪਰਿਵਾਰ ਸਮੇਤ 1977 ਵਿਚ ਅਮਰੀਕਾ ਆ ਗਏ ਸਨ। ਉਹ ਬਹੁਤਾ ਸਮਾਂ ਫਰੀਮਾਂਟ ਅਤੇ ਯੂਨੀਅਨ ਸਿਟੀ ਰਹੇ। ਉਹ ਤਕਰੀਬਨ 30 ਸਾਲ ਬੇ-ਏਰੀਏ ਵਿਚ ਰਹੇ ਅਤੇ ਗੁਰਦੁਆਰਾ ਫਰੀਮਾਂਟ ਵਿਚ ਹਮੇਸ਼ਾ ਲੰਗਰ ਵਿਚ ਸਵੇਰੇ ਤੜਕੇ ਆ ਕੇ ਸੇਵਾ ਕਰਿਆ ਕਰਦੇ। ਅਜ ਕਲ ਉਹ ਸੈਕਰਾਮੈਂਟੋ ਰਹਿ ਰਹੇ ਸਨ। ਉਹ ਆਪਣੇ ਪਿਛੇ ਪਤੀ ਸ. ਗੁਰਬਖਸ਼ ਸਿੰਘ ਕੂਨਰ, ਦੋ ਲੜਕੇ-ਪਰਮਜੀਤ ਸਿੰਘ ਤੇ ਗੁਰਿੰਦਰ ਸਿੰਘ ਅਤੇ ਦੋ ਲੜਕੀਆਂ-ਹਰਜਿੰਦਰ ਕੌਰ ਗਾਖਲ ਤੇ ਕੁਲਵਿੰਦਰ ਕੌਰ ਸੋਹਲ ਤੋਂ ਇਲਾਵਾ 8 ਪੋਤਰੇ-ਪੋਤਰੀਆਂ ਅਤੇ 4 ਦੋਹਤੇ-ਦੋਹਤੀਆਂ ਛਡ ਗਏ ਹਨ।

ਮਾਤਾ ਹਰਬੰਸ ਕੌਰ ਦਾ ਅੰਤਮ ਸਸਕਾਰ ਆਉਂਦੇ ਸਨਿਚਰਵਾਰ ਸੈਕਰਾਮੈਂਟੋ ਵਿਚ ਰਿਵਰ ਸਿਟੀਜ਼ ਫਿਊਨਰਲ ਚੈਪਲ (910 ਸਾਊਥ ਸਟਰੀਟ, ਵੈਸਟ ਸੈਕਰਾਮੈਂਟੋ) ਵਿਚ ਸਵੇਰੇ ਹੋਵੇਗਾ ਅਤੇ ਉਪਰੰਤ ਅਰਦਾਸ ਬਾਅਦ ਦੁਪਹਿਰ 1:30 ਵਜੇ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ (916) 204-3706 'ਤੇ ਕੀਤਾ ਜਾ ਸਕਦਾ ਹੈ।

# ਬੇਕਰਜ਼ਫੀਲਡ 'ਚ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ ਸਮਾਗਮ 13 ਨੂੰ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਰੀਜਨ ਵੱਲੋਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ

ਦਾ ਜਨਮ ਦਿਨ 13 ਫਰਵਰੀ 2011 ਨੂੰ ਇਥੇ ਗੁਰਦੁਆਰਾ ਗੁਰੂ ਨਾਨਕ ਮਿਸ਼ਨ (8601 ਸਾਊਥ ਐਚ. ਸਟਰੀਟ) ਵਿਖੇ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਅਮਰੀਕਾ ਰੀਜਨ (ਵੈਸਟ ਕੋਸਟ) ਦੇ ਪ੍ਰਧਾਨ ਸ. ਰੇਸ਼ਮ ਸਿੰਘ ਬੇਕਰਜ਼ਫੀਲਡ ਨੇ ਪਾਰਟੀ ਦੀ ਤਰਫੋਂ ਸਮੂਹ ਸੰਗਤਾਂ ਨੂੰ ਇਸ ਇਤਿਹਾਸਿਕ ਦਿਹਾੜੇ ਉਤੇ ਸ਼ਾਮਿਲ ਹੋਣ ਲਈ ਅਪੀਲ ਕੀਤੀ ਹੈ। ਇਥੇ ਇਕ ਬਿਆਨ ਵਿਚ ਉਨ੍ਹਾਂ ਦੱਸਿਆ ਕਿ ਪ੍ਰੋਗਰਾਮ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਚੱਲੇਗਾ। ਇਸ ਮੌਕੇ ਪੰਥ ਪ੍ਰਸਿਧ ਰਾਗੀ, ਢਾਡੀ ਅਤੇ ਕਥਾਕਾਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ ਅਤੇ ਪੰਥਕ ਬੁਲਾਰੇ ਸੰਤਾਂ ਦੇ ਜੀਵਨ ਅਤੇ ਮਿਸ਼ਨ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕਰਨਗੇ।

ਪਾਰਟੀ ਦੇ ਅੰਤਰਰਾਸ਼ਟਰੀ ਮੀਡੀਆ ਸਕੱਤਰ ਗੁਰਜੀਤ ਸਿੰਘ ਝਾਂਮਪੁਰ ਵੱਲੋਂ ਜਾਰੀ ਬਿਆਨ ਅਨੁਸਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਨ ਹਰ ਸਾਲ 12 ਫਰਵਰੀ ਨੂੰ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਮਨਾਇਆ ਜਾਂਦਾ ਹੈ ਜੋ ਕਿ ਇੱਕ ਇਤਿਹਾਸਕ ਦਿਨ ਬਣ ਚੁੱਕਿਆ ਹੈ। ਇਸ ਸਾਲ ਵੀ ਸੰਤਾਂ ਦੇ 64ਵੇਂ ਜਨਮ ਦਿਨ 'ਤੇ ਇਹ ਸਮਾਗਮ ਸਨਿਚਰਵਾਰ 12 ਫਰਵਰੀ ਨੂੰ ਕੀਤਾ ਜਾ ਰਿਹਾ ਹੈ। ਇਹ ਸਮਾਗਮ ਜਿੱਥੇ ਸਿੱਖ ਸੋਚ ਨੂੰ ਪਹਿਲੇ ਨਾਲੋਂ ਵੀ ਵੱਧ ਮਜ਼ਬੂਤੀ ਨਾਲ ਉਜਾਗਰ ਕਰੇਗਾ, ਉਥੇ ਇਸ ਮੌਕੇ 'ਤੇ ਦਿੱਤਾ ਜਾਣ ਵਾਲਾ ਕੌਮੀ ਸੰਦੇਸ਼ ਕੌਮ ਨੂੰ ਨਿਸ਼ਾਨੇ ਪ੍ਰਤੀ ਕੇਂਦਰਿਤ ਵੀ ਕਰੇਗਾ।

ਹੋਰ ਜਾਣਕਾਰੀ ਸ. ਗੁਰਜੀਤ ਸਿੰਘ ਝਾਮਪੁਰ ਫੋਨ:510-657-8205 ਜਾਂ ਸ. ਰੇਸ਼ਮ ਸਿੰਘ ਬੇਕਰਜ਼ਫੀਲਡ ਫੋਨ:661-209-0118 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਗੋਦ ਲਈ ਧੀ ਨੂੰ ਜ਼ਿੰਦਾ ਦਫ਼ਨਾਉਣ ਦੀ ਕੋਸ਼ਿਸ਼

**ਲੰਬੀ:** ਕਸਬਾ ਮੰਡੀ ਕਿਲਿਆਂਵਾਲੀ ਵਿਖੇ ਕਲਯੁਗੀ ਮਾਂ-ਪਿਉ ਵੱਲੋਂ ਗੋਦ ਲਈ ਪੰਜ ਸਾਲਾ ਮਾਸੂਮ ਬੱਚੀ ਨੂੰ ਜ਼ਿੰਦਾ ਦਫ਼ਨਾਉਣ ਦੀ ਕੋਸ਼ਿਸ਼ ਕੀਤੀ ਗਈ। ਪੁਲੀਸ ਨੇ ਪਿਤਾ ਨੂੰ ਹਿਰਾਸਤ ਵਿਚ ਲੈ ਲਿਆ ਹੈ।

ਮੰਡੀ ਕਿਲਿਆਂਵਾਲੀ ਵਿਖੇ ਉੱਤਰ ਪ੍ਰਦੇਸ਼ ਨਾਲ ਸਬੰਧਿਤ ਹਰੀਸ਼ ਕੁਮਾਰ ਆਪਣੀ ਪਤਨੀ ਬ੍ਰਜੇਸ਼ ਰਾਣੀ ਨਾਲ ਕਿਰਾਏ 'ਤੇ ਰਹਿ ਰਿਹਾ ਹੈ। ਤਿੰਨ ਸਾਲ ਪਹਿਲਾਂ ਹਰੀਸ਼ ਦੀ ਭੈਣ ਤੇ ਭਣੋਈਏ ਦੀ ਅਚਾਨਕ ਮੌਤ ਹੋ ਗਈ ਸੀ। ਉਨ੍ਹਾਂ ਦੀ ਮੌਤ ਮਗਰੋਂ ਔਲਾਦ ਦੇ ਸੁਖ ਤੋਂ ਵਾਂਝੇ ਹਰੀਸ਼ ਤੇ ਬ੍ਰਜੇਸ਼ ਨੇ ਉਨ੍ਹਾਂ ਦੇ ਪੰਜ ਸਾਲਾ ਪੁੱਤਰ ਰਿਤੇਸ਼ ਤੇ ਦੋ ਸਾਲਾ ਬੱਚੀ ਵੰਦਨਾ ਨੂੰ ਗੋਦ ਲੈ ਲਿਆ। ਇਕ ਸਾਲ ਪਹਿਲਾਂ ਬ੍ਰਜੇਸ਼ ਦੀ ਕੁੱਖੋਂ ਵੀ ਇਕ ਬੱਚੀ ਨੇ ਜਨਮ ਲਿਆ ਤੇ ਇੱਥੋਂ ਹੀ ਵੰਦਨਾ ਤੇ ਰਿਤੇਸ਼ 'ਤੇ ਜ਼ੁਲਮ ਹੋਣੇ ਸ਼ੁਰੂ ਹੋ ਗਏ।

ਉਸ ਨੇ ਵੰਦਨਾ ਨੂੰ ਆਪਣੇ ਰਸਤੇ 'ਚੋਂ ਹਟਾਉਣ ਲਈ ਯੋਜਨਾ ਬਣਾਈ। ਬ੍ਰਜੇਸ਼ ਦੇ ਇਰਾਦੇ ਦੀ ਭਿਣਕ ਉਨ੍ਹਾਂ ਦੇ ਗੁਆਂਢ ਵਿਚ ਰਹਿੰਦੀ ਰਾਣੀ ਕੌਰ ਤੇ ਰਾਜੀ ਨੂੰ ਲੱਗ ਗਈ। ਉਨ੍ਹਾਂ ਬ੍ਰਜੇਸ਼ ਨੂੰ ਇਕ ਸੁੰਨਸਾਨ ਜਗ੍ਹਾ 'ਤੇ ਟੋਆ ਪੁੱਟਦੇ ਹੋਏ ਫੜ ਲਿਆ।

## ਫਤਿਹਗੜ੍ਹ ਸਾਹਿਬ ਦਾ ਇਕੱਠ "ਸਿੱਖ ਸੋਚ" ਨੂੰ ਹੋਰ ਉਜਾਗਰ ਕਰੇਗਾ: ਮਾਨ

**ਫਤਿਹਗੜ੍ਹ ਸਾਹਿਬ (ਗੁਰਿੰਦਰਜੀਤ ਸਿੰਘ ਪੀਰਜੈਨ):** "12 ਫਰਵਰੀ ਨੂੰ ਫਤਿਹਗੜ੍ਹ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਦੇ 64ਵੇਂ ਜਨਮ ਦਿਹਾੜੇ 'ਤੇ ਹੋਣ ਵਾਲਾ ਸਮਾਗਮ ਜਿੱਥੇ ਸਿੱਖ ਸੋਚ ਨੂੰ ਪਹਿਲੇ ਨਾਲੋਂ ਵੀ ਵੱਧ ਮਜ਼ਬੂਤੀ ਨਾਲ ਉਜਾਗਰ ਕਰੇਗਾ, ਉਥੇ ਇਸ ਮੌਕੇ 'ਤੇ ਦਿੱਤਾ ਜਾਣ ਵਾਲਾ ਕੌਮੀ ਸੰਦੇਸ਼ ਕੌਮ ਨੂੰ ਨਿਸ਼ਾਨੇ ਪ੍ਰਤੀ ਕੇਂਦਰਿਤ ਵੀ ਕਰੇਗਾ।"

ਇਹ ਵਿਚਾਰ ਕਿਲ੍ਹਾ ਹਰਨਾਮ ਸਿੰਘ ਵਿਚ ਪਾਰਟੀ ਦੇ ਮੁੱਖ ਦਫਤਰ ਵਿਖੇ ਕਾਰਜਕਾਰਨੀ ਮੈਂਬਰਾਂ ਅਤੇ ਜ਼ਿਲ੍ਹਾ ਜਥੇਦਾਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਸਿੱਖ ਕੌਮ ਕੋਲ ਆਪਣਾ ਘਰ "ਖਾਲਿਸਤਾਨ" ਹੋਂਦ ਵਿਚ ਲਿਆਉਣ ਤੋਂ ਬਿਨਾਂ ਕੋਈ ਚਾਰਾ ਨਹੀਂ।

ਸ. ਮਾਨ ਨੇ 12 ਫਰਵਰੀ ਦੇ ਫਤਿਹਗੜ੍ਹ ਸਾਹਿਬ ਵਿਖੇ ਹੋ ਰਹੇ ਸਮਾਗਮ ਨੂੰ ਕਾਮਯਾਬ ਬਣਾਉਣ ਲਈ ਪਾਰਟੀ ਦੇ ਅਹੁਦੇਦਾਰਾਂ ਅਤੇ ਸੀਨੀਅਰ ਲੀਡਰਸ਼ਿਪ ਨੂੰ ਜ਼ਿੰਮੇਵਾਰੀਆਂ ਸੌਂਪੀਆਂ। ਉਨ੍ਹਾਂ ਪਾਰਟੀ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਆਪੋ ਆਪਣੇ ਇਲਾਕਿਆਂ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਅਤੇ ਖਾਲਿਸਤਾਨ ਦੇ ਨਾਮ ਨੂੰ ਪ੍ਰਗਟ ਕਰਦੇ ਵੱਡੇ ਵੱਡੇ ਹੋਰਡਿੰਗ 12 ਫਰਵਰੀ ਤੋਂ ਪਹਿਲੇ ਪਹਿਲੇ ਲਾਉਣ। ਜੇਕਰ ਪ੍ਰਸ਼ਾਸਨ ਜਾਂ ਪੁਲਿਸ ਉਨ੍ਹਾ ਨੂੰ ਅਜਿਹਾ ਕਰਨ ਤੋਂ ਵਿਘਨ ਪਾਵੇ ਤਾਂ ਉਹ ਤੁਰੰਤ ਸੁਪਰੀਮ ਕੋਰਟ ਅਤੇ ਹਾਈਕੋਰਟ ਦੇ ਫੈਸਲਿਆਂ ਦੀ ਕਾਪੀ ਦੀ ਨਕਲ ਉਨ੍ਹਾ ਦੇ ਸਪੁਰਦ ਕਰਨ। ਜੇਕਰ ਫਿਰ ਵੀ ਕੋਈ ਮੁਤੱਸਬੀ ਅਫਸਰ ਬਜ਼ਿੱਦ ਹੋਵੇ ਤਾਂ ਉਸ ਉਤੇ "ਅਦਾਲਤੀ ਮਾਨਹਾਨੀ" ਕਰਨ ਦਾ ਕੇਸ ਠੋਕਣ।

ਸ. ਮਾਨ ਨੇ ਦੂਸਰੀਆਂ ਕੌਮਾਂ, ਧਰਮਾਂ, ਫਿਰਕਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ "ਖਾਲਿਸਤਾਨ" ਦੇ ਪਾਕਿ ਸ਼ਬਦ ਨੂੰ ਬਿਲਕੁਲ ਨਫਰਤ ਨਾ ਕਰਨ ਕਿਉਂਕਿ ਖਾਲਿਸਤਾਨ ਵਿਚ ਸਮੂਹ ਕੌਮਾਂ, ਧਰਮਾਂ, ਫਿਰਕਿਆਂ, ਬਰਾਦਰੀਆਂ ਨੂੰ ਬਰਾਬਰ ਦਾ ਸਤਿਕਾਰ ਅਤੇ ਅਧਿਕਾਰ ਦਿੱਤੇ ਜਾਣਗੇ।

## ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦੀ ਨਵੀਂ ਖੇਤਰੀ ਕਮੇਟੀ ਦੀ ਚੋਣ

**ਕੋਲੰਬਸ, ਓਹਾਇਓ:** ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਵਲੋਂ ਆਪਣੀ ਨਵੀਂ ਚੁਣੀ ਗਈ ਖੇਤਰੀ ਕਮੇਟੀ ਦਾ ਐਲਾਨ ਕੀਤਾ ਗਿਆ ਹੈ ਜਿਸ ਅਨੁਸਾਰ ਚੇਅਰਪਰਸਨ ਸ. ਮਨੋਹਰ ਸਿੰਘ ਫੇਅਰਲੀ ਅਤੇ ਵਾਈਸ ਚੇਅਰਪਰਸਨ ਸ. ਸੁਰਿੰਦਰਪਾਲ ਸਿੰਘ (ਸ਼ਿਕਾਗੋ) ਨੂੰ ਨਿਯੁਕਤ ਕੀਤਾ ਗਿਆ ਹੈ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਹੋਰ ਅਹੁਦੇਦਾਰਾਂ ਵਿਚ ਖਜ਼ਾਨਚੀ ਬੀਬੀ ਅਮਰਜੀਤ ਕੌਰ (ਸ਼ਿਕਾਗੋ), ਮੈਂਬਰ ਐਟ ਲਾਰਜ ਸ. ਕਿਰਪਾਲ ਸਿੰਘ (ਪੇਂਟਿਡ ਪੋਸਟ, ਨਿਊ ਯਾਰਕ), ਸੈਕਟਰੀ ਜਨਰਲ ਸ. ਤਰਨਜੀਤ ਸਿੰਘ (ਕੋਲੰਬਸ, ਓਹਾਇਓ) ਬਣਾਏ ਗਏ ਹਨ।

ਹੋਰ ਮੈਂਬਰਾਂ ਵਿਚ ਸ. ਅਮਨਜੋਤ ਸਿੰਘ (ਸੈਰਿਸ, ਕੈਲੀਫੋਰਨੀਆ), ਸ. ਅਮਰੀਕ ਸਿੰਘ (ਸਟਾਕਟਨ), ਬੀਬੀ ਗੁਰਬਖ਼ਸ਼ ਕੌਰ (ਫਰੀਮਾਂਟ), ਸ. ਇੰਦਰਪ੍ਰੀਤ ਸਿੰਘ (ਚੈਮਸਫੋਰਡ, ਮੈਸਾਚੂਸਟਸ), ਸ. ਜਸਵਿੰਦਰਪਾਲ ਸਿੰਘ (ਰਿਵਰਸਾਈਡ, ਇਲੀਨਾਏ), ਬੀਬੀ ਪਰਦੀਪ ਕੌਰ (ਬਰਾਊਨਜ਼ ਟਾਊਨ, ਮਿਸ਼ੀਗਨ), ਬੀਬੀ ਰਾਜਵੀਰ ਕੌਰ (ਫਿਲਸਬਰਗ, ਨਿਊ ਜਰਸੀ), ਸ. ਸਤਪਾਲ ਸਿੰਘ (ਬਫਲੋ, ਨਿਊ ਯਾਰਕ), ਸ. ਰਾਵਿੰਦਰ ਸਿੰਘ (ਕੋਲੰਬਸ, ਓਹਾਇਓ), ਬੀਬੀ ਸਤਵੰਤ ਕੌਰ (ਪੈਲਾਟਾਈਨ, ਇਲੀਨਾਏ) ਅਤੇ ਸ. ਯਸ਼ਪਾਲ ਸਿੰਘ (ਬੈਨਸੇਲਮ, ਪੈਨਸਿਲਵੇਨੀਆ) ਲਏ ਗਏ ਹਨ।

ਰਿਜਨਲ ਕਮੇਟੀ ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦੀ ਪ੍ਰਬੰਧਕ ਕਮੇਟੀ ਹੈ। ਇਸ ਕਮੇਟੀ ਦੇ ਸਾਰੇ 16 ਮੈਂਬਰ ਕੌਂਸਲ ਦੀਆਂ ਮੈਂਬਰ ਜਥੇਬੰਦੀਆਂ ਵਲੋਂ ਪੇਸ਼ ਨਾਂਵਾਂ ਵਿਚੋਂ ਬਹੁਸੰਮਤੀ ਨਾਲ ਚੁਣੇ ਜਾਂਦੇ ਹਨ। ਕਮੇਟੀ ਦੇ ਇਕ ਤਿਹਾਈ ਮੈਂਬਰ ਹਰ ਸਾਲ ਬਦਲੇ ਜਾਂਦੇ ਹਨ। ਇਸ ਸਾਲ ਪੰਜ ਮੈਂਬਰ ਸੇਵਾ ਮੁਕਤ ਕੀਤੇ ਗਏ ਹਨ। ਹੋਰ ਜਾਣਕਾਰੀ ਕੌਂਸਲ ਪਾਸੋਂ ਫੋਨ 972-985-9591 'ਤੇ ਲਈ ਜਾ ਸਕਦੀ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR


JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਢਿੱਲੀ ਕਾਰਗੁਜ਼ਾਰੀ ਕਾਰਨ ਸ਼੍ਰੋਮਣੀ ਕਮੇਟੀ ਚੋਣਾਂ ਟਲਣ ਦੇ ਆਸਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਚੋਣਾਂ ਅਜੇ ਇਕ ਵਾਰ ਫਿਰ ਟਲਣ ਦੇ ਆਸਾਰ ਬਣਦੇ ਜਾ ਰਹੇ ਹਨ। ਇਸ ਪਿੱਛੇ ਕੋਈ ਸਿਆਸੀ ਕਾਰਨ ਤਾਂ ਨਜ਼ਰ ਨਹੀਂ ਆ ਰਿਹਾ ਪਰ ਗੁਰਦੁਆਰਾ ਚੋਣ ਕਮਿਸ਼ਨ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਅਜੇ ਵੋਟਰ ਸੂਚੀਆਂ ਹੀ ਮੁਕੰਮਲ ਨਹੀਂ ਹੋਈਆਂ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਗਈ ਹੈ ਪਰ ਇਸ ਦੇ ਬਾਵਜੂਦ ਇਹ ਚੋਣਾਂ ਮਾਰਚ-ਅਪਰੈਲ ਵਿਚ ਹੋਣ ਦੀ ਥਾਂ ਅਗਾਂਹ ਪੈਣ ਦੀ ਸੰਭਾਵਨਾ ਹੈ ਕਿਉਂਕਿ ਵੋਟਰ ਸੂਚੀਆਂ ਵਿਚਲੀਆਂ ਕੁਝ ਖ਼ਾਮੀਆਂ ਨੂੰ ਦੂਰ ਕਰਨ ਦੀ ਪ੍ਰਕਿਰਿਆ ਦਾ ਕੰਮ ਅਜੇ ਵੀ ਚੱਲ ਰਿਹਾ ਹੈ। ਇਹ ਚੋਣਾਂ ਜੁਲਾਈ 2009 ਵਿਚ ਹੋਣੀਆਂ ਸਨ ਪਰ ਲਗਾਤਾਰ ਟਲਦੀਆਂ ਆ ਰਹੀਆਂ ਹਨ।

ਚੋਣਾਂ ਕਰਾਉਣ ਦੀ ਪ੍ਰਕਿਰਿਆ ਜੂਨ 2010 ਵਿਚ ਆਰੰਭ ਹੋਈ ਸੀ ਜਿਸ ਦੇ ਆਧਾਰ 'ਤੇ ਆਸ ਸੀ ਕਿ ਚੋਣਾਂ 2011 ਦੇ ਆਰੰਭ ਵਿਚ ਹੋ ਜਾਣਗੀਆਂ। ਫਿਲਹਾਲ ਇਹ ਹੋਰ ਅਗਾਂਹ ਪੈਂਦੀਆਂ ਜਾਪ ਰਹੀਆਂ ਹਨ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ 12 ਜਨਵਰੀ ਦੀ ਥਾਂ 3 ਫਰਵਰੀ ਨੂੰ ਕੀਤੀ ਗਈ ਹੈ ਪਰ ਕੁਝ ਹਲਕਿਆਂ ਵਿਚ ਵੱਡੇ ਪੱਧਰ 'ਤੇ ਇਤਰਾਜ਼ ਆਉਣ ਕਾਰਨ ਪ੍ਰਕਾਸ਼ਨਾ ਦਾ ਕੰਮ ਅਜੇ ਵੀ ਲਟਕਿਆ ਹੋਇਆ ਹੈ। ਇਸ ਬਾਰੇ ਗੁਰਦੁਆਰਾ ਚੋਣ ਕਮਿਸ਼ਨ ਦੇ ਮੁਖੀ ਐਚ.ਐਸ. ਬਰਾੜ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਇਤਰਾਜ਼ਾਂ ਨੂੰ ਦੂਰ ਕਰਨ ਲਈ ਲੋੜੀਂਦੀ ਜਾਣਕਾਰੀ ਚੋਣ ਕਮਿਸ਼ਨ ਨੂੰ ਤੁਰੰਤ ਭੇਜੀ ਜਾਵੇ। ਉਮੀਦ ਹੈ ਕਿ ਇਹ ਲੋੜੀਂਦੀ ਜਾਣਕਾਰੀ ਇਸ ਹਫ਼ਤੇ ਵਿਚ ਚੋਣ ਕਮਿਸ਼ਨ ਨੂੰ ਪੁੱਜ ਜਾਵੇਗੀ ਤੇ ਰਹਿੰਦੀਆਂ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਤੋਂ ਬਾਅਦ ਭਾਰਤੀ ਚੋਣ ਕਮਿਸ਼ਨ ਨੂੰ ਚੋਣ ਕਰਾਉਣ ਲਈ ਕਹਿ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਡੇਢ ਤੋਂ ਦੋ ਮਹੀਨੇ ਵਿਚ ਚੋਣਾਂ ਕਰਵਾ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਇਸ ਆਧਾਰ 'ਤੇ ਮਾਰਚ ਦੇ ਅਖੀਰ ਜਾਂ ਅਪਰੈਲ ਦੇ ਆਰੰਭ ਵਿਚ ਚੋਣਾਂ ਹੋ ਜਾਣਗੀਆਂ।

ਇਸ ਦੌਰਾਨ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨ ਹਲਕਿਆਂ ਵਿਚ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਦਾ ਕੰਮ ਰੁਕਿਆ ਹੋਇਆ ਹੈ ਕਿਉਂਕਿ ਇਨ੍ਹਾਂ ਹਲਕਿਆਂ ਵਿਚ ਹਾਕਮ ਧਿਰ ਵੱਲੋਂ ਬਣਾਈਆਂ ਗਈਆਂ ਵੋਟਾਂ ਵਿਚ ਵੱਡੀਆਂ ਤਰੁੱਟੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਹਾਕਮ ਧਿਰ ਵੱਲੋਂ ਵੱਡੇ ਪੱਧਰ 'ਤੇ ਬੋਗਸ ਵੋਟਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚ ਪਛਾਣ ਤੇ ਪਤੇ ਗਲਤ ਦਿੱਤੇ ਗਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਚੋਣਾਂ ਫਿਲਹਾਲ ਹੋਰ ਅੱਗੇ ਪੈਣ ਦੀ ਸੰਭਾਵਨਾ ਹੈ ਕਿਉਂਕਿ ਜੇਕਰ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਇਹ ਚੋਣਾਂ ਫੋਟੋ ਸ਼ਨਾਖ਼ਤੀ ਕਾਰਡ ਤੋਂ ਬਿਨਾਂ ਕਰਾਉਣ ਦਾ ਯਤਨ ਕੀਤਾ ਗਿਆ ਤਾਂ ਉਹ ਇਸ ਨੂੰ ਉੱਚ ਅਦਾਲਤ ਵਿਚ ਚੁਣੌਤੀ ਦੇਣਗੇ। ਸ੍ਰੀ ਕਲਕੱਤਾ ਨੇ ਕਿਹਾ ਕਿ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦਾ ਇਸ ਵੇਲੇ ਵਧੇਰੇ ਧਿਆਨ ਵਿਧਾਨ ਸਭਾ ਚੋਣਾਂ ਵੱਲ ਹੈ। ਇਸ ਲਈ ਗੁਰਦੁਆਰਾ ਚੋਣਾਂ ਦਾ ਕੰਮ ਅਗਾਂਹ ਪੈਣ ਦੀ ਸੰਭਾਵਨਾ ਹੈ।

## ਗੁਰੂ ਰਵਿਦਾਸ ਸਭਾ ਸੈਲਮਾ ਗੁਰੂਘਰ 'ਚ ਗੁਰਪੁਰਬ 20 ਨੂੰ

**ਸੈਲਮਾ, ਕੈਲੀਫੋਰਨੀਆ (ਅਸ਼ੋਕ ਭੌਰਾ):** ਗੁਰਦੁਆਰਾ ਗੁਰੂ ਰਵਿਦਾਸ ਸਭਾ, ਸੈਲਮਾ ਵਿਚ ਗੁਰੂ ਰਵਿਦਾਸ ਜੀ ਦਾ ਗੁਰਪੁਰਬ 20 ਫਰਵਰੀ ਐਤਵਾਰ ਨੂੰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਦੇ ਚੇਅਰਮੈਨ ਸ੍ਰੀ ਗੁਰਬਚਨ ਸਿੰਘ ਅਨੁਸਾਰ 18 ਫਰਵਰੀ ਨੂੰ ਸ੍ਰੀ ਅਖੰਡ ਪਾਠ ਦਾ ਅਰੰਭ ਹੋਵੇਗਾ। 19 ਫਰਵਰੀ ਨੂੰ ਰਾਤ ਵੇਲੇ ਕੀਰਤਨ ਦਾ ਪ੍ਰਵਾਹ ਚੱਲੇਗਾ ਅਤੇ 20 ਫਰਵਰੀ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਣਗੇ। ਕਥਾਵਾਚਕ ਭਾਈ ਬਲਵੀਰ ਸਿੰਘ ਸੰਧੂ ਕਥਾ ਕਰਨਗੇ, ਢਾਡੀ ਮੋਹਨ ਸਿੰਘ ਦਾ ਢਾਡੀ ਜਥਾ ਵਾਰਾਂ ਅਤੇ ਲੋਕ ਗਾਇਕ ਸੁਖਵਿੰਦਰ ਪੰਛੀ ਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਜੀਵਨ ਬਾਰੇ ਗੀਤ ਪੇਸ਼ ਕਰਨਗੇ। ਗੁਰਪੁਰਬ ਦੀ ਸਾਰੀ ਸੇਵਾ ਸਵਰਗੀ ਸੰਤ ਰਾਮ ਨਰ ਦੇ ਪਰਿਵਾਰ ਵਲੋਂ ਕੀਤੀ ਜਾਏਗੀ।

ਸਭਾ ਦੇ ਖਜ਼ਾਨਚੀ ਸ. ਲਖਵਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਰਬਸੰਮਤੀ ਨਾਲ ਸਭਾ ਦੀ ਕੀਤੀ ਗਈ ਚੋਣ ਵਿਚ ਚੇਅਰਮੈਨ ਮਾਸਟਰ ਗੁਰਬਚਨ ਸਿੰਘ, ਉਪ ਚੇਅਰਮੈਨ ਰਾਜਿੰਦਰ ਸਿੰਘ ਗਾਂਧੀ, ਪ੍ਰਧਾਨ ਰਾਮ ਲੋਕ, ਮੀਤ ਪ੍ਰਧਾਨ ਬਲਵੰਤ ਸਿੰਘ, ਖਜ਼ਾਨਚੀ ਅਸ਼ੋਕ ਭੌਰਾ ਅਤੇ ਦੇਵਰਾਜ ਨੂੰ ਬਣਾਇਆ ਗਿਆ ਹੈ। ਇਸ ਚੋਣ ਮੌਕੇ ਰਵਿੰਦਰ ਸਿੰਘ, ਜੋਗਿੰਦਰ ਸਿੰਘ, ਸਤਪਾਲ ਲੰਗਾਹ, ਨਿਰਮਲ ਸਿੰਘ, ਮੱਖਣ ਰਾਮ ਅਤੇ ਹੋਰ ਕਮੇਟੀ ਮੈਂਬਰ ਵੀ ਹਾਜ਼ਰ ਸਨ।

## 17 ਭਾਰਤੀਆਂ ਸਣੇ ਇਟਲੀ ਦਾ ਸਮੁੰਦਰੀ ਜਹਾਜ਼ ਅਗਵਾ

**ਰੋਮ:** ਸਮੁੰਦਰੀ ਲੁਟੇਰਿਆਂ ਨੇ ਹਿੰਦ ਮਹਾਂਸਾਗਰ 'ਚ ਇਟਲੀ ਦੇ ਇਕ ਤੇਲ ਟੈਂਕਰ ਜਹਾਜ਼ ਨੂੰ ਅਗਵਾ ਕਰ ਲਿਆ ਜਿਸ ਵਿਚ 17 ਭਾਰਤੀ ਸਵਾਰ ਸਨ।

ਸਮੁੰਦਰੀ ਡਾਕੂਆਂ ਨੇ 266 ਮੀਟਰ ਲੰਬੇ 'ਸਵਿਨਾ ਕੇਲਿਨ' ਜਹਾਜ਼ 'ਤੇ ਰਾਕਟਾਂ ਤੇ ਬੰਦੂਕਾਂ ਨਾਲ ਹਮਲਾ ਕੀਤਾ। ਸਮਝਿਆ ਜਾ ਰਿਹਾ ਹੈ ਕਿ ਡਾਕੂਆਂ ਨੇ ਜਹਾਜ਼ 'ਤੇ ਕਬਜ਼ਾ ਕਰ ਲਿਆ ਹੈ।

# ਗੁਰਦੁਆਰਾ ਸੈਨ ਹੋਜ਼ੇ ਦੇ ਚੱਲ ਰਹੇ ਮਾਣਹਾਨੀ ਕੋਰਟ ਕੇਸ ਵਿਚ ਹੋਠੀ ਤੇ ਢਿੱਲੋਂ ਨੂੰ ਅਦਾਲਤ ਵਲੋਂ ਜ਼ੁਰਮਾਨਾ

**ਸੈਨ ਹੋਜ਼ੇ:** ਸੈਂਟਾ ਕਲਾਰਾ ਸੁਪੀਰੀਅਰ ਕੋਰਟ ਨੇ ਸਿੱਖ ਗੁਰਦੁਆਰਾ ਸੈਨ ਹੋਜ਼ੇ ਵਲੋਂ ਪੁਰਾਣੇ ਪ੍ਰਬੰਧਕਾਂ ਸ. ਬਲਵੰਤ ਸਿੰਘ ਚਾਹਲ ਅਤੇ ਹੋਰਨਾਂ ਵਿਰੁਧ ਕੀਤੇ ਗਏ ਕੇਸ ਵਿਚ ਗੁਰਦੁਆਰਾ ਸੈਨ ਹੋਜ਼ੇ ਦੀ ਉਹ ਮੋਸ਼ਨ ਅੰਸ਼ਕ ਰੂਪ ਵਿਚ ਪ੍ਰਵਾਨ ਕਰ ਲਈ ਹੈ ਜਿਸ ਵਿਚ ਗੁਰਦੁਆਰਾ ਸੈਨ ਹੋਜ਼ੇ ਦੇ ਸਾਬਕਾ ਸਟੇਜ ਸੈਕਟਰੀ ਸ. ਜਸਵੰਤ ਸਿੰਘ ਹੋਠੀ ਨੂੰ ਆਪਣੀ ਡੈਪੋਜੀਸ਼ਨ ਦੌਰਾਨ ਕੁਝ ਸਵਾਲਾਂ ਦੇ ਜਵਾਬ ਦੇਣ ਲਈ ਹੁਕਮ ਕਰਨ ਵਾਸਤੇ ਅਦਾਲਤ ਨੂੰ ਬੇਨਤੀ ਕੀਤੀ ਗਈ ਸੀ।

ਲੰਘੀ 4 ਫਰਵਰੀ ਨੂੰ ਜਾਰੀ ਕੀਤੇ ਗਏ ਆਪਣੇ ਹੁਕਮ ਵਿਚ ਜੱਜ ਵਿਲੀਅਮ ਮੋਨਾਹਨ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਪ੍ਰਤੀਵਾਦੀ ਜਸਵੰਤ ਸਿੰਘ ਹੋਠੀ ਨੂੰ ਡੈਪੋਜੀਸ਼ਨ ਦੇ ਸਵਾਲ 1, 2 ਅਤੇ 7 ਦੇ ਜਵਾਬ ਦੇਣ ਲਈ ਮਜਬੂਰ ਕਰਨ ਵਾਸਤੇ ਮੁਦੱਈ ਵਲੋਂ ਪਾਈ ਗਈ ਮੋਸ਼ਨ ਪ੍ਰਵਾਨ ਕੀਤੀ ਜਾਂਦੀ ਹੈ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਹੈ ਕਿ ਇਕਬਾਲੀਆ ਬਿਆਨ ਦੀ ਭਰੋਸੇਯੋਗਤਾ ਖੰਡਨ ਕਰਦੇ ਕਿਸੇ ਵੀ ਹਲਫੀਆ ਬਿਆਨ ਨਾਲੋਂ ਵੱਧ ਹੁੰਦੀ ਹੈ।

ਅਦਾਲਤ ਨੇ ਮੁਦੱਈ ਦੀ ਬੇਨਤੀ 'ਤੇ ਸ. ਹੋਠੀ ਨੂੰ ਡੈਪੋਜੀਸ਼ਨ ਦੇ ਸਵਾਲ 3-5 ਦੇ ਜਵਾਬ ਦੇਣ ਲਈ ਕਹਿਣ ਬਾਰੇ ਮੋਸ਼ਨ ਵੀ ਪ੍ਰਵਾਨ ਕਰ ਲਈ ਹੈ। ਪਰ ਸਵਾਲ ਨੰਬਰ 6 ਲਈ ਬੇਨਤੀ ਰੱਦ ਕਰ ਦਿੱਤੀ ਹੈ। ਇਸੇ ਤਰ੍ਹਾਂ ਅਦਾਲਤ ਨੇ ਸ.



*ਜਸਵੰਤ ਸਿੰਘ ਹੋਠੀ*

ਬਲਬੀਰ ਸਿੰਘ ਢਿੱਲੋਂ ਨੂੰ ਡੈਪੋਜੀਸ਼ਨ ਦੇ ਸਵਾਲ ਨੰਬਰ 8 ਲਈ ਜਵਾਬ ਦੇਣ ਵਾਸਤੇ ਮਜਬੂਰ ਕਰਨ ਲਈ ਮੁਦੱਈ ਦੀ ਮੋਸ਼ਨ ਵੀ ਪ੍ਰਵਾਨ ਕਰ ਲਈ ਹੈ। ਦੋਹਾਂ ਪ੍ਰਤੀਵਾਦੀਆਂ ਨੂੰ ਡੈਪੋਜੀਸ਼ਨ ਲਈ ਇਸ ਹੁਕਮ ਦੇ ਵੀਹ ਦਿਨ ਦੇ ਅੰਦਰ ਪੇਸ਼ ਹੋਣ ਲਈ ਕਿਹਾ ਹੈ। ਅਦਾਲਤ ਨੇ ਪ੍ਰਤੀਵਾਦੀਆਂ ਨੂੰ ਮੁਦੱਈ ਪੱਖ ਦੇ ਵਕੀਲ ਨੂੰ ਖਰਚੇ ਵਜੋਂ 14 ਸੌ ਡਾਲਰ ਦੇਣ ਦੇ ਹੁਕਮ ਵੀ ਸੁਣਾਏ ਹਨ।

ਸੂਤਰਾਂ ਅਨੁਸਾਰ ਡੈਪੋਜੀਸ਼ਨ ਦੇ ਇਨ੍ਹਾਂ ਸਵਾਲਾਂ ਵਿਚ ਸ. ਹੋਠੀ ਨੂੰ ਸੰਨ 2008 ਵਿਚ ਗੁਰੂ ਘਰ ਦੇ ਪ੍ਰਬੰਧਕਾਂ ਦੇ ਬਦਲਣ ਉਪਰੰਤ ਬੈਂਕ ਨੂੰ ਲਿਖੀ ਗਈ ਚਿੱਠੀ ਅਤੇ ਇਹ ਚਿੱਠੀ ਭੇਜਣ ਬਾਰੇ ਹੋਈ ਮੀਟਿੰਗ ਸਬੰਧੀ ਸਵਾਲ ਪੁੱਛੇ ਗਏ ਸਨ। ਇਨ੍ਹਾਂ ਸਵਾਲਾਂ ਵਿਚ ਇਹ ਸਵਾਲ ਵੀ ਸਨ ਕਿ ਕੀ ਤੁਹਾਨੂੰ ਯਾਦ ਹੈ ਕਿ ਪਹਿਲੀ ਸਤੰਬਰ 2008 ਨੂੰ ਬਖਸ਼ੀਸ਼ ਚਾਹਲ ਦੇ ਘਰ ਹੋਈ ਮੀਟਿੰਗ ਵਿਚ ਮਹਿੰਦਰ ਮਾਨ ਨੇ ਕੀ ਕਿਹਾ ਸੀ? ਕੀ ਤੁਹਾਨੂੰ ਇਸ ਬਾਰੇ ਕੁਝ ਪਤਾ ਹੈ ਕਿ ਮਹਿੰਦਰ ਮਾਨ ਨੇ ਦਸਤਖਤ ਕਿਉਂ ਨਹੀਂ ਕੀਤੇ?

ਇਥੇ ਜ਼ਿਕਰਯੋਗ ਹੈ ਕਿ ਸੰਨ 2008 ਵਿਚ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਬਦਲਣ ਪਿਛੋਂ ਭਾਈ ਭੁਪਿੰਦਰ ਸਿੰਘ ਢਿੱਲੋਂ ਅਤੇ ਸਾਥੀਆਂ ਦੀ ਬਣੀ ਨਵੀਂ ਕਮੇਟੀ ਦਾ ਦੋਸ਼ ਰਿਹਾ ਹੈ ਕਿ ਪੁਰਾਣੇ ਪ੍ਰਬੰਧਕਾਂ ਨੇ ਗੁਰੂ ਘਰ ਦੇ ਉਸਾਰੀ ਪ੍ਰਾਜੈਕਟ ਲਈ ਲੋਨ ਰੁਕਵਾਉਣ ਲਈ ਬੈਂਕ ਨੂੰ ਚਿੱਠੀ ਲਿਖੀ।




**Guaranteed! Save $5,000**

on Your Home Purchase Or I Will Pay You $1,000 Cash

CALL 1-888-450-6603, ID # 4008

For FREE list of homes go to www.FreeHotListings.net

Call:AMARDEEP SINGH *Realtor/Loan Broker* Ph:(916) 712-2735l, Fax:(916) 679-5986 (DRE # 01357217)

**Antelope $139,000**



**$4865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**



**$5600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**



**$8015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**



**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**Antelope $148,000**



**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270000**



**$9450 Down $1329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**



**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230000**



**$7350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Elk Grove $238000**



**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $22,0000**



**$7700 Down $1152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**For Short Sale I received over $4,500**




**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

**Punjab Times**
**Established in 2000**
**11th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

**ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।**

**ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।**

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ-ਪਾਕਿ ਵਿਦੇਸ਼ ਸਕੱਤਰਾਂ ਵਿਚਾਲੇ ਵਾਰਤਾ 'ਠੰਢੀ' ਹੀ ਰਹੀ

**ਥਿੰਪੂ (ਬਿਊਰੋ):** ਭੂਟਾਨ ਦੀ ਰਾਜਧਾਨੀ ਥਿੰਪੂ ਵਿਚ ਭਾਰਤ ਤੇ ਪਾਕਿਸਤਾਨ ਦੇ ਵਿਦੇਸ਼ ਸਕੱਤਰਾਂ ਦੀ ਕਾਫੀ ਲੰਮੇ ਸਮੇਂ ਬਾਅਦ ਹੋਈ ਗੱਲਬਾਤ ਦਾ ਕੋਈ ਸਾਰਥਕ ਸਿੱਟਾ ਨਹੀਂ ਨਿਕਲਿਆ। ਪਿਛਲੇ ਸਾਲ ਜੁਲਾਈ ਮਹੀਨੇ 'ਚ ਇਸਲਾਮਾਬਾਦ ਵਿਚ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦਰਮਿਆਨ ਵਾਰਤਾ ਦੀ ਅਸਫਲਤਾ ਤੋਂ ਬਾਅਦ ਆਲਾ ਅਧਿਕਾਰੀਆਂ ਦਰਮਿਆਨ ਇਹ ਪਹਿਲੀ ਰਸਮੀ ਮੀਟਿੰਗ ਸੀ।

ਅਸਲ 'ਚ ਵਾਰਤਾ ਤੋਂ ਇਕ ਦਿਨ ਪਹਿਲਾਂ ਪਾਕਿਸਤਾਨ ਨੇ ਅਤਿਵਾਦ ਖ਼ਿਲਾਫ਼ ਭਾਰਤ ਦੀ ਪਹੁੰਚ 'ਤੇ ਸਵਾਲ ਉਠਾ ਕੇ ਇਸ ਵਾਰਤਾ ਦੇ ਉਤਸ਼ਾਹ ਨੂੰ ਮੱਠਾ ਕਰ ਦਿੱਤਾ ਸੀ। ਪਾਕਿਸਤਾਨ ਨੇ ਦਹਿਸ਼ਤਵਾਦ ਖ਼ਿਲਾਫ਼ ਘੋਲ ਵਿਚ ਭਾਰਤੀ ਵਚਨਬੱਧਤਾ 'ਤੇ ਕਿੰਤੂ ਕਰਦਿਆਂ ਕਿਹਾ ਸੀ ਕਿ ਸਮਝੌਤਾ ਐਕਸਪ੍ਰੈਸ ਬੰਬ ਕਾਂਡ ਨਾਲ ਨਜਿੱਠਣ 'ਚ ਭਾਰਤ ਵੱਲੋਂ ਹੁਣ ਤਕ ਦਿਖਾਈ ਢਿੱਲ-ਮੱਠ ਇਹੋ ਦਰਸਾਉਂਦੀ ਹੈ ਕਿ ਹਿੰਦੂ ਅਤਿਵਾਦੀਆਂ ਦੇ ਕਾਰਿਆਂ ਨੂੰ ਬੇਪਰਦ ਕਰਨ ਲਈ ਲੋੜੀਂਦੇ ਹੌਸਲੇ ਬੇਪਰਦ ਕਰਨ ਦਾ ਹੌਸਲਾ ਨਹੀਂ ਦਿਖਾ ਰਿਹਾ। ਪਾਕਿਸਤਾਨ ਨੇ ਇਹ ਵੀ ਕਿਹਾ ਸੀ ਕਿ ਸਮਝੌਤਾ ਐਕਸਪ੍ਰੈਸ ਕਾਂਡ ਦੀ ਜਾਂਚ-ਪੜਤਾਲ ਜਿਸ ਢੰਗ ਨਾਲ ਹੁਣ ਤਕ ਚੱਲਦੀ ਆਈ ਹੈ ਉਸ ਤੋਂ ਇਸ ਮਾਮਲੇ ਦੀ ਤਹਿ ਤਕ ਪਹੁੰਚਣਾ ਨਾਮੁਮਕਿਨ ਜਾਪਦਾ ਹੈ। ਪਾਕਿਸਤਾਨ ਦੀਆਂ ਇਨ੍ਹਾਂ ਟਿੱਪਣੀਆਂ ਨੂੰ ਭਾਰਤ ਸਰਕਾਰ ਵੱਲੋਂ ਭੜਕਾਊ ਮੰਨਿਆ ਗਿਆ।

ਉਂਜ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਵਿਦੇਸ਼ ਸਕੱਤਰਾਂ ਵਿਚਾਲੇ ਹੋਈ ਮੀਟਿੰਗ ਨੂੰ ਦੋਹਾਂ ਮੁਲਕਾਂ ਵਿਚ ਆਪਸੀ ਸਮਝ ਤੇ ਭਰੋਸਾ ਪੈਦਾ ਕਰਨ ਲਈ ਮਜ਼ਬੂਤ ਆਧਾਰ ਦੱਸਿਆ ਹੈ। ਸ੍ਰੀ ਕ੍ਰਿਸ਼ਨਾ ਨੇ ਥਿੰਪੂ ਵਿਚ ਸਾਰਕ ਕੌਂਸਲ ਦੀ 33ਵੀਂ ਮੀਟਿੰਗ ਮੌਕੇ ਵਿਦੇਸ਼ ਸਕੱਤਰ ਨਿਰੂਪਮਾ ਰਾਓ ਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਸਲਮਾਨ ਬਸ਼ੀਰ ਵਿਚਾਲੇ ਹੋਈ ਮੀਟਿੰਗ ਨੂੰ ਦੋਹਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਵੱਲੋਂ ਸ਼ੁਰੂ ਕੀਤੀ ਗੱਲਬਾਤ ਦੀ ਪ੍ਰਕਿਰਿਆ ਦਾ ਹਿੱਸਾ ਕਰਾਰ ਦਿੱਤਾ ਹੈ। ਸ੍ਰੀਮਤੀ ਰਾਓ ਤੇ ਜਨਾਬ ਬਸ਼ੀਰ ਨੇ 6 ਫਰਵਰੀ ਨੂੰ ਤਕਰੀਬਨ 90 ਮਿੰਟ ਗੱਲਬਾਤ ਕੀਤੀ ਜਿਸ ਵਿਚ ਵਾਰਤਾਲਾਪ ਦੀ ਪ੍ਰਕਿਰਿਆ ਮੁੜ ਸ਼ੁਰੂ ਕਰਨ ਬਾਰੇ ਵਿਚਾਰਿਆ ਗਿਆ। ਦੋਵਾਂ ਧਿਰਾਂ ਨੇ ਗੱਲਬਾਤ ਨੂੰ 'ਉਸਾਰੂ ਪਹੁੰਚ' ਕਰਾਰ ਦਿੱਤਾ ਤੇ ਭਵਿੱਖ ਵਿਚ ਦੁਵੱਲੇ ਸਬੰਧਾਂ ਬਾਰੇ ਹਾਂ-ਪੱਖੀ ਹੁੰਗਾਰਾ ਭਰਿਆ। ਇਸ ਬਾਰੇ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਤੇ ਯੂਸਫ ਰਜ਼ਾ ਗਿਲਾਨੀ ਜਦੋਂ ਥਿੰਪੂ ਵਿਚ ਮਿਲੇ ਸਨ ਤਾਂ ਉਨ੍ਹਾਂ ਨੇ ਵਿਦੇਸ਼ ਮੰਤਰੀਆਂ ਤੇ ਵਿਦੇਸ਼ ਸਕੱਤਰਾਂ ਨੂੰ ਦੋਵਾਂ ਮੁਲਕਾਂ ਵਿਚਾਲੇ ਭਰੋਸੇ ਦੀਆਂ ਤੰਦਾਂ ਮਜ਼ਬੂਤ ਕਰਨ ਲਈ ਕਿਹਾ ਸੀ। ਇਸ ਲਈ ਵਿਦੇਸ਼ ਮੰਤਰੀਆਂ ਤੇ ਵਿਦੇਸ਼ ਸਕੱਤਰਾਂ ਦੇ ਪੱਧਰ ਦੀਆਂ ਇਹ ਸਾਰੀਆਂ ਮੀਟਿੰਗਾਂ ਇਸ ਟੀਚੇ ਨੂੰ ਹਾਸਲ ਕਰਨ ਲਈ ਹਨ। ਇਨ੍ਹਾਂ ਮੀਟਿੰਗਾਂ ਰਾਹੀਂ ਹੀ ਆਪਸੀ ਵਿਸ਼ਵਾਸ, ਸਮਝ, ਸਤਿਕਾਰ ਤੇ ਹੋਰ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ ਹੈ।

***ਮੀਟਿੰਗ ਤੋਂ ਪਹਿਲਾਂ ਭੜਕਾਊ ਬਿਆਨਬਾਜ਼ੀ***

ਦੋਵੇਂ ਵਿਦੇਸ਼ ਸਕੱਤਰਾਂ ਨੇ ਵੀ ਆਪਣੀ ਮੀਟਿੰਗ ਨੂੰ ਲਾਹੇਵੰਦ ਕਰਾਰ ਦਿੱਤਾ। ਉਨ੍ਹਾਂ ਆਪਣੇ ਵਿਚਾਰ-ਵਟਾਂਦਰੇ 'ਤੇ ਤਸੱਲੀ ਪ੍ਰਗਟਾਈ ਜਿਸ ਵਿਚ ਕਈ ਮੁੱਦੇ ਉਭਾਰੇ ਗਏ। ਉਧਰ ਜਨਾਬ ਬਸ਼ੀਰ ਨੇ ਕਿਹਾ ਇਹ ਮੀਟਿੰਗ ਕਾਫੀ ਵਧੀਆ ਮਾਹੌਲ ਵਿਚ ਹੋਈ ਤੇ ਉਹ ਇਸ ਤੋਂ ਬੇਹੱਦ ਸੰਤੁਸ਼ਟ ਹਨ। ਮੀਟਿੰਗ ਦੌਰਾਨ ਸਮਝੌਤਾ ਐਕਸਪ੍ਰੈਸ ਧਮਾਕੇ ਦਾ ਮੁੱਦਾ ਚੁੱਕੇ ਜਾਣ ਬਾਰੇ ਜਨਾਬ ਬਸ਼ੀਰ ਜਵਾਬ ਦੇਣੋਂ ਟਲ ਗਏ। ਇਸ ਮੀਟਿੰਗ ਨਾਲ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਦੇ ਭਾਰਤ ਆਉਣ ਦਾ ਰਾਹ ਪੱਧਰਾ ਹੋਣ ਬਾਰੇ ਜਨਾਬ ਬਸ਼ੀਰ ਨੇ ਕਿਹਾ ਕਿ ਜ਼ਰੂਰ, ਇਹ ਵਿਦੇਸ਼ ਮੰਤਰੀ ਦੇ ਦੌਰੇ ਦੀ ਤਿਆਰੀ ਸੀ। ਸੂਤਰਾਂ ਅਨੁਸਾਰ ਕੁਰੈਸ਼ੀ ਇਸ ਸਾਲ ਦੇ ਅੱਧ ਵਿਚ ਭਾਰਤ ਫੇਰੀ 'ਤੇ ਆ ਸਕਦੇ ਹਨ।ਦੀ ਉਸ ਵਿਚ ਘਾਟ ਹੈ। ਪਾਕਿਸਤਾਨੀ ਵਿਦੇਸ਼ ਦਫ਼ਤਰ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਸੀ ਕਿ ਹਿੰਦੂ ਅਤਿਵਾਦੀਆਂ ਦੇ ਭਾਰਤੀ ਥਲ ਸੈਨਾ ਦੇ ਕੁਝ ਅਫਸਰਾਂ ਨਾਲ ਸਬੰਧ ਹਨ। ਇਸੇ ਲਈ ਭਾਰਤ ਅਜਿਹੇ ਅਤਿਵਾਦੀਆਂ ਦੇ ਕਾਰਿਆਂ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ।

# ਯੂ.ਪੀ.ਏ. ਸਰਕਾਰ ਹੁਣ ਇਸਰੋ ਘੁਟਾਲੇ 'ਚ ਫਸੀ!

ਹੋਇਆ ਹੈ।

ਉਧਰ ਸਰਕਾਰ ਨੇ ਇਸਰੋ ਨਾਲ 1000 ਕਰੋੜ ਰੁਪਏ ਦੇ ਸੌਦੇ ਤਹਿਤ 70 ਮੈਗਾ ਹਰਟਜ਼ ਸਪੈਕਟ੍ਰਮ ਪ੍ਰਾਈਵੇਟ ਕੰਪਨੀ ਨੂੰ ਅਲਾਟ ਕਰਨ ਦੀ ਰਿਪੋਰਟ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਕਿਹਾ ਗਿਆ ਹੈ ਕਿ ਇਸ ਬਾਰੇ ਅਜੇ ਕੋਈ ਫੈਸਲਾ ਹੀ ਨਹੀਂ ਲਿਆ ਗਿਆ ਤਾਂ ਫਿਰ 2 ਲੱਖ ਕਰੋੜ ਰੁਪਏ ਦੇ ਘਾਟੇ ਦੇ ਦੋਸ਼ ਲਾਏ ਜਾਣੇ ਨਿਰਮੂਲ ਹਨ। ਇਸਰੋ ਪੁਲਾੜ ਖੋਜ ਮਹਿਕਮੇ ਦੇ ਥੱਲੇ ਹੈ ਜਿਹੜਾ ਸਿੱਧੇ ਤੌਰ ਉਤੇ ਪ੍ਰਧਾਨ ਮੰਤਰੀ ਦੇ ਕੰਟਰੋਲ ਵਿਚ ਹੈ। ਇਸਰੋ ਦੇ ਪ੍ਰਾਈਵੇਟ ਫਰਮ ਨਾਲ ਸਪੈਕਟ੍ਰਮ ਵੰਡ ਨੂੰ ਲੈ ਕੇ ਕੀਤੇ ਸੌਦੇ ਬਾਰੇ ਕੈਗ ਦੇ ਬਿਆਨ ਤੋਂ ਭਾਜਪਾ ਤੇ ਖੱਬੀਆਂ ਪਾਰਟੀਆਂ ਬਹੁਤ ਖਫ਼ਾ ਹਨ। ਉਨ੍ਹਾਂ ਨੇ ਕੈਗ ਦੇ ਖ਼ੁਲਾਸਿਆਂ ਨੂੰ ਚੌਂਕਾ ਦੇਣ ਵਾਲੇ ਅਤੇ ਵੱਡਾ ਸਕੈਂਡਲ ਕਰਾਰ ਦਿੰਦਿਆਂ ਇਹ ਸੌਦਾ ਫੌਰੀ ਰੱਦ ਕਰਨ ਤੇ ਵੇਚਿਆ ਸਪੈਕਟ੍ਰਮ ਵਾਪਸ ਲੈਣ ਦੀ ਮੰਗ ਕੀਤੀ ਹੈ। ਸੂਤਰਾਂ ਅਨੁਸਾਰ ਜਿਸ ਪ੍ਰਾਈਵੇਟ ਕੰਪਨੀ ਨੂੰ ਇਸਰੋ ਨੇ ਸਪੈਕਟ੍ਰਮ ਦਿੱਤਾ ਹੈ ਉਹ ਇਸਰੋ 'ਚ ਹੀ ਸਾਬਕਾ ਵਿਗਿਆਨਕ ਸਕੱਤਰ ਐਮ.ਜੀ. ਚੰਦਰਸ਼ੇਖਰ ਦੀ ਹੈ। ਭਾਜਪਾ ਨੇ ਕਿਹਾ ਹੈ ਕਿ ਇਸ ਅਜਬ ਸਕੈਂਡਲ ਬਾਰੇ ਪ੍ਰਧਾਨ ਮੰਤਰੀ ਸਥਿਤੀ ਸਪਸ਼ਟ ਕਰਨ ਕਿਉਂਕਿ ਪੁਲਾੜ ਵਿਭਾਗ ਸਿੱਧਾ ਉਨ੍ਹਾਂ ਦੇ ਅਧੀਨ ਹੈ।

ਐਸ ਸਪੈਕਟ੍ਰਮ ਵਿਸ਼ਵ ਪੱਧਰ ਉਤੇ ਸਭ ਤੋਂ ਵੱਧ ਮਾਡਰਨ ਬਰਾਡ ਬੈਂਡ ਮੋਬਾਈਲ ਸੇਵਾ ਵਿਚ ਵਰਤਿਆ ਜਾਂਦਾ ਹੈ। ਇਸ ਨੂੰ ਚੌਥੀ ਪੀੜੀ (ਫੋਰਥ ਜਨਰੇਸ਼ਨ) ਦਾ ਤਕਨੀਕੀ ਤੌਰ ਉਤੇ ਬਹੁਤ ਐਡਵਾਂਸ ਬਰਾਡ ਬੈਂਡ ਸਪੈਕਟ੍ਰਮ ਕਿਹਾ ਜਾਂਦਾ ਹੈ। ਕੈਗ ਦੀ ਮੁੱਢਲੀ ਛਾਣ-ਬੀਣ ਵਿਚ ਪਤਾ ਚੱਲਿਆ ਹੈ ਕਿ ਐਸ. ਸਪੈਕਟ੍ਰਮ ਨੂੰ ਅਲਾਟ ਕਰਨ ਵੇਲੇ ਕੋਈ ਟੈਂਡਰ ਜਾਰੀ ਨਹੀਂ ਹੋਏ ਤੇ ਨਾ ਹੀ ਕਿਸੇ ਹੋਰ ਕੰਪਨੀ ਨੂੰ ਬੁਲਾਇਆ ਗਿਆ। ਇਥੋਂ ਤੱਕ ਕਿ ਕੈਗ ਦੀ ਜਾਂਚ ਅਨੁਸਾਰ ਪ੍ਰਧਾਨ ਮੰਤਰੀ ਦਫ਼ਤਰ, ਮੰਤਰੀ ਮੰਡਲ ਤੇ ਪੁਲਾੜ ਕਮਿਸ਼ਨ ਵਿਚੋਂ ਕਿਸੇ ਨੂੰ ਵੀ ਨਿਜੀ ਕੰਪਨੀ ਨਾਲ ਹੋਏ ਸਮਝੌਤੇ ਬਾਰੇ ਪੂਰੀ ਤਰ੍ਹਾਂ ਸੂਚਿਤ ਨਹੀਂ ਕੀਤਾ ਗਿਆ ਪਰ ਦੂਜੇ ਪਾਸੇ ਦੇਵਾਸ ਮਲਟੀ ਮੀਡੀਆ ਨੇ ਕਿਹਾ ਹੈ ਕਿ ਉਨ੍ਹਾਂ ਨੇ ਕੋਈ ਉਲੰਘਣਾ ਨਹੀਂ ਕੀਤੀ। ਇਸ ਨਿਜੀ ਕੰਪਨੀ ਦੇ ਚੇਅਰਮੈਨ ਡਾ: ਐਨ. ਜੀ. ਚੰਦਰਸ਼ੇਖਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਕਿ ਕੈਗ ਉਨ੍ਹਾਂ ਦੀ ਕੰਪਨੀ ਦੇ 'ਸਪੇਸ ਕਾਰਪੋਰੇਸ਼ਨ' ਨਾਲ ਹੋਏ ਸਮਝੌਤੇ ਦੀ ਛਾਣ-ਬੀਣ ਕਰ ਰਹੀ ਹੈ। ਰਿਪੋਰਟਾਂ ਮੁਤਾਬਕ ਇਸਰੋ ਨੇ ਇਸ ਨਿਜੀ ਕੰਪਨੀ ਨਾਲ ਸਮਝੌਤੇ ਨੂੰ ਰੱਦ ਕਰਨ ਦਾ ਚੌਥਾ ਖਰੜਾ ਅਕਤੂਬਰ 2010 ਵਿਚ ਤਿਆਰ ਕੀਤਾ ਸੀ ਪਰ ਉਸ ਉਤੇ ਅਮਲ ਅਜੇ ਤੱਕ ਨਹੀਂ ਹੋਇਆ।

# ਵਿਰੋਧੀ ਹੋਸਨੀ ਮੁਬਾਰਕ ਨੂੰ ਹਟਾਉਣ 'ਤੇ ਅੜੇ

ਉਹ ਮੁਲਕ ਦੀਆਂ ਖੁਫ਼ੀਆ ਏਜੰਸੀਆਂ ਦੇ ਮੁਖੀ ਰਹਿ ਚੁੱਕੇ ਹਨ।

ਉਧਰ ਹਜ਼ਾਰਾਂ ਵਿਖਾਵਾਕਾਰੀ ਅਜੇ ਵੀ ਤਹਿਰੀਰ ਸਕੁਏਅਰ ਵਿਚ ਜੁਟੇ ਹੋਏ ਹਨ ਤੇ ਉਨ੍ਹਾਂ ਨੇ ਫੌਜ ਦੀਆਂ ਸਭ ਕੋਸ਼ਿਸ਼ਾਂ ਨਾਕਾਮ ਕਰ ਦਿੱਤੀਆਂ ਹਨ। ਵਿਰੋਧੀ ਧਿਰਾਂ ਵੀ ਉਪ ਰਾਸ਼ਟਰਪਤੀ ਉਮਰ ਸੁਲੇਮਾਨ ਨਾਲ 7 ਜਨਵਰੀ ਨੂੰ ਹੋਈ ਮੀਟਿੰਗ ਦੌਰਾਨ ਸਰਕਾਰ ਨਾਲ ਕਿਸੇ ਸਮਝੌਤੇ 'ਤੇ ਨਹੀਂ ਪੁੱਜ ਸਕੀਆਂ। ਇਸ ਮੀਟਿੰਗ ਮਗਰੋਂ ਸੁਲੇਮਾਨ ਦੇ ਦਫ਼ਤਰ ਤੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਸਰਕਾਰ ਨੇ ਮਾਰਚ ਦੇ ਪਹਿਲੇ ਹਫ਼ਤੇ ਤਕ ਲੋੜੀਂਦੀਆਂ ਸੰਵਿਧਾਨਕ ਸੋਧਾਂ ਸਮੇਤ ਹੋਰ ਮਸਲਿਆਂ ਦੇ ਹੱਲ ਲਈ ਕਮੇਟੀ ਬਣਾਉਣ ਦਾ ਮਤਾ ਰੱਖਿਆ ਸੀ ਪਰ ਪ੍ਰਭਾਵਸ਼ਾਲੀ 'ਮੁਸਲਿਮ ਬ੍ਰਦਰਹੁੱਡ' ਜਥੇਬੰਦੀ ਸਮੇਤ ਵਿਰੋਧੀ ਧਿਰਾਂ ਨੇ ਇਨ੍ਹਾਂ ਪ੍ਰਸਤਾਵਾਂ ਨੂੰ ਨਾਕਾਫ਼ੀ ਦੱਸਦਿਆਂ ਠੁਕਰਾ ਦਿੱਤਾ ਤੇ ਮੰਗ ਕੀਤੀ ਕਿ ਜਦੋਂ ਤਕ ਮੁਬਾਰਕ ਨੂੰ ਹਟਾਇਆ ਨਹੀਂ ਜਾਂਦਾ ਉਦੋਂ ਤਕ ਕਿਸੇ ਮੁੱਦੇ 'ਤੇ ਗੱਲਬਾਤ ਨਹੀਂ ਹੋ ਸਕਦੀ।

ਇਸ ਤੋਂ ਪਹਿਲਾਂ 6 ਜਨਵਰੀ ਨੂੰ ਪਾਬੰਦੀਸ਼ੁਦਾ 'ਮੁਸਲਿਮ ਬ੍ਰਦਰਹੁੱਡ' ਸਮੇਤ ਮਿਸਰ ਦੇ ਸਭ ਵਿਰੋਧੀ ਗਰੁੱਪ ਆਪਣੀਆਂ 'ਕਾਨੂੰਨੀ ਮੰਗਾਂ' ਲਈ ਦਬਾਅ ਪਾਉਣ ਲਈ ਉਮਰ ਸੁਲੇਮਾਨ ਨੂੰ ਮਿਲੇ। ਉਧਰ ਮਿਸਰ ਦੀ ਸੱਤਾਧਾਰੀ ਨੈਸ਼ਨਲ ਡੈਮੋਕਰੈਟਿਕ ਪਾਰਟੀ ਦੀ ਚੋਟੀ ਦੀ ਲੀਡਰਸ਼ਿਪ ਸਮੂਹਿਕ ਤੌਰ 'ਤੇ ਅਸਤੀਫ਼ੇ ਦੇ ਚੁੱਕੀ ਹੈ। ਐਨ.ਡੀ.ਪੀ. ਦੇ ਸੀਨੀਅਰ ਕਾਰਜਕਾਰੀ ਜਿਨ੍ਹਾਂ 'ਚ ਮੁਬਾਰਕ ਦਾ ਪੁੱਤਰ ਗਮਾਲ ਮੁਬਾਰਕ ਵੀ ਸ਼ਾਮਲ ਹੈ ਤੇ ਜੋ ਨੀਤੀਆਂ ਘੜਨ ਵਾਲੀ ਸ਼ਕਤੀਸ਼ਾਲੀ ਕਮੇਟੀ ਦਾ ਮੈਂਬਰ ਸੀ, ਨੇ ਵੀ ਅਸਤੀਫ਼ਾ ਦੇ ਦਿੱਤਾ ਹੈ।

ਉਧਰ ਅਮਰੀਕੀ ਸਦਰ ਬਰਾਕ ਓਬਾਮਾ ਨੇ ਦਬਾਅ ਬਣਾਉਂਦਿਆਂ ਸਪਸ਼ਟ ਸੰਕੇਤ ਦਿੱਤਾ ਹੈ ਕਿ ਮਿਸਰ ਵਿਚ ਪ੍ਰਦਰਸ਼ਨ ਤੋਂ ਪਹਿਲਾਂ ਦੇ ਸਮੇਂ ਵਿਚ ਮੁੜਿਆ ਨਹੀਂ ਜਾ ਸਕਦਾ। ਇਸ ਲਈ ਉਥੇ 'ਪ੍ਰਤੀਨਿਧ ਤੇ ਜ਼ਿੰਮੇਵਾਰ' ਸਰਕਾਰ ਕਾਇਮ ਕਰਨ ਲਈ ਮੁਹਿੰਮ ਚਲਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਬ੍ਰਦਰਹੁੱਡ ਇਕ ਧੜਾ ਹੈ ਪਰ ਉਸ ਕੋਲ ਲੋੜੀਂਦੀ ਹਮਾਇਤ ਨਹੀਂ ਹੈ। ਓਬਾਮਾ ਨੇ ਮੁਬਾਰਕ ਨੂੰ ਦੇਸ਼ 'ਚ ਸਲੀਕੇ ਨਾਲ ਫ਼ੌਜੀ ਸੱਤਾ ਤਬਦੀਲੀ ਦੀ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਸੱਤਾ ਤਬਦੀਲੀ ਦੇ ਇਸ ਅਮਲ 'ਚ ਵਿਰੋਧੀ ਧਿਰਾਂ ਦੇ ਸਭ ਵਰਗਾਂ ਨੂੰ ਸ਼ਾਮਲ ਕੀਤਾ ਜਾਣਾ ਜ਼ਰੂਰੀ ਹੈ। ਬਰਾਕ ਓਬਾਮਾ ਵੱਲੋਂ ਮਿਸਰ 'ਚ ਬੇਚੈਨੀ ਬਾਰੇ ਜਰਮਨੀ, ਬਰਤਾਨੀਆ ਤੇ ਯੂ.ਏ.ਈ. ਦੇ ਆਗੂਆਂ ਨਾਲ ਗੱਲਬਾਤ ਕੀਤੀ ਗਈ ਹੈ ਤੇ ਉਨ੍ਹਾਂ ਨੇ ਸਹਿਜ ਭਾਅ ਤੇ ਅਮਨ ਅਮਾਨ ਨਾਲ ਸੱਤਾ ਤਬਦੀਲੀ ਦੀ ਪੈਰਵੀ ਕੀਤੀ ਹੈ। ਫਰਾਂਸ ਨੇ ਜਨਵਰੀ ਦੇ ਅਖੀਰਲੇ ਦਿਨਾਂ ਤੋਂ ਮਿਸਰ ਨੂੰ ਹਥਿਆਰਾਂ ਤੇ ਅੱਥਰੂ ਗੈਸ ਦੀ ਸਪਲਾਈ ਬੰਦ ਕਰ ਦਿੱਤੀ ਹੈ। ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਦੀ ਸੱਤਾਧਾਰੀ ਕੁਲੀਸ਼ਨ ਨੇ ਕਿਹਾ ਹੈ ਕਿ ਜੇ ਸਦਰ ਹੋਸਨੀ ਮੁਬਾਰਕ ਇਲਾਜ ਕਰਾਉਣ ਲਈ ਆਉਣਾ ਚਾਹੁਣ ਤਾਂ ਉਨ੍ਹਾਂ ਦਾ ਸਵਾਗਤ ਹੈ ਪਰ ਇਹ 'ਸ਼ਰਨ' ਸਿਆਸੀ ਨਹੀਂ ਹੋਵੇਗੀ।



*ਕਾਹਿਰਾ ਵਿਚ ਮੁਜਾਹਰਾ ਕਰ ਰਹੇ ਲੋਕ*

## ਹੋਸਨੀ ਦੀ ਜਾਇਦਾਦ 70 ਅਰਬ ਡਾਲਰ ਦੀ

ਮਿਸਰ ਦੇ ਸਦਰ ਹੋਸਨੀ ਮੁਬਾਰਕ ਤੇ ਉਸ ਦੇ ਪਰਿਵਾਰ ਦੀ ਕੁੱਲ ਜਾਇਦਾਦ 40 ਤੋਂ 70 ਅਰਬ ਡਾਲਰ ਤੱਕ ਹੋਣ ਦੀ ਸੰਭਾਵਨਾ ਹੈ। ਖਬਰ ਏਜੰਸੀ ਏ.ਬੀ.ਸੀ. ਨਿਊਜ਼ ਨੇ ਮਾਹਿਰਾਂ ਦੇ ਹਵਾਲੇ ਨਾਲ ਦੱਸਿਆ ਕਿ ਮਿਸਰ ਦੇ ਇਸ ਪਹਿਲਾ ਦਰਜਾ ਪਰਿਵਾਰ ਨੇ ਵਧੇਰੇ ਜਾਇਦਾਦ ਫੌਜੀ ਠੇਕਿਆਂ ਰਾਹੀਂ ਬਣਾਈ ਹੈ ਜੋ ਮੁਬਾਰਕ ਦੇ ਹਵਾਈ ਫ਼ੌਜ ਦੇ ਅਧਿਕਾਰੀ ਰਹਿਣ ਦੇ ਦਿਨਾਂ ਦੀ ਹੈ। ਇਸ ਤੋਂ ਬਾਅਦ ਮੁਬਾਰਕ ਨੇ ਸਾਲ 1981 ਵਿਚ ਸਦਰ ਬਣਨ ਪਿੱਛੋਂ ਆਪਣੇ ਪਰਿਵਾਰ ਰਾਹੀਂ ਧਨ ਦਾ ਵੱਖ-ਵੱਖ ਖੇਤਰਾਂ ਵਿਚ ਨਿਵੇਸ਼ ਕੀਤਾ।

ਪ੍ਰਿੰਸਟਨ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਅਮਾਨੇਯ ਜਮਾਲ ਨੇ ਕਿਹਾ ਕਿ ਇਨ੍ਹਾਂ ਅਨੁਮਾਨਾਂ ਦੀ ਤੁਲਨਾ ਖਾੜੀ ਦੇਸ਼ਾਂ ਦੇ ਹੋਰ ਧਨੀ ਨੇਤਾਵਾਂ ਨਾਲ ਕੀਤੀ ਜਾ ਸਕਦੀ ਹੈ। ਮੁਬਾਰਕ ਨੇ ਇਸ ਸ਼ਾਸਨ ਕਾਲ ਦੌਰਾਨ ਬਹੁਤ ਜ਼ਿਆਦਾ ਭ੍ਰਿਸ਼ਟਾਚਾਰ ਤੇ ਸਰਕਾਰੀ ਸਾਧਨਾਂ ਦੀ ਵਰਤੋਂ ਨਿੱਜੀ ਮੁਫ਼ਾਦਾਂ ਲਈ ਕੀਤੀ। ਉਨ੍ਹਾਂ ਕਿਹਾ ਕਿ ਮੁਬਾਰਕ ਦੀ ਜਾਇਦਾਦ ਬਰਤਾਨੀਆ ਜਾਂ ਸਵਿਟਜ਼ਰਲੈਂਡ ਦੇ ਬੈਂਕਾਂ ਵਿਚ ਹੋ ਸਕਦੀ ਹੈ। ਆਈ.ਐਚ.ਐਸ. ਗਲੋਬਲ ਇਨਸਾਈਟ ਮੁਤਾਬਕ ਹੋਸਨੀ ਮੁਬਾਰਕ ਪਰਿਵਾਰ ਦੀ ਲੰਦਨ, ਪੈਰਿਸ, ਮੈਡਰਿਡ, ਦੁਬਈ, ਵਾਸ਼ਿੰਗਟਨ , ਨਿਊਯਾਰਕ ਤੇ ਫਰੈਂਕਫਰਟ ਵਿਚ ਜਾਇਦਾਦ ਹੈ। ਮੁਬਾਰਕ ਨੇ 1981 ਵਿਚ ਮਿਸਰ ਦੀ ਸੱਤਾ 'ਤੇ ਕਬਜ਼ਾ ਕੀਤਾ ਸੀ ਤੇ ਉਦੋਂ ਤੋਂ ਲੈ ਕੇ ਅੱਜ ਤੱਕ ਕਰੀਬ 30 ਸਾਲਾਂ ਤੋਂ ਉਹ ਦੇਸ਼ ਦੇ ਸਦਰ ਦੇ ਅਹੁਦੇ 'ਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਕਤਲ ਦੇ ਦੋਸ਼ 'ਚ ਪਰਵਾਸੀ ਭਾਰਤੀ ਨੂੰ ਪੰਜ ਸਾਲ ਦੀ ਕੈਦ

**ਮੈਲਬਰਨ:** ਆਸਟਰੇਲੀਆ ਦੀ ਅਦਾਲਤ ਨੇ ਪਿਛਲੇ ਵਰ੍ਹੇ 3 ਸਾਲਾ ਮਸੂਮ ਬੱਚੇ ਗੁਰਸ਼ਾਨ ਸਿੰਘ ਚਾਨਾ ਦੇ ਕਤਲ ਦੇ ਦੋਸ਼ 'ਚ ਗੁਰਸੇਵਕ ਸਿੰਘ ਢਿੱਲੋਂ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਉਣ ਦੇ ਨਾਲ ਹੀ ਸਜ਼ਾ ਖ਼ਤਮ ਹੋਣ ਪਿਛੋਂ ਉਸ ਨੂੰ ਭਾਰਤ ਵਾਪਸ ਭੇਜਣ ਦਾ ਵੀ ਹੁਕਮ ਦੇ ਦਿੱਤਾ। ਵਿਕਟੋਰੀਆ ਸੁਪਰੀਮ ਕੋਰਟ ਨੇ ਢਿੱਲੋਂ ਨੂੰ ਸਜ਼ਾ ਸੁਣਾਉਂਦੇ ਹੋਏ ਕਿਹਾ ਕਿ ਉਸ ਨੇ ਇਸ ਮਾਮਲੇ ਵਿਚ ਆਪਣੀ ਗਲਤੀ ਲੁਕਾਉਣ 'ਤੇ ਜ਼ਿਆਦਾ ਧਿਆਨ ਦਿੱਤਾ ਤੇ ਜੇਕਰ ਉਸ ਨੇ ਅਜਿਹਾ ਨਾ ਕੀਤਾ ਹੁੰਦਾ ਤਾਂ ਬੱਚੇ ਦੀ ਜਾਨ ਬਚ ਸਕਦੀ ਸੀ।

ਦੱਸਣਯੋਗ ਹੈ ਕਿ ਪਿਛਲੇ ਸਾਲ ਮਾਰਚ 'ਚ ਉਤਰੀ ਮੈਲਬਰਨ ਸਥਿਤ ਆਪਣੇ ਮਾਲਕ ਦੇ ਘਰ 'ਚ ਢਿੱਲੋਂ ਵੱਲੋਂ ਅਚਾਨਕ ਦਰਵਾਜ਼ਾ ਖੋਲ੍ਹੇ ਜਾਣ ਕਾਰਨ ਗੁਰਸ਼ਾਨ ਦੇ ਸਿਰ 'ਤੇ ਦਰਵਾਜ਼ਾ ਲੱਗਿਆ ਸੀ ਜਿਸ ਨਾਲ ਉਸ ਦੇ ਸਿਰ 'ਤੇ ਸੱਟ ਲੱਗ ਗਈ। ਬੱਚੇ ਨੂੰ ਫੱਟੜ ਕਰਨ ਦੇ ਦੋਸ਼ ਲੱਗਣ ਤੇ ਦੇਸ਼ ਵਾਪਸ ਭੇਜੇ ਜਾਣ ਦੇ ਡਰ ਕਾਰਨ ਢਿੱਲੋਂ ਬੇਹੱਦ ਤਣਾਅ 'ਚ ਸੀ ਤੇ ਉਸ ਨੇ ਬਗੈਰ ਕੁਝ ਸੋਚੇ ਬੱਚੇ ਨੂੰ ਕਾਰ ਦੀ ਡਿੱਕੀ ਵਿਚ ਸੁੱਟਿਆ ਤੇ ਕਈ ਕਿਲੋਮੀਟਰ ਦੂਰ ਝਾੜੀਆਂ ਵਿਚ ਜਾ ਕੇ ਸੁੱਟ ਦਿੱਤਾ। ਉਸ ਨੇ ਇਹ ਨਹੀਂ ਦੇਖਿਆ ਕਿ ਬੱਚਾ ਜਿਉਂਦਾ ਹੈ ਜਾਂ ਨਹੀਂ।

ਜੱਜ ਨੇ ਕਿਹਾ ਕਿ ਬੱਚੇ ਨਾਲ ਕਾਰ 'ਚ ਕੁਝ ਘੰਟੇ ਗੁਜ਼ਾਰਨ ਦੇ ਬਾਵਜੂਦ ਢਿੱਲੋਂ ਨੇ ਬੱਚੇ ਬਾਰੇ ਜ਼ਰਾ ਨਾ ਸੋਚਿਆ ਤੇ ਸਿਰਫ਼ ਆਪਣੇ ਭਵਿੱਖ ਬਾਰੇ ਹੀ ਸੋਚਦਾ ਰਿਹਾ। ਆਪਣੀ ਇਸ ਸੋਚ ਦੌਰਾਨ ਉਸ ਨੇ ਸਿੱਟਾ ਕੱਢਿਆ ਕਿ ਉਸ ਤੋਂ ਗੰਭੀਰ ਅਪਰਾਧ ਹੋ ਗਿਆ ਹੈ।

ਢਿੱਲੋਂ ਨੇ ਕਿਹਾ ਕਿ ਉਹ ਡਰਿਆ ਹੋਇਆ ਸੀ ਪਰ ਜੱਜ ਨੇ ਉਸ ਦੇ ਬਿਆਨ ਨੂੰ ਖਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰਸ਼ਾਨ ਨੂੰ ਜਦੋਂ ਕਾਰ ਦੀ ਡਿੱਕੀ ਵਿਚ ਰੱਖਿਆ, ਹੋ ਸਕਦਾ ਹੈ ਉਦੋਂ ਉਸ ਦੀ ਮੌਤ ਨਾ ਹੋਈ ਹੋਵੇ, ਕਿਉਂਕਿ ਡਾਕਟਰਾਂ ਮੁਤਾਬਕ ਦਰਵਾਜ਼ਾ ਲੱਗਣ ਨਾਲ ਬੱਚੇ ਦੀ ਮੌਤ ਨਹੀਂ ਹੋ ਸਕਦੀ ਉਹ ਸਿਰਫ਼ ਬੇਹੋਸ਼ ਹੋਇਆ ਹੋਵੇਗਾ ਪਰ ਬਾਅਦ ਵਿਚ ਡਿੱਕੀ ਦਾ ਤਾਪਮਾਨ ਵੱਧ ਹੋਣ ਕਾਰਨ ਬੱਚੇ ਨੇ ਦਮ ਤੋੜ ਦਿੱਤਾ।ਜੱਜ ਨੇ ਕਿਹਾ ਕਿ 25 ਸਾਲਾ ਢਿੱਲੋਂ ਬੱਚੇ ਦੇ ਫੱਟੜ ਹੋਣ ਦੇ ਮਾਮਲੇ ਵਿਚ ਦੋਸ਼ੀ ਠਹਿਰਾਏ ਜਾਣ ਪ੍ਰਤੀ ਚਿੰਤਤ ਸੀ ਤੇ ਉਸ ਨੂੰ ਡਰ ਸੀ ਕਿ ਉਸ ਨੂੰ ਆਸਟਰੇਲੀਆ 'ਚੋਂ ਵਾਪਸ ਭੇਜ ਦਿੱਤਾ ਜਾਵੇਗਾ।

## ਅਮਰੀਕਾ 'ਚ ਭਾਰਤੀ ਡਾਕਟਰ 15 ਸਾਲ ਲਈ ਸੀਖਾਂ ਪਿੱਛੇ ਬੰਦ

**ਬੋਸਟਨ:** ਅਮਰੀਕਾ ਦੀ ਇਕ ਅਦਾਲਤ ਨੇ ਨਕਲੀ ਤੇ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨ ਦੇ ਮਾਮਲੇ 'ਚ ਭਾਰਤੀ ਮੂਲ ਦੇ ਅਮਰੀਕੀ ਡਾਕਟਰ ਨੂੰ 15 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਉਣ ਦੇ ਨਾਲ ਹੀ ਉਸ ਦੀ ਚਾਰ ਕਰੋੜ 30 ਲੱਖ ਡਾਲਰਾਂ ਦੀ ਸੰਪਤੀ ਨੂੰ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ।

ਅਰੁਣ ਸ਼ਰਮਾ ਨਾਂ ਦੇ ਇਸ ਡਾਕਟਰ ਨੇ ਆਪਣੀ ਪਤਨੀ ਨਾਲ ਰਲ ਕੇ ਟੈਕਸਾਸ 'ਚ ਦਸ ਸਾਲਾਂ ਤਕ ਸਿਹਤ ਸਬੰਧੀ ਜਾਅਲਸਾਜ਼ੀ ਕੀਤੀ। ਅਮਰੀਕੀ ਜ਼ਿਲ੍ਹਾ ਜੱਜ ਡੇਵਿਡ ਹਿਟਨਰ ਨੇ ਸਜ਼ਾ ਸੁਣਾਉਂਦੇ ਹੋਏ ਕਿਹਾ ਕਿ ਸ਼ਰਮਾ ਦੀ ਚਾਰ ਕਰੋੜ 30 ਲੱਖ ਡਾਲਰ ਦੀ ਸੰਪਤੀ ਜ਼ਬਤ ਕਰ ਲਈ ਜਾਵੇ ਜਿਸ ਵਿਚ ਇਸ ਜੋੜੇ ਦਾ ਟੈਕਸਾਸ 'ਚ 7 ਲੱਖ ਡਾਲਰ ਦਾ ਮਕਾਨ ਵੀ ਸ਼ਾਮਲ ਹੈ। ਸ਼ਰਮਾ ਨੂੰ ਅਮਰੀਕੀ ਮਾਰਸ਼ਲ ਸੇਵਾ ਕੋਲ ਸੌਂਪ ਦਿੱਤਾ ਗਿਆ ਹੈ। ਕਿਰਨ ਨੂੰ ਅਦਾਲਤ 23 ਫਰਵਰੀ ਨੂੰ ਸਜ਼ਾ ਸੁਣਾਏਗੀ। ਸਜ਼ਾ ਸੁਣਾਏ ਜਾਣ ਤਕ ਉਸ ਨੂੰ ਹਿਊਸਟਨ ਵਿਚ ਫੈਡਰਲ ਡਿਟੈਂਸ਼ਨ ਸੈਂਟਰ 'ਚ ਰੱਖਿਆ ਜਾਵੇਗਾ। ਸ਼ਰਮਾ ਆਪਣੇ ਮਰੀਜ਼ਾਂ ਨੂੰ ਅਜਿਹੀਆਂ ਦਵਾਈਆਂ ਦਿੰਦਾ ਸੀ ਜਿਨ੍ਹਾਂ ਵਿਚ ਨਸ਼ੀਲੇ ਪਦਾਰਥ ਹੁੰਦੇ ਸਨ। ਇਸ ਨਾਲ ਮਰੀਜ਼ ਛੇਤੀ ਠੀਕ ਹੋਇਆ ਮਹਿਸੂਸ ਕਰਦਾ ਸੀ। ਪਿਛੋਂ ਉਸ ਨੇ ਆਪਣੇ ਮਰੀਜ਼ਾਂ ਨੂੰ ਜ਼ਿਆਦਾ ਨਸ਼ੇ ਵਾਲੀਆਂ ਦਵਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ।

ਇਸ ਤੋਂ ਇਲਾਵਾ ਇਹ ਜੋੜਾ ਮਰੀਜ਼ਾਂ ਨੂੰ ਸਟੀਰਾਇਡ ਦੇ ਟੀਕੇ ਵੀ ਲਗਾਉਂਦਾ ਸੀ ਜਿਸ ਨਾਲ ਮਰੀਜ਼ ਨੂੰ ਦਰਦ ਤੋਂ ਤੁਰੰਤ ਰਾਹਤ ਮਿਲ ਜਾਂਦੀ ਸੀ।

## ਆਸਟਰੇਲੀਆ 'ਚ ਤੂਫ਼ਾਨ ਨੇ ਮਚਾਈ ਤਬਾਹੀ

**ਕੇਨਜ਼:** ਹੜ੍ਹਾਂ ਦੀ ਮਾਰ ਝੱਲ ਰਹੇ ਆਸਟਰੇਲੀਆ ਦੇ ਪੂਰਬੀ ਸੂਬੇ ਕੁਈਨਜ਼ਲੈਂਡ 'ਚ ਹੁਣ 'ਯਾਸੀ' ਨਾਂ ਦੇ ਸਮੁੰਦਰੀ ਤੂਫ਼ਾਨ ਨੇ ਤਬਾਹੀ ਮਚਾ ਦਿੱਤੀ ਹੈ।ਟੂੱਲੀ ਸ਼ਹਿਰ ਤੇ ਇਸ ਦੇ ਨੇੜਲੇ ਇਲਾਕਿਆਂ 'ਚ ਪੰਜਾਬੀ ਕਿਸਾਨਾਂ ਦੀ ਕੇਲੇ ਤੇ ਗੰਨੇ ਦੀ ਫਸਲ ਨੂੰ ਭਾਰੀ ਨੁਕਸਾਨ ਹੋਇਆ ਹੈ। ਬਿਜਲੀ ਦੀ ਖੰਭੇ, ਦਰਖ਼ਤ, ਬੋਰਡ, ਕਿਸ਼ਤੀਆਂ ਤੇ ਸੜਕਾਂ ਨੁਕਸਾਨੀਆਂ ਗਈਆਂ ਹਨ। ਉੱਤਰੀ ਸ਼ਹਿਰਾਂ ਕੇਨਜ਼, ਇਨਿਸ਼ਫਲ, ਕਾਰਡਵੈਲ ਤੇ ਟੂੱਲੀ ਦੇ ਇਲਾਕੇ ਇਸ ਸਮੁੰਦਰੀ ਝੱਖੜ ਦੀ ਮਾਰ ਨਾਲ ਜ਼ਿਆਦਾ ਪ੍ਰਭਾਵਿਤ ਹੋਏ ਹਨ।

ਸਭ ਤੋਂ ਵੱਧ ਨੁਕਸਾਨ ਸ਼ਹਿਰ ਟੂੱਲੀ 'ਚ ਹੋਇਆ ਹੈ, ਜਿੱਥੇ 80 ਪ੍ਰਤੀਸ਼ਤ ਘਰਾਂ ਦੀਆਂ ਛੱਤਾਂ ਤੇਜ਼ ਹਵਾਵਾਂ ਨਾਲ ਨੁਕਸਾਨੀਆਂ ਗਈਆਂ ਹਨ। ਇਸ ਖੇਤਰ ਦੇ ਲਗਪਗ ਇਕ ਲੱਖ 70 ਹਜ਼ਾਰ ਘਰਾਂ ਦੀ ਬਿਜਲੀ ਗੁੱਲ ਹੋ ਗਈ ਹੈ। ਭਾਰਤੀ ਪਰਿਵਾਰਾਂ ਸਣੇ ਹਜ਼ਾਰਾਂ ਲੋਕਾਂ ਨੇ ਸ਼ਰਨਾਰਥੀ ਕੈਂਪਾਂ 'ਚ ਰਾਤ ਗੁਜ਼ਾਰੀ। ਸਰਕਾਰ ਵੱਲੋਂ ਮਾਲੀ ਨੁਕਸਾਨ ਵਿਚ ਸੰਭਵ ਮਦਦ ਦਾ ਭਰੋਸਾ ਦਿੱਤਾ ਗਿਆ ਹੈ।

# ਸਾਬਕਾ ਨਾਜ਼ੀ ਪੁਲਿਸ ਮੁਲਾਜ਼ਮ ਨੂੰ ਦੇਸ਼ ਨਿਕਾਲਾ

**ਵਾਸ਼ਿੰਗਟਨ:** ਇਮੀਗਰੇਸ਼ਨ ਜੱਜ ਨੇ ਸਾਬਕਾ ਯੂਕਰੇਨੀਅਨ ਨਾਜ਼ੀ ਪੁਲੀਸ ਮੁਲਾਜ਼ਮ ਨੂੰ ਅਮਰੀਕਾ 'ਚੋਂ ਬਾਹਰ ਭੇਜਣ ਦੇ ਹੁਕਮ ਸੁਣਾਏ ਹਨ ਕਿਉਂਕਿ ਇਹ ਦੂਜੇ ਸੰਸਾਰ ਯੁੱਧ ਦੌਰਾਨ ਯੂਕਰੇਨੀਅਨ ਸਹਾਇਕ ਪੁਲੀਸ ਦਾ ਮੈਂਬਰ ਸੀ। ਮਿਸ਼ੀਗਨ ਦਾ ਜੌਹਨ ਕੈਲੀਮੋਨ (89) ਲਵੋਵ (ਯੂਕਰੇਨ) ਵਿਚ ਯੂ.ਏ. ਪੀ. ਦਾ ਸਿਪਾਹੀ ਸੀ। ਕੈਲੀਮੋਨ 1949 ਵਿਚ ਜਰਮਨੀ ਤੋਂ ਅਮਰੀਕਾ ਆਇਆ ਸੀ ਤੇ 1955 ਵਿਚ ਉਹ ਅਮਰੀਕੀ ਨਾਗਰਿਕ ਬਣ ਗਿਆ ਸੀ।

2004 ਵਿਚ ਨਿਆਂ ਵਿਭਾਗ ਨੇ ਕੈਲੀਮੋਨ ਦੀ ਅਮਰੀਕੀ ਨਾਗਰਿਕਤਾ ਵਾਪਸ ਲੈਣ ਲਈ ਮੁੜ ਕੇਸ ਪਾਇਆ ਸੀ। ਜਿਰ੍ਹਾ ਦੌਰਾਨ ਦੱਸਿਆ ਗਿਆ ਕਿ ਕੈਲੀਮੋਨ ਨੇ ਯਹੂਦੀਆਂ ਖ਼ਿਲਾਫ਼ ਗੋਲੀਬਾਰੀ ਵਿਚ ਹਿੱਸਾ ਪਾਇਆ ਸੀ। ਅਦਾਲਤ ਨੂੰ ਹਾਸਲ ਹੋਏ ਸਬੂਤਾਂ ਵਿਚ ਇਕ ਹੱਥ ਲਿਖਤ ਖ਼ਤ ਕੈਲੀਮੋਨ ਦਾ ਹੈ ਜਿਸ ਵਿਚ ਉਸ ਨੇ ਯੂ.ਏ.ਪੀ. ਅਧਿਕਾਰੀਆਂ ਨੂੰ ਸੂਚਨਾ ਦਿੱਤੀ ਸੀ ਕਿ ਉਸ ਨੇ ਇਕ ਯਹੂਦੀ ਨੂੰ ਮਾਰਿਆ ਤੇ ਦੂਜੇ ਨੂੰ ਜ਼ਖਮੀ ਕੀਤਾ। ਆਪਣੇ ਫੈਸਲੇ ਦੌਰਾਨ ਜੱਜ ਹੈਕਰ ਨੇ ਹੁਕਮ ਦਿੱਤਾ ਹੈ ਕਿ ਕੈਲੀਮੋਨ ਜਰਮਨੀ, ਯੂਕਰੇਨ, ਪੋਲੈਂਡ ਜਾਂ ਹੋਰ ਅਜਿਹੇ ਕਿਸੇ ਵੀ ਦੇਸ਼ ਵਿਚ ਜਾ ਕੇ ਰਹੇ ਜੋ ਉਸ ਨੂੰ ਸਵੀਕਾਰ ਕਰ ਸਕਣ।

## ਵਿਕੀਲੀਕਸ ਸ਼ਾਂਤੀ ਪੁਰਸਕਾਰ ਦਾ ਦਾਅਵੇਦਾਰ

**ਓਸਲੋ:** ਇਸ ਸਾਲ ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਇਸ ਵੇਲੇ ਵਿਸ਼ਵ ਭਰ 'ਚ ਚਰਚਾ ਦਾ ਵਿਸ਼ਾ ਬਣੀ ਹੋਈ ਵੈਬਸਾਈਟ ਵਿਕੀਲੀਕਸ ਨੂੰ ਵੀ ਦਾਅਵੇਦਾਰ ਦੇ ਰੂਪ 'ਚ ਨਾਮਜ਼ਦ ਕੀਤਾ ਗਿਆ ਹੈ।




ਨਾਰਵੇ ਦੀ ਸੋਸ਼ਲਿਸਟ ਲੈਫਟ ਪਾਰਟੀ ਦੇ ਸੰਸਦ ਮੈਂਬਰ ਸਨੋਰੇ ਵਾਲੇਨ ਨੇ ਆਪਣੇ ਬਲਾਗ 'ਤੇ ਕਿਹਾ ਹੈ ਕਿ ਚੀਨ ਦੀ ਜੇਲ੍ਹ 'ਚ ਬੰਦ ਲਿਊ ਜਿਆਓਬੋ ਨੂੰ ਬੀਤੇ ਸਾਲ ਮਨੁੱਖੀ ਅਧਿਕਾਰਾਂ ਤੇ ਲੋਕਤੰਤਰ ਦੀ ਆਜ਼ਾਦੀ ਲਈ ਲੜਨ ਕਾਰਨ ਸ਼ਾਂਤੀ ਦਾ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਵਿਕੀਲੀਕਸ ਨੇ ਵੀ ਇਨ੍ਹਾਂ ਮੁੱਦਿਆਂ ਲਈ ਸੰਘਰਸ਼ ਕੀਤਾ ਹੈ।

ਉਨ੍ਹਾਂ ਅਮਰੀਕਾ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਵੈਬਸਾਈਟ ਨੇ ਨਾਰਵੇ ਦੇ ਕਈ ਸਹਿਯੋਗੀ ਮੁਲਕਾਂ ਵੱਲੋਂ ਕੀਤੇ ਗਏ ਭ੍ਰਿਸ਼ਟਾਚਾਰ, ਜੰਗੀ ਅਪਰਾਧਾਂ ਤੇ ਤਸ਼ੱਦਦ ਦਾ ਖ਼ੁਲਾਸਾ ਕੀਤਾ ਹੈ।

## ਮਿਸ਼ੇਲ ਓਬਾਮਾ ਫਿਰ ਭਾਰਤ ਦੇਖਣ ਦੀ ਇਛੁੱਕ

**ਵਾਸ਼ਿੰਗਟਨ:** ਆਪਣੀ ਭਾਰਤ ਫੇਰੀ ਦੌਰਾਨ ਮੁੰਬਈ ਤੇ ਦਿੱਲੀ ਸ਼ਹਿਰਾਂ ਦੀ ਰੌਣਕ ਤੋਂ ਪ੍ਰਭਾਵਿਤ ਹੋਈ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਇਕ ਵਾਰ ਫੇਰ ਭਾਰਤ ਦੇਖਣ ਦੀ ਇਛੁੱਕ ਹੈ।

ਮਿਸ਼ੇਲ ਦਾ ਜੇ ਮੌਕਾ ਲੱਗਿਆ ਤਾਂ ਉਹ ਆਪਣੀਆਂ ਧੀਆਂ ਸਾਸ਼ਾ ਤੇ ਮਾਲੀਆ ਨਾਲ ਭਾਰਤ ਦੇਖੇਗੀ। ਇਹ ਖ਼ੁਲਾਸਾ ਕਿਸੇ ਹੋਰ ਨੇ ਨਹੀਂ ਸਗੋਂ ਰਾਸ਼ਟਰਪਤੀ ਓਬਾਮਾ ਨੇ ਉਦੋਂ ਕੀਤਾ ਜਦੋਂ ਵਾਈਟ ਹਾਊਸ 'ਚ ਕੌਮੀ ਸੁਰੱਖਿਆ ਸਲਾਹਕਾਰ ਸ਼ਿਵ ਸ਼ੰਕਰ ਮੈਨਨ ਦੀ ਅਮਰੀਕੀ ਹਮਰੁਤਬਾ ਟੋਮਟੋਮ ਡੋਨੀਲੋਨ ਵਿਚਾਲੇ ਗੱਲਬਾਤ ਚੱਲ ਰਹੀ ਸੀ।

ਓਬਾਮਾ ਨੇ ਮੈਨਨ ਨੂੰ ਦੱਸਿਆ ਕਿ ਮਿਸ਼ੇਲ ਨੂੰ ਭਾਰਤ ਬਹੁਤ ਪਸੰਦ ਆਇਆ ਤੇ ਉਹ ਆਪਣੀਆਂ ਦੋਵਾਂ ਧੀਆਂ ਨੂੰ ਭਾਰਤ ਦਿਖਾਉਣਾ ਚਾਹੁੰਦੀ ਹੈ। ਅਸਲ ਵਿਚ ਸਾਸ਼ਾ ਤੇ ਮਾਲੀਆ ਨੇ ਆਪਣੇ ਮਾਪਿਆਂ ਨਾਲ ਭਾਰਤ ਜਾਣਾ ਸੀ ਪਰ ਪੜ੍ਹਾਈ ਕਾਰਨ ਉਹ ਜਾ ਨਾ ਸਕੀਆਂ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2–3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

## ਜਥੇਦਾਰ ਸੇਖਵਾਂ ਨੇ ਪਾਰਟੀ ਦਫਤਰ ਦਾ ਚਾਰਜ ਸੰਭਾਲਿਆ

**ਚੰਡੀਗੜ੍ਹ:** ਪੰਜਾਬ ਦੇ ਸਿਖਿਆ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਪੰਜਾਬ ਵਿਧਾਨ ਸਭਾ ਸਥਿਤ ਸ਼੍ਰੋਮਣੀ ਅਕਾਲੀ ਦਲ ਵਿਧਾਨਕਾਰ ਪਾਰਟੀ ਦੇ ਦਫਤਰ ਦਾ ਚਾਰਜ ਸੰਭਾਲ ਲਿਆ ਹੈ।

ਇਹ ਅਹੁਦਾ ਸਾਬਕਾ ਵਿੱਤ ਮੰਤਰੀ ਸ. ਮਨਪ੍ਰੀਤ ਸਿੰਘ ਬਾਦਲ ਨੂੰ ਪਾਰਟੀ ਵਿਚੋਂ ਕੱਢੇ ਜਾਣ ਉਪਰੰਤ ਖਾਲੀ ਹੋ ਗਿਆ ਸੀ ਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੀ ਥਾਂ 'ਤੇ ਜਥੇਦਾਰ ਸੇਖਵਾਂ ਦੀ ਪਾਰਟੀ ਦੇ ਜਨਰਲ ਸਕੱਤਰ ਵਜੋਂ ਨਿਯੁਕਤੀ ਕੀਤੀ ਸੀ।



ਜਥੇਦਾਰ ਸੇਖਵਾਂ ਅਕਾਲੀ ਦਲ ਵਿਧਾਨਕਾਰ ਪਾਰਟੀ ਦੇ ਦਫਤਰ ਦਾ ਚਾਰਜ ਸੰਭਾਲਣ ਸਮੇਂ

## ਠੱਗ ਦੇ ਲਾੜਿਆਂ ਵਿਰੁੱਧ ਸ਼ਿਕਾਇਤਾਂ ਦਾ ਹੜ੍ਹ

**ਕਪੂਰਥਲਾ:** ਦੁਆਬੇ 'ਚ ਠੱਗ ਲਾੜਿਆਂ ਵੱਲੋਂ ਸਤਾਈਆਂ ਲੜਕੀਆਂ ਦੀਆਂ ਸ਼ਿਕਾਇਤਾਂ ਦਾ ਇਕ ਤਰ੍ਹਾਂ ਨਾਲ ਹੜ੍ਹ ਆ ਗਿਆ ਹੈ।

ਰੀਜ਼ਨਲ ਪਾਸਪੋਰਟ ਦਫ਼ਤਰ ਵੱਲੋਂ ਸਿਰਫ਼ ਦੋ ਦਿਨ ਪਹਿਲਾਂ ਹੀ ਖੋਲ੍ਹੇ ਗਏ ਸਹਾਇਤਾ ਕੇਂਦਰ 'ਚ ਤਕਰੀਬਨ 250 ਦੇ ਕਰੀਬ ਲੜਕੀਆਂ ਨੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਇਨ੍ਹਾਂ ਸ਼ਿਕਾਇਤਾਂ 'ਚ ਠੱਗ ਲੜਕੀਆਂ ਹੱਥੋਂ ਸਤਾਏ ਗਏ ਤਕਰੀਬਨ ਦੋ ਦਰਜਨ ਦੇ ਕਰੀਬ ਮੁੰਡਿਆਂ ਨੇ ਵੀ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਹਨ।

ਚਾਰ ਫਰਵਰੀ ਨੂੰ ਪਾਸਪੋਰਟ ਅਫਸਰ ਪ੍ਰਨੀਤ ਸਿੰਘ ਨੇ ਮਹਿਲਾ ਸਹਾਇਤਾ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ ਸੀ। ਸ਼ਨਿਚਰਵਾਰ ਤੇ ਐਤਵਾਰ ਛੁੱਟੀ ਹੋਣ ਦੇ ਬਾਵਜੂਦ 225 ਤੋਂ ਵੱਧ ਟੈਲੀਫੋਨ ਉਨ੍ਹਾਂ ਲੜਕੀਆਂ ਦੇ ਆਏ ਜਿਨ੍ਹਾਂ ਦੀ ਠੱਗ ਲਾੜਿਆਂ ਨੇ ਵਿਆਹ ਕਰਵਾਉਣ ਉਪਰੰਤ ਸਾਰ ਨਹੀਂ ਲਈ। 16 ਅਜਿਹੀਆਂ ਲੜਕੀਆਂ ਨੂੰ ਪਾਸਪੋਰਟ ਦਫ਼ਤਰ ਸੱਦਿਆ ਗਿਆ ਸੀ ਜਿਨ੍ਹਾਂ ਵਿਚੋਂ 12 ਲੜਕੀਆਂ ਦੇ ਕੇਸ ਤਿਆਰ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ। ਬਾਕੀ ਚਾਰ ਲੜਕੀਆਂ ਨੂੰ ਹੋਰ ਲੋੜੀਂਦੇ ਦਸਤਾਵੇਜ਼ ਲਿਆਉਣ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਰੀਜਨਲ ਪਾਸਪੋਰਟ ਦਫ਼ਤਰ 'ਚ ਕਪੂਰਥਲਾ, ਹੁਸ਼ਿਆਰਪੁਰ, ਜਲੰਧਰ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਪਾਸਪੋਰਟ ਬਣਦੇ ਹਨ।

ਉਨ੍ਹਾਂ ਦੱਸਿਆ ਕਿ ਲੜਕੀਆਂ ਨਾਲ ਧੋਖਾ ਕਰਨ ਵਾਲੇ ਲਾੜਿਆਂ ਵਿਰੁਧ ਪਾਸਪੋਰਟ ਐਕਟ 1967 ਦੀ ਧਾਰਾ 10 (3) ਅਧੀਨ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਗਲੇ ਦੋ ਦਿਨਾਂ ਤੱਕ ਇਨ੍ਹਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣਗੇ। ਪਾਸਪੋਰਟ ਅਫਸਰ ਪ੍ਰਨੀਤ ਸਿੰਘ ਨੇ ਦੱਸਿਆ ਕਿ 20 ਅਜਿਹੇ ਲੜਕਿਆਂ ਦੇ ਵੀ ਫੋਨ ਆਏ ਹਨ ਜਿਨ੍ਹਾਂ ਨੂੰ ਲੜਕੀਆਂ ਨੇ ਵਿਆਹ ਦੇ ਮਾਮਲੇ ਵਿਚ ਧੋਖਾ ਦਿੱਤਾ ਹੈ। ਇਥੇ ਜ਼ਿਕਰਯੋਗ ਹੈ ਕਿ ਪਰਵਾਸੀ ਲਾੜੇ-ਲਾੜੀਆਂ ਵਲੋਂ ਵਿਆਹ ਰਾਹੀਂ ਠੱਗੀ ਲਾਉਣ ਦੇ ਕੇਸਾਂ ਵਿਚ ਵਾਧੇ ਪਿਛੋਂ ਪਾਸਪੋਰਟ ਦਫਤਰ ਨੇ ਠੱਗ ਲਾੜੇ-ਲਾੜੀਆਂ ਦੇ ਪਾਸਪੋਰਟ ਰੱਦ ਕਰਨ ਦਾ ਫੈਸਲਾ ਲਿਆ ਹੈ।

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਵਿਚ ਨਕੋਦਰ ਸਾਕੇ ਦੇ ਸ਼ਹੀਦਾਂ ਦੀ 25ਵੀਂ ਬਰਸੀ ਮਨਾਉਣ ਲਈ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ, ਅਕਾਲੀ ਦਲ (ਪੰਚ ਪ੍ਰਧਾਨੀ) ਤੇ ਪੀੜਤ ਪਰਿਵਾਰਾਂ ਵਲੋਂ ਕੀਤਾ ਗਿਆ।

ਵਰਣਨਯੋਗ ਹੈ ਕਿ ਬਰਨਾਲਾ ਸਰਕਾਰ ਵੇਲੇ 1986 ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅਗਨ ਭੇਟ ਕਰਨ ਦੇ ਵਿਰੋਧ ਵਿਚ ਕੀਤੇ ਜਾ ਰਹੇ ਸ਼ਾਂਤਮਈ ਰੋਸ ਮਾਰਚ ਦੌਰਾਨ ਪੁਲਿਸ ਵਲੋਂ ਚਲਾਈ ਗੋਲੀ ਨਾਲ ਭਾਈ ਹਰਮਿੰਦਰ ਸਿੰਘ ਚਲੂਪੁਰ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ, ਭਾਈ ਝਿਲਮਣ ਸਿੰਘ ਬਜੂਹਾ ਕਲਾਂ ਤੇ ਭਾਈ ਰਵਿੰਦਰ ਸਿੰਘ ਲਿੱਤਰਾਂ ਸ਼ਹੀਦ ਹੋ ਗਏ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਾਈ ਰਵਿੰਦਰ ਸਿੰਘ ਦੇ ਛੋਟੇ ਭਰਾ ਹਰਿੰਦਰ ਸਿੰਘ ਨੇ ਸੰਗਤਾਂ ਨੂੰ ਸਾਕੇ ਦੀ ਵੇਰਵੇ ਸਹਿਤ ਜਾਣਕਾਰੀ ਦਿੱਤੀ। ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ 25 ਸਾਲ ਬੀਤ ਗਏ ਹਨ ਅਜੇ ਤੱਕ ਸਿਖ ਨੌਜਵਾਨ ਵੀਰਾਂ ਦੇ ਕਾਤਲਾਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਪੰਥਕ ਅਖਵਾਉਣ ਵਾਲੀਆਂ ਸਰਕਾਰਾਂ ਨੇ ਸਿੰਘਾਂ ਦੇ ਕਾਤਲਾਂ ਨੂੰ ਸਜ਼ਾ ਦੇਣ ਦੀ ਥਾਂ ਬਚਾਇਆ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਭਾਈ ਹਰਜਿੰਦਰ ਸਿੰਘ ਨੇ ਕਿਹਾ ਕਿ ਨਕੋਦਰ ਸਾਕੇ ਨੂੰ ਵਾਪਰਿਆ 25 ਸਾਲ ਹੋ ਗਏ ਹਨ ਪਰ ਇਸ ਸਾਕੇ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ ਅਜੇ ਤਕ ਪੇਸ਼ ਹੀ ਨਹੀਂ ਕੀਤੀ ਗਈ।

ਅਕਾਲੀ ਦਲ ਬਾਦਲ ਵਲੋਂ ਇਨ੍ਹਾਂ ਸਿਖ ਨੌਜਵਾਨ ਵੀਰਾਂ ਦੇ ਕਾਤਲਾਂ ਸਾਬਕਾ ਡੀ ਜੀ ਪੀ ਇਜ਼ਹਾਰ ਆਲਮ ਅਤੇ ਐਸ ਪੀ ਸੁਰਜੀਤ ਸਿੰਘ ਨੂੰ ਉਚ ਅਹੁਦੇ ਦੇਣ ਦੀ ਪਾਈ ਗਈ ਗਲਤ ਪਿਰਤ ਦੀ ਨਿਖੇਧੀ ਕੀਤੀ ਗਈ। ਇਸ ਮੌਕੇ ਇਹ ਮੰਗ ਵੀ ਕੀਤੀ ਗਈ ਕਿ ਇਨ੍ਹਾਂ ਕਾਤਲਾਂ ਨੂੰ ਉਚ ਅਹੁਦਿਆਂ ਤੋਂ ਬਰਖਾਸਤ ਕਰਕੇ ਸਿਖ ਨੌਜਵਾਨ ਵੀਰਾਂ ਨੂੰ ਕਤਲ ਕਰਨ ਦੇ ਦੋਸ਼ਾਂ ਦੀ ਸਜ਼ਾ ਦਿੱਤੀ ਜਾਵੇ। ਇਸੇ ਦੌਰਾਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਮੰਗ ਕੀਤੀ ਹੈ ਕਿ ਪੰਜਾਬ ਵਿਧਾਨ ਸਭਾ ਦੇ ਆਉਣ ਵਾਲੇ ਇਜਲਾਸ ਵਿਚ ਨਕੋਦਰ ਸਾਕੇ ਦੀ ਜਾਂਚ ਬਾਰੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਨੂੰ ਪੇਸ਼ ਕੀਤਾ ਜਾਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਤੇ ਪੀੜਤਾਂ ਨੂੰ ਇਨਸਾਫ ਦਿਵਾਇਆ ਜਾਵੇ।


# ਸੇਖਵਾਂ ਤੇ ਆਈ.ਏ.ਐਸ. ਅਧਿਕਾਰੀ ਵਿਚਾਲੇ ਖੜਕੀ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਤੇ ਆਈ.ਏ.ਐਸ. ਅਧਿਕਾਰੀ ਡਾਇਰੈਕਟਰ ਜਨਰਲ ਸਕੂਲ ਸਿੱਖਿਆ (ਡੀ.ਜੀ.ਐਸ.ਈ.) ਕ੍ਰਿਸ਼ਨ ਕੁਮਾਰ ਆਹਮੋ-ਸਾਹਮਣੇ ਹੋ ਗਏ ਹਨ। ਦੋਹਾਂ ਸ਼ਖ਼ਸੀਅਤਾਂ ਦੀ ਜੰਗ ਮੁੱਖ ਮੰਤਰੀ ਦੇ ਦਰਬਾਰ ਤੱਕ ਪੁੱਜ ਗਈ ਹੈ ਤੇ ਇਨ੍ਹਾਂ ਦੀ ਟੇਕ ਬਾਦਲ ਵੱਲੋਂ ਲਏ ਜਾਣ ਵਾਲੇ ਫੈਸਲੇ 'ਤੇ ਹੈ। ਜਥੇਦਾਰ ਸੇਖਵਾਂ ਤੇ ਕ੍ਰਿਸ਼ਨ ਕੁਮਾਰ ਵੱਲੋਂ ਅੰਦਰਖਾਤੇ ਲੜੀ ਜਾ ਰਹੀ 'ਆਰ ਪਾਰ' ਦੀ ਲੜਾਈ ਕਾਰਨ ਮੁੱਖ ਮੰਤਰੀ ਔਖੇ ਵੀ ਹਨ।

ਜਥੇਦਾਰ ਸੇਖਵਾਂ ਬਨਾਮ ਕ੍ਰਿਸ਼ਨ ਕੁਮਾਰ ਦੀ ਲੜਾਈ ਨਾਲ ਅਧਿਆਪਕਾਂ ਦੇ ਇਕ ਵਰਗ ਵਿਚ ਨਿਰਾਸ਼ਾ ਹੈ ਜਦੋਂਕਿ ਇਕ ਵਰਗ ਖੁਸ਼ੀ ਦੇ ਰੌਅ ਵਿਚ ਹੈ ਕਿਉਂਕਿ ਪਿਛਲੇ ਤਿੰਨ ਸਾਲਾਂ ਤੋਂ ਇਸ ਅਧਿਕਾਰੀ ਨੇ ਆਪਣੀ ਨਿਸ਼ਠਾ ਦੀ ਬਦੌਲਤ ਜਿੱਥੇ ਪ੍ਰਸ਼ੰਸਕ ਪੈਦਾ ਕੀਤੇ ਹਨ ਉਥੇ ਵਿਰੋਧੀਆਂ ਦੀਆਂ ਸਫ਼ਾਂ ਵੀ ਘਟ ਨਹੀਂ ਰਹੀਆਂ। ਰੋਚਕ ਤੱਥ ਤਾਂ ਇਹ ਵੀ ਹੈ ਕਿ ਸੇਵਾ ਸਿੰਘ ਸੇਖਵਾਂ ਜਦੋਂ ਸੂਚਨਾ ਤੇ ਲੋਕ ਸੰਪਰਕ ਮੰਤਰੀ ਸਨ ਤਾਂ 29 ਸਤੰਬਰ 2010 ਨੂੰ ਇੱਕ ਪੱਤਰ ਲਿਖ ਕੇ ਕ੍ਰਿਸ਼ਨ ਕੁਮਾਰ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਦਿਆਂ ਲਿਖਿਆ ਸੀ "ਤੁਸੀਂ ਸਾਰੇ ਅਧਿਆਪਕਾਂ ਵਿਚ ਅਨੁਸ਼ਾਸਨ ਪੈਦਾ ਕੀਤਾ ਹੈ ਤੇ ਅਧਿਆਪਕਾਂ ਦੀ ਭਰਤੀ ਪਾਰਦਰਸ਼ੀ ਤਰੀਕੇ ਨਾਲ ਕੀਤੀ ਹੈ।

ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਮੁਤਾਬਕ ਮੀਡੀਆ ਵਿਚ ਸਿੱਖਿਆ ਮੰਤਰੀ ਅਤੇ ਕ੍ਰਿਸ਼ਨ ਕੁਮਾਰ ਦਰਮਿਆਨ ਚੱਲ ਰਹੇ ਵਿਵਾਦ ਬਾਰੇ ਮੁੱਖ ਮੰਤਰੀ ਨੇ ਸੇਵਾ ਸਿੰਘ ਸੇਖਵਾਂ ਦੀ 'ਜਵਾਬਤਲਬੀ' ਵੀ ਕੀਤੀ ਹੈ। ਇਸ ਲੜਾਈ ਦਾ ਮੁੱਢ 19 ਜਨਵਰੀ ਨੂੰ ਸਿੱਖਿਆ ਮੰਤਰੀ ਵੱਲੋਂ ਜਾਰੀ ਉਸ ਪੱਤਰ ਤੋਂ ਬੱਝਿਆ ਮੰਨਿਆ ਜਾ ਰਿਹਾ ਹੈ ਜਿਸ ਰਾਹੀਂ ਡੀ.ਜੀ.ਐਸ.ਈ. ਤੋਂ ਅਧਿਆਪਕਾਂ ਜਾਂ ਸਿੱਖਿਆ ਵਿਭਾਗ ਦੇ ਕਰਮਚਾਰੀਆਂ ਵਿਰੁਧ ਕੀਤੀ ਜਾਣ ਵਾਲੀ ਕੋਈ ਵੀ ਕਾਰਵਾਈ (ਸਜ਼ਾ ਤੇ ਅਪੀਲ) ਦੀਆਂ ਸ਼ਕਤੀਆਂ ਵਾਪਸ ਲੈ ਲਈਆਂ ਗਈਆਂ ਸਨ। ਇਨ੍ਹਾਂ ਸ਼ਕਤੀਆਂ ਦੇ ਕਾਰਨ ਹੀ ਡੀ.ਜੀ.ਐਸ.ਈ. ਸਾਰੇ ਪੰਜਾਬ ਦੇ ਅਧਿਆਪਕਾਂ ਲਈ ਹਊਆ ਬਣਿਆ ਹੋਇਆ ਸੀ। ਇਸ ਕਾਰਵਾਈ ਕਾਰਨ ਡੀ.ਜੀ.ਐਸ.ਈ. ਨੂੰ ਜਾਪਣ ਲੱਗਿਆ ਕਿ ਉਹ ਸਿਰਫ਼ 'ਕਾਗਜ਼ੀ ਸ਼ੇਰ' ਬਣ ਕੇ ਰਹਿ ਗਏ ਹਨ। ਕ੍ਰਿਸ਼ਨ ਕੁਮਾਰ ਨੂੰ ਸਰਕਾਰ ਨੇ ਡੀ.ਜੀ.ਐਸ.ਈ. ਦੇ ਅਹੁਦੇ 'ਤੇ ਨਵੰਬਰ 2007 ਵਿਚ ਤਾਇਨਾਤ ਕੀਤਾ ਸੀ। ਡਾ. ਉਪਿੰਦਰਜੀਤ ਕੌਰ ਦੇ ਸਿੱਖਿਆ ਮੰਤਰੀ ਹੁੰਦਿਆਂ ਰਾਜ ਸਰਕਾਰ ਨੇ ਸਿੱਖਿਆ ਵਿਭਾਗ ਵਿਚ ਵੱਖ ਵੱਖ ਅਸਾਮੀਆਂ 'ਤੇ ਤਕਰੀਬਨ 35000 ਅਧਿਆਪਕ ਭਰਤੀ ਕੀਤੇ। ਅਹਿਮ ਤੱਥ ਇਹ ਹੈ ਕਿ ਇਸ ਭਰਤੀ ਦੌਰਾਨ ਸਰਕਾਰ ਦੀ ਕੋਈ ਬਦਨਾਮੀ ਨਹੀਂ ਹੋਈ। ਪੰਜਾਬ ਜੋ ਕਿ ਸਾਲ 2006-07 ਦੌਰਾਨ ਸਿੱਖਿਆ ਦੇ ਖੇਤਰ 'ਚ 14ਵੇਂ ਸਥਾਨ 'ਤੇ ਸੀ, ਇਸ ਸਾਲ ਤੀਜੇ ਥਾਂ 'ਤੇ ਪਹੁੰਚ ਗਿਆ ਹੈ। ਡੀ.ਜੀ.ਐਸ.ਈ. ਦਾ ਕਹਿਣਾ ਹੈ ਕਿ ਸ਼ਕਤੀਆਂ ਵਾਪਸ ਲੈਣ ਨਾਲ ਸਰਵ ਸਿੱਖਿਆ ਅਭਿਆਨ ਦੀ ਸਮੁੱਚੀ ਯੋਜਨਾ ਠੱਪ ਹੋ ਕੇ ਰਹਿ ਜਾਵੇਗੀ। ਉਨ੍ਹਾਂ ਕਿਹਾ ਕਿ ਚਲੰਤ ਮਾਲੀ ਸਾਲ ਦੌਰਾਨ ਸਰਵ ਸਿੱਖਿਆ ਅਭਿਆਨ ਰਾਹੀਂ 700 ਕਰੋੜ, ਕੌਮੀ ਮਾਧਮਿਕਤਾ ਸਿੱਖਿਆ ਅਭਿਆਨ ਰਾਹੀਂ 433 ਕਰੋੜ ਤੇ ਮਿਡ ਡੇਅ ਮੀਲ ਰਾਹੀਂ 200 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ। ਇਸ ਲਈ ਜੇਕਰ ਡੀ.ਜੀ.ਐਸ.ਈ. ਕੋਲ ਕੋਈ ਸ਼ਕਤੀ ਨਹੀਂ ਹੋਵੇਗੀ ਤਾਂ ਸਕੂਲਾਂ ਵਿੱਚ ਯੋਜਨਾਵਾਂ ਦੀ ਪੈਰਵੀ ਕਰਨ ਵਿਚ ਮੁਸ਼ਕਲ ਆਏਗੀ।

## ਪਾਪਾ ਜੀ ਕੈਪਟਨ ਹਰਭਜਨ ਸਿੰਘ ਸੁਰਗਵਾਸ



**ਲਾਸ ਏਂਜਲਸ:** ਕੌਮਾਂਤਰੀ ਗੁਰਮਤਿ ਅਧਿਅਨ ਇੰਸਟੀਚਿਊਟ ਦੇ ਬਾਨੀ ਕੈਪਟਨ ਕੰਵਰ ਹਰਭਜਨ ਸਿੰਘ, ਜਿਨ੍ਹਾਂ ਨੂੰ ਲੋਕ ਪਾਪਾ ਜੀ ਕਰਕੇ ਜਾਣਦੇ ਸਨ, ਲੰਘੇ ਸਨਿਚਰਵਾਰ ਇਸ ਸੰਸਾਰ ਨੂੰ ਅਲਵਿਦਾ ਆਖ ਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੇ ਸਸਕਾਰ ਮੌਕੇ ਲਾਸ ਏਂਜਲ ਏਰੀਏ ਦੇ ਭਾਈਚਾਰਕ ਆਗੂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਬਿਊਨਾ ਪਾਰਕ ਵਿਖੇ ਹੋਈ।

ਕੈਪਟਨ ਕੰਵਰ ਹਰਭਜਨ ਸਿੰਘ ਅਕਸਰ ਸਿੱਖ ਯੂਥ ਕੈਂਪ ਲਾਉਂਦੇ ਰਹਿੰਦੇ ਸਨ ਅਤੇ ਦਸ਼ਮੇਸ਼ ਪਿਤਾ ਦਾ ਗੁਰਪੁਰਬ ਦਰਬਾਰ-ਏ-ਖਾਲਸਾ ਦੇ ਤੌਰ ਉਤੇ ਹਰ ਸਾਲ ਲਾਸ ਏਂਜਲਸ ਵਿਚ ਮਨਾਇਆ ਕਰਦੇ ਸਨ।

## ਭਾਈ ਕੋਮਲ ਸਿੰਘ ਕੋਮਲ ਦੇ ਅਕਾਲ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ

**ਫਰੀਮਾਂਟ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ, ਅਮਰੀਕਾ ਰੀਜਨ ਦੇ ਪ੍ਰਧਾਨ ਸੁਰਜੀਤ ਸਿੰਘ ਕਲਾਹਰ, ਕਨਵੀਨਰ ਬੂਟਾ ਸਿੰਘ ਖੜੌਦ, ਜਨਰਲ ਸਕੱਤਰ ਜੀਤ ਸਿੰਘ ਆਲੋਅਰਖ ਅਤੇ ਅਮਰੀਕਾ ਰੀਜਨ (ਵੈਸਟ ਕੋਸਟ) ਦੇ ਪ੍ਰਧਾਨ ਸ. ਰੇਸ਼ਮ ਸਿੰਘ ਬੇਕਰਜ਼ਫੀਲਡ, ਇੰਟਰਨੈਸ਼ਨਲ ਮੀਡੀਆ ਸਕੱਤਰ ਗੁਰਜੀਤ ਸਿੰਘ ਝਾਮਪੁਰ ਭਾਈ ਕੋਮਲ ਸਿੰਘ ਕੋਮਲ ਦੇ ਚਲਾਣੇ ਉਤੇ ਡੂੰਘਾ ਦੁੱਖ ਜ਼ਾਹਰ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਭਾਈ ਕੋਮਲ ਨਾਭੇ ਵਾਲੀਆਂ ਬੀਬੀਆਂ ਦੇ ਜਥੇ ਨਾਲ ਲੰਮੇ ਸਮੇਂ ਤੋਂ ਪ੍ਰਚਾਰਕ ਵਜੋਂ ਚਲੇ ਆ ਰਹੇ ਸਨ।

## ਪਰਮਿੰਦਰ ਸੰਧੂ ਦੇ ਚਲਾਣੇ ਉਤੇ ਅਫਸੋਸ ਦਾ ਪ੍ਰਗਟਾਵਾ

**ਫਰਿਜ਼ਨੋ (ਅਸ਼ੋਕ ਭੌਰਾ):** ਪੰਜਾਬ ਦੀ ਕੋਇਲ ਕਰਕੇ ਜਾਣੀ ਜਾਂਦੀ ਗਾਇਕਾ ਪਰਮਿੰਦਰ ਸੰਧੂ ਦੇ ਕੈਂਸਰ ਦੀ ਨਾਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਕੇ ਇਸ ਜਹਾਨੋਂ ਤੁਰ ਜਾਣ ਉਪਰ ਅਮਰੀਕਾ ਰਹਿੰਦੇ ਉੱਘੇ ਗਾਇਕਾਂ, ਗੀਤਕਾਰਾਂ ਅਤੇ ਕਈ ਨਾਮੀ ਹਸਤੀਆਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਪੰਜਾਬੀ ਗਾਇਕੀ ਵਿਚ ਇਕ ਅਸਹਿ ਘਾਟਾ ਹੀ ਨਹੀਂ ਪਿਆ ਸਗੋਂ ਇਕ ਹਸੂੰ-ਹਸੂੰ ਕਰਦਾ ਚਿਹਰਾ ਵੀ ਸਦਾ ਲਈ ਗੁੰਮ ਹੋ ਗਿਆ ਹੈ। ਉਨ੍ਹਾਂ ਸਭ ਨੇ ਪਰਮਿੰਦਰ ਦੇ ਪਤੀ ਕੁਲਜੀਤ ਸਿੰਘ ਅਤੇ ਬਾਕੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

ਪਰਮਿੰਦਰ ਦੇ ਚਲਾਣੇ ਉਤੇ ਅਫਸੋਸ ਜ਼ਾਹਰ ਕਰਨ ਵਾਲਿਆਂ ਵਿਚ ਲੋਕ ਗਾਇਕ ਸੁਖਵਿੰਦਰ ਪੰਛੀ, ਗੁਰਮਿੰਦਰ ਗੁਰੀ, ਸੁਨੀਤਾ ਭੱਟੀ, ਬੱਬੂ ਗੁਰਪਾਲ, ਇਸ਼ਮੀਤ ਨਰੂਲਾ, ਰਾਜੇਸ਼ ਰਾਜੂ, ਰਾਜ ਬਰਾੜ, ਸੁਖਦੇਵ ਸਾਹਿਲ, ਸੁਲਤਾਨ ਅਖਤਰ, ਨਰਿੰਦਰ ਮਾਵੀ, ਜਗਤਾਰ ਨਾਗਰਾ, ਪੱਪੀ ਭਦੌੜ, ਜੀਤਾ ਜੱਟ, ਨਰਿੰਦਰ ਕੁਮਾਰ ਬੱਗਾ, ਨਰਿੰਦਰ ਦੇਵਗਨ, ਜਵਾਲਾ ਰਾਮ, ਅਮਰੀਕ ਸਿੰਘ, ਮਨਜੀਤ ਸੰਧਰ, ਗੀਤਕਾਰ ਮੱਖਣ ਲੁਹਾਰ, ਪ੍ਰੋਮੋਟਰ ਜੱਸੀ ਬੰਗਾ, ਧਰਮ ਪਾਲ ਭੰਮਟ, ਬਲਦੇਵ ਸੁੰਮਨ ਅਤੇ ਗੁਰਜੀਤ ਸਿੰਘ ਜੀਤੀ ਸਰਾਹਲ ਕਾਜੀਆਂ ਦੇ ਨਾਂ ਸ਼ਾਮਲ ਹਨ।

# ਗੁਰਦੇਵ ਸਿੰਘ ਬਾਦਲ ਦਾ ਪੁੱਤਰ ਹੋਣ ਦੀਆਂ ਮੌਜਾਂ ਲੱਗੀਆਂ

## ਸਰਕਾਰ ਵੱਲੋਂ ਚਾਰਜਸ਼ੀਟ ਰੱਦ ਕਰਨ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ ਦੇ ਪੁੱਤਰ ਅਤੇ ਤਹਿਸੀਲ ਭਲਾਈ ਅਫਸਰ ਮਨਜੀਤ ਸਿੰਘ ਖਿਲਾਫ ਚਾਰਜਸ਼ੀਟ ਰੱਦ ਕਰਨ ਦਾ ਫੈਸਲਾ ਕੀਤਾ ਹੈ ਅਤੇ ਡਿਊਟੀ ਤੋਂ ਕਰੀਬ ਦੋ ਸਾਲ ਉਹਦੀ ਜਾਣਬੁੱਝ ਕੇ ਗੈਰਹਾਜ਼ਰੀ ਨੂੰ 'ਬਕਾਏ ਜਿਹੀ ਛੁੱਟੀ' ਵਿਚ ਤਬਦੀਲ ਕਰਨ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਇਹ ਵੀ ਸੰਭਵ ਹੈ ਕਿ ਉਹ ਸਰਕਾਰ ਤੋਂ ਇਸ ਗੈਰਹਾਜ਼ਰੀ ਬਦਲੇ ਮੁਆਵਜ਼ਾ ਵੀ ਮੰਗ ਲਵੇ।

ਇਹ ਕੋਈ ਪਹਿਲੀ ਵਾਰ ਨਹੀਂ ਸਗੋਂ 1997 ਵਿਚ ਵੀ ਅਕਾਲੀ-ਭਾਜਪਾ ਸਰਕਾਰ ਨੇ ਮਨਜੀਤ ਸਿੰਘ 'ਤੇ ਬਖ਼ਸ਼ਿਸ਼ਾਂ ਕੀਤੀਆਂ ਸਨ। ਹੁਣ ਅਕਾਲੀ-ਭਾਜਪਾ ਸਰਕਾਰ ਨੇ ਮਨਜੀਤ ਸਿੰਘ ਖਿਲਾਫ ਜਾਰੀ ਹੋਈਆਂ ਤਿੰਨੇ ਚਾਰਜਸ਼ੀਟਾਂ ਚੁੱਪ-ਚੁਪੀਤੇ ਵਾਪਸ ਲੈ ਲਈਆਂ ਹਨ। ਮਨਜੀਤ ਸਿੰਘ ਦੀ ਨਿੱਜੀ ਫਾਈਲ ਵਿਚ ਇਸ ਸਬੰਧੀ ਹੋਈ ਜਾਂਚ ਜਾਂ ਕਿਸੇ ਸਿਫਾਰਸ਼ ਦਾ ਕੋਈ ਜ਼ਿਕਰ ਨਹੀਂ ਮਿਲਦਾ। ਭਲਾਈ ਵਿਭਾਗ ਦੇ ਸਾਬਕਾ ਸਕੱਤਰ ਟੀ.ਆਰ. ਸਾਰੰਗਲ ਜਿਨ੍ਹਾਂ ਦਾ ਹਾਲ ਹੀ ਵਿਚ ਤਬਾਦਲਾ ਹੋਇਆ, ਨੇ ਕਿਹਾ ਕਿ ਜਾਂਚ ਉਹੋ ਸੀ ਅਤੇ ਉਸ ਵੇਲੇ ਦੇ ਐਡੀਸ਼ਨਲ ਸਕੱਤਰ ਟੀ.ਕੇ. ਗੋਇਲ ਨੇ ਜਾਂਚ ਕੀਤੀ ਸੀ। ਜਦੋਂ ਸ੍ਰੀ ਗੋਇਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਇਸ ਤੋਂ ਇਨਕਾਰ ਕੀਤਾ।

ਮਨਜੀਤ ਸਿੰਘ ਨਾਲ ਸੰਪਰਕ ਕੀਤੇ ਜਾਣ 'ਤੇ ਉਨ੍ਹਾਂ ਦਾਅਵਾ ਕੀਤਾ ਕਿ ਗੋਇਲ ਤੋਂ ਇਲਾਵਾ ਭਲਾਈ ਡਾਇਰੈਕਟਰ ਇੰਦੂ ਮਿਸ਼ਰਾ ਨੇ ਵੀ ਜਾਂਚ ਕੀਤੀ ਸੀ ਜਿਸ ਤੋਂ ਬਾਅਦ ਦੋਸ਼ ਵਾਪਸ ਲੈ ਲਏ ਗਏ ਸਨ। ਭਲਾਈ ਵਿਭਾਗ ਦੇ ਸੂਤਰਾਂ ਅਨੁਸਾਰ ਚਾਰਜਸ਼ੀਟਾਂ ਵਾਪਸ ਲੈਣ ਲਈ ਗੁਰਦੇਵ ਸਿੰਘ ਬਾਦਲ ਸਮੇਤ 'ਉਪਰੋਂ' ਕਈਆਂ ਦਾ ਦਬਾਅ ਸੀ। ਗੁਰਦੇਵ ਬਾਦਲ ਜਦੋਂ 1997 ਵਿਚ ਖੇਤੀਬਾੜੀ ਅਤੇ ਭਲਾਈ ਵਿਭਾਗ ਦੇ ਮੰਤਰੀ ਸਨ ਤਾਂ ਉਹ ਆਪਣੇ ਪੁੱਤਰ ਮਨਜੀਤ ਪ੍ਰਤੀ ਕੁਝ ਜ਼ਿਆਦਾ ਹੀ ਦਿਆਲੂ ਹੋ ਗਏ ਸਨ। ਉਨ੍ਹਾਂ ਮਨਜੀਤ ਨੂੰ ਆਪਣੇ ਨਿੱਜੀ ਸਟਾਫ ਵਿਚ ਤਾਇਨਾਤ ਕਰਾਉਣ ਲਈ ਬੇਨਤੀ ਕੀਤੀ ਸੀ। ਇਸ ਬਾਰੇ ਪਹਿਲਾਂ ਤਾਂ ਉਨ੍ਹਾਂ ਕੋਰਾ ਇਨਕਾਰ ਕੀਤਾ, ਪਰ ਫੇਰ ਮੰਨ ਲਿਆ। ਮਨਜੀਤ ਸਿੰਘ 'ਤੇ ਦੂਜੀ ਵਾਰ ਮਿਹਰ ਦਸੰਬਰ 2007 ਵਿਚ ਹੋਈ ਜਦੋਂ ਅਕਾਲੀਆਂ ਨੇ ਸੱਤਾ 'ਚ ਪਰਤਣ ਸਾਰ ਉਸ ਨੂੰ ਨੌਕਰੀ 'ਤੇ ਬਹਾਲ ਕਰ ਦਿੱਤਾ। ਹੁਣ ਤਾਂ ਉਸ ਦੀਆਂ ਚਾਰਜਸ਼ੀਟਾਂ ਰੱਦ ਕਰਾਉਣ ਤੋਂ ਵੀ ਅੱਗੇ ਦੀ ਗੱਲ ਹੋਣੀ ਸ਼ੁਰੂ ਹੋ ਗਈ ਹੈ। ਮਹੀਨਾ ਕੁ ਪਹਿਲਾਂ ਭਲਾਈ ਵਿਭਾਗ ਦੇ ਡਾਇਰੈਕਟਰ ਨੇ ਸਿਫਾਰਸ਼ ਕੀਤੀ ਸੀ ਕਿ ਮਨਜੀਤ ਸਿੰਘ ਦੀ ਦੋ ਸਾਲਾਂ ਤੋਂ ਵੱਧ (765 ਦਿਨ) ਡਿਊਟੀ ਤੋਂ ਗੈਰਹਾਜ਼ਰੀ ਨੂੰ ਬਕਾਇਆ ਛੁੱਟੀ ਮਨ ਲਿਆ ਜਾਵੇ। ਜੇ ਇਵੇਂ ਹੋ ਜਾਂਦਾ ਹੈ ਤਾਂ ਸੇਵਾ ਵਿਚ ਬਰੇਕ ਨਹੀਂ ਗਿਣੀ ਜਾਵੇਗੀ ਅਤੇ ਸਿੱਟੇ ਵਜੋਂ ਪੈਨਸ਼ਨ ਆਦਿ ਲਾਭਾਂ ਦੀ ਗਿਣਤੀ-ਮਿਣਤੀ ਸਮੇਂ ਗੈਰਹਾਜ਼ਰੀ ਛੁੱਟੀ ਮੰਨੀ ਜਾਵੇਗੀ ਅਤੇ ਸਬੰਧਤ ਅਫਸਰ ਬਣਦੀ ਸੀਨੀਆਰਤਾ ਲੈਣ ਦਾ ਵੀ ਹੱਕਦਾਰ ਹੋਵੇਗਾ।

ਵਿਭਾਗ ਦੇ ਨਵੇਂ ਸਕੱਤਰ ਆਰ. ਵੈਂਕਟ ਰਤਨਮ ਨੇ ਆਖਿਆ ਕਿ ਉਨ੍ਹਾਂ ਹਾਲ ਹੀ ਵਿਚ ਅਹੁਦਾ ਸੰਭਾਲਿਆ। ਜਦੋਂ ਉਨ੍ਹਾਂ ਤੋਂ ਇਸ ਅਫਸਰ ਦੀ ਲੰਮੀ ਗੈਰਹਾਜ਼ਰੀ ਸਬੰਧੀ ਸਿਫਾਰਸ਼ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨਾਵਾਕਫੀ ਜ਼ਾਹਰ ਕੀਤੀ। ਉਂਜ, ਉਨ੍ਹਾਂ ਮੰਨਿਆ ਕਿ ਚਾਰਜਸ਼ੀਟਾਂ ਵਾਪਸ ਲੈਣੀਆਂ ਗੰਭੀਰ ਮਾਮਲਾ ਹੈ।

## ਮਨਜੀਤ ਸਿੰਘ ਜਾਂ ਸੂਬੇ ਸਿੰਘ?

ਭਲਾਈ ਵਿਭਾਗ ਵਿਚ 1990 ਵਿਚ ਭਰਤੀ ਵੇਲੇ ਤੋਂ ਹੀ ਮਨਜੀਤ ਸਿੰਘ ਦੀ ਪਛਾਣ ਭੰਬਲਭੂਸੇ ਦਾ ਸਬੱਬ ਰਹੀ ਹੈ। ਅਧਿਕਾਰੀਆਂ ਮੁਤਾਬਕ ਉਨ੍ਹਾਂ ਦੇ ਰਿਕਾਰਡ ਵਿਚ ਉਹ ਮਨਜੀਤ ਸਿੰਘ ਹੈ, ਪਰ ਉਹ ਸੂਬੇ ਸਿੰਘ ਵਜੋਂ ਜਾਣਿਆ ਜਾਂਦਾ ਹੈ। ਪੁਲੀਸ ਨੇ ਮਨਜੀਤ ਦਾ ਨਾਂ ਉਦੋਂ ਸੂਬੇ ਸਿੰਘ ਦਰਜ ਕੀਤਾ ਸੀ ਜਦੋਂ 1997 ਵਿਚ ਉਸ ਨੂੰ ਬਲਾਤਕਾਰ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੇ ਆਪਣੇ ਮੋਬਾਈਲ 'ਤੇ ਸੂਬੇ ਸਿੰਘ ਵਜੋਂ ਹੀ ਜਵਾਬ ਦਿੱਤਾ। ਜਦੋਂ ਉਨ੍ਹਾਂ ਤੋਂ ਇਸ ਉਲਝਣ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਕਾਗਜ਼ਾਂ ਵਿਚ ਤਾਂ ਉਸ ਦਾ ਨਾਂ ਮਨਜੀਤ ਹੈ, ਉਂਜ ਉਹ ਸੂਬੇ ਵਜੋਂ ਹੀ ਜਾਣਿਆ ਜਾਂਦਾ ਹੈ।

**ਚਾਰਜਸ਼ੀਟਾਂ ਦੇ ਵੇਰਵੇ**

**ਪਹਿਲੀ ਚਾਰਜਸ਼ੀਟ:** ਜਨਵਰੀ 1997 (ਦੋਸ਼: ਡਿਊਟੀ ਤੋਂ ਗੈਰਹਾਜ਼ਰੀ)

**ਦੂਜੀ ਚਾਰਜਸ਼ੀਟ:** ਅਕਤੂਬਰ 1997 (ਬਲਾਤਕਾਰ ਦੇ ਦੋਸ਼ ਵਿਚ ਨੌਕਰੀ ਤੋਂ ਮੁਅੱਤਲੀ, 2001 ਵਿਚ ਬਰੀ ਹੋਣ 'ਤੇ ਬਹਾਲੀ)

**ਤੀਜੀ ਚਾਰਜਸ਼ੀਟ:** ਅਗਸਤ 2003 (ਜ਼ੀਰਾ ਅਤੇ ਬਠਿੰਡਾ ਵਿਖੇ ਡਿਊਟੀ 'ਤੇ ਪੇਸ਼ ਨਾ ਹੋਣ ਦਾ ਦੋਸ਼)

FARMERS INSURANCE GROUP
Symbol of Superior Service
FARMERS®

181 Metro Drive, Suite 290, San Jose, CA 95110

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business *Workers Compensation

Call for consultation
**Ph: 408-771-2438**
*408-580-6063, 408-687-7566*
Fax: 408-573-3829
ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes


ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD® Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

**Gurbans Gill 209-815-1869**

**ਸੈਕਰਾਮੈਂਟੋ ਲਈ ਖ਼ੁਸ਼ਖ਼ਬਰੀ**

ਇਸ ਐਤਵਾਰ 13 ਫਰਵਰੀ 2011 ਨੂੰ ਪੰਜਾਬੀ ਰੇਡੀਓ ਯੂਐਸਏ ਦੀ ਟੀਮ ਹੇਠ ਲਿਖੇ ਗੁਰੂਘਰਾਂ ਵਿਚ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

ਸਮਾਂ : ਸਵੇਰੇ 11 ਤੋਂ 1 ਵਜੇ

1. ਗੁਰਦੁਆਰਾ ਸਾਹਿਬ, ਵੈਸਟ ਸੈਕਰਾਮੈਂਟੋ
2. ਸੈਕਰਾਮੈਂਟੋ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ, ਬਰਾਡਸ਼ਾਅ ਰੋਡ
3. ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ, ਰੋਜ਼ਵਿਲ
4. ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ, ਐਲਕ ਗਰੋਵ-ਫਲੋਰੀਨ ਰੋਡ

ਫਰਿਜ਼ਨੋ 'ਚ ਰੇਡੀਓ ਲੈਣ ਲਈ ਕਾਲ ਕਰੋ
**408.722.7698**

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25
**11** ਸਟੇਸ਼ਨਾਂ ਤੋਂ ਚੱਲਣ ਵਾਲਾ
San Jose, Livermore, Berkeley, Sacramento, Yuba City, Tracy, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ ਅਤੇ ਸ਼ਾਮ 6 ਤੋਂ 8 ਵਜੇ : ਗੁਰਦੁਆਰਾ ਸਾਹਿਬ ਫਰੀਮਾਂਟ, ਗੁਰਦੁਆਰਾ ਸਾਹਿਬ ਐਲ ਸਬਰਾਂਟੇ ਅਤੇ ਗੁਰਦੁਆਰਾ ਨਾਨਕਸਰ ਸਾਹਿਬ ਫਰਿਜ਼ਨੋ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ।
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ ਖ਼ਬਰਾਂ ਹਰ ਘੰਟੇ ਬਾਅਦ
- ਬਾਅਦ ਦੁਪਹਿਰ 1 ਤੋਂ 2 ਵਜੇ : ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : ਕੁਝ ਗੱਲਾਂ ਕੁਝ ਗੀਤ (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਰਾਤ 8 ਤੋਂ 9 ਵਜੇ : ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : ਮਨੋਰੰਜਕ ਪ੍ਰੋਗਰਾਮ (ਮਸੂਦ ਮੱਲੀ, ਗੁਰਪ੍ਰੀਤ ਸਿੰਘ)

ਹੋਰ ਜਾਣਕਾਰੀ ਲਈ **408.722.7698**
Listen LIVE
www.punjabiradiousa.com
Email: info@punjabiradiousa.com
3750 McKee Road, # B, San Jose CA 95127

# ਸਿਆਸੀ ਪਾਰਟੀਆਂ ਦੀ ਕਮਾਈ ਕਰੋੜਾਂ 'ਚ !

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੇ ਲੋਕ ਭਾਵੇਂ ਮਹਿੰਗਾਈ, ਭੁੱਖਮਰੀ ਤੇ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਹਨ ਪਰ ਦੇਸ਼ ਦੀਆਂ ਸਿਆਸੀ ਪਾਰਟੀਆਂ ਦੀ ਆਮਦਨ ਕਰੋੜਾਂ 'ਚ ਹੈ। ਜਿੱਥੇ ਰਾਸ਼ਟਰੀ ਪਾਰਟੀ ਕਾਂਗਰਸ ਨੇ 2007 ਤੋਂ 2009 ਦੌਰਾਨ ਦੋ ਵਿੱਤੀ ਸਾਲਾਂ 'ਚ 718 ਕਰੋੜ ਰੁਪਏ ਦੀ ਰਾਸ਼ੀ ਹਾਸਲ ਕੀਤੀ ਹੈ ਉਥੇ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਕਮਾਈ 20 ਕਰੋੜ ਤੋਂ ਉਪਰ ਰਹੀ। ਪਾਰਟੀਆਂ ਦੀ ਇਸ ਕਮਾਈ 'ਚ ਵੱਡਾ

**ਕਾਂਗਰਸ :718 ਕਰੋੜ,**
**ਭਾਜਪਾ: 344 ਕਰੋੜ,**
**ਅਕਾਲੀ ਦਲ: 20 ਕਰੋੜ**

ਹੱਥ ਵੱਖ-ਵੱਖ ਉਦਯੋਗਿਕ ਘਰਾਣਿਆਂ ਕੋਲੋਂ ਮਿਲਦੀ ਆਰਥਿਕ ਮਦਦ ਦਾ ਹੈ। ਇਸ ਕਰ ਕੇ ਇਨ੍ਹਾਂ ਸਿਆਸੀ ਪਾਰਟੀਆਂ ਦੀ ਆਮਦਨ 20 ਕਰੋੜ ਰੁਪਏ ਤੋਂ ਲੈ ਕੇ 713 ਕਰੋੜ ਤਕ ਹੈ। ਅਸਲ 'ਚ ਇਹ ਉਦਯੋਗਿਕ ਘਰਾਣੇ ਮੋਟੀਆਂ ਰਕਮਾਂ ਸਿਆਸੀ ਪਾਰਟੀਆਂ ਨੂੰ ਦੇ ਕੇ ਆਪਣੇ ਜਾਇਜ਼-ਨਾਜਾਇਜ਼ ਕੰਮ ਕਰਾਉਂਦੇ ਹਨ।

ਇਨ੍ਹਾਂ ਪਾਰਟੀਆਂ ਨੇ ਆਪਣੀ ਸਾਲਾਨਾ ਇਨਕਮ ਟੈਕਸ ਰਿਟਰਨ 'ਚ ਪ੍ਰਗਟਾਵਾ ਕੀਤਾ ਹੈ ਕਿ ਇਸ ਆਮਦਨ 'ਚ ਪਾਰਟੀ ਫ਼ੰਡ, ਸਿੱਖਿਆ ਫ਼ੰਡ, ਦਾਨ, ਮੈਂਬਰਸ਼ਿਪ ਕਈ ਤਰ੍ਹਾਂ ਦੀ ਕਮਾਈ ਸ਼ਾਮਲ ਹੈ। ਨੈਸ਼ਨਲ ਇਲੈਕਸ਼ਨ ਵਾਚ ਤੇ ਐਸੋਸੀਏਸ਼ਨ ਫ਼ਾਰ ਡੈਮੋਕਰੈਟਿਕ ਰਿਫ਼ਾਰਮਜ਼ ਵੱਲੋਂ ਕਾਂਗਰਸ, ਭਾਰਤੀ ਜਨਤਾ ਪਾਰਟੀ, ਸਮਾਜਵਾਦੀ ਪਾਰਟੀ, ਬਹੁਜਨ ਸਮਾਜ ਪਾਰਟੀ, ਸੀ.ਪੀ.ਆਈ., ਸੀ.ਪੀ.ਆਈ. (ਐਮ.), ਰਾਸ਼ਟਰੀ ਜਨਤਾ ਦਲ, ਰਾਸ਼ਟਰਵਾਦੀ ਕਾਂਗਰਸ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ



ਇਨਕਮ ਟੈਕਸ ਵਿਭਾਗ 'ਚ 2007 ਤੋਂ ਲੈ ਕੇ 2009 ਤਕ ਭਰੀਆਂ ਗਈਆਂ ਰਿਟਰਨਾਂ 'ਚ ਆਪਣੀ-ਆਪਣੀ ਕਮਾਈ ਦਾ ਪ੍ਰਗਟਾਵਾ ਕੀਤਾ। ਇਨ੍ਹਾਂ 'ਚ ਕਾਂਗਰਸ 718 ਕਰੋੜ ਰੁਪਏ ਦੀ ਕਮਾਈ ਨਾਲ ਸਭ ਤੋਂ ਉਪਰ ਹੈ ਜਦਕਿ ਭਾਜਪਾ 344 ਕਰੋੜ ਤੇ ਬਹੁਜਨ ਸਮਾਜ ਪਾਰਟੀ 252 ਕਰੋੜ ਰੁਪਏ ਦੀ ਕਮਾਈ ਨਾਲ ਦੂਜੇ ਤੇ ਤੀਜੇ ਨੰਬਰ 'ਤੇ ਹੈ। ਸੀ.ਪੀ.ਐਮ. 123 ਕਰੋੜ, ਸਮਾਜਵਾਦੀ ਪਾਰਟੀ 71 ਕਰੋੜ, ਰਾਸ਼ਟਰਵਾਦੀ ਕਾਂਗਰਸ ਪਾਰਟੀ 57 ਕਰੋੜ, ਸੀ.ਪੀ.ਆਈ. 2 ਕਰੋੜ ਤੇ ਅਕਾਲੀ ਦਲ ਨੇ 2006 ਤੋਂ 2008 ਤਕ ਆਪਣੀ ਕਮਾਈ 17.5 ਕਰੋੜ ਰੁਪਏ ਤੇ 2009-10 ਦੀ 1.22 ਕਰੋੜ ਰੁਪਏ ਦੱਸੀ ਹੈ ਜਦਕਿ 2007-08 ਤੇ 2008-09 ਬਾਰੇ ਪ੍ਰਗਟਾਵਾ ਨਹੀਂ ਕੀਤਾ ਗਿਆ। ਦੂਜੇ ਪਾਸੇ ਦੇਸ਼ ਦੇ 11 ਉਦਯੋਗਿਕ ਘਰਾਣਿਆਂ ਨੇ ਸਾਲ 2007-08 ਤੇ ਸਾਲ 2008-09 ਦੌਰਾਨ ਸਿਆਸੀ ਪਾਰਟੀਆਂ ਨੂੰ ਚੈੱਕਾਂ ਰਾਹੀਂ ਕਰੋੜਾਂ ਰੁਪਏ ਦੀ ਮਦਦ ਕੀਤੀ ਹੈ ਜਿਸ ਵਿਚ ਭਾਰਤੀ ਇਲੈਕਟਰੋਲ ਟਰੱਸਟ ਨੇ ਕਾਂਗਰਸ ਨੂੰ 11 ਕਰੋੜ, ਭਾਜਪਾ ਨੂੰ 6 ਕਰੋੜ ਤੇ ਆਰ.ਜੇ.ਡੀ ਨੂੰ ਇਕ ਕਰੋੜ ਰੁਪਏ, ਟੋਰੈਂਟ ਪਾਵਰ ਨੇ ਭਾਜਪਾ ਨੂੰ 4.5 ਕਰੋੜ, ਕਾਂਗਰਸ ਨੂੰ 4.5 ਕਰੋੜ, ਐਨ.ਸੀ.ਪੀ. ਨੂੰ ਇਕ ਕਰੋੜ ਰੁਪਏ, ਜਨਰਲ ਇਲੈਕਟਰੋਲ ਟਰੱਸਟ ਨੇ ਭਾਜਪਾ ਨੂੰ 6.51 ਕਰੋੜ ਤੇ ਕਾਂਗਰਸ ਨੂੰ 1.25 ਕਰੋੜ, ਵੀਡੀਉਕੋਨ ਨੇ ਭਾਜਪਾ ਨੂੰ 4.5 ਕਰੋੜ, ਕਾਂਗਰਸ ਨੂੰ 2 ਕਰੋੜ ਤੇ ਐਕਸੀਪੀ. ਨੂੰ ਇਕ ਕਰੋੜ, ਅਦਾਨੀ ਗਰੁੱਪ ਨੇ ਭਾਜਪਾ ਨੂੰ ਤਿੰਨ ਕਰੋੜ ਤੇ ਕਾਂਗਰਸ ਨੂੰ ਵੀ ਤਿੰਨ ਕਰੋੜ ਰੁਪਏ ਦਿੱਤੇ।

ਇਸੇ ਤਰ੍ਹਾਂ ਸ੍ਰੀ ਪੋਪਟਭਾਈ ਗਰੁੱਪ ਨੇ ਭਾਜਪਾ ਨੂੰ 5 ਕਰੋੜ, ਅੰਬੂਜਾ ਸੀਮਿੰਟ ਨੇ ਭਾਜਪਾ ਤੇ ਐਨ.ਸੀ.ਪੀ. ਨੂੰ ਇਕ-ਇਕ ਕਰੋੜ ਰੁਪਏ, ਲਾਰਸਨ ਤੇ ਪ੍ਰੇਜ਼ਲਾਇਡ ਨੇ ਭਾਜਪਾ ਨੂੰ ਛੇ ਕਰੋੜ, ਨਿਰਮਾ ਗਰੁੱਪ ਨੇ ਭਾਜਪਾ ਨੂੰ ਇਕ ਕਰੋੜ ਤੇ ਕਾਂਗਰਸ ਨੂੰ 75 ਲੱਖ ਰੁਪਏ ਤੇ ਇਨਫ਼ੀਨਾ ਫ਼ਾਈਨੈਂਸ ਗਰੁੱਪ ਨੇ ਐਨ.ਸੀ.ਪੀ. ਨੂੰ ਇਕ ਕਰੋੜ ਰੁਪਏ ਤੇ ਭਾਜਪਾ ਨੂੰ 75 ਲੱਖ ਰੁਪਏ ਦਾ ਦਾਨ ਦਿੱਤਾ ਹੈ। ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਸਾਲ 2009-10 'ਚ ਅੰਬੂਜਾ ਸੀਮਿੰਟ ਨੇ 75 ਲੱਖ, ਟ੍ਰਿਗ ਗਾਰਡੀ ਫ਼ੋਰਸ ਨੇ 21 ਲੱਖ, ਪ੍ਰੇਜ ਲਾਇਡ ਨੇ 20 ਲੱਖ, ਏਵਨ ਸਾਈਕਲ ਨੇ 2.81 ਲੱਖ, ਅਸ਼ੋਕ ਪ੍ਰਭਾਕਰ ਨੇ 2.33 ਲੱਖ, ਜ਼ਿਲ੍ਹਾ ਅਕਾਲੀ ਜਥਾ ਮੁਕਤਸਰ ਨੇ ਇਕ ਲੱਖ, ਪਾਰਸ ਸਪਾਈਸ ਨੇ 31 ਹਜ਼ਾਰ ਤੇ ਏ.ਜੀ. ਐਗਰੋਟੈਕ ਨੇ 22 ਲੱਖ ਰੁਪਏ ਭੇਟ ਕੀਤੇ ਸਨ।

ਇਸ ਬਾਰੇ ਉਕਤ ਸੰਸਥਾਵਾਂ ਦੇ ਆਗੂ ਪ੍ਰੋ. ਜਗਦੀਸ਼ ਛੋਕਰ, ਜਸਕੀਰਤ ਸਿੰਘ ਤੇ ਬਲਵੰਤ ਸਿੰਘ ਖੇੜਾ ਨੇ ਕਿਹਾ ਕਿ ਉਕਤ ਘਰਾਣਿਆਂ ਵਲੋਂ ਇਹ ਦਾਨ ਨਹੀਂ ਬਲਕਿ ਇਕ ਰਿਸ਼ਵਤ ਦੇ ਰੂਪ ਵਿਚ ਦਿੱਤੀ ਗਈ ਰਕਮ ਸੀ ਕਿਉਂਕਿ ਇਹ ਲੋਕ ਦਾਨ ਵਜੋਂ ਬਾਅਦ 'ਚ ਵੱਡੇ ਵੱਡੇ ਪ੍ਰਾਜੈਕਟ ਮਨਜ਼ੂਰ ਕਰਵਾ ਲੈਂਦੇ ਹਨ। ਸ੍ਰੀ ਖੇੜਾ ਨੇ ਕਿਹਾ ਕਿ ਦੇਸ਼ 'ਚ 1200 ਪਾਰਟੀਆਂ ਹਨ। ਇਨ੍ਹਾਂ 'ਚ 1050 ਪਾਰਟੀਆਂ ਝੂਠੀਆਂ ਤੇ ਫ਼ਰਜ਼ੀ ਹਨ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਰੱਦ ਹੋਣੀ ਚਾਹੀਦੀ ਹੈ।

## ਰਾਜਸਥਾਨ ਵੱਲੋਂ ਪੰਜਾਬ ਤੇ ਹਰਿਆਣਾ ਨੂੰ ਵੱਧ ਪਾਣੀ ਦੇਣ ਦਾ ਦੋਸ਼

**ਚੰਡੀਗੜ੍ਹ:** ਰਾਜਸਥਾਨ ਨੇ ਪੰਜਾਬ ਤੇ ਹਰਿਆਣਾ 'ਤੇ ਵੱਧ ਪਾਣੀ ਲੈਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਬੋਰਡ ਦੇ ਅੰਕੜਿਆਂ ਅਨੁਸਾਰ ਸਾਡੇ ਹਿੱਸੇ ਦਾ ਪਾਣੀ ਬੋਰਡ ਦੇ ਅਧਿਕਾਰੀ ਮਨਮਰਜ਼ੀ ਨਾਲ ਛੱਡਦੇ ਹਨ ਜਿਸ ਕਰਕੇ ਰਾਜਸਥਾਨ ਦਾ ਪਾਣੀ ਵੀ ਪੰਜਾਬ ਤੇ ਹਰਿਆਣਾ ਕੋਲ ਚਲਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰਾਜਸਥਾਨ ਦੇ ਹਿੱਸੇ ਦਾ ਪਾਣੀ ਉਥੇ ਨਹੀਂ ਪਹੁੰਚਦਾ ਜਿਸ ਕਰਕੇ ਸੂਬੇ ਦੀ ਕਿਸਾਨੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ। ਬੋਰਡ ਦੇ ਪ੍ਰਬੰਧਾਂ ਅਧੀਨ ਆਉਂਦੇ ਭਾਖੜਾ ਡੈਮ ਤੇ ਪੌਂਗ ਡੈਮ ਨੂੰ ਪੂਰੀ ਸਮਰਥਾ ਅਨੁਸਾਰ ਭਰਿਆ ਨਹੀਂ ਜਾਂਦਾ ਜੋ ਸਾਡੇ ਲਈ ਬਹੁਤ ਨੁਕਸਾਨਦੇਹ ਸਿੱਧ ਹੁੰਦਾ ਹੈ। ਭਾਖੜਾ ਬੋਰਡ 'ਤੇ ਪੱਖਪਾਤ ਦੇ ਦੋਸ਼ ਲਾਉਂਦਿਆਂ ਕਿਹਾ ਹੈ ਕਿ ਰਾਜਸਥਾਨ ਦੇ ਕਿਸਾਨਾਂ ਦੀ ਮੰਦਹਾਲੀ ਲਈ ਕੋਈ ਸਰਕਾਰ ਨਹੀਂ ਸਗੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਜ਼ਿੰਮੇਵਾਰ ਹੈ।

ਰਾਜਸਥਾਨ ਦੇ 14 ਵਿਧਾਇਕਾਂ ਦੀ ਸਿੰਜਾਈ ਬਾਰੇ ਮਸਲਿਆਂ ਨਾਲ ਨਜਿੱਠਣ ਲਈ ਬਣੀ ਕਮੇਟੀ ਦੇ ਚੇਅਰਮੈਨ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਜਿਸ ਵੇਲੇ ਡੈਮ ਹੋਂਦ ਵਿਚ ਆਏ ਸਨ ਤਾਂ ਰਾਜਸਥਾਨ ਨੂੰ ਭਾਖੜਾ ਤੇ ਪੌਂਗ ਡੈਮ ਵਿਚੋਂ 52 ਫੀਸਦੀ ਪਾਣੀ ਦਿੱਤਾ ਜਾਣਾ ਸੀ ਜੋ ਸਾਨੂੰ ਨਹੀਂ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਸਹੀ ਢੰਗ ਨਾਲ ਆਪਣਾ ਕੰਮ ਕਰੇ ਤਾਂ ਕਿਸੇ ਵੀ ਰਾਜ ਨੂੰ ਦਿੱਕਤ ਨਹੀਂ ਆ ਸਕਦੀ ਪਰ ਬੋਰਡ ਦਾ ਪ੍ਰਬੰਧ ਗ਼ਲਤ ਹੈ ਕਿਉਂਕਿ ਜਿਸ ਚੀਫ਼ ਇੰਜੀਨੀਅਰ ਦੇ ਅਹੁਦੇ 'ਤੇ ਸਿਵਲ ਇੰਜੀਨੀਅਰ ਹੋਣਾ ਚਾਹੀਦਾ ਹੈ ਉੱਥੇ ਮਕੈਨੀਕਲ ਦਾ ਵਿਅਕਤੀ ਕਬਜ਼ਾ ਕਰੀ ਬੈਠਾ ਹੈ ਤੇ ਜਿੱਥੇ ਮਕੈਨੀਕਲ ਇੰਜੀਨੀਅਰ ਹੋਣਾ ਚਾਹੀਦਾ ਹੈ ਉੱਥੇ ਇਲੈਕਟ੍ਰੀਕਲ ਇੰਜੀਨੀਅਰ ਨੇ ਕਬਜ਼ਾ ਕਰ ਰੱਖਿਆ ਹੈ।

## ਹੁਣ ਪਰਵਾਸੀ ਭਾਰਤੀ ਵੀ ਪਾ ਸਕਣਗੇ ਵੋਟ

**ਚੰਡੀਗੜ੍ਹ:** ਵਿਦੇਸ਼ਾਂ 'ਚ ਵਸਦੇ ਭਾਰਤੀ ਹੁਣ ਆਪਣੇ ਜੱਦੀ ਹਲਕੇ 'ਚ ਵੀ ਵੋਟ ਪਾ ਸਕਣਗੇ ਕਿਉਂਕਿ ਕੇਂਦਰ ਸਰਕਾਰ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫਿਕੇਸ਼ਨ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਪਰਵਾਸੀ ਭਾਰਤੀ ਦਾ ਨਾਂ ਹਲਕੇ ਦੀ ਵੋਟਰ ਸੂਚੀ 'ਚ ਦਰਜ ਹੋਣਾ ਚਾਹੀਦਾ ਹੈ ਤੇ ਆਪਣੇ ਵੋਟ ਦਾ ਇਸਤੇਮਾਲ ਕਰਨ ਲਈ ਉਸ ਨੂੰ ਆਪਣੇ ਪਾਸਪੋਰਟ ਸਮੇਤ ਚੋਣ ਬੂਥ 'ਤੇ ਹਾਜ਼ਰ ਹੋਣਾ ਪਵੇਗਾ। ਉਨ੍ਹਾਂ ਨੂੰ ਡਾਕ ਰਾਹੀਂ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

ਚੋਣ ਕਮਿਸ਼ਨ ਨਾਲ ਵਿਚਾਰ-ਵਟਾਂਦਰੇ ਤੋਂ ਪਿਛੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ ਕਿ ਪਰਵਾਸੀ ਭਾਰਤੀ ਜਿਨ੍ਹਾਂ ਕੋਲ ਵਿਦੇਸ਼ ਦੀ ਨਾਗਰਿਕਤਾ ਹੈ ਤੇ ਇਸ ਵਰ੍ਹੇ ਦੀ ਪਹਿਲੀ ਜਨਵਰੀ ਤਕ 18 ਸਾਲਾਂ ਦੀ ਉਮਰ ਪੂਰੀ ਕਰ ਚੁੱਕਾ ਹੈ, ਪਾਸਪੋਰਟ 'ਚ ਦਰਸਾਏ ਗਏ ਭਾਰਤੀ ਪਤੇ 'ਤੇ ਵੋਟਰ ਬਣਨ ਲਈ ਅਰਜ਼ੀ ਦੇ ਸਕਦਾ ਹੈ। ਇਸ ਦੇ ਨਾਲ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਪਰਵਾਸੀ ਇਕ ਵਾਰ ਛੇ ਮਹੀਨੇ ਭਾਰਤੀ ਰਿਹਾਇਸ਼ 'ਤੇ ਨਹੀਂ ਰਹਿੰਦਾ ਤਾਂ ਉਸ ਦਾ ਨਾਂ ਵੋਟਰ ਸੂਚੀ 'ਚੋਂ ਕੱਟ ਦਿੱਤਾ ਜਾਵੇਗਾ।

## ਪਤਨੀ ਨੂੰ ਕੁੱਟ-ਕੁੱਟ ਕੇ ਮਾਰਿਆ

**ਫਤਹਿਗੜ੍ਹ ਸਾਹਿਬ:** ਪਿੰਡ ਮਾਜਰੀ ਅਜੀਮ 'ਚ ਪਤੀ ਨੇ ਮਮੂਲੀ ਝਗੜੇ ਕਾਰਨ ਆਪਣੀ ਪਤਨੀ ਨੂੰ ਡੰਡਿਆਂ ਨਾਲ ਕੁੱਟ-ਕੁੱਟ ਕੇ ਉਸ ਦੀ ਜਾਨ ਲੈ ਲਈ। ਮਿਲੀ ਜਾਣਕਾਰੀ ਅਨੁਸਾਰ ਜੋਗਿੰਦਰ ਸਿੰਘ ਤੇ ਉਸ ਦੀ ਪਤਨੀ ਬਲਜੀਤ ਕੌਰ ਵਿਚਕਾਰ ਅਕਸਰ ਝਗੜਾ ਰਹਿੰਦਾ ਸੀ।

ਦੱਸਣਯੋਗ ਹੈ ਕਿ 10 ਸਾਲ ਪਹਿਲਾਂ ਮ੍ਰਿਤਕਾ ਬਲਜੀਤ ਕੌਰ ਤੇ ਜਸਪਾਲ ਸਿੰਘ ਦਾ ਅੰਤਰਜਾਤੀ ਵਿਆਹ ਹੋਇਆ ਸੀ ਤੇ ਉਨ੍ਹਾਂ ਦਾ 9 ਸਾਲ ਦੀ ਲੜਕੀ ਤੇ 7 ਸਾਲ ਦਾ ਲੜਕਾ ਵੀ ਹੈ। ਬਲਜੀਤ ਕੌਰ ਦੇ ਨਾਂ ਤਕਰੀਬਨ ਡੇਢ ਲੱਖ ਰੁਪਏ ਦੀ ਐਫ.ਡੀ. ਸੀ ਜਿਸ ਨੂੰ ਲੈਣ ਲਈ ਜਸਪਾਲ ਸਿੰਘ ਝਗੜਾ ਕਰਦਾ ਸੀ ਪਰ ਬਲਜੀਤ ਕੌਰ ਇਹ ਪੈਸੇ ਉਸ ਨੂੰ ਦੇਣੇ ਨਹੀਂ ਸੀ ਚਾਹੁੰਦੀ।

## ਪੋਲਟਰੀ ਉਤਪਾਦਨ 'ਚ ਪੰਜਾਬ ਦੇਸ਼ ਭਰ 'ਚ ਅੱਵਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਣਕ ਤੇ ਝੋਨੇ ਦੇ ਉਤਪਾਦਨ ਵਿਚ ਮੱਲਾਂ ਮਾਰਨ ਵਾਲੇ ਪੰਜਾਬ ਨੇ ਹੁਣ ਪੋਲਟਰੀ ਤੇ ਮੀਟ ਉਤਪਾਦਨ ਵਿਚ ਵੀ ਬਾਜ਼ੀ ਮਾਰ ਲਈ ਹੈ। ਪੰਜਾਬ ਦੇ ਪੋਲਟਰੀ ਫ਼ਾਰਮਾਂ ਵਿਚ ਹਰ ਵਰ੍ਹੇ 328 ਕਰੋੜ 30 ਲੱਖ ਅੰਡਿਆਂ ਦਾ ਉਤਪਾਦਨ ਹੁੰਦਾ ਹੈ। ਇਸੇ ਤਰ੍ਹਾਂ ਹਰ ਵਰ੍ਹੇ 1.48 ਲੱਖ ਟਨ ਬਰਾਇਲਰ ਦੇ ਮੀਟ ਦਾ ਉਤਪਾਦਨ ਹੁੰਦਾ ਹੈ। ਸਾਰੇ ਭਾਰਤ 'ਚ ਅੰਡਿਆਂ ਦਾ ਉਤਪਾਦਨ 53 ਬਿਲੀਅਨ ਹੈ ਜਦਕਿ ਇਕੱਲੇ ਪੰਜਾਬ ਦਾ ਉਤਪਾਦਨ 328 ਕਰੋੜ 30 ਲੱਖ ਅੰਡੇ ਹੈ। ਨਿਰਧਾਰਤ ਨਿਯਮਾਂ ਅਨੁਸਾਰ ਵਿਅਕਤੀ ਨੂੰ ਸਾਲ ਵਿਚ 180 ਅੰਡੇ ਮਿਲਣੇ ਚਾਹੀਦੇ ਹਨ ਪਰ ਕੌਮੀ ਪੱਧਰ 'ਤੇ ਸਾਲ ਵਿਚ ਹਰ ਵਿਅਕਤੀ ਦੇ ਹਿੱਸੇ ਸਿਰਫ਼ 53 ਅੰਡੇ ਆਉਂਦੇ ਹਨ ਜਦਕਿ ਪੰਜਾਬ



ਵਿਚ ਹਰ ਵਿਅਕਤੀ ਦੇ ਹਿੱਸੇ 135 ਅੰਡੇ ਆਉਂਦੇ ਹਨ।

ਉਪਰੋਕਤ ਅੰਕੜਿਆਂ ਨੂੰ ਮੁੱਖ ਰੱਖਦਿਆਂ ਪੰਜਾਬ ਵਿਚ ਪੋਲਟਰੀ ਫ਼ਾਰਮ ਦੇ ਧੰਦੇ ਨੂੰ ਕਾਫ਼ੀ ਵਧਾਇਆ ਜਾ ਸਕਦਾ ਹੈ। ਪੰਜਾਬ ਦੇ ਪਸ਼ੂ ਪਾਲਣ ਤੇ ਡੇਅਰੀ ਮੰਤਰੀ ਗੁਲਜ਼ਾਰ ਸਿੰਘ ਰਾਣੀਕੇ ਨੇ ਦੱਸਿਆ ਕਿ ਇਸ ਖੇਤਰ ਵਿਚ ਪੰਜਾਬ ਦੇ ਨੌਜਵਾਨਾਂ ਨੂੰ ਜੋੜਨ ਦੀਆਂ ਬਹੁਤ ਸੰਭਾਵਨਾ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ 1.48 ਲੱਖ ਮੀਟਰਕ ਟਨ ਮੀਟ ਦਾ ਉਤਪਾਦਨ ਹੈ ਜੋ ਲੋੜ ਤੋਂ ਕਾਫ਼ੀ ਘੱਟ ਹੈ। ਇਸ ਲਈ ਪੋਲਟਰੀ ਫ਼ਾਰਮਾਂ ਦੇ ਨਾਲ-ਨਾਲ ਬਰਾਇਲਰ ਫ਼ਾਰਮਾਂ ਵਿਚ ਵਾਧੇ ਦੀ ਬਹੁਤ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਪੰਜਾਬ ਵਿਚ ਸਿਰਫ਼ 1670 ਬਰਾਇਲਰ ਫ਼ਾਰਮ ਹਨ ਤੇ ਮੀਟ ਦਾ ਉਤਪਾਦਨ ਲੋੜ ਤੋਂ ਕਿਤੇ ਘੱਟ ਹੈ। ਮਿਲੀ ਜਾਣਕਾਰੀ ਅਨੁਸਾਰ ਭਾਰਤ ਵਿਚ ਇਸ ਕਿਸਮ ਕੇ ਚੂਚੇ ਪੈਦਾ ਕਰਨ ਦਾ ਇਕੋ ਇਕ ਫ਼ਾਰਮ ਇਸੇ ਕੰਪਨੀ ਦਾ ਨਾਸਿਕ ਵਿਚ ਹੈ।

# ਪੰਜਾਬ ਵਿਚ ਸਿਹਤ ਸੇਵਾਵਾਂ ਦਾ ਹਾਲ ਖਸਤਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਹਸਪਤਾਲਾਂ 'ਚ ਲੋਕਾਂ ਦੀ ਹੋ ਰਹੀ ਖੱਜਲ-ਖੁਆਰੀ ਦਾ ਵੱਡਾ ਕਾਰਨ ਡਾਕਟਰਾਂ ਦੀ ਕਮੀ ਦੱਸ ਰਹੀ ਹੈ ਪਰ ਦੂਜੇ ਪਾਸੇ ਸੈਂਕੜੇ ਡਾਕਟਰ ਲੰਮੇ ਸਮੇਂ ਤੋਂ ਆਪਣੀ ਡਿਊਟੀ ਤੋਂ ਹੀ ਗ਼ੈਰ-ਹਾਜ਼ਰ ਹਨ। ਇਨ੍ਹਾਂ ਚੋਂ ਕੁਝ ਡਾਕਟਰ ਛੁੱਟੀ ਲੈ ਕੇ ਆਪਣੇ ਨਿੱਜੀ ਹਸਪਤਾਲ ਚਲਾ ਰਹੇ ਹਨ ਤੇ ਬਹੁਤੇ ਲੰਮੀ ਛੁੱਟੀ ਦਾ ਅਨੰਦ ਮਾਣ ਰਹੇ

**ਸੈਂਕੜੇ ਡਾਕਟਰ ਲੰਮੀ ਛੁੱਟੀ 'ਤੇ**

ਹਨ। ਹੈਰਾਨੀ ਦੀ ਗੱਲ ਹੈ ਕਿ ਕਈ ਤਾਂ 1992 ਤੋਂ ਹੀ ਛੁੱਟੀ 'ਤੇ ਚਲੇ ਆ ਰਹੇ ਹਨ। ਪੰਜਾਬ ਸਰਕਾਰ ਨੇ ਹਾਲ ਹੀ ਵਿਚ 218 ਮੈਡੀਕਲ ਡਾਕਟਰਾਂ ਨੂੰ ਭਰਤੀ ਕੀਤਾ ਹੈ ਪਰ 122 ਡਾਕਟਰ ਲੰਮੇ ਸਮੇਂ ਤੋਂ ਗ਼ੈਰ ਹਾਜ਼ਰ ਹਨ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਮਰਜ਼ੀ ਦੇ ਮਾਲਕ ਡਾਕਟਰਾਂ ਵਿਚ ਕਈ ਤਾਂ ਅਣ-ਅਧਿਕਾਰਤ ਤੌਰ 'ਤੇ ਗ਼ੈਰ-ਹਾਜ਼ਰ ਹਨ ਤੇ ਕਈ ਵਿਦੇਸ਼ੀ ਯਾਤਰਾ ਲਈ ਛੁੱਟੀ ਖ਼ਤਮ ਹੋਣ ਦੇ ਬਾਵਜੂਦ ਡਿਊਟੀ 'ਤੇ ਹਾਜ਼ਰ ਨਹੀਂ ਹੋਏ। ਕਈ ਡਾਕਟਰ ਪਿਛਲੇ ਦੋ-ਤਿੰਨ ਸਾਲਾਂ ਤੋਂ ਪ੍ਰਾਈਵੇਟ ਪ੍ਰੈਕਟਿਸ ਕਰ ਰਹੇ ਹਨ ਪਰ ਵਿਭਾਗ ਬਿਲਕੁਲ ਚੁੱਪ ਹੈ।



*ਇਕ ਡਿਸਪੈਂਸਰੀ ਵਿਚ ਆਪਣੀ ਵਾਰੀ ਦੀ ਉਡੀਕ ਕਰ ਰਹੀਆਂ ਔਰਤਾਂ*

ਸੂਤਰਾਂ ਅਨੁਸਾਰ ਕਈ ਡਾਕਟਰਾਂ ਦੇ ਸਿਰ ਉੱਤੇ ਸਿਆਸੀ ਆਗੂਆਂ ਦਾ ਹੱਥ ਹੈ ਜੋ ਇਨ੍ਹਾਂ ਆਗੂਆਂ ਨੂੰ ਖ਼ੁਸ਼ ਕਰਨ ਲਈ ਜਾਇਜ਼-ਨਾਜਾਇਜ਼ ਕੰਮ ਕਰਦੇ ਹਨ।

ਇਸ ਮਾਮਲੇ 'ਚ ਜ਼ਿਲ੍ਹਾ ਲੁਧਿਆਣਾ ਤੇ ਸੰਗਰੂਰ ਵਿਖੇ ਤਾਇਨਾਤ ਡਾਕਟਰ ਸਭ ਤੋਂ ਅੱਗੇ ਹਨ ਕਿਉਂਕਿ ਇਨ੍ਹਾਂ ਜ਼ਿਲ੍ਹਿਆਂ ਦੇ 18 ਡਾਕਟਰ ਹਸਪਤਾਲਾਂ ਵਿਚ ਹਾਜ਼ਰ ਨਹੀਂ ਹੋ ਰਹੇ। ਇਸ ਜ਼ਿਲ੍ਹੇ ਦੇ ਦੋ ਡਾਕਟਰ 1992 ਤੇ ਇਕ ਡਾਕਟਰ 1995 ਤੋਂ ਗ਼ੈਰ ਹਾਜ਼ਰ ਹੈ। ਬਰਨਾਲਾ ਦੇ 5, ਬਠਿੰਡਾ ਦੇ 7, ਫ਼ਤਹਿਗੜ੍ਹ ਸਾਹਿਬ ਦੇ 3, ਫ਼ਿਰੋਜ਼ਪੁਰ ਦੇ 12, ਗੁਰਦਾਸਪੁਰ ਦੇ 8, ਹੁਸ਼ਿਆਰਪੁਰ ਦੇ 5 ਤੇ ਜਲੰਧਰ ਦੇ 4 ਡਾਕਟਰ ਗ਼ੈਰ-ਹਾਜ਼ਰ ਹਨ। ਕਪੂਰਥਲਾ ਦਾ ਇਕ, ਲੁਧਿਆਣਾ ਦੇ 18, ਮੋਗਾ ਦਾ ਇਕ, ਮਾਨਸਾ ਦੇ 5, ਸ਼ਹੀਦ ਭਗਤ ਸਿੰਘ ਨਗਰ ਦੇ 2, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ 2, ਪਟਿਆਲਾ ਦੇ 10, ਰੂਪਨਗਰ ਦੇ 9 ਤੇ ਤਰਨਤਾਰਨ ਦਾ ਇਕ ਡਾਕਟਰ ਹਸਪਤਾਲਾਂ ਵਿਚ ਹਾਜ਼ਰ ਨਹੀਂ ਹੋ ਰਹੇ। ਇਥੋਂ ਤਕ ਇਨ੍ਹਾਂ 122 ਡਾਕਟਰਾਂ ਵਿਚ ਅੱਖਾਂ, ਕੰਨਾਂ, ਬੱਚਿਆਂ, ਹੱਡੀਆਂ ਆਦਿ ਰੋਗਾਂ ਦੇ ਮਾਹਰ ਡਾਕਟਰ ਵੀ ਹਨ ਜਦਕਿ ਅੰਮ੍ਰਿਤਸਰ, ਫ਼ਰੀਦਕੋਟ ਤੇ ਮੁਕਤਸਰ ਦਾ ਇਕ ਵੀ ਡਾਕਟਰ ਗ਼ੈਰ-ਹਾਜ਼ਰ ਨਹੀਂ ਹੈ। ਦੂਜੇ ਪਾਸੇ ਸਿਹਤ ਵਿਭਾਗ ਦੇ ਨਿਰਦੇਸ਼ਕ ਡਾ. ਜੇ.ਪੀ. ਸਿੰਘ ਨੇ ਕਿਹਾ ਕਿ ਅਜਿਹੇ ਲਾਪ੍ਰਵਾਹ ਡਾਕਟਰਾਂ ਵਿਰੁੱਧ ਵਿਭਾਗੀ ਕਾਰਵਾਈ ਸ਼ੁਰੂ ਕੀਤੀ ਹੋਈ ਹੈ। ਉਨ੍ਹਾਂ ਦੱਸਿਆ ਕਿ ਵੱਧ ਸਮੇਂ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਡਾਕਟਰਾਂ ਦੀਆਂ ਸੇਵਾਵਾਂ ਖ਼ਤਮ ਕਰਨ ਦੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ ਤੇ ਹਫ਼ਤੇ ਤੋਂ ਵੱਧ ਬਿਨਾਂ ਕਿਸੇ ਆਗਿਆ ਤੋਂ ਗ਼ੈਰ-ਹਾਜ਼ਰ ਰਹਿਣ ਵਾਲੇ ਡਾਕਟਰਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ।

## ਸਿਹਤ ਸਹੂਲਤਾਂ ਵਿਚ ਪਿੰਡ ਫਾਡੀ

*ਚੰਡੀਗੜ੍ਹ: ਪੰਜਾਬ ਦੇ ਸਰਕਾਰੀ ਡਾਕਟਰਾਂ 'ਚ ਪੇਂਡੂਆਂ ਦੀ ਗਿਣਤੀ ਨਾ ਦੇ ਬਰਾਬਰ ਹੈ। ਇਸ ਦਾ ਕਾਰਨ ਸਾਫ਼ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਮੈਡੀਕਲ ਗਰੁੱਪ ਹੀ ਨਹੀਂ ਹਨ। ਇਸੇ ਕਰ ਕੇ ਪੰਜਾਬ ਸਰਕਾਰ ਵੱਲੋਂ ਭਰਤੀ ਕੀਤੇ ਗਏ ਡਾਕਟਰਾਂ 'ਚ ਪੇਂਡੂ ਸਿੱਖਿਆ ਨਾਲ ਸਬੰਧ ਰੱਖਣ ਵਾਲੇ ਸਰਕਾਰੀ ਡਾਕਟਰ ਨਹੀਂ ਬਣ ਸਕੇ। ਸਿਹਤ ਵਿਭਾਗ ਵੱਲੋਂ 218 ਮੈਡੀਕਲ ਡਾਕਟਰਾਂ ਦੀ ਨਿਯੁਕਤੀ ਵਿਭਾਗ ਤੇ ਪੀ.ਜੀ.ਆਈ. ਦੀ ਸਾਂਝੀ ਚੋਣ ਕਮੇਟੀ ਦੀ ਮਦਦ ਨਾਲ ਕੀਤੀ ਗਈ ਹੈ। ਇਸ ਤਹਿਤ ਹਜ਼ਾਰਾਂ ਉਮੀਦਵਾਰਾਂ ਨੇ ਟੈਸਟ ਦਿੱਤਾ ਪਰ ਸਿਹਤ ਵਿਭਾਗ ਨੇ ਮੈਰਿਟ ਆਧਾਰਿਤ 444 ਸਫ਼ਲ ਮੈਡੀਕਲ ਡਾਕਟਰਾਂ ਦੀ ਸੂਚੀ 'ਤੇ ਝਾਤ ਮਾਰੀਏ ਤਾਂ ਇਹ ਸਪੱਸ਼ਟ ਹੋ ਰਿਹਾ ਹੈ ਕਿ ਪੰਜਾਬ ਦੋ ਹਿੱਸਿਆਂ ਪੇਂਡੂ ਤੇ ਸ਼ਹਿਰੀ ਪੰਜਾਬ 'ਚ ਵੰਡਿਆ ਗਿਆ ਹੈ ਕਿਉਂਕਿ ਇਨ੍ਹਾਂ 444 ਸਫ਼ਲ ਡਾਕਟਰਾਂ ਦੀ ਸੂਚੀ ਪੇਂਡੂ ਪੰਜਾਬ ਨਾਲ ਸਬੰਧ ਰੱਖਣ ਵਾਲਿਆਂ ਦੀ ਮਹਿਜ਼ ਗਿਣਤੀ 30 ਹੈ।*

# ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਵਿਦਵਾਨ ਡਾ. ਅਜੀਤ ਸਿੰਘ ਸਿੱਕਾ ਦਾ ਦੇਹਾਂਤ

**ਲੁਧਿਆਣਾ:** ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਵਿਦਵਾਨ ਡਾ. ਅਜੀਤ ਸਿੰਘ ਸਿੱਕਾ 31 ਜਨਵਰੀ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪੰਜਾਬੀ, ਹਿੰਦੀ ਤੇ ਅੰਗ੍ਰੇਜ਼ੀ ਵਿਚ 47 ਪੁਸਤਕਾਂ ਦੇ ਰਚੈਤਾ ਸਨ। ਉਹ ਆਪਣੇ ਪਿਛੇ ਪਤਨੀ ਅਮਰਜੀਤ ਕੌਰ, ਦੋ ਲੜਕੇ ਗੁਰਪਾਲ ਸਿੰਘ ਸਿੱਕਾ (ਵਕੀਲ), ਮਨਦੀਪ ਸਿੰਘ (ਵਪਾਰੀ) ਤੇ ਇਕ ਬੇਟੀ ਸੰਦੀਪ ਕੌਰ ਛੱਡ ਗਏ ਹਨ।



ਡਾ. ਸਿੱਕਾ ਦਾ ਜਨਮ ਨਾਨਕਸਰ ਮਿਘਿਆਣਾ ਜਿਲ੍ਹਾ ਝੰਗ (ਪਾਕਿਸਤਾਨ) ਵਿਚ 22 ਅਗਸਤ 1929 ਨੂੰ ਸ. ਨਰਿੰਦਰ ਸਿੰਘ ਸਿੱਕਾ ਦੇ ਘਰ ਮਾਤਾ ਚੰਦ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1970 ਵਿਚ 'ਫ਼ਿਲਾਸਫ਼ੀ ਆਫ਼ ਮਾਈਂਡ ਇਨ ਦਾ ਪੋਇਟਰੀ ਆਫ਼ ਗੁਰੂ ਨਾਨਕ' ਵਿਸ਼ੇ 'ਤੇ ਪੀ.ਐਚ.ਡੀ. ਕੀਤੀ। ਉਨ੍ਹਾਂ ਪਹਿਲਾਂ ਡਾਕ ਵਿਭਾਗ ਵਿਚ ਕੰਮ ਕੀਤਾ ਅਤੇ ਫਿਰ 1971 ਵਿਚ ਖ਼ਾਲਸਾ ਕਾਲਜ ਗੰਗਾ ਨਗਰ, ਬਤੌਰ ਪੰਜਾਬੀ ਪ੍ਰੋਫ਼ੈਸਰ ਨਿਯੁਕਤ ਹੋਏ। 1973 ਵਿਚ ਉਹ ਸਿੱਖ਼ ਨੈਸ਼ਨਲ ਕਾਲਜ ਬੰਗਾ ਵਿਚ ਆ ਗਏ, ਜਿੱਥੋਂ ਉਹ ਬਤੌਰ ਮੁੱਖੀ ਪੰਜਾਬੀ ਵਿਭਾਗ 1988 ਵਿਚ ਸੇਵਾ ਮੁਕਤ ਹੋਏ। 1990 ਵਿਚ ਉਹ ਅਮਰੀਕਾ ਚਲੇ ਗਏ, ਜਿੱਥੋਂ ਉਹ 1994 ਵਿਚ ਵਾਪਸ ਆਏ।

ਉਨ੍ਹਾਂ ਦੀਆਂ ਪੰਜਾਬੀ ਵਿਚ 18 ਪੁਸਤਕਾਂ ਪ੍ਰਕਾਸ਼ਿਤ ਹੋਈਆਂ ਜਿਨ੍ਹਾਂ ਵਿਚ ਕਵਿਤਾ ਦੀਆਂ 11 ਪੁਸਤਕਾਂ ਹਨ। ਇਨ੍ਹਾਂ ਵਿਚ 'ਮੋਤੀਆਂ ਦੇ ਥਾਲ', 'ਨੂਰ ਧਾਰਾ', 'ਸਤਿ ਸ੍ਰੀ ਅਕਾਲ', 'ਰੁਬਾਈਆਂ', 'ਲੁਧਿਆਣੇ ਦਾ ਘੰਟਾ ਘਰ', 'ਕੁੰਡਲੀਏ', 'ਸ਼ੌਂਕ ਮਾਹੀ ਦਾ' (ਡਿਉਢਾਂ) ਤੇ ਮਹਾਂ ਕਾਵਿ 'ਸਾਇੰਸ ਤੇ ਧਰਮ', 'ਰੂਹਾਨੀ ਪਾਰਸ', 'ਇੱਕ ਜੰਗਲੀ ਫੁੱਲ' ਆਦਿ ਸ਼ਾਮਿਲ ਹਨ। ਉਨ੍ਹਾਂ ਦੀਆਂ ਹੋਰ ਪੁਸਤਕਾਂ ਵਿਚ 'ਮੇਰਾ ਅਸਤਿਤਵ' (ਨਾਵਲ), 'ਸਾਹਿਤ ਆਲੋਚਨਾ ਦੇ ਸਿਧਾਂਤ' (ਆਲੋਚਨਾ), 'ਜੀਵਨ ਬਾਬਾ ਭਗਤ ਸਿੰਘ ਨਾਨਕ ਸਰ (ਜੀਵਨੀ)', 'ਗੁਰੂ ਅਮਰਦਾਸ ਜੀ ਦਾ ਜੀਵਨ ਅਤੇ ਸੰਦੇਸ਼ (ਵਾਰਤਕ)', 'ਸ੍ਰੀ ਗੁਰੂ ਗੁਬਿੰਦ ਸਿੰਘ ਦਰਸ਼ਨ' (ਵਾਰਤਕ), 'ਸ੍ਰੀ ਗੁਰੂ ਨਾਨਕ ਦਰਸ਼ਨ' (ਵਾਰਤਕ), 'ਰਾਜਾ ਲੀਅਰ' (ਬਾਲ ਸਾਹਿਤ) ਆਦਿ ਸ਼ਾਮਿਲ ਹਨ। ਅੰਗ੍ਰੇਜ਼ੀ ਵਿਚ ਉਨ੍ਹਾਂ 6 ਨਾਵਲ-'ਸ਼ਕੁੰਤਲਾ', 'ਕੌਸ਼ਲ', 'ਪਦਮਨੀ', 'ਜਾਨਕੀ', 'ਕਾਂਨਗੀ', 'ਰੋਬੋਟ' ਲਿਖੇ। ਉਨ੍ਹਾਂ 'ਤਾਨ ਸੇਨ ਦੀ ਸਵੈ ਜੀਵਨੀ' ਅੰਗ੍ਰੇਜ਼ੀ ਵਿਚ ਲਿਖੀ।

# ਪਾਂਡੀਚੇਰੀ ਦੇ ਉਪ ਰਾਜਪਾਲ ਡਾ. ਇਕਬਾਲ ਸਿੰਘ ਦੀ ਪੁਸਤਕ ਰਿਲੀਜ਼

**ਨਵੀਂ ਦਿੱਲੀ:** ਪਾਂਡੀਚੇਰੀ ਦੇ ਲੈਫਟੀਨੈਂਟ ਗਵਰਨਰ ਡਾ. ਇਕਬਾਲ ਸਿੰਘ ਦੇ ਇਸ ਅਹੁਦੇ 'ਤੇ ਰਹਿੰਦਿਆਂ ਪਹਿਲੇ ਸਾਲ ਦੌਰਾਨ ਦਿੱਤੇ ਭਾਸ਼ਨਾਂ ਨੂੰ ਪੁਸਤਕ ਰੂਪ 'ਚ ਪਿਛਲੇ ਦਿਨੀਂ ਰਾਸ਼ਟਰਪਤੀ ਭਵਨ ਨਵੀਂ ਦਿੱਲੀ 'ਚ ਰਿਲੀਜ਼ ਕੀਤਾ ਗਿਆ। ਪੁਸਤਕ ਦਾ ਨਾਂ 'ਰਿਫਲੈਕਸ਼ਨਜ਼ ਫਰਾਮ ਦਾ ਟਰੈਂਕੁਇਲ ਲੈਂਡ ਐਂਡ ਬਿਔਂਡ' ਹੈ। ਰਾਸ਼ਟਰਪਤੀ ਭਵਨ 'ਚ ਹੋਏ ਸੰਖੇਪ ਜਿਹੇ ਸਮਾਗਮ 'ਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇਹ ਕਿਤਾਬ ਰਿਲੀਜ਼ ਕੀਤੀ। ਪੁਸਤਕ ਵਿਚਲੇ ਭਾਸ਼ਨਾਂ ਨੂੰ 18 ਵੱਡੇ ਥੀਮਾਂ 'ਚ ਸੰਕਲਿਤ ਕੀਤਾ ਗਿਆ



*ਰਾਸ਼ਟਰਪਤੀ ਪ੍ਰਤਿਭਾ ਦੇਵੀਸਿੰਘ ਪਾਟਿਲ ਰਾਸ਼ਟਰਪਤੀ ਭਵਨ ਵਿਖੇ ਡਾ. ਇਕਬਾਲ ਸਿੰਘ ਦੀ ਪੁਸਤਕ ਰਿਲੀਜ਼ ਕਰਦੇ ਹੋਏ*

ਹੈ। ਰਾਜਪਾਲ ਡਾ. ਇਕਬਾਲ ਸਿੰਘ ਦੀਆਂ ਜਨਤਕ ਜੀਵਨ ਦੀਆਂ ਤਸਵੀਰਾਂ ਨਾਲ ਸਜੀ ਇਸ ਪੁਸਤਕ ਦਾ ਮੁੱਖਬੰਦ ਲੋਕ ਸਭਾ ਸਪੀਕਰ ਨੇ ਲਿਖਿਆ ਹੈ। ਇਸ ਸਮਾਗਮ 'ਚ ਰਾਜ ਸਭਾ ਦੇ ਡਿਪਟੀ ਚੇਅਰਮੈਨ ਰਹਿਮਾਨ ਖਾਨ, ਉਨ੍ਹਾਂ ਦੀ ਪਤਨੀ, ਡਾ. ਇਕਬਾਲ ਸਿੰਘ ਦੀ ਪਤਨੀ, ਉਨ੍ਹਾਂ ਦੇ ਦੋ ਪੁੱਤਰ, ਪਾਂਡੀਚੇਰੀ ਸਰਕਾਰ ਦੇ ਮੁੱਖ ਸਕੱਤਰ ਸ੍ਰੀ ਆਰ. ਚੰਦਰਮੋਹਨ, ਰਾਜਪਾਲ ਦੇ ਓ.ਐਸ.ਡੀ. ਇੰਜੀਨੀਅਰ ਜੇ.ਪੀ. ਸਿੰਘ, ਕਿਤਾਬ ਦੇ ਪ੍ਰਕਾਸ਼ਕ ਤੇ ਹੋਰ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਡਾ. ਇਕਬਾਲ ਸਿੰਘ ਕੈਲੀਫੋਰਨੀਆ ਦੇ ਨਾਮੀ ਫੋਟੋਗ੍ਰਾਫਰ ਸ. ਹਰਭਜਨ ਸਿੰਘ ਲੌਂਗਮੈਨ ਦੇ ਮਾਮਾ ਜੀ ਹਨ।


## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

### ਕੰਨਿਆ ਦੀ ਲੋੜ

Gursikh girl for Jatt Sikh Pannu handsome boy, 27, 6'1", BA+3yrs comp. course, father retd. from army & brother working in army. Divorcee can also be considered. No demand. Call: 408-667-8519

## Public Notice

### Name change

I, Baksho W/O Gurtej Singh Brar resident of V. Rajjapur P.O. Khanowal Distt. Kapurthala Punjab India, currently living at 3417 N Hamboldt Ave, Kerman, CA 93630 USA, have changed my name from Baksho to Baksho Kaur. All concerned please note.


# ਸਰਕਾਰ, ਕੈਪਟਨ ਦੇ ਕਾਰ ਹਾਦਸੇ ਦੀ ਰਿਪੋਰਟ ਨਸ਼ਰ ਕਰਨ ਤੋਂ ਮੁੱਕਰੀ

**ਰੂਪਨਗਰ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਸਹਿਕਾਰਤਾ ਮੰਤਰੀ ਕੈਪਟਨ ਕਵਲਜੀਤ ਸਿੰਘ ਦੀ ਸੜਕ ਹਾਦਸੇ ਦੌਰਾਨ ਹੋਈ ਮੌਤ ਦਾ ਭੇਤ ਬਰਕਰਾਰ ਹੈ। ਅਕਾਲੀ ਦਲ (ਬ) ਤੋਂ ਬਾਗੀ ਹੋਏ ਮਨਪ੍ਰੀਤ ਬਾਦਲ ਨੇ ਇਸ ਹਾਦਸੇ ਬਾਰੇ ਕਰਵਾਈ ਜਾਂਚ ਦੀ ਰਿਪੋਰਟ ਨਸ਼ਰ ਕਰਨ ਦੀ ਮੰਗ ਕਰਕੇ ਇਸ ਮਾਮਲੇ ਨੂੰ ਮੁੜ ਭਖਾ ਦਿੱਤਾ ਹੈ ਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਨਪ੍ਰੀਤ ਦੀ ਇਸ ਮੰਗ ਨੂੰ ਠੁਕਰਾਉਂਦਿਆਂ ਰਿਪੋਰਟ ਨਸ਼ਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਰੂਪਨਗਰ ਜ਼ਿਲ੍ਹੇ ਦੇ ਪਿੰਡ ਸੋਲਖੀਆਂ ਵਿਖੇ ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਕੰਵਲਜੀਤ ਸਿੰਘ ਇਕ ਵੱਡੇ ਕੱਦ ਵਾਲੇ ਅਕਾਲੀ ਆਗੂ ਸਨ ਜਿਨ੍ਹਾਂ ਦਾ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ ਤੇ ਉਨ੍ਹਾਂ ਨੂੰ ਖੁਦ ਵੱਡਾ ਨੁਕਸਾਨ ਹੋਇਆ ਹੈ। ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਕੰਵਲਜੀਤ ਸਿੰਘ ਦੇ ਪਰਿਵਾਰ ਵੱਲੋਂ ਜਾਂਚ ਰਿਪੋਰਟ ਜਨਤਕ ਕਰਨ ਬਾਰੇ ਕੋਈ ਮੰਗ ਨਹੀਂ ਆਈ। ਇਸ ਬਾਰੇ ਕਿਸੇ ਹੋਰ ਨੂੰ ਅਜਿਹੀ ਮੰਗ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਕੋਈ ਵਿੱਤੀ ਸੰਕਟ ਨਹੀਂ ਹੈ ਤੇ ਪੰਜਾਬ ਦੀ ਮਾਲੀ ਹਾਲਤ ਬਹੁਤ ਵਧੀਆ ਹੈ ਇਸੇ ਕਰਕੇ ਉਨ੍ਹਾਂ ਵੱਲੋਂ ਸੰਗਤ ਦਰਸ਼ਨਾਂ ਦੌਰਾਨ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇ ਗੱਫੇ ਦਿੱਤੇ ਜਾ ਰਹੇ ਹਨ। ਉਨ੍ਹਾਂ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਰਕਾਰੀ ਜਾਇਦਾਦਾਂ ਵੇਚਣ ਦੇ ਲਗਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ।




## Desi Cuts and Color Plus

For Men, Women & Children

Grand Opening



Mandeep
510-200-4415

Ph:510-429-0786



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )



ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ



FARMERS INSURANCE GROUP
Symbol of Superior Service

FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਹਾਕੀ 'ਚ ਬੀ.ਐਸ.ਐਫ. ਤੇ ਕਬੱਡੀ 'ਚ ਅੰਬੀ ਹਠੂਰ ਨੇ ਬਾਜ਼ੀ ਮਾਰੀ

**ਸਤਵਿੰਦਰ ਬਸਰਾ**

ਲੁਧਿਆਣਾ: ਕਿਲਾ ਰਾਇਪੁਰ ਦੀਆਂ 75ਵੀਆਂ ਮਿੰਨੀ ਪੇਂਡੂ ਉਲੰਪਿਕਸ ਖੇਡਾਂ ਦੌਰਾਨ ਭਗਵੰਤ ਯਾਦਗਾਰੀ ਹਾਕੀ ਕੱਪ ਦੇ ਫਾਈਨਲ 'ਚ ਬੀ.ਐਸ.ਐਫ. ਨੇ ਕਿਲਾ ਰਾਏਪੁਰ ਨੂੰ 8-7 ਗੋਲਾਂ ਦੇ ਫਰਕ ਨਾਲ ਹਰਾ ਕੇ 100 ਤੋਲੇ ਹਾਕੀ ਕੱਪ



'ਤੇ ਕਬਜ਼ਾ ਕੀਤਾ। ਕੁੜੀਆਂ ਦੇ ਹਾਕੀ ਮੁਕਾਬਲੇ ਦੇ ਫਾਈਨਲ 'ਚੋਂ ਸਪੋਰਟਸ ਵਿੰਗ ਕੈਰੋਂ ਨੇ ਸਹਾਰਨਪੁਰ ਯੂ.ਪੀ. ਨੂੰ ਹਰਾ ਕੇ ਜੇਤੂ ਟਰਾਫੀ ਜਿੱਤੀ। ਅੰਡਰ 14 ਸਾਲ ਹਾਕੀ 'ਚੋਂ ਮਾਲਵਾ ਅਕੈਡਮੀ ਲੁਧਿਆਣਾ ਨੇ ਸੁਧਾਰ ਅਕੈਡਮੀ ਨੂੰ 3-2 ਗੋਲਾ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਹਾਕੀ ਅੰਡਰ 17 ਸਾਲ ਲੜਕਿਆਂ ਦੇ ਫਾਈਨਲ ਮੁਕਾਬਲੇ ਦੌਰਾਨ ਮਾਲਵਾ ਅਕੈਡਮੀ ਨੇ ਜਰਖੜ ਅਕੈਡਮੀ ਨੂੰ 8-1 ਗੋਲਾਂ ਦੇ ਫਰਕ ਨਾਲ ਮਾਤ ਦੇ ਕੇ ਜੇਤੂ ਕੱਪ ਜਿੱਤਿਆ।

3 ਤੋਂ 6 ਫਰਵਰੀ ਤੱਕ ਚੱਲੀਆਂ ਇਨ੍ਹਾਂ ਖੇਡਾਂ ਦਾ ਰਸਮੀ ਉਦਘਾਟਨ ਗਰੇਵਾਲ ਸਪੋਰਟਸ ਸਟੇਡੀਅਮ ਵਿਖੇ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਕੀਤਾ ਅਤੇ ਕਿਲਾ ਰਾਏਪੁਰ ਨੂੰ ਵਿਕਾਸ ਕਾਰਜਾਂ ਲਈ 5 ਲੱਖ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਐਮ ਪੀ ਮਨੀਸ਼ ਤਿਵਾੜੀ ਅਤੇ ਇਸ ਹਲਕੇ ਦੇ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਵੀ ਹਾਜ਼ਰੀ ਲਵਾਈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਕਿਹਾ ਕਿ ਆਉਣ ਵਾਲੇ ਵਰਲਡ ਕਬੱਡੀ ਕੱਪ ਜੇਤੂ ਲਈ ਇਨਾਮੀ ਰਾਸ਼ੀ ਦੋ ਕਰੋੜ ਹੋਵੇਗੀ। ਉਨ੍ਹਾਂ ਨੇ ਪਿੰਡ ਕਿਲਾ ਰਾਏਪੁਰ ਵਿਚ ਆਰ.ਓ. ਸਿਸਟਮ ਲਾਗੂ ਕਰਨ ਤੇ ਡਿਸਪੈਂਸਰੀ ਖੋਲ੍ਹਣ ਦਾ ਐਲਾਨ ਵੀ ਕੀਤਾ।

ਤਿੰਨ ਲੱਖ 75 ਹਜ਼ਾਰ ਰੁਪਏ ਦੇ ਕਬੱਡੀ ਮੁਕਾਬਲਿਆਂ 'ਚ ਕਬੱਡੀ ਅਕੈਡਮੀਆਂ ਦੇ ਫਾਈਨਲ ਮੈਚ ਦੌਰਾਨ ਅੰਬੀ ਹਠੂਰ ਅਕੈਡਮੀ ਨੇ ਦਸਮੇਸ਼ ਅਕੈਡਮੀ ਕਾਲਖ ਨੂੰ ਹਰਾ ਕੇ ਜੇਤੂ ਟਰਾਫੀ 'ਤੇ ਕਬਜ਼ਾ ਕੀਤਾ। ਕਬੱਡੀ 62 ਕਿਲੋ ਦੇ ਫਾਈਨਲ 'ਚੋਂ ਝਨੇੜੀ ਨੇ ਪਹਿਲਾ ਤੇ ਬੁਟਾਹਰੀ ਨੇ ਦੂਸਰਾ ਸਥਾਨ ਹਾਸਲ ਕੀਤਾ। ਐਥਲੈਟਿਕਸ ਦੇ ਫਾਈਨਲ ਮੁਕਾਬਲਿਆਂ ਦੌਰਾਨ 5 ਹਜ਼ਾਰ ਮੀਟਰ ਦੌੜ ਲੜਕਿਆਂ 'ਚੋਂ ਸੰਜੇ ਹਰਿਆਣਾ ਨੇ ਪਹਿਲਾ, ਅੰਗਰੇਜ਼ ਪੰਜਾਬ ਪੁਲਿਸ ਨੇ ਦੂਸਰਾ ਜਦੋਂਕਿ ਅਮਿਤ ਲੁਧਿਆਣਾ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 200 ਮੀਟਰ ਲੜਕਿਆਂ 'ਚੋਂ ਅਮਨਦੀਪ ਪੰਜਾਬ ਪੁਲਿਸ ਨੇ ਪਹਿਲਾ, ਪ੍ਰਵੀਨ ਪੰਜਾਬ ਪੁਲਿਸ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਉੱਚੀ ਛਾਲ ਲੜਕੀਆਂ ਦੇ ਫਾਈਨਲ 'ਚੋਂ ਕੁਲਵਿੰਦਰ ਕੌਰ ਨੇ ਪਹਿਲਾ, ਕਮਲਜੀਤ ਕੌਰ ਤੇ ਸੰਦੀਪ ਕੌਰ ਨੇ ਦੂਸਰਾ ਤੇ ਦਲਬੀਰ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

ਬੈਲ ਗੱਡੀਆਂ ਦੀਆਂ ਦੌੜਾਂ ਲਈ 50 ਹਜ਼ਾਰ ਦੀ ਇਨਾਮੀ ਰਾਸ਼ੀ ਫਾਈਨਲ ਹੀਟ ਦੌਰਾਨ ਰਣਧੀਰ ਸਿੰਘ ਈਸਾਪੁਰਾ ਲੰਡਾ ਦੀ ਬੈਲ ਗੱਡੀ ਨੇ ਜਿੱਤੀ, ਮਨਜਿੰਦਰ ਸਿੰਘ ਪੋਹੀੜ ਦੀ ਗੱਡੀ ਨੇ ਦੂਸਰਾ ਮਲਕੀਤ ਸਿੰਘ ਆਸੀ ਕਲਾਂ ਦੀ ਗੱਡੀ ਤੀਸਰਾ ਤੇ ਹਨੀ ਕਿਲਾ ਰਾਏਪੁਰ ਦੀ ਗੱਡੀ ਨੇ ਚੌਥਾ ਸਥਾਨ ਪ੍ਰਾਪਤ ਕੀਤਾ।

ਇਨ੍ਹਾਂ ਖੇਡਾਂ ਦਾ ਮੁੱਖ ਆਕਰਸ਼ਨ ਇੱਕੋ ਸਮੇਂ ਕਈ ਕਈ ਬੈਲ ਗੱਡੀਆਂ ਦੀ ਦੌੜ ਅਤੇ ਹੋਰ ਪੇਂਡੂ ਖੇਡਾਂ ਹੁੰਦੀਆਂ ਹਨ। ਭਾਵੇਂ ਖੇਡ ਮੇਲੇ ਵਿਚ ਹੋਰ ਵੀ ਕਈ ਖੇਡਾਂ ਸ਼ਾਮਲ ਹੁੰਦੀਆਂ ਹਨ



*ਦੋ ਘੋੜਿਆਂ ਦੀ ਅਸਵਾਰੀ ਕਰ ਰਿਹਾ ਇਕ ਨਿਹੰਗ ਸਿੰਘ*

ਪਰ ਵਧੇਰੇ ਕਰਕੇ ਲੋਕ ਬੈਲ ਗੱਡੀਆਂ ਦੀਆਂ ਦੌੜਾਂ ਦੇਖਣ ਲਈ ਹੀ ਇਕੱਠੇ ਹੁੰਦੇ ਹਨ। ਆਖਰੀ ਦਿਨ ਬੈਲ ਗੱਡੀਆਂ ਦੀਆਂ ਦੌੜਾਂ ਦੇ ਫਾਈਨਲ ਮੁਕਾਬਲੇ ਕਰਵਾਏ ਗਏ ਜਿਨ੍ਹਾਂ ਵਿਚ ਕਈ ਕਈ ਬੈਲ ਗੱਡੀਆਂ ਇਕੱਠੀਆਂ ਦੌੜੀਆਂ। ਕਿਲਾ ਰਾਏਪੁਰ ਦੇ ਮੈਦਾਨ ਵਿਚ ਦੌੜਦੀਆਂ ਇਨ੍ਹਾਂ ਬੈਲ ਗੱਡੀਆਂ ਦਾ ਨਜ਼ਾਰਾ ਦੇਖਿਆਂ ਹੀ ਬਣਦਾ ਸੀ।



ਮੇਲੇ ਦੌਰਾਨ ਬਜ਼ੁਰਗਾਂ ਦੀ ਦੌੜ ਨੇ ਸਭ ਦਾ ਮਨ ਮੋਹ ਲਿਆ। 70 ਤੋਂ 80 ਸਾਲ ਦੀ ਉਮਰ ਦੇ ਬਜ਼ੁਰਗਾਂ ਦੀ ਦੌੜ ਵਿਚ ਨਛੱਤਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ ਦੌੜ ਵਿਚੋਂ ਜੇਤੂ ਦਾ ਸਿਹਰਾ ਸਾਦਪੁਰ ਦੇ ਦਲੀਪ ਸਿੰਘ ਦੇ ਸਿਰ ਬੱਝਾ। ਮੈਦਾਨ ਵਿਚ ਦੌੜਦੇ ਇਹ ਬਜ਼ੁਰਗ ਕਿਸੇ ਨੌਜਵਾਨ ਤੋਂ ਘੱਟ ਨਹੀਂ ਸਨ ਜਾਪਦੇ। ਇਨ੍ਹਾਂ ਬਜ਼ੁਰਗਾਂ ਨੇ ਅੱਜ ਦੀ ਨਸ਼ਿਆਂ ਵਿਚ ਫਸੀ ਨੌਜਵਾਨ ਪੀੜ੍ਹੀ ਨੂੰ ਚੰਗੇ ਪਾਸੇ ਲੱਗਣ ਦਾ ਸੰਦੇਸ਼ ਵੀ ਦਿੱਤਾ।

ਸਾਈਕਲ ਦੌੜ ਵਿਚ ਪਟਿਆਲਾ ਦੇ ਮੋਹਿਤ ਨੇ ਪਹਿਲਾ, ਖੰਨਾ ਦੇ ਕੁਲਦੀਪ ਸਿੰਘ ਨੇ ਦੂਜਾ ਅਤੇ ਸ਼ੰਕਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕੇ-ਲੜਕੀਆਂ ਦੀਆਂ ਦੌੜਾਂ ਅਤੇ ਕੁੱਤਿਆਂ ਦੀਆਂ ਦੌੜਾਂ ਵੀ ਕਰਵਾਈਆਂ ਗਈਆਂ।

ਨਿਹੰਗ ਸਿੰਘਾਂ ਦੇ ਕਰਤਬਾਂ ਨੇ ਲੋਕਾਂ ਨੂੰ ਦੰਦਾਂ ਹੇਠਾਂ ਉਂਗਲਾਂ ਦੇਣ ਲਈ ਮਜਬੂਰ ਕਰ ਦਿੱਤਾ। ਘੋੜਿਆਂ 'ਤੇ ਸਵਾਰੀ ਕਰਨ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਮੱਘਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਦੋ ਘੋੜਿਆਂ 'ਤੇ ਚੜ੍ਹ ਕੇ ਭਜਾਉਣ ਦੇ ਕਰਤਬ ਦਿਖਾਏ। ਇਸੇ ਦੌਰਾਨ ਇੱਕ ਨਿਹੰਗ ਸਿੰਘ ਘੋੜਿਆਂ ਤੋਂ ਹੇਠਾਂ ਡਿਗ ਵੀ ਗਿਆ ਪਰ ਸਦਕੇ ਜਾਈਏ ਗੁਰੂ ਦੀਆਂ ਇਨ੍ਹਾਂ ਫੌਜਾਂ ਦੇ ਕਿ ਉਹ ਨਿਹੰਗ ਸਿੰਘ ਮੁੜ ਖੜ੍ਹਾ ਹੋ ਕੇ ਸਫਲਤਾਪੂਰਵਕ ਆਪਣੇ ਕਰਤਬ ਦਿਖਾ ਕੇ ਗਿਆ। ਰਾਜਸਥਾਨ ਦੇ ਊਠਾਂ ਨੇ ਵੀ ਕਰਤਬ ਦਿਖਾਏ। ਪੀ.ਏ.ਪੀ. ਦੇ ਜਵਾਨਾਂ ਨੇ ਮੋਟਰਸਾਈਕਲਾਂ 'ਤੇ ਹੈਰਤਅੰਗੇਜ਼ ਕਰਤਬ ਦਿਖਾ ਕੇ ਲੋਕਾਂ ਨੂੰ ਹੈਰਾਨੀ ਵਿਚ ਪਾਈ ਰੱਖਿਆ। ਇਨ੍ਹਾਂ ਵਿਚੋਂ ਇੱਕ ਨੇ ਮੋਟਰ ਸਾਈਕਲ 'ਤੇ ਪੌੜੀ ਲਾ ਕੇ ਚੜ੍ਹਨ ਦਾ ਕਰਤਬ ਦਿਖਾਇਆ। ਇੱਕ ਮੋਟਰਸਾਈਕਲ 'ਤੇ ਕਈ ਕਈ ਨੌਜਵਾਨਾਂ ਵੱਲੋਂ ਸਵਾਰੀ ਕਰਨ ਤੋਂ ਇਲਾਵਾ ਮੋਟਰ ਸਾਈਕਲ 'ਤੇ ਸੌਣ, ਅਖਬਾਰ ਪੜ੍ਹਨ ਅਤੇ ਹੋਰ ਕਈ ਹੈਰਾਨੀ ਭਰੇ ਕਰਤਬ ਦਿਖਾ ਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ।

ਪਟਿਆਲਾ ਤੋਂ ਆਏ ਅਮਨਦੀਪ ਸਿੰਘ ਨੇ ਮੂੰਹ ਨਾਲ ਚੱਲਣ ਵਾਲੀ 'ਮਾਊਥ ਏਅਰ ਗਨ' ਰਾਹੀਂ ਥ੍ਰੋ ਪਿੰਨ ਨੂੰ 100 ਮੀਟਰ ਦੂਰ ਤੱਕ ਸੁੱਟਣ ਦਾ ਜ਼ੋਹਰ ਦਿਖਾਇਆ। ਇੱਕ ਬਜ਼ੁਰਗ ਵੱਲੋਂ 70 ਕਿੱਲੋ ਤੋਂ ਵੀ ਭਾਰਾ ਪੱਥਰ ਚੁੱਕਣ, ਦੰਦਾਂ ਨਾਲ ਸਾਈਕਲ ਚੁੱਕਣ ਦੇ ਕਰਤਬਾਂ ਤੋਂ ਇਲਾਵਾ ਨੌਜਵਾਨਾਂ ਵੱਲੋਂ ਦੰਦਾਂ ਨਾਲ ਹਲ ਚੁਕਣ, ਇੱਕ ਕੁਇੰਟਲ ਭਾਰ ਵਾਲਾ ਗੰਨੇ ਪੀੜਨ ਵਾਲਾ ਵੇਲ੍ਹਣਾ ਚੁੱਕ ਕੇ, ਅੱਗ ਵਿਚੋਂ ਛਾਲ ਮਾਰਨ, ਇੱਕ ਬੋਤਲ ਦੇ ਭਾਰ ਖੜ੍ਹੇ ਹੋਣ, ਮੋਟਾ ਸੰਗਲ ਤੋੜਨ ਅਤੇ ਛਾਤੀ ਉਤੇ ਇੱਟਾਂ ਤੋੜਨ ਦੇ ਕਰਤਬ ਦਿਖਾ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਮੇਲੇ ਦੀ ਖਾਸ ਪ੍ਰਾਪਤੀ ਇਹ ਰਹੀ ਕਿ ਇਸ ਵਾਰ ਕਈ ਛੋਟੇ-ਛੋਟੇ ਬੱਚਿਆਂ ਨੇ ਵੀ ਜੌਹਰ ਦਿਖਾਏ। ਅਮਲੋਹ ਤੋਂ ਆਏ ਹਰਪ੍ਰੀਤ ਨੇ ਡੰਡ ਬੈਠਕਾਂ ਕੱਢ ਕੇ ਅਤੇ ਇੱਕ ਹੋਰ ਬੱਚੇ ਨੇ ਦੰਦਾਂ ਨਾਲ ਇੱਟਾਂ ਚੁੱਕ ਕੇ ਹੋਰਨਾਂ ਬੱਚਿਆਂ ਨੂੰ ਵੀ ਖੇਡਾਂ ਵੱਲ ਆਉਣ ਲਈ ਪ੍ਰੇਰਿਤ ਕੀਤਾ।

### ਖੇਡਾਂ ਦਾ ਇਤਿਹਾਸ

ਪੰਜਾਬ ਦੇ ਪਿੰਡ-ਪਿੰਡ ਵਿਚ ਹੋ ਰਹੇ ਖੇਡ ਮੇਲਿਆਂ ਦਾ ਸਿਹਰਾ ਬਿਨਾਂ ਸ਼ੱਕ ਕਿਲਾ ਰਾਏਪੁਰ ਦੀਆਂ ਖੇਡਾਂ ਨੂੰ ਜਾਂਦਾ ਹੈ। 1931 ਵਿਚ ਅੰਮ੍ਰਿਤਸਰ ਵਿਖੇ ਹੋਏ ਦੀਵਾਲੀ ਕੱਪ ਖੇਡਣ ਗਈ ਕਿਲ੍ਹਾ ਰਾਏਪੁਰ ਦੀ ਹਾਕੀ ਟੀਮ ਜੋ ਦੂਜੇ ਸਥਾਨ ਆਈ, ਨੇ ਅਗਲੇ ਵਰ੍ਹੇ 1933 ਵਿਚ ਕਿਲਾ ਰਾਏਪੁਰ ਖੇਡਾਂ ਦਾ ਹਾਕੀ ਤੇ ਵਾਲੀਬਾਲ ਮੁਕਾਬਲਿਆਂ ਨਾਲ ਮੁੱਢ ਬੰਨ੍ਹਿਆ। ਇਨ੍ਹਾਂ ਖੇਡਾਂ ਨੇ ਦੇਸ਼ ਹੀ ਨਹੀਂ ਪੂਰੀ ਦੁਨੀਆ ਵਿਚ ਪੇਂਡੂ ਮਿੰਨੀ ਉਲੰਪਿਕ ਖੇਡਾਂ ਵਜੋਂ ਨਾਮਣਾ ਖੱਟਿਆ। ਇਹ ਖੇਡਾਂ 3 ਤੋਂ 6 ਫਰਵਰੀ ਤੱਕ ਗਰੇਵਾਲ ਸਟੇਡੀਅਮ ਵਿਖੇ ਹੋਈਆਂ।

ਭਾਵੇਂ ਕਿਲਾ ਰਾਏਪੁਰ ਖੇਡਾਂ ਤੇ ਪ੍ਰਬੰਧਕਾਂ ਦੀ ਹੋਂਦ ਹਾਕੀ ਕਰਕੇ ਹੈ ਪਰ ਸਮੇਂ-ਸਮੇਂ ਦੇ ਬਦਲਦੇ ਹਾਲਾਤ ਨੇ ਇਨ੍ਹਾਂ ਖੇਡਾਂ ਵਿਚ ਪਿਛਲੇ ਕੁਝ ਅਰਸੇ ਤੋਂ ਬੈਲ ਗੱਡੀਆਂ ਦੀਆਂ ਦੌੜਾਂ, ਸੁਹਾਗਾ ਦੌੜ, ਕੁੱਤਿਆਂ ਦੀਆਂ ਦੌੜਾਂ, ਟਰੈਕਟਰ ਦੌੜਾਂ, ਸਾਈਕਲਿੰਗ ਤੋਂ ਇਲਾਵਾ ਵਿਅਕਤੀਗਤ ਕਰਤੱਬ, ਨਿਹੰਗ ਸਿੰਘ ਘੋੜਿਆਂ ਦੇ ਕਰਤੱਬ ਆਦਿ ਹੋਰ ਪੁਰਾਤਨ ਖੇਡਾਂ ਦਾ ਬੋਲਬਾਲਾ ਇਨ੍ਹਾਂ ਖੇਡਾਂ ਵਿਚ ਹੋਇਆ। ਖੇਡਾਂ ਦੇ ਬਾਨੀ ਜੁਗਿੰਦਰ ਸਿੰਘ ਪੀ.ਟੀ. ਦੱਸਿਆ ਕਰਦੇ ਸਨ ਕਿ 1948 ਤੱਕ ਖੇਡਾਂ ਦਾ ਕੋਈ ਪ੍ਰਧਾਨ ਜਾਂ ਚੇਅਰਮੈਨ ਨਹੀਂ ਹੁੰਦਾ ਸੀ ਸਗੋਂ 1 ਜਨਰਲ ਸਕੱਤਰ ਤੇ ਅੱਗੇ 15 ਕੁ ਮੈਂਬਰੀ ਕਮੇਟੀ ਖੇਡਾਂ ਦਾ ਪ੍ਰਬੰਧ ਕਰਦੀ ਸੀ।

ਦੇਸ਼ ਦੀ ਆਜ਼ਾਦੀ ਤੋਂ ਬਾਅਦ 1948 'ਚ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਚੰਡੀਗੜ੍ਹ ਵਿਖੇ ਆਉਣਾ ਸੀ ਤਾਂ ਉਨ੍ਹਾਂ ਦਾ ਅਚਨਚੇਤ ਦੌਰਾ ਰੱਦ ਹੋਣ ਕਾਰਨ ਉਥੇ ਪਹੁੰਚਿਆ ਮੀਡੀਆ ਕਿਲਾ ਰਾਏਪੁਰ ਖੇਡਾਂ ਨੂੰ ਵੇਖਣ ਲਈ ਪੁੱਜਿਆ ਜਿਨ੍ਹਾਂ ਵਿਚ ਸਾਧੂ ਸਿੰਘ ਹਮਦਰਦ, ਗੁਰਬਖਸ਼ ਸਿੰਘ ਪ੍ਰੀਤਲੜੀ, ਲਾਲਾ ਜਗਤ ਨਰਾਇਣ, ਕੁਲਦੀਪ ਨਈਅਰ ਵਰਗੇ ਉਸ ਵੇਲੇ ਦੇ ਨਾਮੀ ਪੱਤਰਕਾਰ ਖੇਡਾਂ ਵੇਖਣ ਲਈ ਆਏ ਅਤੇ ਖੇਡਾਂ ਦੇਖ ਕੇ ਇੰਨਾ ਖੁਸ਼ ਹੋਏ ਕਿ ਉਸ ਤੋਂ ਬਾਅਦ ਇਨ੍ਹਾਂ ਖੇਡਾਂ ਨੂੰ ਮੀਡੀਆ ਵਿਚ ਕਵਰੇਜ ਮਿਲਣੀ ਸ਼ੁਰੂ ਹੋਈ।

ਸਵਰਗੀ ਜਸਟਿਸ ਗੁਰਨਾਮ ਸਿੰਘ ਤੇ ਹਾਕੀ ਦੇ ਜਾਦੂਗਰ ਧਿਆਨ ਚੰਦ, ਸੀਨੀਅਰ ਬਲਬੀਰ ਸਿੰਘ, ਅਜੀਤਪਾਲ ਸਿੰਘ ਤੇ ਸੁਰਜੀਤ ਸਿੰਘ ਵਰਗੇ ਹੋਰ ਕਈ ਨਾਮੀ ਹਾਕੀ ਸਟਾਰ ਕਿਲ੍ਹਾ ਰਾਏਪੁਰ ਖੇਡਾਂ ਮੈਦਾਨਾਂ ਦਾ ਸ਼ਿੰਗਾਰ ਬਣੇ। ਜਸਟਿਸ ਗੁਰਨਾਮ ਸਿੰਘ ਜਦੋਂ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਆਖਿਆ ਕਿ ਕਿਲਾ ਰਾਏਪੁਰ ਸਟੇਡੀਅਮ ਨੂੰ ਅੰਤਰਰਾਸ਼ਟਰੀ ਪੱਧਰ ਦਾ ਸਟੇਡੀਅਮ ਬਣਾਵਾਂਗੇ ਪਰ ਵਾਅਦੇ ਵਫ਼ਾ ਨਹੀਂ ਹੋਏ।

ਕਿਲ੍ਹਾ ਰਾਏਪੁਰ ਖੇਡਾਂ ਦੀ ਬਦੌਲਤ ਕਿਲਾ



ਰਾਏਪੁਰ ਨੇ ਨਾਮੀ ਖਿਡਾਰੀ ਪੈਦਾ ਕੀਤੇ। ਉਲੰਪੀਅਨ ਜੀ.ਐਸ. ਗਰੇਵਾਲ, ਉਲੰਪੀਅਨ ਬਾਲ ਕ੍ਰਿਸ਼ਨ ਸਿੰਘ ਉਲੰਪਿਕ ਖੇਡਾਂ ਤੱਕ ਗਏ। ਦਲਜੀਤ ਸਿੰਘ ਗਰੇਵਾਲ ਰੇਲਵੇ, ਰਣਜੀਤ ਸਿੰਘ ਗਰੇਵਾਲ ਰੇਲਵੇ, ਸੁਰਜੀਤ ਸਿੰਘ ਗਰੇਵਾਲ ਪੰਜਾਬ ਪੁਲਿਸ, ਸੁਖਬੀਰ ਸਿੰਘ ਗਰੇਵਾਲ ਨੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੇ ਮੁਕਾਮ ਨੂੰ ਦਰਸਾਇਆ ਤੇ ਉਚ ਪੱਧਰ ਦੀਆਂ ਸਰਕਾਰੀ ਨੌਕਰੀਆਂ ਹਾਸਲ ਕੀਤੀਆਂ। ਇਸ ਤੋਂ ਇਲਾਵਾ ਪਿਛਲੇ ਦਹਾਕਿਆਂ ਵਿਚ ਗਰੇਵਾਲ ਅਕੈਡਮੀ ਨੇ ਹੋਰ ਕਈ ਨਾਮੀ ਖਿਡਾਰੀ ਪੈਦਾ ਕੀਤੇ।

# ਬੱਚਿਆਂ ਅਤੇ ਸਪਾਉਜ਼ ਵੀਜ਼ੇ ਬਾਰੇ ਨੋਟਿਸ ਦਾ ਸਵਾਗਤ

**ਸਾਨ ਫਰਾਂਸਿਸਕੋ:** ਐਨ.ਆਰ.ਆਈ. ਫਰੰਟ ਯੂ ਐਸ ਏ ਨੇ ਸਾਨ ਫਰਾਂਸਿਸਕੋ ਵਿਚਲੇ ਭਾਰਤੀ ਕੌਂਸਲਖਾਨੇ ਵਲੋਂ ਕੱਢੇ ਗਏ ਉਸ ਨੋਟਿਸ ਦਾ ਸੁਆਗਤ ਕੀਤਾ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਹੁਣ ਇਸ ਅੰਬੈਸੀ ਤੋਂ ਉਨ੍ਹਾਂ ਬੱਚਿਆਂ ਅਤੇ ਪਤੀ-ਪਤਨੀ ਨੂੰ ਵੀਜ਼ਾ ਦਿੱਤਾ ਜਾ ਸਕਦਾ ਹੈ ਜਿਨ੍ਹਾਂ ਦੇ ਮੁਖੀ ਦਾ ਇਥੇ ਕਿਸੇ ਵੀ ਕਿਸਮ ਦਾ ਸਟੇਟਸ ਹੋਵੇ। ਇਸ ਨਾਲ 70,000 ਦੇ ਕਰੀਬ ਉਨ੍ਹਾਂ ਭਾਰਤੀਆਂ ਨੂੰ ਫਾਇਦਾ ਹੋਵੇਗਾ ਜਿਨ੍ਹਾਂ ਦੇ ਭਾਰਤ ਜਾਣ ਲਈ ਵੀਜ਼ੇ ਰੁਕੇ ਹੋਏ ਸਨ। ਇਨ੍ਹਾਂ ਵਿਚ ਬਹੁਤੇ ਪੰਜਾਬੀ ਹੀ ਹਨ ਤੇ ਇਨ੍ਹਾਂ ਨੇ ਇਥੇ ਰਾਜਨੀਤਕ ਸ਼ਰਨ ਲਈ ਹੋਈ ਹੈ। ਫਰੰਟ ਦੀ ਇਕ ਮੀਟਿੰਗ ਦੌਰਾਨ ਭਾਰਤ ਸਰਕਾਰ ਨੂੰ ਇਹ ਅਪੀਲ ਕੀਤੀ ਗਈ ਕਿ ਇੱਥੇ ਰਹਿੰਦੇ ਸਮੂਹ ਭਾਰਤੀਆਂ, ਜਿਨ੍ਹਾਂ ਨੇ ਰਾਜਨੀਤਕ ਸ਼ਰਨ ਲਈ ਹੋਈ ਹੈ, ਨੂੰ ਇਕ ਵਾਰ ਆਮ ਮੁਆਫੀ ਦੇ ਦਿੱਤੀ ਜਾਵੇ ਤਾਂ ਕਿ ਉਹ ਵੀ ਆਪਣੇ ਦੇਸ਼ ਆ-ਜਾ ਸਕਣ।

ਫਰੰਟ ਨੇ ਪੰਜਾਬ ਦੇ ਸਮੂਹ ਸੰਸਦ ਮੈਂਬਰਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਪਾਰਲੀਮੈਂਟ ਵਿਚ ਪੰਜਾਬੀ ਪ੍ਰਵਾਸੀਆਂ ਨੂੰ ਵਿਦੇਸ਼ਾਂ ਵਿਚ ਆ ਰਹੀਆਂ ਮੁਸ਼ਕਲਾਂ ਲਈ ਕੋਈ ਮਤਾ ਰੱਖਣ।

ਇਕ ਹੋਰ ਮਤੇ ਰਾਹੀਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਨਵੇਂ ਬਣੇ ਐਨ ਆਰ ਆਈ ਸੈਲ ਨੂੰ ਅਮਲੀ ਜਾਮਾ ਪਹਿਨਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਐਨ ਆਰ ਆਈ ਫਰੰਟ ਦਾ ਇਕ ਵਫਦ ਪਹਿਲਾਂ ਵਾਂਗ ਇਕ ਵਾਰ ਫਿਰ ਭਾਰਤ ਅਤੇ ਪੰਜਾਬ ਸਰਕਾਰ ਦੇ ਉਚ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਮਿਲੇ। ਮੀਟਿੰਗ ਵਿਚ ਹੋਰਨਾ ਤੋਂ ਇਲਾਵਾ ਗੁਰਜਤਿੰਦਰ ਸਿੰਘ ਰੰਧਾਵਾ, ਸੁੱਖੀ ਘੁੰਮਣ, ਪਾਲ ਸਿਹੋਤਾ, ਗੁਲਿੰਦਰ ਗਿੱਲ, ਤਾਜ ਰੰਧਾਵਾ, ਗੁਰਚਰਨ ਸਿੰਘ ਢਿੱਲੋਂ, ਸੁਰਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸੰਘੇੜਾ, ਜਨਕ ਰਾਜ ਸਿਧਰਾ ਸ਼ਾਮਲ ਸਨ।



## ਕੈਂਸਰ ਦਾ ਕਹਿਰ
# ਕਈ ਪਿੰਡਾਂ 'ਚ ਲੋਕ ਰਿਸ਼ਤੇ ਕਰਨ ਤੋਂ ਵੀ ਕਤਰਾਉਣ ਲੱਗੇ

**ਬਠਿੰਡਾ (ਪੰਜਾਬ ਟਾਈਮਜ਼ ਬਿਊਰੋ):** ਲੰਮਾ ਸਮਾਂ ਪੰਜਾਬ ਦੀ ਸੱਤਾ 'ਤੇ ਕਾਬਜ਼ ਰਹੇ ਬਾਦਲ ਪਰਿਵਾਰ ਦੇ ਇਲਾਕੇ 'ਚ ਕੈਂਸਰ ਨੇ ਗੰਭੀਰ ਰੂਪ ਧਾਰ ਲਿਆ ਹੈ ਪਰ ਸਰਕਾਰਾਂ ਵੱਲੋਂ ਵਾਅਦਿਆਂ ਤੇ ਦਾਅਵਿਆਂ ਤੋਂ ਬਗੈਰ ਕੁਝ ਨਹੀਂ ਕੀਤਾ ਗਿਆ। ਬਠਿੰਡਾ ਜ਼ਿਲ੍ਹੇ ਦੇ ਤਿੰਨ ਪਿੰਡਾਂ ਝੱਜਰ, ਗਿਆਨਾ ਤੇ ਮਲਕਾਨਾ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਨੇ ਅਜਿਹਾ ਘੇਰਿਆ ਹੈ ਕਿ ਉਨ੍ਹਾਂ ਦੇ ਆਪਣੇ ਵੀ ਉਨ੍ਹਾਂ ਦਾ ਸਾਥ ਛੱਡ ਗਏ ਹਨ। ਕੋਈ ਉਨ੍ਹਾਂ ਦੇ ਬੱਚਿਆਂ ਵੱਲ ਸਾਕ ਕਰਨ ਲਈ ਰਾਜ਼ੀ ਨਹੀਂ ਤੇ ਉਹ ਬੁਰੀ ਤਰ੍ਹਾਂ ਕਰਜ਼ਾਈ ਹੋ ਗਏ ਹਨ।

ਇਨ੍ਹਾਂ ਦੀ ਸਹਾਇਤਾ ਲਈ ਨਾ ਤਾਂ ਸਰਕਾਰ ਨੇ ਠੋਸ ਰੂਪ 'ਚ ਕੋਈ ਉਪਰਾਲਾ ਕੀਤਾ ਹੈ ਤੇ ਨਾ ਹੀ ਹੋਰ ਸਮਾਜ ਸੇਵੀ ਸੰਸਥਾ ਨੇ ਇਨ੍ਹਾਂ ਦੀ ਬਾਂਹ ਫੜੀ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ ਆਪਣੇ ਅਨੇਕਾਂ ਪਿਆਰਿਆਂ ਨੂੰ ਗਵਾਉਣ ਤੋਂ ਬਾਅਦ ਇਹ ਲੋਕ ਹੁਣ ਕੈਂਸਰ ਦੀ ਰਿਪੋਰਟ ਨੂੰ ਨਸ਼ਰ ਕਰਨ ਤੋਂ ਵੀ ਡਰਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦੇ ਬੱਚਿਆਂ ਦੇ ਰਿਸ਼ਤੇ ਨਾ ਹੋਣ ਦਾ ਖ਼ਤਰਾ ਬਣ ਜਾਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਰਿਸ਼ਤੇਦਾਰ ਇਥੇ ਆ ਕੇ ਪਾਣੀ ਵੀ ਨਹੀਂ ਪੀਂਦੇ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਇਥੋਂ ਦਾ ਪਾਣੀ ਪੀਣ ਨਾਲ ਕਿਤੇ ਉਨ੍ਹਾਂ ਨੂੰ ਵੀ ਕੈਂਸਰ ਨਾ ਹੋ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਹੁਣ ਤਾਂ ਲੋਕ ਕੈਂਸਰ ਦੀ ਰਿਪੋਰਟ



ਦੀ ਹਵਾ ਬਾਹਰ ਹੀ ਨਹੀਂ ਨਿਕਲਣ ਦਿੰਦੇ ਕਿਉਂਕਿ ਇਸ ਨਾਲ ਕੋਈ ਉਨ੍ਹਾਂ ਦੇ ਬੱਚਿਆਂ ਨਾਲ ਰਿਸ਼ਤਾ ਨਹੀਂ ਜੋੜੇਗਾ। ਜਦੋਂ ਕਿਸੇ ਨੂੰ ਕੈਂਸਰ ਦਾ ਪਤਾ ਲੱਗਦਾ ਹੈ ਤਾਂ ਸਦਮੇ ਕਾਰਨ ਉਹ ਕੁਝ ਹੀ ਦਿਨਾਂ 'ਚ ਜ਼ਿੰਦਗੀ ਦੀ ਬਾਜ਼ੀ ਹਾਰ ਜਾਂਦਾ ਹੈ। ਇਸ ਲਈ ਲੋਕ ਕੈਂਸਰ ਦੀ ਰਿਪੋਰਟ ਛੁਪਾ ਕੇ ਹੀ ਰੱਖਦੇ ਹਨ। ਪਿੰਡਾਂ ਦੇ ਜ਼ਿਆਦਾਤਰ ਲੋਕ ਕਰਜ਼ਾਈ ਹੋ ਚੁੱਕੇ ਹਨ ਤੇ ਲੋਕਾਂ ਨੂੰ ਅਜੇ ਤੱਕ ਵਾਟਰ ਵਰਕਸ ਤੋਂ ਸ਼ੁੱਧ ਪਾਣੀ ਦੀ ਬੂੰਦ ਵੀ ਨਸੀਬ ਨਹੀਂ ਹੋਈ।

ਸ਼ੇਖੂਪੁਰਾ ਪਿੰਡ ਦੇ ਲੋਕ ਦਹਾਕਿਆਂ ਤੋਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੀ ਭੇਟ ਚੜ੍ਹ ਰਹੇ ਹਨ। ਮਰੀਜ਼ਾਂ ਦੇ ਇਲਾਜ 'ਤੇ ਝੱਬਿਆਂ ਦੇ ਝੱਬੇ ਪੈਸੇ ਖਰਚਣ ਕਰਕੇ ਇਸ ਪਿੰਡ ਦਾ ਸ਼ਾਇਦ ਹੀ ਕੋਈ ਘਰ ਹੋਵੇਗਾ ਜਿਸ ਦੇ ਸਿਰ ਕਰਜ਼ੇ ਦੀ ਪੰਡ ਨਾ ਹੋਵੇ। ਲੋਕਾਂ 'ਚ ਰੋਹ ਹੈ ਕਿ ਸਰਕਾਰਾਂ ਦਾਅਵੇ ਤਾਂ ਵੱਡੇ-ਵੱਡੇ ਕਰਦੀਆਂ ਹਨ ਪਰ ਅਜ ਤੱਕ ਉਨ੍ਹਾਂ ਦੀ ਬਾਂਹ ਕਿਸੇ ਨੇ ਨਹੀਂ ਫੜੀ। ਪਿੰਡ 'ਚ ਕਈ ਲੋਕ ਅਜਿਹੇ ਹਨ ਜਿਨ੍ਹਾਂ ਨੇ ਜਿਉਣ ਦੀ ਆਸ ਛੱਡ ਦਿੱਤੀ ਹੈ ਤੇ ਖ਼ੁਦ ਹੀ ਆਪਣੀ ਮੌਤ ਲਈ ਦੁਆ ਮੰਗ ਰਹੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਲੋਕ ਮੂੰਹ ਤੇ ਖਾਣੇ ਦੀ ਨਲੀ ਦੇ ਕੈਂਸਰ ਤੋਂ ਪੀੜਤ ਹਨ। ਇਸ ਤੋਂ ਇਲਾਵਾ ਜਿਗਰ, ਗੁਰਦਿਆਂ ਤੇ ਛਾਤੀ ਦੇ ਕੈਂਸਰ ਦੇ ਵੀ ਕਈ ਮਰੀਜ਼ ਹਨ। ਬਠਿੰਡਾ ਤੋਂ 42 ਕਿਲੋਮੀਟਰ ਦੂਰ ਤਲਵੰਡੀ ਸਾਬੋ-ਮੌੜ ਰੋਡ 'ਤੇ ਸਥਿਤ ਇਸ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਤੋਂ ਕੋਈ ਖਾਸ ਸਹਾਇਤਾ ਨਾ ਮਿਲਣ ਕਰਕੇ ਗਰੀਬ ਲੋਕ ਅੰਧ ਵਿਸ਼ਵਾਸਾਂ ਵੱਲ ਤੁਰ ਪਏ ਹਨ ਕਿਉਂਕਿ ਉਨ੍ਹਾਂ ਨੂੰ ਇਹ ਸਸਤਾ ਇਲਾਜ ਵਿਖਾਈ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਸਹਾਇਤਾ ਲਈ ਸਰਕਾਰ ਨੂੰ ਕਈ ਕੇਸ ਭੇਜੇ ਗਏ ਹਨ ਪਰ ਜਵਾਬ ਦੀ ਉਡੀਕ 'ਚ ਕਈ ਮਰਜ਼ੀ ਰੱਬ ਨੂੰ ਪਿਆਰੇ ਹੋ ਚੁੱਕੇ ਹਨ।

### ਹਜ਼ਾਰ ਪਿੱਛੇ 18 ਕੈਂਸਰ ਦੇ ਮਰੀਜ਼

**ਫਰੀਦਕੋਟ:** ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਐਸ.ਐਸ. ਗਿੱਲ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ 20 ਕਰੋੜ ਰੁਪਏ ਜਾਰੀ ਕੀਤੇ ਹਨ।ਉਨ੍ਹਾਂ ਦੱਸਿਆ ਕਿ ਦੇਸ਼ ਭਰ ਵਿਚ 1000 ਵਿਅਕਤੀ ਪਿੱਛੇ ਕੈਂਸਰ ਦੇ 18 ਮਰੀਜ਼ ਹਨ ਜਿਨ੍ਹਾਂ ਦੀ ਕੁੱਲ ਗਿਣਤੀ ਤਕਰੀਬਨ ਤਿੰਨ ਕਰੋੜ ਬਣਦੀ ਹੈ। ਉਨ੍ਹਾਂ ਆਖਿਆ ਕਿ ਪੰਜਾਬ ਵਿਚ ਪਿਛਲੇ ਲੰਮੇ ਸਮੇਂ ਤੋਂ ਰੇਡੀਓਥਰੈਪੀ ਪੂਰੀ ਤਰ੍ਹਾਂ ਬੰਦ ਪਈ ਸੀ ਜਿਸ ਕਾਰਨ ਮਰੀਜ਼ਾਂ ਨੂੰ ਸੂਬੇ ਤੋਂ ਬਾਹਰ ਇਲਾਜ ਕਰਵਾਉਣ ਲਈ ਜਾਣਾ ਪੈਂਦਾ ਸੀ ਪਰ ਹੁਣ 20 ਕਰੋੜ ਰੁਪਏ ਦੀ ਮਿਲੀ ਮਦਦ ਨਾਲ ਰੇਡੀਓਥ੍ਰੈਪੀ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੈਂਸਰ ਪੀੜਤਾਂ ਦੇ ਇਲਾਜ ਤੇ ਮਦਦ ਲਈ ਕੇਂਦਰ ਸਰਕਾਰ ਨੇ ਵੀ 10 ਕਰੋੜ ਰੁਪਏ ਦੇਣ ਦਾ ਭਰੋਸਾ ਦਿੱਤਾ ਹੈ ਤੇ 10 ਕਰੋੜ ਰੁਪਏ ਯੂਨੀਵਰਸਿਟੀ ਆਪਣੇ ਪੱਲਿਓਂ ਖਰਚ ਕੇ ਕੈਂਸਰ ਦੇ ਮਰੀਜ਼ਾਂ ਲਈ ਮੁਫ਼ਤ ਇਲਾਜ, ਮੁਫ਼ਤ ਰਿਹਾਇਸ਼ ਤੇ ਮੁਫ਼ਤ ਖਾਣੇ ਦਾ ਪ੍ਰਬੰਧ ਕਰੇਗੀ। ਉਨ੍ਹਾਂ ਦੱਸਿਆ ਕਿ ਕੇਂਦਰ ਤੇ ਸੂਬਾ ਸਰਕਾਰ ਨੇ ਮਿਲ ਕੇ 2012 ਵਿਚ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਨੂੰ ਸਿਹਤ ਸੇਵਾਵਾਂ ਲਈ 70 ਕਰੋੜ ਰੁਪਏ ਦੇਣ ਦਾ ਵੀ ਭਰੋਸਾ ਦਿੱਤਾ ਹੈ। ਉਨ੍ਹਾਂ ਅਨੁਸਾਰ ਬਠਿੰਡਾ ਵਿਖੇ 60 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਕੈਂਸਰ ਸੈਂਟਰ ਲਈ ਤਿੰਨ ਏਕੜ ਜ਼ਮੀਨ ਵੀ ਮਿਲ ਗਈ ਹੈ ਜੋ ਅਗਲੇ ਛੇ ਮਹੀਨਿਆਂ ਵਿਚ ਆਪਣਾ ਕੰਮ ਸ਼ੁਰੂ ਕਰ ਦੇਵੇਗਾ।

---

## ਲੋਹ-ਟੋਪ ਪਹਿਨਣ ਦਾ ਵਿਰੋਧ ਸਸਤੀ ਸ਼ੋਹਰਤ ਦਾ ਫਕਵੰਜ:ਜਸਟਿਸ ਸੋਢੀ

**ਨਵੀਂ ਦਿੱਲੀ (ਜਸਵੰਤ ਸਿੰਘ ਅਜੀਤ):** ਦਿੱਲੀ ਪੁਲਿਸ ਵਲੋਂ ਦੋ-ਪਹੀਆ ਚਾਲਕ ਔਰਤਾਂ ਲਈ ਲੋਹ-ਟੋਪ ਪਹਿਨਣਾ ਲਾਜ਼ਮੀ ਕਰਨ ਸਬੰਧੀ ਵਿਚਾਰ ਦਾ ਕੁਝ ਸਿੱਖ ਜਥੇਬੰਦੀਆਂ ਵਲੋਂ ਵਿਰੋਧ ਸਸਤੀ ਸ਼ੋਹਰਤ ਹਾਸਲ ਕਰਨ ਦਾ ਇਕ ਫਕਵੰਜ ਮਾਤਰ ਹੈ। ਇਹ ਟਿੱਪਣੀ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਆਰ ਐਸ ਸੋਢੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਰਦਿਆਂ ਕਿਹਾ ਕਿ ਕੇਵਲ ਦੋ-ਪਹੀਆ ਚਾਲਕ ਸਿੱਖ ਬੀਬੀਆਂ ਲਈ ਲੋਹ-ਟੋਪ ਪਹਿਨਣ ਦੀ ਛੋਟ ਨਿਸ਼ਚਿਤ ਕਰਨਾ ਆਸਾਨ ਨਹੀਂ ਕਿਉਂਕਿ ਸਿੱਖ ਬੀਬੀਆਂ ਦੀ ਕੋਈ ਅੱਡਰੀ ਪਛਾਣ ਨਹੀਂ ਹੈ, ਜਿਸ ਤੋਂ ਇਹ ਅਨੁਮਾਨ ਲਾਇਆ ਜਾ ਸਕੇ ਕਿ ਇਹ ਬੀਬੀ ਸਿੱਖ ਹੈ ਜਾਂ ਗ਼ੈਰ-ਸਿੱਖ। ਉਨ੍ਹਾਂ ਕਿਹਾ ਕਿ ਅਜਿਹੀ ਛੋਟ ਦੀ ਮੰਗ ਕਰਨ ਤੋਂ ਪਹਿਲਾਂ ਸਿੱਖ ਬੀਬੀ ਦੀ ਅੱਡਰੀ ਪਛਾਣ ਕਾਇਮ ਕਰਨੀ ਹੋਵੇਗੀ। ਕੇਵਲ ਕੜਾ ਹੀ ਸਿੱਖ ਬੀਬੀ ਦੀ ਪਛਾਣ ਨਹੀਂ ਹੋ ਸਕਦਾ।

ਜਸਟਿਸ ਸੋਢੀ ਨੇ ਕਿਹਾ ਕਿ ਲੋਹ-ਟੋਪ ਸੁਰਖਿਆ ਨੂੰ ਮੁਖ ਰਖ ਕੇ ਪਹਿਨਣਾ ਲਾਜ਼ਮੀ ਕੀਤਾ ਗਿਆ ਹੈ। ਇਸ ਕਰਕੇ ਇਸ ਨੂੰ ਪਹਿਨਣ ਤੋਂ ਛੋਟ ਹਾਸਲ ਕਰਨ ਲਈ ਦੋ-ਪਹੀਆ ਚਾਲਕ ਸਿੱਖ ਬੀਬੀਆਂ ਲਈ ਸੁਰਖਿਆ ਦਾ ਕੋਈ ਆਧਾਰ ਨਿਸ਼ਚਿਤ ਕਰਨਾ ਹੋਵੇਗਾ, ਜੋ ਸਿਰ 'ਤੇ ਦਸਤਾਰ ਦੇ ਰੂਪ ਵਿਚ ਕੇਸਕੀ ਸਜਾਣ ਨਾਲ ਹੀ ਸੰਭਵ ਹੋ ਸਕੇਗਾ। ਉਨ੍ਹਾਂ ਕਿਹਾ ਕਿ ਦੋ-ਪਹੀਆ ਚਾਲਕ ਸਿੱਖਾਂ ਨੂੰ ਲੋਹ-ਟੋਪ ਪਹਿਨਣ ਤੋਂ ਜੋ ਛੋਟ ਮਿਲੀ ਹੋਈ ਹੈ, ਉਸ ਦੀ ਵੀ ਗ਼ਲਤ ਵਰਤੋਂ ਹੋ ਰਹੀ ਹੈ, ਜੋ ਕਿ ਸਿੱਖੀ ਲਈ ਘਾਤਕ ਹੋ ਸਕਦੀ ਹੈ। ਇਸ ਪਾਸੇ ਕਿਸੇ ਵੀ ਸਿੱਖ ਸੰਸਥਾ ਦਾ ਧਿਆਨ ਨਹੀਂ ਜਾ ਰਿਹਾ। ਦੋ-ਪਹੀਆ ਚਾਲਕ ਸਿੱਖਾਂ ਨੂੰ ਲੋਹ-ਟੋਪ ਪਹਿਨਣ ਦੀ ਛੋਟ ਇਸ ਆਧਾਰ 'ਤੇ ਦਿੱਤੀ ਗਈ ਹੈ ਕਿ ਉਨ੍ਹਾਂ ਦੀ ਪਗੜੀ ਲੋਹ-ਟੋਪ ਦੀ ਲੋੜ ਨੂੰ ਪੂਰਿਆਂ ਕਰਦੀ ਹੈ ਪਰ ਕੁਝ ਸਿੱਖ ਨੌਜਵਾਨ ਸਿਰ 'ਤੇ ਪਟਕਾ ਬੰਨ੍ਹ ਕੇ ਜਾਂ ਟੋਪੀ ਪਾ ਕੇ ਇਸ ਛੋਟ ਦਾ ਨਾਜਾਇਜ਼ ਲਾਭ ਉਠਾ ਰਹੇ ਹਨ।

# ਸਿਟਰਸ ਕੌਂਸਲ 'ਚ ਕਰੋੜਾਂ ਦਾ ਘਪਲਾ!

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੰਨਿਆ ਹੈ ਕਿ ਸਿਟਰਸ ਕੌਂਸਲ 'ਚ ਕਰੋੜਾਂ ਰੁਪਏ ਦਾ ਘੁਟਾਲਾ ਹੋਇਆ ਹੈ। ਪੰਜਾਬ ਹਰਿਆਣਾ ਹਾਈ ਕੋਰਟ 'ਚ ਸਿਟਰਸ ਕੌਂਸਲ ਦੇ ਘੁਟਾਲੇ ਬਾਰੇ ਪੇਸ਼ ਰਿਪੋਰਟ ਵਿਚ ਸਰਕਾਰ ਨੇ ਕਰੋੜਾਂ ਰੁਪਏ ਦੇ ਘਪਲੇ ਦੀ ਗੱਲ ਕਬੂਲ ਲਈ ਹੈ। ਕਿੰਨੂਆਂ ਦੀ ਬਾਗਵਾਨੀ ਪ੍ਰਫੁੱਲਤ ਕਰਨ ਲਈ ਸਾਬਕਾ ਕਾਂਗਰਸ ਸਰਕਾਰ ਸਮੇਂ ਸਿਟਰਸ ਕੌਂਸਲ ਦੌਰਾਨ ਹੋਈਆਂ ਬੇਨੇਮੀਆਂ ਚਰਚਾ 'ਚ ਰਹੀਆਂ ਹਨ।ਸਰਕਾਰ ਵੱਲੋਂ ਇਹ ਰਿਪੋਰਟ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਅੱਗੇ ਪੇਸ਼ ਕੀਤੀ ਗਈ ਹੈ।

ਗੈਰ ਸਰਕਾਰੀ ਸੰਸਥਾ ਰਿਸਰਜੈਂਸ ਇੰਡੀਆ ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦੌਰਾਨ 80 ਕਰੋੜ ਰੁਪਏ ਦੇ ਘਪਲੇ ਦਾ ਖ਼ੁਲਾਸਾ ਹੋਇਆ ਸੀ। ਇਸ ਸੰਸਥਾ ਨੇ ਹੀ ਹਾਈ ਕੋਰਟ 'ਚ ਜਨ ਹਿੱਤ ਪਟੀਸ਼ਨ ਦਾਇਰ ਕਰਕੇ ਮਾਮਲੇ ਦੀ ਉੱਚ ਪੱਧਰੀ ਜਾਂਚ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਸੀ।

ਅਦਾਲਤ ਦੇ ਹੁਕਮਾਂ ਪਿਛੋਂ ਰਾਜ ਸਰਕਾਰ ਨੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਈਸ਼ਵਰ ਸਿੰਘ ਨੂੰ ਜਾਂਚ ਸੌਂਪੀ ਗਈ। ਇਸ ਅਧਿਕਾਰੀ ਵੱਲੋਂ ਕੀਤੀ ਜਾਂਚ ਰਿਪੋਰਟ ਅਦਾਲਤ 'ਚ ਪੇਸ਼ ਕੀਤੀ ਗਈ ਹੈ। ਇਸ ਰਿਪੋਰਟ ਵਿਚ ਸਿਟਰਸ ਕੌਂਸਲ ਦੇ ਸਾਬਕਾ ਮੁੱਖ ਕਾਰਜਕਾਰੀ ਵਿਕਰਮਜੀਤ ਸਿੰਘ ਚਿਮਨੀ, ਏਕਮ ਸਿੰਘ ਢਿੱਲੋਂ ਤੇ ਗੁਰਪ੍ਰੀਤ ਸਿੰਘ ਨੈਨ ਨੂੰ ਸਰਕਾਰੀ ਫੰਡਾਂ 'ਚ ਘਪਲੇਬਾਜ਼ੀ ਲਈ 'ਤੇ ਦੋਸ਼ੀ ਕਰਾਰ ਦਿੱਤਾ ਹੈ।

ਅਦਾਲਤ ਨੇ ਸਰਕਾਰ ਦੀ ਰਿਪੋਰਟ ਸਵੀਕਾਰ ਕਰਦਿਆਂ ਪਟੀਸ਼ਨਰ ਨੂੰ ਕਿਹਾ ਹੈ ਕਿ ਇਸ ਰਿਪੋਰਟ ਨੂੰ ਘੋਖਣ ਤੋਂ ਪਿਛੋਂ ਆਪਣਾ ਜਵਾਬ ਅਗਲੀ ਸੁਣਵਾਈ ਦੌਰਾਨ ਅਦਾਲਤ ਵਿਚ ਪੇਸ਼ ਕੀਤਾ ਜਾਵੇ।ਜਾਂਚ ਦੌਰਾਨ ਖ਼ੁਲਾਸਾ ਹੋਇਆ ਹੈ ਕਿ ਰਿਕਾਰਡ 'ਚ ਜੋ ਫਰਮਾਂ ਦਿਖਾਈਆਂ ਗਈਆਂ ਹਨ, ਉਹ ਫਰਜ਼ੀ ਹੀ ਹਨ ਤੇ ਗੱਡੀਆਂ ਰਾਹੀਂ ਮਾਲ ਇੱਧਰ ਉੱਧਰ ਭੇਜਣ ਦਾ ਵੀ ਫਰਜ਼ੀ ਰਿਕਾਰਡ ਇਕੱਠਾ ਕੀਤਾ ਸੀ।

## ਪੈਟਰੋਲ ਕੀਮਤਾਂ 'ਚ ਵਾਧੇ ਨਾਲ ਪੰਜਾਬ ਸਰਕਾਰ ਮਾਲੋਮਾਲ

**ਜਲੰਧਰ:** ਪੈਟਰੋਲ ਦੀਆਂ ਦੋ ਵਾਰ ਵਧ ਚੁੱਕੀਆਂ ਕੀਮਤਾਂ ਨਾਲ ਚਾਹੇ ਆਮ ਲੋਕਾਂ ਦਾ ਕਚੂਮਰ ਨਿਕਲ ਰਿਹਾ ਪਰ ਪੰਜਾਬ ਸਰਕਾਰ ਆਮਦਨ ਪੱਖੋਂ ਮਾਲੋਮਾਲ ਹੋ ਰਹੀ ਹੈ। ਤੇਲ ਤੋਂ ਪੰਜਾਬ ਸਰਕਾਰ ਨੂੰ ਪਹਿਲਾਂ 2500 ਤੋਂ 2600 ਕਰੋੜ ਰੁਪਏ ਦੀ ਆਮਦਨ ਹੁੰਦੀ ਸੀ ਪਰ ਹੁਣ ਇਸ ਵਿਚ 600 ਕਰੋੜ ਰੁਪਏ ਦਾ ਵਾਧਾ ਹੋ ਗਿਆ ਹੈ ਤੇ ਪੰਜਾਬ ਸੂਬਾ ਦੇਸ਼ ਭਰ ਵਿਚੋਂ ਇਕੱਲਾ ਇਹੋ ਜਿਹਾ ਸੂਬਾ ਬਣ ਗਿਆ ਹੈ ਜਿਥੋਂ ਕਿ ਤੇਲ ਵਿਚੋਂ ਹੀ ਵੈਟ ਵਸੂਲੀ 3000 ਕਰੋੜ ਰੁਪਏ ਤਕ ਚਲੀ ਗਈ ਹੈ। ਪੰਜਾਬ ਵਿਚ ਬਾਕੀ ਰਾਜਾਂ ਨਾਲੋਂ ਸਭ ਤੋਂ ਜ਼ਿਆਦਾ ਵੈਟ 32 ਫੀਸਦੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਵੀ ਇਕ ਵਾਰ ਪੈਟਰੋਲ ਦੀ ਕੀਮਤ ਪ੍ਰਤੀ ਲੀਟਰ ਦੋ ਤੋਂ ਢਾਈ ਰੁਪਏ ਤਕ ਵਧ ਜਾਂਦੀ ਹੈ ਤਾਂ ਇਕਦਮ ਸਰਕਾਰ ਦੇ ਖ਼ਜ਼ਾਨੇ ਵਿਚ 300 ਕਰੋੜ ਰੁਪਏ ਵਧ ਜਾਂਦਾ ਹੈ। ਪੰਜਾਬ ਦੇ ਪੰਪ ਮਾਲਕਾਂ ਨੇ ਕਈ ਵਾਰ ਪਹੁੰਚ ਵੀ ਕੀਤੀ ਸੀ ਕਿ ਜੇਕਰ ਵੈਟ ਘਟਾ ਦਿੱਤਾ ਜਾਵੇ ਤਾਂ ਰਾਜ ਵਿਚ ਪੰਪਾਂ ਦੀ ਵਿਕਰੀ ਵਧ ਸਕਦੀ ਹੈ ਪਰ ਸਰਕਾਰ ਨੂੰ ਵੈਟ ਵਸੂਲੀ ਇੰਨੀ ਜ਼ਿਆਦਾ ਆਉਣ ਲੱਗ ਪਈ ਹੈ ਕਿ ਸਰਕਾਰ ਵੈਟ ਘਟਾਉਣ ਬਾਰੇ ਵੀ ਸੋਚ ਹੀ ਨਹੀਂ ਰਹੀ ਹੈ।

## ਧੋਖੇਬਾਜ਼ ਵਿਦੇਸ਼ੀ ਲਾੜਿਆਂ ਦੀ ਹੁਣ ਖ਼ੈਰ ਨਹੀਂ

**ਜਲੰਧਰ:** ਪੰਜਾਬ 'ਚ ਲੜਕੀਆਂ ਨਾਲ ਵਿਆਹ ਕਰਵਾ ਕੇ ਫ਼ਰਾਰ ਹੋਣ ਵਾਲਿਆਂ ਵਿਦੇਸ਼ੀ ਲਾੜਿਆਂ ਦੀ ਹੁਣ ਖ਼ੈਰ ਨਹੀਂ ਕਿਉਂਕਿ ਵਿਦੇਸ਼ ਮੰਤਰਾਲੇ ਨੇ ਸਖ਼ਤ ਕਾਰਵਾਈ ਕਰਦੇ ਹੋਏ ਅਜਿਹੇ ਧੋਖੇਬਾਜ਼ਾਂ ਦੇ ਪਾਸਪੋਰਟ ਜ਼ਬਤ ਕਰਨ ਦਾ ਫ਼ੈਸਲਾ ਕੀਤਾ ਹੈ। ਸੂਤਰਾਂ ਅਨੁਸਾਰ ਵੱਡੀ ਗਿਣਤੀ ਵਿਚ ਲੜਕੀਆਂ ਨਾਲ ਵਿਆਹ ਕਰਵਾ ਕੇ ਪਿਛੋਂ ਉਨ੍ਹਾਂ ਨੂੰ ਧੋਖਾ ਦੇ ਕੇ ਛੱਡਣ ਦੇ ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਵੱਲੋਂ ਇਹ ਫ਼ੈਸਲਾ ਲਿਆ ਗਿਆ ਹੈ। ਸੂਤਰਾਂ ਅਨੁਸਾਰ ਦੋਆਬਾ ਦੇ ਜਲੰਧਰ ਤੋਂ ਇਲਾਵਾ ਕਪੂਰਥਲਾ, ਹੁਸ਼ਿਆਰਪੁਰ, ਨਵਾਂਸ਼ਹਿਰ ਵਿਚ ਸਭ ਤੋਂ ਜ਼ਿਆਦਾ ਗਿਣਤੀ 'ਚ ਲੜਕੀਆਂ ਵਿਦੇਸ਼ੀ ਲਾੜਿਆਂ ਦੇ ਧੋਖੇ ਦਾ ਸ਼ਿਕਾਰ ਹੋਈਆਂ ਹਨ। ਜਿਹੜੇ ਵਿਦੇਸ਼ੀ ਲਾੜੇ ਧੋਖਾ ਦੇ ਕੇ ਭੱਜ ਗਏ ਹਨ ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਜਲੰਧਰ ਪਾਸਪੋਰਟ ਦਫ਼ਤਰ ਵਿਚ ਔਰਤਾਂ ਬਾਰੇ ਸ਼ਿਕਾਇਤ ਸ਼ਾਖਾ ਦਾ ਗਠਨ ਕੀਤਾ ਹੈ।

ਇਸ ਸੈਲ ਵਿਚ ਲੜਕੀ ਦੀ ਸ਼ਿਕਾਇਤ ਆਉਣ 'ਤੇ ਕਾਰਵਾਈ ਕੀਤੀ ਜਾਵੇਗੀ। ਪੀੜਤ ਪੱਖ ਨੂੰ ਲਾੜੇ ਦੇ ਖ਼ਿਲਾਫ਼ ਸ਼ਿਕਾਇਤ ਦੇ ਨਾਲ ਵਿਸ਼ੇਸ਼ ਦਸਤਾਵੇਜ਼ ਵੀ ਜਮ੍ਹਾਂ ਕਰਵਾਉਣੇ ਪੈਣਗੇ। ਦਸਤਾਵੇਜ਼ਾਂ ਵਿਚ ਵਿਆਹ ਪ੍ਰਮਾਣ-ਪੱਤਰ, ਪੁਲਿਸ ਕੇਸ ਦੀ ਨਕਲ, ਪਤੀ ਬਾਰੇ ਜਾਣਕਾਰੀ ਸ਼ਾਮਲ ਹੋਣਗੇ। ਜਾਂਚ ਤੋਂ ਬਾਅਦ ਧੋਖਾ ਦੇਣ ਵਾਲੇ ਵਿਦੇਸ਼ੀ ਲਾੜੇ ਦਾ ਪਾਸਪੋਰਟ, ਪਾਸਪੋਰਟ ਐਕਟ 1967 ਦੇ ਭਾਗ 10(3) ਦੇ ਤਹਿਤ ਜ਼ਬਤ ਹੋਵੇਗਾ। ਦੋਸ਼ੀ ਨੂੰ ਪਾਸਪੋਰਟ ਉਸ ਵੇਲੇ ਵਾਪਸ ਕੀਤਾ ਜਾਵੇਗਾ ਜਦੋਂ ਉਹ ਵਿਆਹੁਤਾ ਨਾਲ ਮਸਲਾ ਸੁਲਝਾ ਲਵੇਗਾ।

ਇਹ ਮਸਲਾ ਪੰਜਾਬ ਸਰਕਾਰ ਕੋਲ ਉਠਾਇਆ ਜਾ ਰਿਹਾ ਹੈ ਤਾਂ ਜੋ ਉਸ ਨੂੰ ਵਿਆਹ ਦੀ ਰਜਿਸਟ੍ਰੇਸ਼ਨ ਸਮੇਂ ਲਾੜੇ ਦੇ ਪਾਸਪੋਰਟ ਦੀ ਨਕਲ, ਸਮਾਜਿਕ ਸੁਰੱਖਿਆ ਨੰਬਰ, ਵਿਦੇਸ਼ 'ਚ ਸਥਾਈ ਪਤਾ, ਸੰਪਰਕ ਦਾ ਨੰਬਰ ਤੇ ਵਿਆਹੁਤਾ ਸਥਿਤੀ ਦਾ ਸਹੁੰ ਪੱਤਰ ਬਾਰੇ ਪੁੱਛਣ ਬਾਰੇ ਸੁਝਾਅ ਦੇ ਸਕਣ। ਪਾਸਪੋਰਟ ਦੀ ਨਕਲ ਵੀ ਦਫ਼ਤਰ ਨੂੰ ਭੇਜਣ ਲਈ ਲਿਖਿਆ ਜਾਵੇਗਾ। ਅਜਿਹਾ ਨਾ ਹੋਣ ਦੀ ਸੂਰਤ ਵਿਚ ਪਾਸਪੋਰਟ ਜ਼ਬਤ ਕਰ ਲਿਆ ਜਾਵੇਗਾ।

# ਬਾਦਲ ਸਰਕਾਰ ਹੋਈ ਖਿਡਾਰੀਆਂ 'ਤੇ ਦਿਆਲ

**ਚੰਡੀਗੜ੍ਹ:** ਹਰਿਆਣਾ, ਦਿੱਲੀ ਤੇ ਹੋਰ ਸੂਬਿਆਂ ਦੇ ਮੁਕਾਬਲੇ ਏਸ਼ੀਆਈ, ਰਾਸ਼ਟਰਮੰਡਲ ਖੇਡਾਂ 'ਚ ਤਮਗੇ ਜਿੱਤਣ ਵਾਲੇ ਖਿਡਾਰੀਆਂ ਨੂੰ ਸਨਮਾਨਤ ਕਰਨ 'ਚ ਫਾਡੀ ਰਹੀ ਪੰਜਾਬ ਸਰਕਾਰ ਨੇ ਹੁਣ ਇਨ੍ਹਾਂ ਖਿਡਾਰੀਆਂ ਨੂੰ ਮਾਲੋ-ਮਾਲ ਕਰਨ ਦਾ ਫ਼ੈਸਲਾ ਕੀਤਾ ਹੈ ਜਿਸ ਤਹਿਤ 50 ਤਮਗਾ ਜੇਤੂ ਖਿਡਾਰੀਆਂ ਨੂੰ 7.54 ਕਰੋੜ ਰੁਪਏ ਦੇ ਨਕਦ ਇਨਾਮ ਨਾਲ ਸਨਮਾਨਤ ਕੀਤਾ ਗਿਆ ਹੈ। ਰਾਸ਼ਟਰਮੰਡਲ ਖੇਡਾਂ ਦੇ 17 ਤਮਗਾ ਜੇਤੂਆਂ ਨੂੰ ਜਿਥੇ 2.58 ਕਰੋੜ ਰੁਪਏ ਇਨਾਮ ਵਜੋਂ ਦਿੱਤੇ ਗਏ ਉਥੇ ਏਸ਼ੀਆਈ ਖੇਡਾਂ ਦੇ ਤਮਗਾ ਜੇਤੂਆਂ ਦੇ ਤਕਰੀਬਨ ਤਿੰਨ ਕਰੋੜ ਰੁਪਏ ਦੀ ਰਾਸ਼ੀ ਹਿੱਸੇ ਆਈ। ਇਹ ਪਹਿਲੀ ਵਾਰ ਹੋਇਆ ਹੈ ਕਿ ਤਮਗਾ ਜੇਤੂਆਂ ਨੂੰ ਇੰਨੀ ਵੱਡੀ ਇਨਾਮੀ ਰਾਸ਼ੀ ਨਾਲ ਸਨਮਾਨਿਆ ਗਿਆ ਹੋਵੇ।

ਜ਼ਿਕਰਯੋਗ ਹੈ ਕਿ ਏਸ਼ੀਆਈ ਖੇਡਾਂ 'ਚ ਇਕ ਸੋਨ ਤੇ ਇਕ ਕਾਂਸੀ ਤਮਗੇ ਤੋਂ ਇਲਾਵਾ




ਰਾਸ਼ਟਰਮੰਡਲ ਖੇਡਾਂ ਵਿਚ ਦੋ ਚਾਂਦੀ ਦੇ ਤਮਗੇ ਜਿੱਤਣ ਵਾਲੇ ਨਿਸ਼ਾਨੇਬਾਜ਼ ਐਸ. ਸੋਢੀ ਨੂੰ 95 ਲੱਖ ਰੁਪਏ ਇਨਾਮ ਵਜੋਂ ਮਿਲੇ ਜਦਕਿ ਲੜਕੀਆਂ ਦੀ 400 ਮੀਟਰ ਰਿਲੇਅ ਦੌੜ 'ਚ ਭਾਰਤੀ ਟੀਮ ਦਾ ਆਧਾਰ ਮੰਨੀਆਂ ਜਾਂਦੀਆਂ ਮਨਜੀਤ ਕੌਰ ਤੇ ਮਨਦੀਪ ਕੌਰ ਨੂੰ ਕ੍ਰਮਵਾਰ 48 ਲੱਖ ਤੇ 43.5 ਲੱਖ ਰੁਪਏ ਦਿੱਤੇ ਗਏ। ਹੋਰਾਂ ਨਿਸ਼ਾਨੇਬਾਜ਼ਾਂ ਮਾਨਵਜੀਤ ਸਿੰਘ ਸੰਧੂ ਨੂੰ 58.66 ਲੱਖ, ਅਭਿਨਵ ਬਿੰਦਰਾ ਨੂੰ 43 ਲੱਖ ਤੇ ਹਿਨਾ ਸਿੱਧੂ ਨੂੰ 48.33 ਲੱਖ ਰੁਪਏ ਨਕਦ ਇਨਾਮ ਵਜੋਂ ਹਾਸਲ ਹੋਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦੇਸ਼ ਤੇ ਪੰਜਾਬ ਦਾ ਨਾਂ ਰੋਸ਼ਨ ਕਰਨ ਵਾਲੇ ਖਿਡਾਰੀਆਂ ਦੀ ਭਰਪੂਰ ਸ਼ਲਾਘਾ ਕੀਤੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇਸ਼ ਅੰਦਰ ਕੌਮਾਂਤਰੀ ਮੁਕਾਬਲਿਆਂ 'ਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਦਾ ਸਭ ਤੋਂ ਵੱਧ ਇਨਾਮੀ ਰਾਸ਼ੀ ਨਾਲ ਸਨਮਾਨ ਕਰਨ ਵਾਲਾ ਰਾਜ ਹੈ। ਉਨ੍ਹਾਂ ਕਿਹਾ ਕਿ ਏਸ਼ੀਆਈ ਖੇਡਾਂ ਨੇ ਖਿਡਾਰੀਆਂ ਨੂੰ ਲੱਖਪਤੀ ਬਣਾਇਆ ਹੈ ਤੇ ਉਹ ਓਲੰਪਿਕ ਖੇਡਾਂ ਵਿਚ ਸੋਨ/ਚਾਂਦੀ ਤਮਗਾ ਜਿੱਤਣ ਵਾਲਿਆਂ ਨੂੰ ਕਰੋੜਪਤੀ ਬਣਾ ਦੇਣਗੇ।

ਪੰਜਾਬ ਟਾਈਮਜ਼

ਸਨਿਚਰਵਾਰ, 12 ਫਰਵਰੀ 2011

# ਮਿਸਰ ਦੀ ਅਵਾਮੀ ਮੁਹਿੰਮ

ਮਿਸਰ ਦਾ ਤਹਿਰੀਰ ਚੌਕ ਤਾਨਾਸ਼ਾਹੀ ਖ਼ਿਲਾਫ਼ ਰੋਸ ਦਾ ਚਿੰਨ੍ਹ ਬਣ ਕੇ ਉਭਰਿਆ ਹੈ। ਤਹਿਰੀਰ ਦੇ ਸ਼ਾਬਦਿਕ ਅਰਥ ਲਿਖਤ-ਪੜ੍ਹਤ/ਇਤਿਹਾਸ/ਇਬਾਰਤ ਹਨ। ਇਸ ਹਿਸਾਬ, ਇਹ ਚੌਕ ਇਤਿਹਾਸ ਦਾ ਉਹ ਸਫ਼ਾ ਲਿਖ ਰਿਹਾ ਹੈ ਜਿਸ ਦਾ ਅਸਰ ਇਸ ਦੇਸ਼ ਵਿਚ ਹੀ ਨਹੀਂ, ਸਮੁੱਚੇ ਖਿੱਤੇ ਅਤੇ ਸੰਸਾਰ ਉਤੇ ਪੈਣਾ ਲਾਜ਼ਮੀ ਹੈ। ਇਹ ਇਸ ਕਰਕੇ ਕਿ ਤਾਨਾਸ਼ਾਹੀ ਖ਼ਿਲਾਫ਼ ਰੋਹ ਦੀ ਇੰਨੀ ਪ੍ਰਚੰਡ ਭਬਕ ਸਿਰਫ਼ ਮਿਸਰ ਵਿਚ ਹੀ ਸਾਹਮਣੇ ਆਈ ਹੈ; ਨਹੀਂ ਤਾਂ ਖਿੱਤੇ ਦੇ ਹੋਰ ਮੁਲਕਾਂ ਦੇ ਅਵਾਮ ਵੀ ਉਨ੍ਹਾਂ ਹੀ ਸਮੱਸਿਆਵਾਂ ਨਾਲ ਜੂਝ ਰਹੇ ਹਨ ਜੋ ਮਿਸਰ ਵਿਚ ਦਰਪੇਸ਼ ਹਨ। ਮਿਸਰ ਦੇ ਰਾਸ਼ਟਰਪਤੀ ਹੋਸਨੀ ਮੁਬਾਰਕ ਦੀ ਸਰਕਾਰ ਖ਼ਿਲਾਫ਼ ਉੱਠਿਆ ਲੋਕ ਰੋਹ, ਇਸ ਖਿੱਤੇ ਦੀ ਅਤੇ ਕੌਮਾਂਤਰੀ ਸਿਆਸਤ ਵਿਚ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਮਿਸਰ ਕਈ ਪੱਖਾਂ ਤੋਂ ਸੰਸਾਰ ਸਿਆਸਤ ਦਾ ਧੁਰਾ ਰਿਹਾ ਹੈ। ਇਹ ਉਤਰੀ ਅਫ਼ਰੀਕਾ ਦਾ ਸਭ ਤੋਂ ਤਾਕਤਵਰ ਮੁਲਕ ਤਾਂ ਹੈ ਹੀ, ਅਰਬ ਖਿੱਤੇ ਵਿਚ ਸਭ ਤੋਂ ਵੱਧ ਆਬਾਦੀ ਵੀ ਇਸੇ ਮੁਲਕ ਦੀ ਹੈ ਅਤੇ ਇਸਲਾਮੀ ਮੁਲਕਾਂ ਵਿਚ ਵੀ ਇਸ ਦਾ ਵਾਹਵਾ ਅਸਰ ਰਸੂਖ਼ ਹੈ। ਤੇਲ ਦੀ ਮੰਡੀ ਕਾਰਨ ਵੀ ਇਸ ਦੀ ਅਹਿਮੀਅਤ ਅਤੇ ਮੁੱਲ ਹੋਰ ਮੁਲਕਾਂ ਨਾਲੋਂ ਵੱਧ ਹੈ। ਇਸ ਤੋਂ ਇਲਾਵਾ ਕੌਮਾਂਤਰੀ ਪੱਧਰ ਉਤੇ ਅਮਰੀਕਾ ਵਲੋਂ ਵਿੱਢੀ 'ਦਹਿਸ਼ਤਪਸੰਦੀ ਖ਼ਿਲਾਫ਼ ਜੰਗ' ਵਿਚ ਵੀ ਤਵਾਜ਼ਨ ਪੱਖੋਂ ਇਸ ਦਾ ਮਹੱਤਵ ਹੈ। ਅਮੀਰ ਪੁਰਾਤਨ ਸੱਭਿਅਤਾ ਵਾਲੇ ਇਸ ਮੁਲਕ ਵਿਚ ਫ਼ੌਜੀ ਜਰਨੈਲਾਂ ਨੇ 1952 ਵਿਚ ਰਾਜਸ਼ਾਹੀ ਦਾ ਫ਼ਸਤਾ ਵੱਢ ਦਿੱਤਾ ਸੀ। ਇਨ੍ਹਾਂ ਫ਼ੌਜੀ ਅਫ਼ਸਰਾਂ ਦੀ ਜਥੇਬੰਦੀ ਨੇ ਰਾਜਸ਼ਾਹੀ ਖ਼ਿਲਾਫ਼ ਮੁਹਿੰਮ ਵਿਚ ਜੋ ਭੂਮਿਕਾ ਨਿਭਾਈ ਸੀ, ਉਸ ਦਾ ਮੋਢੀ ਗਮਾਲ ਅਬਦੁਲ ਨਾਸਰ ਸੀ। ਉਦੋਂ ਰਾਸ਼ਟਰਪਤੀ ਵਜੋਂ ਦੇਸ਼ ਦੀ ਵਾਗਡੋਰ ਫ਼ੌਜੀ ਜਰਨੈਲ ਮੁਹੰਮਦ ਨਾਗੁਏਬ ਨੇ ਸਾਂਭੀ। ਫਿਰ 4 ਸਾਲ ਬਾਅਦ 1956 ਵਿਚ ਗਮਾਲ ਅਬਦੁਲ ਨਾਸਰ ਦੇ ਹੱਥ ਕਮਾਨ ਆ ਗਈ। ਉਸ ਦਾ ਝੁਕਾਅ ਕਿਉਂਕਿ ਸੋਵੀਅਤ ਯੂਨੀਅਨ ਵੱਲ ਸੀ, ਨਤੀਜਨ ਦੇਸ਼ ਦਾ ਅਰਥਚਾਰਾ ਸਮਾਜਵਾਦੀ ਲੀਹਾਂ ਉਤੇ ਜਾ ਚੜ੍ਹਿਆ। ਇਜ਼ਰਾਈਲ ਨਾਲ ਜੰਗ ਅਤੇ ਗਮਾਲ ਅਬਦੁਲ ਨਾਸਰ ਦੀ ਮੌਤ ਤੋਂ ਬਾਅਦ ਅਨਵਰ ਸਆਦਤ ਨੇ ਮਿਸਰ ਨੂੰ ਅਮਰੀਕਾ ਦੇ ਹੱਕ ਵਿਚ ਮੋੜ ਲਿਆ। ਜੰਗ ਅਤੇ ਕੂਟਨੀਤੀ ਨੂੰ ਮੁੱਖ ਰੱਖ ਕੇ ਉਸ ਨੇ ਸ਼ਤਰੰਜ ਦਾ ਉਹ ਪਾਸਾ ਸੁੱਟਿਆ ਕਿ ਮਿਸਰ ਦੀ ਖਿੱਤੇ ਵਿਚ ਭੂਮਿਕਾ ਨੇ ਅਹਿਮ ਮੋੜਾ ਕੱਟਿਆ। ਉਸ ਨੇ ਇਸ ਖਿੱਤੇ ਅਤੇ ਸੰਸਾਰ ਵਿਚ ਹੋ ਰਹੀ ਹਲਚਲ ਦਾ ਪੂਰ ਲਾਹਾ ਲਿਆ ਅਤੇ ਇਜ਼ਰਾਈਲ ਤੋਂ ਹਾਰ ਖਾ ਕੇ ਵੀ ਅਰਬ ਦੇਸ਼ ਦੇ ਨਾਇਕ ਵਜੋਂ ਉਭਰਿਆ। ਫਿਰ ਜਦੋਂ ਇਜ਼ਰਾਈਲ ਨਾਲ ਅਮਨ ਸਮਝੌਤਾ ਕੀਤਾ ਤਾਂ ਅਰਬ ਮੁਲਕਾਂ ਦੀ ਨਾਰਾਜ਼ਗੀ ਵੀ ਪੱਲੇ ਪਈ। 1981 ਵਿਚ ਉਸ ਦਾ ਕਤਲ ਕਰ ਦਿੱਤਾ ਗਿਆ। ਉਦੋਂ ਤੋਂ ਹੋਸਨੀ ਮੁਬਾਰਕ ਰਾਸ਼ਟਰਪਤੀ ਹੈ।

ਤਹਿਰੀਰ ਚੌਕ ਹੀ ਨਹੀਂ ਮੁਲਕ ਦੇ ਹੋਰ ਸ਼ਹਿਰਾਂ-ਕਸਬਿਆਂ ਵਿਚ ਵੀ ਮਿਸਰ ਦੇ ਲੋਕ ਗ਼ੁਰਬਤ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਤਸ਼ੱਦਦ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਹਨ। ਰੋਹ ਦੀ ਇਹ ਆਵਾਜ਼ ਇੰਨੀ ਆਪ-ਮੁਹਾਰੀ ਵੀ ਨਹੀਂ ਜਿੰਨੀ ਲੱਗ ਰਹੀ ਹੈ। ਇਹ ਠੀਕ ਹੈ ਕਿ ਟਿਊਨੀਸ਼ੀਆ ਵਿਚ ਸਿਆਸੀ ਉਥਲ-ਪੁਥਲ ਤੋਂ ਬਾਅਦ ਲੋਕ ਰੋਹ ਭਬਕਿਆ ਪਰ ਮੁਲਕ ਵਿਚ ਲੋਕ ਰੋਹ ਲਈ ਜ਼ਮੀਨ ਕਾਫ਼ੀ ਸਮਾਂ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ। ਸਿਆਸੀ ਵਿਸ਼ਲੇਸ਼ਕਾਂ ਮੁਤਾਬਕ ਪਿਛਲੇ ਸਾਲਾਂ ਦੌਰਾਨ ਜਿਸ ਤਰ੍ਹਾਂ ਦੇ ਹਾਲਾਤ ਬਣ ਰਹੇ ਸਨ, ਉਨ੍ਹਾਂ ਬਾਰੇ ਮੀਡੀਆ, ਖਾਸ ਕਰਕੇ ਇਲੈਕਟਰਾਨਿਕ ਮੀਡੀਆ ਨੇ ਜੋ ਭੂਮਿਕਾ ਨਿਭਾਈ, ਉਸ ਨੇ ਹੋਸਨੀ ਮੁਬਾਰਕ ਦੇ ਰਾਜ ਬਾਰੇ ਲੋਕ ਰਾਇ ਲਾਮਬੰਦ ਕਰਨ ਵਿਚ ਖਾਸ ਰੋਲ ਅਦਾ ਕੀਤਾ। ਦੇਸ਼ ਦਾ ਧਨ-ਦੌਲਤ ਕੁਝ ਘਰਾਣਿਆਂ ਦੇ ਹੱਥਾਂ ਵਿਚ ਚਲਾ ਗਿਆ। ਨਾਬਰਾਬਰੀ, ਅਨਿਆਂ ਅਤੇ ਬੇਵਿਸਾਹੀ ਲਗਾਤਾਰ ਵਧ ਰਹੀ ਸੀ। ਦਸ ਸਾਲ ਪਹਿਲਾਂ ਦੇ ਸਮੇਂ ਨਾਲ ਸੰਵਾਦ ਰਚਾਈਏ ਤਾਂ ਲੱਭਦਾ ਹੈ ਕਿ ਸੰਨ 2000 ਦੌਰਾਨ ਫਲ਼ਸਤੀਨ ਵਿਚ ਦੂਜੇ ਇੰਤਫਦਾ ਵੇਲੇ ਮਿਸਰ ਵਿਚ ਫ਼ਲਸਤੀਨੀਆਂ ਦੇ ਹੱਕ ਵਿਚ ਵੱਡੀ ਪੱਧਰ 'ਤੇ ਰੋਸ ਮੁਜ਼ਾਹਰੇ ਹੋਏ ਸਨ। ਇਨ੍ਹਾਂ ਰੋਸ ਮੁਜ਼ਾਹਰਿਆਂ ਨੇ ਹੀ ਜੰਗ ਦੀ ਡਟ ਕੇ ਮੁਖ਼ਾਲਫ਼ਤ ਕੀਤੀ ਸੀ ਅਤੇ ਇਹ ਮੁਖ਼ਾਲਫ਼ਤ ਮੁਹਿੰਮ ਦਾ ਰੂਪ ਹੀ ਧਾਰ ਗਈ ਸੀ। ਅਮਰੀਕਾ ਦੀਆਂ ਅਫ਼ਗਾਨਿਸਤਾਨ ਅਤੇ ਇਰਾਕ ਦੀਆਂ ਜੰਗੀ ਮੁਹਿੰਮਾਂ ਖ਼ਿਲਾਫ਼ ਵੀ ਮਿਸਰ ਵਿਚ ਲਾਮਬੰਦੀ ਹੋਈ।

ਹੁਣ ਉਠੇ ਲੋਕ ਰੋਹ ਦੌਰਾਨ ਭਾਵੇਂ ਕਿਸੇ ਲੀਡਰਸ਼ਿਪ ਦਾ ਮੂੰਹ-ਮੱਥਾ ਨਹੀਂ ਬਣਿਆ ਹੈ ਅਤੇ ਹੁਣ ਤੱਕ ਕੁਲ ਮਿਲਾ ਕੇ ਜਿਸ ਆਗੂ ਦੀ ਵਾਰ- ਵਾਰ ਚਰਚਾ ਹੋਈ ਹੈ, ਉਹ ਕੌਮਾਂਤਰੀ ਪ੍ਰਮਾਣੂ ਊਰਜਾ ਦਾ ਸਾਬਕਾ ਮੁਖੀ ਮੁਹੰਮਦ ਅਲ-ਬਰਦਈ ਹੈ। ਇਸ ਸ਼ਖ਼ਸ ਦਾ ਝੁਕਾਅ ਅਮਰੀਕਾ ਪੱਖੀ ਰਿਹਾ ਹੈ। ਇਸ ਲੋਕ ਰੋਹ ਦਾ ਦੂਜਾ ਵੱਡਾ ਆਗੂ ਵਾਹਾਵ ਅਲ ਮਿਸਰੀ ਹੈ। ਉਹ 'ਮੁਸਲਿਮ ਬ੍ਰਦਰਹੁੱਡ' (ਅਲ-ਇਖ਼ਵਾਂ) ਦੇ ਨਾਲ-ਨਾਲ ਮਿਸਰ ਦੀ ਕਮਿਊਨਿਸਟ ਪਾਰਟੀ ਦਾ ਸਰਗਰਮ ਕਾਰਕੁਨ ਰਿਹਾ ਹੈ। ਮਿਸਰ ਦੇ ਇਤਿਹਾਸ ਵਿਚ 'ਮੁਸਲਿਮ ਬ੍ਰਦਰਹੁੱਡ' ਦੀ ਵੱਡੀ ਦਖ਼ਲਅੰਦਾਜ਼ੀ ਰਹੀ ਹੈ। ਇਹ ਜਥੇਬੰਦੀ ਕੁਰਾਨ ਅਤੇ ਸ਼ਰ੍ਹਾ ਦੇ ਹਵਾਲੇ ਨਾਲ ਬੰਦੇ ਦੇ ਕਿਰਦਾਰ ਅਤੇ ਰਾਜ ਪ੍ਰਬੰਧ ਦੇ ਖਾਸੇ ਦੀ ਵਿਆਖਿਆ ਕਰਦੀ ਹੈ। ਇਹ ਮਿਸਰ ਵਿਚ 1928 ਵਿਚ ਹੋਂਦ ਵਿਚ ਆਈ ਸੀ। ਅੱਜ ਕੱਲ੍ਹ ਇਸ ਦਾ ਨੈਟਵਰਕ ਮੁਸਲਿਮ ਆਬਾਦੀ ਵਾਲੇ ਤਕਰੀਬਨ ਸਾਰੇ ਮੁਲਕਾਂ ਵਿਚ ਹੈ। ਹੁਣ ਇਸ ਉਤੇ ਮਿਸਰ ਵਿਚ ਪਾਬੰਦੀ ਲੱਗੀ ਹੋਈ ਹੈ ਪਰ ਇਸ ਦੇ ਕਾਰਕੁਨ ਵੱਖ-ਵੱਖ ਸਿਆਸੀ ਮੰਚਾਂ ਰਾਹੀਂ ਸਰਗਰਮੀ ਕਰਦੇ ਰਹੇ ਹਨ। ਇਸ ਜਥੇਬੰਦੀ ਦਾ ਹਿੰਸਾ ਵਿਚ ਵਿਸ਼ਵਾਸ ਨਹੀਂ ਪਰ ਫ਼ਲਸਤੀਨ ਵਿਚ ਹਥਿਆਰਬੰਦ ਮੁਹਿੰਮ ਦਾ ਇਸ ਨੇ ਡਟ ਕੇ ਸਾਥ ਦਿੱਤਾ। ਸੀਰੀਆ ਵਿਚ ਇਸ ਦੇ ਕਾਰਕੁਨ ਤਾਂ ਆਪ ਹਥਿਆਰਬੰਦ ਸਰਗਰਮੀਆਂ ਨਾਲ ਜੁੜੇ ਰਹੇ ਹਨ। ਅਲ-ਇਖ਼ਵਾਂ ਅਤੇ ਅਲ-ਕਾਇਦਾ ਵਿਚਕਾਰ ਤਿੱਖੇ ਵਿਚਾਰਧਾਰਕ ਟਕਰਾਅ ਹਨ। ਕੱਟੜਪੰਥੀ ਅਲ-ਕਾਇਦਾ ਦਾ ਮੰਨਣਾ ਹੈ ਕਿ ਅਲ-ਇਖ਼ਵਾਂ, ਇਸਲਾਮ ਅਤੇ ਜਹਾਦ ਦੇ ਰਾਹ ਤੋਂ ਭਟਕੀ ਹੋਈ ਹੈ। ਮਿਸਰ ਵਿਚ ਹੋ ਰਹੀ ਉਥਲ-ਪੁਥਲ ਕਿਸ ਰੁਖ ਜਾਂਦੀ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਹ ਤਾਂ ਤੈਅ ਹੀ ਹੈ, ਇਹ ਉਥਲ-ਪੁਥਲ ਹੁਣ ਮਹਿਜ਼ ਮਿਸਰ ਤੱਕ ਹੀ ਸੀਮਤ ਨਹੀਂ ਰਹੇਗੀ; ਇਸ ਨੇ ਸੰਸਾਰ ਪੱਧਰ ਉਤੇ ਆਮ ਅਤੇ ਮਿਸਰ ਦੇ ਖਿੱਤੇ ਵਿਚ ਖਾਸ ਅਸਰ ਛੱਡਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਗੱਭਰੂ ਦੇਸ ਪੰਜਾਬ ਦੇ !

ਕਰਦੇ ਰਤੀ ਪ੍ਰਵਾਹ ਨਾ ਮਾਪਿਆਂ ਦੀ, ਵਿਗੜੀ ਹੋਈ ਔਲਾਦ ਦਾ ਹਾਲ ਦੇਖੋ।
ਮਿਹਨਤ ਤੇ ਮੁਸ਼ੱਕਤਾਂ ਭੁੱਲ ਗਈਆਂ, ਖਾਣਾ ਚਾਹੁਣ ਪਰਾਇਆ ਈ ਮਾਲ ਦੇਖੋ।
ਵੜਦੇ ਨਹੀਂ ਸਕੂਲ ਜਾਂ ਕਿਸੇ ਕਾਲਜ, ਫੇਰਾ-ਤੋਰੀ ਵਿਚ ਬੀਤ ਗਏ ਸਾਲ ਦੇਖੋ।
ਸੁੱਕੇ ਹੋਏ ਕਰੇਲੇ ਦੇ ਵਾਂਗ ਚਿਹਰੇ, ਬੋਦੇ ਚੋਪੜੇ ਜੈਲ ਦੇ ਨਾਲ ਦੇਖੋ।
ਨਸ਼ੇ, ਚੋਰੀਆਂ, ਆਸ਼ਕੀ ਕਰੇ 'ਪੂਰਨ' ਭਟਕੇ ਨਾਥ ਤੋਂ ਲੈਣਾ ਕੀ 'ਸੁੰਦਰਾਂ' ਨੇ?
ਪੁੱਤ ਕਰੇ ਬਰਬਾਦ ਪੰਜਾਬੀਆਂ ਦੇ ਮੋਟਰਸਾਈਕਲ, ਮੋਬਾਈਲ ਤੇ ਮੁੰਦਰਾਂ ਨੇ!

# ਦੁਰਪ੍ਰਬੰਧ ਨੇ ਪੰਜਾਬ ਦੀ ਗੱਡੀ ਲੀਹੋਂ ਲਾਹੀ

**ਅਨੂਪ ਸਿੰਘ**

ਢਾਈ ਦਹਾਕਿਆਂ ਤੋਂ ਵਿੱਤੀ ਦੁਰਪ੍ਰਬੰਧ ਅਤੇ ਗ਼ੈਰ-ਜ਼ਿੰਮੇਵਾਰੀ ਕਾਰਨ ਪੰਜਾਬ ਸਿਰ ਕਰਜ਼ਾ ਤੇ ਇਸ ਉਪਰ ਵਿਆਜ਼ ਵਧ ਰਿਹਾ ਹੈ। ਵਿਆਜ਼ ਦੀ ਅਦਾਇਗੀ ਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਦੇ ਭੁਗਤਾਨ ਤੋਂ ਬਾਅਦ ਪੰਜਾਬ ਸਰਕਾਰ ਪਾਸ ਸਿੱਖਿਆ ਤੇ ਸਿਹਤ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਅਮਲ ਵਿਚ ਕੁਝ ਨਹੀਂ ਬਚਦਾ। ਪੰਜਾਬ ਦਾ ਕੁੱਲ ਵਿੱਤੀ ਘਾਟਾ ਪੰਜਾਬ ਦੇ ਕੁੱਲ ਘਰੇਲੂ ਉਤਪਾਦਨ ਦਾ 4.5 ਫੀਸਦੀ ਹੈ। ਇਹ ਭਾਰਤ ਦੇ ਵਿਕਸਤ ਰਾਜਾਂ ਤੋਂ ਵੱਧ ਹੈ ਅਤੇ ਇਹ ਸਮੁੱਚੇ ਭਾਰਤ ਦੇ ਅਨੁਪਾਤ ਜੋ 2.6 ਫੀਸਦੀ ਹੈ, ਤੋਂ ਕਾਫੀ ਵੱਧ ਹੈ। ਸਿੱਟੇ ਵਜੋਂ ਪੰਜਾਬ ਸਨਅਤੀ, ਵਿੱਦਿਅਕ, ਸਿਹਤ ਅਤੇ ਹੋਰ ਖੇਤਰਾਂ ਵਿਚ ਪਛੜ ਰਿਹਾ ਹੈ ਅਤੇ ਪੰਜਾਬ ਆਰਥਿਕ ਪੱਖ ਤੋਂ ਨਿਘਾਰ ਵਾਲੇ ਪਾਸੇ ਵਧ ਰਿਹਾ ਹੈ। ਰਾਜ ਦੀ ਸਮੁੱਚੀ ਪ੍ਰਭਾਵੀ ਰਾਜਨੀਤਕ ਲੀਡਰਸ਼ਿਪ ਸੂਬੇ ਦੀ ਲਗਾਤਾਰ ਵਿਗੜ ਰਹੀ ਆਰਥਿਕ ਹਾਲਤ ਬਾਰੇ ਫ਼ਿਕਰਮੰਦ ਹੀ ਨਹੀਂ ਹੈ। ਮਸਲਾ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਦਾ ਨਹੀਂ ਹੈ। ਸਮਝਣ ਵਾਲਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਦਾਅ 'ਤੇ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਜਾਂ 'ਮਸੀਹਾ' ਬਣਨ ਜਾ ਰਹੇ ਮਨਪ੍ਰੀਤ ਸਿੰਘ ਬਾਦਲ ਦੇ ਰਾਜਨੀਤਕ ਹਿੱਤ, ਨਿੱਜੀ ਇੱਜ਼ਤ ਜਾਂ ਹਠ ਜਾਂ ਪਰਿਵਾਰਕ ਹਉਂ ਨਹੀਂ ਹੈ। ਇਸ ਵੇਲੇ ਦਾਅ 'ਤੇ ਪੰਜਾਬ, ਪੰਜਾਬੀਅਤ ਅਤੇ ਮਾਂ-ਧਰਤੀ ਤੇ ਮਾਂ-ਬੋਲੀ ਹੈ।

ਪੰਜਾਬ ਦੀ ਰਾਜਨੀਤਕ ਲੀਡਰਸ਼ਿਪ ਤੇ ਪ੍ਰਸ਼ਾਸਨ ਵਿਚ ਬੀਤੇ ਢਾਈ-ਤਿੰਨ ਦਹਾਕਿਆਂ ਤੋਂ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਘਾਟ ਹੈ। ਭਾਰਤ ਦੀ ਸਰਵਉੱਚ ਆਡਿਟ ਅਥਾਰਟੀ ਕੈਗ ਲਗਪਗ ਹਰ ਸਾਲ ਰਾਜ ਦੇ ਪ੍ਰਸ਼ਾਸਨ ਨੂੰ ਵਿੱਤੀ ਕੁਪ੍ਰਬੰਧਾਂ ਅਤੇ ਫੰਡਾਂ ਦੀ ਦੁਰਵਰਤੋਂ ਲਈ ਦੋਸ਼ੀ ਮੰਨਦੀ ਹੈ। ਪੰਜਾਬ ਸਰਕਾਰ ਨੂੰ ਜਨਤਕ ਨੀਤੀ ਤੇ ਨੀਅਤ ਅਪਨਾਉਣੀ ਹੋਵੇਗੀ। ਠੋਸ ਤੇ ਭਰੋਸੇਯੋਗ ਆਰਥਿਕ ਨੀਤੀ ਹੀ ਪੰਜਾਬ ਨੂੰ ਮੁੜ ਭਾਰਤ ਦਾ ਨੰਬਰ ਇਕ ਪ੍ਰਾਂਤ ਬਣਾ ਸਕਦੀ ਹੈ। ਪ੍ਰਾਂਤਕ ਸਰਕਾਰ ਦੀਆਂ ਉਨ੍ਹਾਂ ਹੀ ਨੀਤੀਆਂ ਨੂੰ ਜਨਤਕ ਨੀਤੀਆਂ ਕਿਹਾ ਜਾ ਸਕਦਾ ਹੈ ਜਿਹੜੀਆਂ ਬਹੁ-ਗਿਣਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਦੀਆਂ ਹਨ ਅਤੇ ਉਨ੍ਹਾਂ ਨੂੰ ਅੱਗੇ ਵਧਾਉਂਦੀਆਂ ਹਨ। ਆਮ ਲੋਕਾਂ ਨੂੰ ਜਨਤਕ ਸਾਧਨਾਂ ਤੇ ਸੋਮਿਆਂ ਵਿਚੋਂ ਮੁੱਖ ਹਿੱਸਾ ਮਿਲਣਾ ਚਾਹੀਦਾ ਹੈ। ਜੇ ਸਰਕਾਰ ਦੀਆਂ ਨੀਤੀਆਂ ਸਮਾਜ ਦੇ ਇਕ ਵਰਗ ਨੂੰ ਅਣ-ਅਨੁਪਾਤਕ ਲਾਭ ਦੂਜਿਆਂ ਦੀ ਕੀਮਤ 'ਤੇ ਪਹੁੰਚਾਉਂਦੀਆਂ ਹਨ ਤਾਂ ਇਹ ਲੰਮੇ ਸਮੇਂ ਵਿਚ ਵਿਵਸਥਾ ਦੀ ਅਸਥਿਰਤਾ ਦਾ ਆਧਾਰ ਬਣਨਗੀਆਂ। ਕੋਈ ਵੀ ਅਜਿਹੀ ਲੋਕ ਲੁਭਾਊ ਪਹੁੰਚ ਜੋ ਸੂਬੇ ਦੇ ਸਥਾਈ ਵਿਕਾਸ ਦੀਆਂ ਜੜ੍ਹਾਂ ਹਿਲਾਉਂਦੀ ਹੋਵੇ, ਨੂੰ ਲੰਮੇ ਸਮੇਂ ਤਕ ਜਾਰੀ ਰੱਖਣਾ ਤਬਾਹਕੁਨ ਸਾਬਤ ਹੋਵੇਗਾ।

ਇਸ ਚਰਚਾ ਦੀ ਪਿੱਠ-ਭੂਮੀ ਵਿਚ ਪੰਜ ਏਕੜ ਤਕ ਦੇ ਮਾਲਕੀ ਵਾਲੇ ਕਿਸਾਨਾਂ ਨੂੰ ਬਿਜਲੀ, ਪਾਣੀ ਮੁਫਤ ਦੇਣ ਦੇ ਨਾਲ-ਨਾਲ ਸਰਕਾਰੀ ਤੇ ਸਹਿਕਾਰੀ ਬੈਂਕਾਂ ਤੋਂ ਜ਼ੀਰੋ ਫੀਸਦੀ ਵਿਆਜ਼ 'ਤੇ ਕਰਜ਼ੇ ਮਿਲਣੇ ਚਾਹੀਦੇ ਹਨ। ਪੰਜ ਤੋਂ ਦਸ ਏਕੜ ਤਕ ਦੇ ਮਾਲਕਾਂ ਤੋਂ ਬਿਜਲੀ ਪਾਣੀ ਦਾ ਅੱਧਾ ਖਰਚ ਜ਼ਰੂਰ ਲੈਣਾ ਚਾਹੀਦਾ ਹੈ। ਇਸ ਨਾਲ ਉਹ ਇਨ੍ਹਾਂ ਦੀ ਸੰਜਮ ਨਾਲ ਵਰਤੋਂ ਕਰਨਗੇ। ਦਸ ਏਕੜ ਤੋਂ ਵੱਧ ਜ਼ਮੀਨ ਦੇ ਮਾਲਕਾਂ ਪਾਸੋਂ ਬਿਜਲੀ-ਪਾਣੀ ਦਾ ਪੂਰਾ ਖਰਚਾ ਲੈਣਾ ਚਾਹੀਦਾ ਹੈ। ਇਸੇ ਪ੍ਰਸੰਗ ਵਿਚ ਏ.ਸੀ. ਬੱਸਾਂ ਤੇ ਬੱਸ ਸਟੈਂਡਾਂ ਨੂੰ ਦੇਖਣਾ ਚਾਹੀਦਾ ਹੈ। ਪੇਂਡੂ ਰੂਟਾਂ 'ਤੇ ਤਾਂ ਲੋੜੀਂਦੀ ਗਿਣਤੀ ਵਿਚ ਬੱਸਾਂ ਨਹੀਂ ਹਨ। ਸੜਕਾਂ ਦੀ ਹਾਲਤ ਬੇਹੱਦ ਖਸਤਾ ਹੈ ਅਤੇ ਬੱਸ ਅੱਡਿਆਂ 'ਤੇ ਪੀਣ ਯੋਗ ਪਾਣੀ ਅਤੇ ਪਿਸ਼ਾਬ ਆਦਿ ਜਾਣ ਦੀ ਸਹੂਲਤ ਨਹੀਂ। ਜ਼ਿਆਦਾਤਰ ਬੱਸ ਅੱਡਿਆਂ 'ਤੇ ਪਖ਼ਾਨਿਆਂ ਦੀ ਸਹੂਲਤ ਨਹੀਂ। ਚੰਡੀਗੜ੍ਹ ਨੂੰ ਕੁਝ ਏ.ਸੀ. ਬੱਸਾਂ ਚਲਾ ਕੇ ਜਾਂ ਅੱਧੀ ਦਰਜਨ ਮਹਾਂਨਗਰਾਂ ਦੇ ਬੱਸ ਅੱਡਿਆਂ ਨੂੰ ਏ.ਸੀ. ਕਰਕੇ ਅਸੀਂ ਕਿਸ ਗੱਲ ਦਾ ਵਿਖਾਵਾ ਕਰ ਰਹੇ ਹਾਂ?

ਪੰਜਾਬ ਦਾ ਲੋੜੀਂਦਾ ਸਨਅਤੀਕਰਨ ਨਾ ਹੋਣ ਦਾ ਇਕ ਕਾਰਨ ਬਿਜਲੀ ਦੀ ਲਗਾਤਾਰ ਪੂਰਤੀ ਦਾ ਨਾ ਹੋਣਾ ਹੈ। ਖੇਤੀ ਖੇਤਰ ਲਈ ਹਰ ਸਾਲ ਸਾਨੂੰ ਗਰਮੀਆਂ ਵਿਚ ਮਹਿੰਗੀ ਬਿਜਲੀ ਦੂਜੇ ਸੂਬਿਆਂ ਤੋਂ ਖਰੀਦਣੀ ਪੈਂਦੀ ਹੈ। ਕਿੰਨੇ ਲੋਕ ਏ.ਸੀ. ਬੱਸਾਂ ਵਿਚ ਸਫ਼ਰ ਕਰਦੇ ਹਨ? ਸਗੋਂ ਪੰਜਾਬ ਵਰਗੇ ਰਾਜ ਜਿੱਥੇ ਲੋੜੀਂਦੀ ਮਾਤਰਾ ਵਿਚ ਬਿਜਲੀ ਊਰਜਾ ਉਪਲਬਧ ਨਹੀਂ ਹੈ, ਵਿਚ ਘਰਾਂ ਵਿਚ ਵੀ ਏ.ਸੀ. ਦੀ ਵਰਤੋਂ ਨੂੰ ਨਿਰਉਤਸ਼ਾਹਿਤ ਕੀਤਾ ਜਾਵੇ। ਜਦੋਂ ਅਸੀਂ ਖਾਂਦੇ-ਪੀਂਦੇ ਜ਼ਿਮੀਂਦਾਰਾਂ ਤੇ ਜਾਗੀਰਦਾਰਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਨੂੰ ਬੰਦ ਕਰਨ ਲਈ ਕਹਿੰਦੇ ਹਾਂ ਤਾਂ ਇਕ ਦਲੀਲ ਇਹ ਵੀ ਹੁੰਦੀ ਹੈ ਕਿ ਜਦੋਂ ਪੰਜਾਬ ਵਿਚ ਲੋੜੀਂਦੀ ਬਿਜਲੀ ਹੀ ਨਹੀਂ ਤਾਂ ਮੁਫਤ ਕਿਉਂ? ਅਜੇ ਇਹ ਬਿਜਲੀ ਅਨਾਜ ਉਤਪਾਦਨ ਤੇ ਹੋਰ ਖੁਰਾਕੀ ਵਸਤਾਂ ਦੀ ਪੈਦਾਵਾਰ ਲਈ ਵਰਤੀ ਜਾਂਦੀ ਹੈ, ਭਾਵ ਵਡੇਰੇ ਹਿੱਤਾਂ ਵਿਚ ਜਾਂ ਸਮਾਜ ਦੇ ਹਿੱਤਾਂ ਲਈ ਵਰਤੀ ਜਾਂਦੀ ਹੈ।

ਕੁਝ ਸਮਾਂ ਪਹਿਲਾਂ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲੀਸ ਮੁਖੀਆਂ ਵੱਲੋਂ 'ਕੈਂਪ ਆਫਿਸਾਂ' ਦੇ ਬਹਾਨੇ ਬਿਜਲੀ ਦੀ ਬੇਤਹਾਸ਼ਾ ਵਰਤੋਂ ਦੀਆਂ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਸਨ। ਵੱਡੇ ਜ਼ਮੀਨ ਮਾਲਕਾਂ ਨੂੰ ਮੁਫਤ ਬਿਜਲੀ ਫਸਲੀ ਵਿਭਿੰਨਤਾ ਦੇ ਰਾਹ ਵਿਚ ਰੋੜਾ ਹੈ। ਫਸਲੀ ਵਿਭਿੰਨਤਾ ਨੂੰ ਵੱਡੇ ਜ਼ਮੀਨ ਮਾਲਕ ਹੀ ਲਾਗੂ ਕਰ ਸਕਦੇ ਹਨ। ਮੁਫਤ ਬਿਜਲੀ ਪਾਣੀ ਦੀ ਬੇਲੋੜੀ ਵਰਤੋਂ ਨੂੰ ਉਤਸ਼ਾਹਿਤ ਕਰਦੀ ਹੈ। ਸਿੱਟੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ ਅਤੇ ਪੰਜਾਬ ਰੇਗਿਸਤਾਨ ਬਣਨ ਵਾਲੇ ਪਾਸੇ ਵਧ ਰਿਹਾ ਹੈ। ਮੁਫਤ ਬਿਜਲੀ ਦੇਣ ਨਾਲ ਰਾਜ ਸਰਕਾਰ ਨੂੰ ਹਰ ਸਾਲ ਜੋ 3500 ਕਰੋੜ ਰੁਪਏ ਖਰਚਣੇ ਪੈਂਦੇ ਹਨ, ਉਸ ਦਾ ਵੱਡਾ ਹਿੱਸਾ ਖਾਂਦੇ-ਪੀਂਦੇ ਜ਼ਿਮੀਂਦਾਰ ਤੇ ਜਾਗੀਰਦਾਰ ਹਥਿਆ ਲੈਂਦੇ ਹਨ। ਗ਼ਰੀਬ ਕਿਸਾਨਾਂ ਪਾਸ ਤਾਂ ਟਿਊਬਵੈਲ ਹੀ ਨਹੀਂ ਹਨ। ਇਹ ਵਿਚਾਰੇ ਤਾਂ ਪਾਣੀ ਮੁੱਲ ਲੈਂਦੇ ਹਨ।

ਪੰਜਾਬ ਦੇ ਹਕੀਕੀ ਵਿਕਾਸ ਲਈ ਟੈਕਸ ਦੇਣ ਯੋਗ ਲੋਕਾਂ 'ਤੇ ਨਵੇਂ ਟੈਕਸ ਲਗਾਏ ਜਾਣ ਅਤੇ ਬਿਜਲੀ ਤੇ ਟੈਕਸ ਚੋਰੀ ਸਖ਼ਤੀ ਨਾਲ ਰੋਕੀ ਜਾਵੇ। ਪੰਜਾਬ ਵਿਚ ਉਪਰਲਾ 25 ਫੀਸਦੀ ਅਮੀਰ ਵਰਗ ਅਤੇ ਕਲਾਸ ਇਕ ਅਤੇ ਦੋ ਅਫਸਰ ਹੀ ਚੋਰੀਆਂ ਕਰਦੇ ਹਨ। ਇਹ ਚੋਰੀਆਂ ਰੋਕਣ ਲਈ ਰਾਜਨੀਤਕ ਇੱਛਾ ਸ਼ਕਤੀ ਚਾਹੀਦੀ ਹੈ। ਖੇਤ ਮਜ਼ਦੂਰ ਛੋਟਾ ਤੇ ਗ਼ਰੀਬ ਕਿਸਾਨ, ਛੋਟਾ ਦੁਕਾਨਦਾਰ ਅਤੇ ਰੇਹੜੀ-ਫ਼ਾਬੜੀ ਵਾਲਾ ਕੀ ਚੋਰੀ ਕਰੇਗਾ? ਯਾਦ ਰਹੇ ਕਿ ਪੰਜਾਬ ਵਿਚੋਂ ਟੈਕਸਾਂ ਤੋਂ ਹੁੰਦੀ ਆਮਦਨ ਦਾ ਰਾਜ ਦੇ ਕੁੱਲ ਘਰੇਲੂ ਉਤਪਾਦਨ ਨਾਲੋਂ ਅਨੁਪਾਤ ਬੇਹੱਦ ਘੱਟ ਹੈ।


ਵਿੱਤੀ ਹਾਲਤ ਕੇਵਲ ਪੰਜਾਬ ਦੀ ਹੀ ਮਾੜੀ ਨਹੀਂ ਸਗੋਂ ਪੱਛਮੀ ਬੰਗਾਲ, ਕੇਰਲਾ, ਯੂ.ਪੀ., ਬਿਹਾਰ ਸਮੇਤ ਕਈ ਰਾਜਾਂ ਦੀ ਵੀ ਬੇਹੱਦ ਖਰਾਬ ਹੈ। ਹੋਰ ਪ੍ਰਾਂਤਾਂ ਸਿਰ ਵੀ ਵੱਡੇ ਕਰਜ਼ੇ ਹਨ ਅਤੇ ਉਹ ਦਹਾਕਿਆਂ ਤੋਂ ਵਿੱਤੀ ਘਾਟੇ ਵਿਚ ਚੱਲ ਰਹੇ ਹਨ। ਇਸ ਦਾ ਕਾਰਨ ਰਾਜਾਂ ਪਾਸ ਅਤੀ ਸੀਮਤ ਆਰਥਿਕ ਸਾਧਨਾਂ ਅਤੇ ਵਧ ਰਹੀ ਕੇਂਦਰੀਕਰਨ ਦੀ ਪਹੁੰਚ ਹੈ। ਅਕਾਲੀ ਪਾਰਟੀ, ਡੀ.ਐਮ.ਕੇ. ਅਤੇ ਖੱਬੀਆਂ ਪਾਰਟੀਆਂ ਰਾਜਾਂ ਲਈ ਵੱਧ ਅਧਿਕਾਰਾਂ ਦੀਆਂ ਅਲੰਬਰਦਾਰ ਰਹੀਆਂ ਹਨ। ਸੱਤਾ ਸੁੱਖ ਅਤੇ ਕਾਂਗਰਸ ਜਾਂ ਭਾਜਪਾ ਨਾਲ ਗੱਠਜੋੜ ਦੀਆਂ ਮਜਬੂਰੀਆਂ ਕਾਰਨ ਇਹ ਧਿਰਾਂ ਇਹ ਬੁਨਿਆਦੀ, ਲੋਕ ਹਿੱਤੂ ਅਤੇ ਜਮਹੂਰੀ ਮੰਗ ਨੂੰ ਅਮਲੀ ਪੱਧਰ 'ਤੇ ਛੱਡ ਚੁੱਕੀਆਂ ਹਨ। ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ ਦੀ ਹੈ ਪਰ ਆਰਥਿਕ ਸਾਧਨਾਂ ਤੇ ਸੋਮਿਆਂ 'ਤੇ ਕਬਜ਼ਾ ਕੇਂਦਰ ਸਰਕਾਰ ਦਾ ਹੈ। ਕੇਂਦਰੀ ਸੱਤਾ ਦੀਆਂ ਦੋਵੇਂ ਦਾਅਵੇਦਾਰ ਪਾਰਟੀਆਂ-ਕਾਂਗਰਸ ਤੇ ਭਾਜਪਾ ਕੇਂਦਰੀਕਰਨ ਦੀਆਂ ਮੁਦੱਈ ਹਨ। ਇਸ ਲਈ ਖੇਤਰੀ ਤੇ ਖੱਬੀਆਂ ਪਾਰਟੀਆਂ ਨੂੰ ਰਾਜਾਂ ਲਈ ਵੱਧ ਅਧਿਕਾਰਾਂ ਦੀ ਲੜਾਈ ਨੂੰ ਕੇਂਦਰੀ ਮੁੱਦਾ ਬਣਾਉਣਾ ਚਾਹੀਦਾ ਹੈ। ਅਜਿਹਾ ਕਰਨ ਲਈ ਇਨ੍ਹਾਂ ਪਾਰਟੀਆਂ ਨੂੰ ਆਪਣੇ-ਆਪਣੇ ਰਾਜਾਂ ਵਿਚ ਮੌਕਾ ਮਿਲਣ 'ਤੇ ਸਾਫ ਸੁਥਰਾ ਪ੍ਰਸ਼ਾਸਨ ਯਕੀਨੀ ਬਣਾਉਣਾ ਚਾਹੀਦਾ ਹੈ।

ਬੇਲੋੜੇ ਤੇ ਫਜ਼ੂਲ ਖਰਚੇ ਘਟਾਉਣ ਲਈ ਵਜ਼ੀਰਾਂ, ਵਿਧਾਇਕਾਂ ਤੇ ਅਫਸਰਾਂ ਦੇ ਵਿਦੇਸ਼ੀ ਦੌਰੇ, ਸੁਰੱਖਿਆ ਖਰਚੇ ਤੇ ਮੈਡੀਕਲ ਖਰਚੇ ਨੂੰ ਸੀਮਤ ਕੀਤਾ ਜਾਵੇ। ਵਿਧਾਇਕਾਂ ਤੇ ਵਜ਼ੀਰਾਂ ਦੀਆਂ ਤਨਖਾਹਾਂ ਤੇ ਭੱਤਿਆਂ ਵਿਚ ਘੱਟ ਤੋਂ ਘੱਟ ਅਗਲੇ ਵੀਹ ਸਾਲਾਂ ਵਿਚ ਕੋਈ ਵਾਧਾ ਨਾ ਕੀਤਾ ਜਾਵੇ। ਅਫਸਰਸ਼ਾਹੀ, ਵਿਧਾਇਕਾਂ ਤੇ ਵਜ਼ੀਰਾਂ ਦੇ ਪੈਟਰੋਲ ਬਿੱਲਾਂ 'ਤੇ ਸਿਖਰਲੀ ਸੀਮਾ ਲਗਾਈ ਜਾਵੇ। ਜੇ ਪੰਜਾਬ ਆਰਥਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਤਾਂ ਹਾਕਮਾਂ ਦੇ ਸ਼ਾਹਾਨਾ ਖਰਚੇ ਕਿਉਂ? ਇਸੇ ਤਰ੍ਹਾਂ ਹੀ ਟੈਕਸ ਚੋਰੀ, ਬਿਜਲੀ ਚੋਰੀ ਤੇ ਭ੍ਰਿਸ਼ਟਾਚਾਰ ਨੂੰ ਨਕੇਲ ਪਾਉਣ ਦਾ ਕਾਰਜ ਉਪਰ ਤੋਂ ਸ਼ੁਰੂ ਕੀਤਾ ਜਾਵੇ। ਜੇ ਪੰਜਾਬ ਡੂੰਘੇ ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ ਤਾਂ ਵਪਾਰੀਆਂ, ਕਾਰੋਬਾਰੀਆਂ ਤੇ ਕਾਰਖਾਨੇਦਾਰਾਂ ਨੂੰ ਟੈਕਸ ਛੋਟਾਂ ਕਿਉਂ? ਯਕਮੁਸ਼ਤ ਕਰਜ਼ਾ ਮੁਆਫੀ ਕਿਉਂ? ਯਾਦ ਰਹੇ ਕਿ ਬੀਤੇ ਵੀਹ ਸਾਲਾਂ ਵਿਚ ਪੰਜਾਬ ਦੀਆਂ ਸਰਕਾਰਾਂ ਨੇ ਅਰਬਾਂ ਰੁਪਏ ਦੀਆਂ ਟੈਕਸ ਛੋਟਾਂ ਤੇ ਕਰਜ਼ਾ ਮੁਆਫੀਆਂ ਦਿੱਤੀਆਂ ਹਨ।

ਸੌੜੀ ਰਾਜਨੀਤੀਕ ਪਹੁੰਚ ਤੋਂ ਉਪਰ ਉਠ ਕੇ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਕੇਂਦਰ 'ਤੇ ਵਿਸ਼ੇਸ਼ ਆਰਥਿਕ ਪੈਕੇਜ ਲਈ ਦਬਾਅ ਪਾਉਣ। ਇਸ ਲਈ ਠੋਸ ਆਧਾਰ ਮੌਜੂਦ ਹੈ। ਕੇਂਦਰੀ ਅਨਾਜ ਭੰਡਾਰ ਵਿਚ ਪੰਜਾਬ ਦਾ ਫੈਸਲਾਕੁਨ ਯੋਗਦਾਨ ਇਸ ਲਈ ਪ੍ਰਾਂਤ ਆਪਣੇ ਕੁਦਰਤੀ ਸੋਮਿਆਂ ਦੀ ਆਹੂਤੀ ਦੇ ਰਿਹਾ ਹੈ। ਪੰਜਾਬ ਸਰਹੱਦੀ ਸੂਬਾ ਹੈ। ਹਿੰਦ-ਪਾਕਿ ਜੰਗਾਂ ਅਤੇ ਵੱਖਵਾਦੀ ਦਹਿਸ਼ਤਗਰਦੀ ਦਾ ਸੇਕ ਪੰਜਾਬ ਨੇ ਹੰਢਾਇਆ ਹੈ। ਸਭ ਤੋਂ ਵੱਧ ਲੋੜ ਇਹ ਹੈ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਧਿਰਾਂ ਸਾਂਝਾ ਵਿਕਾਸ ਪ੍ਰੋਗਰਾਮ ਉਲੀਕਣ ਲਈ ਸਿਰ ਜੋੜ ਕੇ ਬੈਠਣ।

# ਭੁੱਟੋ ਕਤਲ ਕਾਂਡ 'ਚ ਮੁਸ਼ੱਰਫ਼ ਮੁਲਜ਼ਮ ਕਰਾਰ

**ਇਸਲਾਮਾਬਾਦ:** ਪਾਕਿਸਤਾਨ ਸਰਕਾਰ ਨੇ ਲੰਡਨ 'ਚ ਸਵੈ-ਜਲਾਵਤਨੀ ਕੱਟ ਰਹੇ ਮੁਲਕ ਦੇ ਸਾਬਕਾ ਹਾਕਮ ਜਨਰਲ ਪਰਵੇਜ਼ ਮੁਸ਼ੱਰਫ਼ ਨੂੰ ਬੇਨਜ਼ੀਰ ਭੁੱਟੋ ਕਤਲ ਕਾਂਡ ਵਿਚ ਮੁਲਜ਼ਮ ਕਰਾਰ ਦਿੰਦਿਆਂ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਇਸ ਕੇਸ ਵਿਚ ਉਨ੍ਹਾਂ ਨੂੰ 'ਭਗੌੜਾ' ਕਰਾਰ ਦਿੱਤਾ ਜਾਵੇ। ਇਸ ਘਟਨਾ ਨੇ ਵਤਨ ਪਰਤ ਕੇ ਸਿਆਸਤ ਵਿਚ ਸਰਗਰਮ ਹੋਣ ਦੀਆਂ ਮੁਸ਼ੱਰਫ਼ ਦੀਆਂ ਯੋਜਨਾਵਾਂ ਨੂੰ ਕਰਾਰੀ ਸੱਟ ਮਾਰੀ ਹੈ। ਪਾਕਿਸਤਾਨ ਦੀ ਦਹਿਸ਼ਤਗਰਦੀ ਰੋਕੂ ਅਦਾਲਤ ਵਿਚ ਦਾਖਲ ਚਾਰਜਸ਼ੀਟ 'ਚ ਕੌਮੀ ਜਾਂਚ ਏਜੰਸੀ (ਐਫ.ਆਈ.ਏ.) ਨੇ ਮੁਸ਼ੱਰਫ਼ ਨੂੰ 'ਭਗੌੜਾ ਮੁਲਜ਼ਮ' ਕਰਾਰ ਦਿੱਤਾ ਹੈ। ਸਰਕਾਰੀ ਧਿਰ ਦਾ ਕਹਿਣਾ ਸੀ ਕਿ ਇਹ ਕਦਮ ਸ੍ਰੀ ਮੁਸ਼ੱਰਫ਼ ਵੱਲੋਂ 2007 ਵਿਚ ਹੋਏ ਮੁਲਕ ਦੀ ਸਾਬਕਾ ਪ੍ਰਧਾਨ ਮੰਤਰੀ ਬੀਬੀ ਭੁੱਟੋ ਦੇ ਕਤਲ ਬਾਰੇ ਜਾਂਚ ਵਿਚ ਸਹਿਯੋਗ ਦੇਣ ਤੋਂ ਨਾਂਹ ਕੀਤੇ ਜਾਣ ਕਾਰਨ ਚੁੱਕਿਆ ਗਿਆ ਹੈ।



ਐਫ.ਆਈ.ਏ. ਦੇ ਵਕੀਲ ਚੌਧਰੀ ਜ਼ੁਲਫਿਕਾਰ ਨੇ ਅਦਾਲਤ ਨੂੰ ਦੱਸਿਆ ਕਿ ਮੁਸ਼ੱਰਫ਼ ਤੋਂ ਇਸ ਕੇਸ ਵਿਚ ਸਹਿਯੋਗ ਨਾ ਮਿਲਣ ਕਾਰਨ ਉਨ੍ਹਾਂ ਨੂੰ 'ਭਗੌੜਾ ਮੁਲਜ਼ਮ' ਕਰਾਰ ਦਿੱਤਾ ਗਿਆ ਹੈ। ਇਸ ਬਾਰੇ ਪੇਸ਼ ਅੰਤਰਿਮ ਚਲਾਨ ਜਾਂ ਫਰਦ ਜੁਰਮ 'ਚ ਕਿਹਾ ਗਿਆ ਹੈ ਕਿ ਜਾਂਚ ਵਿਚ ਸਹਿਯੋਗ ਦੇਣ ਲਈ ਵਾਰ-ਵਾਰ ਕੀਤੀਆਂ ਅਪੀਲਾਂ ਨੂੰ ਸ੍ਰੀ ਮੁਸ਼ੱਰਫ਼ ਨੇ ਨਜ਼ਰਅੰਦਾਜ਼ ਕਰ ਦਿੱਤਾ।

ਅਦਾਲਤ ਵਿਚ ਇਸ ਸਬੰਧੀ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਮੈਂਬਰਾਂ ਸਣੇ ਪੰਜ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਚਲਾਇਆ ਜਾ ਰਿਹਾ ਹੈ ਜਿਨ੍ਹਾਂ ਉਤੇ ਕਤਲ ਦੀ ਸਾਜ਼ਿਸ਼ ਘੜਨ ਤੇ ਇਸ ਵਿਚ ਸਹਿਯੋਗ ਦੇਣ ਦਾ ਦੋਸ਼ ਹੈ। ਇਹ ਕਤਲ ਕਾਂਡ 27 ਦਸੰਬਰ, 2007 ਨੂੰ ਰਾਵਲਪਿੰਡੀ 'ਚ ਵਾਪਰਿਆ ਸੀ। ਇਸੇ ਦੌਰਾਨ ਕਤਲ ਦੇ ਸਮੇਂ ਬੀਬੀ ਬੇਨਜ਼ੀਰ ਵੱਲੋਂ ਵਰਤੇ ਜਾ ਰਹੇ ਦੋ ਬਲੈਕਬੈਰੀ ਮੋਬਾਈਲ ਫੋਨ ਐਫ.ਆਈ.ਏ. ਦੇ ਹਵਾਲੇ ਕਰ ਦਿੱਤੇ ਗਏ ਜੋ ਬੀਤੇ ਦਿਨੀਂ ਬੀਬੀ ਬੇਨਜ਼ੀਰ ਦੇ ਇਕ ਮੁਲਾਜ਼ਮ ਦੇ ਕਰਾਚੀ ਸਥਿਤ ਘਰ ਤੋਂ ਮਿਲੇ ਸਨ।

# ਟਿਊਨੀਸ਼ੀਆ ਦੇ ਹੱਲੇ ਤੋਂ ਮਿਸਰ ਦੀ ਬਗ਼ਾਵਤ ਤੱਕ

**ਅਤੁਲ ਅਨੇਜਾ**

ਟਿਊਨਿਸ ਵਿਚ ਪਥਰਾਓ ਕਰ ਰਹੇ ਲੋਕ ਪੁਲੀਸ ਅਤੇ ਇਸ ਵੱਲੋਂ ਛੱਡੇ ਜਾ ਰਹੇ ਅੱਥਰੂ ਗੈਸ ਦੇ ਗੋਲਿਆਂ ਨਾਲ ਜੂਝ ਰਹੇ ਸਨ ਕਿ ਅਚਾਨਕ ਉਹ ਕੁਝ ਵਾਪਰ ਗਿਆ ਜਿਸ ਦੀ ਆਸ ਕਰਨੀ ਤਕਰੀਬਨ ਅਸੰਭਵ ਹੀ ਸੀ। 14 ਜਨਵਰੀ ਦੀ ਸ਼ਾਮ ਨੂੰ ਜਿਉਂ ਜਿਉਂ ਹਨ੍ਹੇਰਾ ਉਤਰਨਾ ਸ਼ੁਰੂ ਹੋਇਆ ਅਤੇ ਦੇਸ਼ ਦੀ ਰਾਜਧਾਨੀ ਟਿਊਨਿਸ ਵਿਚ ਅਸਥਿਰਤਾ ਤੇ ਅਨਿਸਚਿਤਤਾ ਨੇ ਸਿਰ ਚੁੱਕਣਾ ਆਰੰਭ ਕੀਤਾ, ਤਾਂ ਖ਼ਬਰ ਆ ਗਈ ਕਿ 23 ਸਾਲਾਂ ਤੋਂ ਸੱਤਾ ਉਤੇ ਕੁੰਡਲੀ ਮਾਰੀ ਬੈਠਾ ਤਾਨਾਸ਼ਾਹ ਜ਼ਿਨੇ-ਅਲ-ਅਬਿਦੀਨ ਬੇਨ ਅਲੀ ਮੁਲਕ ਤੋਂ ਫ਼ਰਾਰ ਹੋ ਗਿਆ ਹੈ। ਤਾਨਾਸ਼ਾਹ ਦਾ ਜਹਾਜ਼ ਕਿਤੇ ਉਤਰਨਾ ਵੀ ਸੀ ਪਰ ਫ਼ਰਾਂਸ ਜੋ ਕਿਸੇ ਵੇਲੇ ਟਿਊਨੀਸ਼ੀਆ ਉਤੇ ਰਾਜ ਕਰਦਾ ਰਿਹਾ ਹੈ, ਨੂੰ ਜਾਪਿਆ ਕਿ ਹੁਣ ਇਸ ਬੁੱਢੇ, ਉਜੜੇ ਤਾਨਾਸ਼ਾਹ ਤੋਂ ਕੋਈ ਲਾਭ ਨਹੀਂ ਮਿਲਣਾ, ਇਸ ਲਈ ਜਹਾਜ਼ ਨੂੰ ਉਤਰਨ ਦੀ ਆਗਿਆ ਨਹੀਂ ਦਿੱਤੀ। ਆਖ਼ਰਕਾਰ ਸਾਊਦੀ ਅਰਬ ਨੇ ਬਾਂਹ ਫੜੀ ਤੇ ਸ਼ਾਸਕਾਂ ਨੇ ਇਸ ਅਣਸੱਦੇ ਪ੍ਰਾਹੁਣੇ ਲਈ ਜਦਾਹ ਵਿਚਲੇ ਕਈ ਮਹਿਲਾਂ ਵਿਚੋਂ ਇਕ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਟਿਊਨੀਸ਼ੀਆ ਵਿਚ ਲੋਕ ਸੜਕਾਂ ਉਤੇ ਨਿਕਲੇ ਹੋਏ ਸਨ। ਕਰਫ਼ਿਊ ਅਤੇ ਐਮਰਜੈਂਸੀ ਲਾਉਣ ਦੇ ਬਾਵਜੂਦ ਸੜਕਾਂ ਉਤੇ ਭੜਥੂ ਪੈ ਰਿਹਾ ਸੀ। ਬੇਨ ਅਲੀ ਦੀ ਸੱਤਾ ਦਾ ਮਹਿਲ ਤਾਸ਼ ਦੇ ਪੱਤਿਆਂ ਵਾਂਗ ਢਹਿ-ਢੇਰੀ ਹੋ ਰਿਹਾ ਸੀ। ਬਹੁਤਿਆਂ ਦੀ ਪੇਸ਼ੀਨਗੋਈ ਸੀ ਕਿ ਬਹੁਤ ਮਹੱਤਵਪੂਰਨ ਸਿਆਸੀ ਇਕਲਾਬ ਕੁੰਡਾ ਖੜਕਾ ਰਿਹਾ ਹੈ। ਰਾਤੋ-ਰਾਤ ਮੀਡੀਆ ਦੇ ਵੱਡੇ ਹਿੱਸੇ ਨੇ ਐਲਾਨ ਕੀਤਾ ਕਿ ਇਹ ਸਿਰਫ਼ ਟਿਊਨੀਸ਼ੀਆ ਦੀ ਤਾਨਾਸ਼ਾਹੀ ਦਾ ਹੀ ਖ਼ਾਤਮਾ ਨਹੀਂ ਹੈ, ਹੁਣ ਤਾਂ ਪੱਛਮੀ ਏਸ਼ੀਆ ਵਿਚ ਜਮਹੂਰੀਅਤ ਦੀ ਲਹਿਰ ਦੇ ਆਸਾਰ ਬਣ ਰਹੇ ਹਨ। ਹੁਣ ਇਸ ਖਿੱਤੇ ਵਿਚੋਂ ਤਾਨਾਸ਼ਾਹਾਂ ਦਾ ਬਿਸਤਰਾ ਗੋਲ ਹੋਣ ਦਾ ਵਕਤ ਆ ਗਿਆ ਹੈ। ਮੀਡੀਆ ਦੀ ਇਹ ਗੱਲ ਸਹੀ ਹੋ ਸਕਦੀ ਹੈ ਪਰ ਹਾਲ ਦੀ ਘੜੀ ਤਾਂ ਇੰਨੀ ਵੱਡੀ ਆਸ ਨਹੀਂ। ਹੋ ਸਕਦਾ ਹੈ, ਆਉਣ ਵਾਲੇ ਸਮੇਂ ਵਿਚ ਅਜਿਹਾ ਸੰਭਵ ਹੋ ਸਕੇ।

ਮੀਡੀਆ ਦਾ ਪੂਰਾ ਸਮਰਥਨ ਹਾਸਲ ਅਤੇ ਜਥੇਬੰਦਕ ਹੋਣ 'ਤੇ ਮਜ਼ਬੂਤ ਇਸ ਬਗ਼ਾਵਤ ਨੇ ਸੱਚਮੁਚ ਖਿੱਤੇ ਵਿਚ ਆਸ ਦੇ ਦੀਵੇ ਜਗਾਏ। ਫ਼ਲਸਤੀਨੀ ਅਖ਼ਬਾਰ 'ਅਲ ਕੁਦਸ ਅਲ ਅਰਬੀ' ਦੇ ਸੰਪਾਦਕ ਅਬਦੁਲ ਬਾਰੀ ਅਤਵਾਨ ਮੁਤਾਬਕ: "ਅਰਬ ਦੇਸ਼ ਸਬਰ-ਸੰਤੋਖ ਵਾਲਾ ਹੈ ਪਰ ਇਸ ਦਾ ਸਬਰ ਉਸੇ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਦਾ ਊਠ ਦਾ ਹੁੰਦਾ ਹੈ। ਜਦੋਂ ਮਾਰਖੋਰਾ ਹੋ ਉਠਦਾ ਹੈ ਤਾਂ ਊਠ ਉਦੋਂ ਤਕ ਨਹੀਂ ਰੁਕਦਾ ਜਦੋਂ ਤਕ ਇਹ ਬਦਲਾ ਨਹੀਂ ਲੈ ਲੈਂਦਾ। ਜਾਪਦਾ ਇਸ ਤਰ੍ਹਾਂ ਹੈ ਕਿ ਇਹ ਊਠ ਹੁਣ ਰੱਸੇ ਤੁੜਾ ਕੇ ਬਾਹਰ ਨਿਕਲ ਤੁਰਿਆ ਹੈ ਅਤੇ ਫੁੰਕਾਰ ਰਿਹਾ ਹੈ।"



*ਟਿਊਨੀਸ਼ੀਆ ਦੀ ਰਾਜਧਾਨੀ ਵਿਚ ਰੋਸ ਵਿਖਾਵਾ ਕਰ ਰਹੀਆਂ ਮੁਟਿਆਰਾਂ*

ਅਰਬ ਦੀ ਪੱਥਰ-ਸੱਤਾ ਕਦੋਂ ਤਿੜਕਣੀ ਸ਼ੁਰੂ ਹੁੰਦੀ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਫ਼ਿਲਹਾਲ ਟਿਊਨੀਸ਼ੀਆ ਨੂੰ ਆਪਣੇ ਸਿਆਸੀ ਇਨਕਲਾਬ ਨੂੰ ਸਾਂਭਣ ਦਾ ਅਮਲਾ ਬਹੁਤ ਵੱਡਾ ਹੈ। ਤਾਨਾਸ਼ਾਹ ਬੇਨ ਅਲੀ ਅਜੇ ਦੇਸ਼ ਵਿਚੋਂ ਫ਼ਰਾਰ ਹੀ ਹੋਇਆ ਸੀ ਕਿ ਸਾਬਕਾ ਸਪੀਕਰ ਫ਼ੁਆਦ ਮੇਬਾਜ਼ਾ ਰਾਸ਼ਟਰਪਤੀ ਦੀ ਕੁਰਸੀ 'ਤੇ ਜਾ ਬੈਠੇ ਅਤੇ ਉਨ੍ਹਾਂ ਸਾਂਝੀ ਕੌਮੀ ਸਰਕਾਰ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਦਾ ਮਤਲਬ ਸੀ ਕਿ ਵਿਰੋਧੀ ਧਿਰ ਦੇ ਆਗੂਆਂ ਨੂੰ ਵੀ ਨਹੀਂ ਸਰਕਾਰ ਵਿਚ ਥਾਂ ਦਿੱਤੀ ਜਾਵੇਗੀ। ਉਂਜ 17 ਜਨਵਰੀ ਨੂੰ ਜਦੋਂ ਸਰਕਾਰ ਦੇ ਨੁਮਾਇੰਦਿਆਂ ਦਾ ਐਲਾਨ ਕੀਤਾ ਗਿਆ ਤਾਂ ਇਹ ਉਹੀ ਬੰਦੇ ਸਨ ਜਿਨ੍ਹਾਂ ਖ਼ਿਲਾਫ਼ ਲੋਕਾਂ ਦੀ ਨਫ਼ਰਤ ਭੜਕ ਕੇ ਬਗ਼ਾਵਤ ਦਾ ਰੂਪ ਧਾਰ ਗਈ ਸੀ। ਰੱਖਿਆ, ਵਿਦੇਸ਼, ਗ੍ਰਹਿ ਤੇ ਵਿੱਤ ਨਾਲ ਸਬੰਧਤ ਅਹਿਮ ਮਹਿਕਮੇ ਵਿਚ ਇਕ ਵਾਰ ਫਿਰ ਬੇਨ ਅਲੀ ਦੇ ਚਹੇਤਿਆਂ ਨੂੰ ਸੌਂਪ ਦਿੱਤੇ ਗਏ।

ਵਿਰੋਧੀ ਧਿਰ ਨੇ ਸਖ਼ਤ ਸਟੈਂਡ ਲਿਆ ਕਿ ਪੁਰਾਣੇ ਆਗੂਆਂ ਨਾਲ ਬਣਾਈ ਸਰਕਾਰ ਮਨਜ਼ੂਰ ਨਹੀਂ। ਇਨ੍ਹਾਂ ਪੁਰਾਣੇ ਆਗੂਆਂ ਨੂੰ ਹਾਸ਼ੀਏ ਵੱਲ ਧੱਕਣ ਵਿਚ ਵਿਰੋਧੀ ਧਿਰ ਕੁਝ ਕੁ ਕਾਮਯਾਬ ਵੀ ਰਹੀ। ਵਿਰੋਧੀ ਧਿਰ ਦੇ ਜਿਨ੍ਹਾਂ ਚਾਰ ਆਗੂਆਂ ਨੂੰ ਮੰਤਰੀ ਬਣਾਇਆ ਗਿਆ ਸੀ, ਉਨ੍ਹਾਂ ਨੇ ਅਸਤੀਫ਼ੇ ਦੇ ਦਿੱਤੇ। ਉਂਜ ਨਵੇਂ ਇਨਕਲਾਬ ਨੂੰ ਜਿਹੜੀਆਂ ਦਿੱਕਤਾਂ ਅਤੇ ਔਕੜਾਂ ਦਰਪੇਸ਼ ਹੁੰਦੀਆ ਹਨ, ਉਹ ਜਿਉਂ ਦੀਆਂ ਤਿਉਂ ਬਰਕਰਾਰ ਸਨ। ਤਾਨਾਸ਼ਾਹ ਦੇ ਫ਼ਰਾਰ ਹੋਣ ਪਿੱਛੋਂ ਸੱਤਾ ਵਿਚ ਜਿਹੜਾ ਖਲਾਅ ਪੈਦਾ ਹੋ ਗਿਆ ਸੀ, ਸਵਾਲ ਤਾਂ ਇਸ ਨੂੰ ਭਰਨ ਦਾ ਸੀ! ਈਰਾਨ ਦੇ ਇਨਕਲਾਬ ਵੇਲੇ ਉਥੇ ਅਇਤੁੱਲਾ ਖ਼ੁਮੈਨੀ ਲੀਡਰ ਵਜੋਂ ਸਿਰ ਕੱਢ ਗਿਆ ਸੀ, ਨਾਲ ਦੀ ਨਾਲ ਲੋਕ ਵੀ ਪੁਰਾਣੇ ਰਾਜ ਤੋਂ ਅੱਕੇ ਹੋਏ ਸਨ। ਕਿਸੇ ਲੋਕਪ੍ਰਿਯ ਜਾਂ ਕ੍ਰਿਸ਼ਮਈ ਆਗੂ ਤੋਂ ਬਗ਼ੈਰ ਟਿਊਨੀਸ਼ੀਆ ਵਿਚ ਆਇਆ ਇਨਕਲਾਬ ਫਿਰ ਕਿਸ ਤਰ੍ਹਾਂ ਅਗਾਂਹ ਪੈਰ ਵਧਾ ਸਕਦਾ ਹੈ?

ਟਿਊਨੀਸ਼ੀਆ ਦੇ ਲੋਕਾਂ ਅੱਗੇ ਵੰਗਾਰ ਵੱਡੀ ਹੈ। ਇਹ ਲੋਕ ਸਫ਼ਲ ਵੀ ਹੋ ਸਕਦੇ ਹਨ ਜਿਸ ਤਰ੍ਹਾਂ ਹੋਰ ਦੇਸ਼ਾਂ ਵਿਚ ਬਗ਼ਾਵਤਾਂ ਉਭਰਨ ਪਿੱਛੋਂ ਹੋਇਆ ਸੀ। ਟਿਊਨੀਸ਼ੀਆ ਵਿਚ ਬਹੁਗਿਣਤੀ ਪੜ੍ਹੇ-ਲਿਖੇ ਲੋਕਾਂ ਦੀ ਹੈ ਅਤੇ ਇਹ ਜਥੇਬੰਦ ਵੀ ਹਨ। ਇਹੀ ਇਕ ਪੱਖ ਹੈ ਜਿਹੜਾ ਟਿਊਨੀਸ਼ੀਆ ਦੇ ਲੋਕਾਂ ਦੇ ਹੱਕ ਵਿਚ ਜਾਂਦਾ ਹੈ। ਤਾਨਾਸ਼ਾਹ ਵਿਰੋਧੀ ਲੇਬਰ ਯੂਨੀਅਨਾਂ; ਵਿਦਿਆਰਥੀਆਂ, ਵਕੀਲਾਂ, ਪੱਤਰਕਾਰਾਂ, ਅਧਿਆਪਕਾਂ ਦੀਆਂ ਯੂਨੀਅਨਾਂ ਦਾ ਇਸ ਇਨਕਲਾਬ ਵਿਚ ਅਹਿਮ ਯੋਗਦਾਨ ਹੋਵੇਗਾ। ਯਾਦ ਰਹੇ ਕਿ ਬਗ਼ਾਵਤ 17 ਦਸੰਬਰ ਨੂੰ ਉਸ ਵਕਤ ਭੜਕ ਉਠੀ ਸੀ ਜਦੋਂ ਇਕ ਯੂਨੀਵਰਸਿਟੀ ਗਰੈਜੂਏਟ ਨੇ ਆਤਮਦਾਹ ਕਰ ਲਿਆ ਸੀ। ਇਹ ਉਹ ਸ਼ਖ਼ਸ ਸੀ ਜਿਸ ਨੂੰ ਪਹਿਲਾਂ ਸਬਜ਼ੀਆਂ ਦੀ ਰੇਹੜੀ ਲਾਉਣ ਲਈ ਮਜਬੂਰ ਕੀਤਾ ਗਿਆ ਅਤੇ ਫਿਰ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਗਿਆ।

ਟਿਊਨੀਸ਼ੀਆ ਦੀ ਵਿਕਾਸ ਦਰ ਇਕ ਵਾਧੇ ਦੇ ਬਾਵਜੂਦ ਬੇਰੁਜ਼ਗਾਰਾਂ ਦੀ ਫ਼ੌਜ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਬਗ਼ਾਵਤ ਦੀ ਸਫ਼ਲਤਾ ਦਾ ਆਧਾਰ ਇਹ ਫ਼ੌਜ ਹੀ ਹੋ ਸਕਦੀ ਹੈ। ਮਾਹਿਰਾਂ ਮੁਤਾਬਕ ਬੇਰੁਜ਼ਗਾਰੀ ਦੀ ਦਰ ਸਰਕਾਰੀ ਅੰਕੜਿਆਂ (14 ਫ਼ੀਸਦ) ਤੋਂ ਕਿਤੇ ਵਧੇਰੇ ਹੈ।

**ਦੇਸ਼-ਪਰਦੇਸ**

ਇਕ ਅੰਦਾਜ਼ੇ ਅਨੁਸਾਰ 15-24 ਉਮਰ ਵਰਗ ਦੇ ਨੌਜਵਾਨਾਂ ਵਿਚੋਂ ਅੱਧੇ ਬੇਰੁਜ਼ਗਾਰ ਹਨ। ਇਹ ਗਿਣਤੀ ਪੇਂਡੂ ਖੇਤਰਾਂ ਵਿਚ ਵਧੇਰੇ ਹੈ। ਇਹੀ ਇਨਕਲਾਬ ਦਾ ਧੁਰਾ ਹੋਣਗੇ।

ਲੋਕਾਂ ਦੀਆਂ ਦੁਸ਼ਵਾਰੀਆਂ ਵਧਣ ਅਤੇ ਭ੍ਰਿਸ਼ਟਾਚਾਰ ਦਾ ਤੰਦੂਆ ਜਾਲ ਫੈਲਣ ਦੇ ਵਿਚ-ਵਿਚਕਾਰ ਰਾਸ਼ਟਰਪਤੀ ਦੀ ਬੇਗਮ ਲੈਲਾ ਤਬਲਿਸੀ ਅਤੇ ਪਰਿਵਾਰ ਦੀ ਐਯਾਸ਼ੀ ਨੇ ਬਲਦੀ ਉਤੇ ਤੇਲ ਪਾ ਦਿੱਤਾ। ਵਿਕੀਲੀਕਸ ਦੇ ਇਕ ਖ਼ੁਲਾਸੇ ਮੁਤਾਬਕ ਦੇਸ਼ ਦੀ ਤਕਰੀਬਨ 50 ਫ਼ੀਸਦੀ ਦੌਲਤ ਇਸ ਟੱਬਰ ਕੋਲ ਹੈ। ਇਸ ਲਈ ਜਦੋਂ 15 ਜਨਵਰੀ ਨੂੰ ਲੋਕ ਸੜਕਾਂ ਉਤੇ ਨਿਕਲੇ ਤਾਂ ਉਨ੍ਹਾਂ ਇਸ ਟੱਬਰ ਨਾਲ ਸਬੰਧਤ ਲੋਕਾਂ ਦੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ।

ਟਿਊਨੀਸ਼ੀਆ ਦੀ ਬਗ਼ਾਵਤ ਨੇ ਗੁਆਂਢੀ ਮੁਲਕਾਂ ਵਿਚ ਬਗ਼ਾਵਤ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਤੋਂ ਬਾਅਦ ਮਿਸਰ ਵਿਚ ਤਾਂ ਗੱਲ ਬਹੁਤ ਅਗਾਂਹ ਚਲੀ ਗਈ ਹੈ ਅਤੇ ਯਮਨ ਵਿਚ ਵੀ ਲੋਕ ਸੜਕਾਂ ਉਤੇ ਉਤਰੇ ਹੋਏ ਹਨ। ਉਥੇ ਲੋਕਾਂ ਨੂੰ ਸ਼ਾਂਤ ਕਰਨਾ ਸਰਕਾਰ ਲਈ ਔਖਾ ਹੋ ਰਿਹਾ ਹੈ। ਇਹੀ ਨਹੀਂ; ਕੁਵੈਤ, ਇਰਾਕ ਵਰਗੇ ਦੇਸ਼ਾਂ ਦੇ ਨੌਜਵਾਨ ਵੀ ਤਾਨਾਸ਼ਾਹ ਹਕੂਮਤਾਂ ਖ਼ਿਲਾਫ਼ ਰੋਸ ਵਿਖਾਵੇ ਕਰ ਰਹੇ ਹਨ। ਲਿਬੀਆ ਦੇ ਤਾਨਾਸ਼ਾਹ ਮੁਆਮਰ ਗੱਦਾਫ਼ੀ ਨੂੰ ਵੀ ਫ਼ਿਕਰ ਪੈ ਗਿਆ ਹੈ।

# ਮਿਸਰ ਦੀ ਬਗਾਵਤ: ਇਕ ਸੁਨੇਹਾ ਭਾਰਤ ਲਈ ਵੀ

**ਸੁਕੀਰਤ**

ਮਿਸਰ ਭਾਰਤ ਤੋਂ ਦੋ ਹਜ਼ਾਰ ਮੀਲ ਦੂਰ ਹੈ ਪਰ ਇਸ ਸਮੇਂ ਮੀਡੀਆ ਦੀਆਂ ਸੁਰਖ਼ੀਆਂ ਉਥੇ ਵਾਪਰ ਰਹੀਆਂ ਘਟਨਾਵਾਂ ਉਤੇ ਕੇਂਦਰਤ ਹਨ। 25 ਜਨਵਰੀ ਤੋਂ ਮਿਸਰ ਦੇ ਲੋਕ ਸੜਕਾਂ ਉਤੇ ਸੰਘਰਸ਼ ਲਈ ਉਤਰੇ ਹੋਏ ਹਨ। ਰਾਜਧਾਨੀ ਕਾਹਿਰਾ ਤੋਂ ਸ਼ੁਰੂ ਹੋਈ ਇਹ ਲੋਕ-ਲਹਿਰ ਰਾਤੋ-ਰਾਤ ਮਿਸਰ ਦੇ ਹੋਰ ਸ਼ਹਿਰਾਂ ਐਲਗਜ਼ਾਂਡਰੀਆ, ਮਨਸੂਰਾ, ਆਸਵਾਨ ਅਤੇ ਤਾਂਤਾ ਚੌਕ ਤਕ ਫੈਲ ਗਈ। ਇਸ ਸਮੇਂ ਮਿਸਰ ਦੀ ਜਨਤਾ ਦੀ ਇਕੋ-ਇਕ ਫ਼ੌਰੀ ਮੰਗ ਹੈ ਕਿ ਪਿਛਲੇ 30 ਸਾਲਾਂ ਤੋਂ ਮਿਸਰ 'ਤੇ ਸ਼ਿਕੰਜਾ ਰਾਜ ਕਰ ਰਿਹਾ ਹੋਸਨੀ ਮੁਬਾਰਕ ਹੁਣ ਗੱਦੀ ਛੱਡ ਦੇਵੇ। ਸ਼ੁੱਕਰਵਾਰ 4 ਫ਼ਰਵਰੀ ਨੂੰ ਕਾਹਿਰਾ ਦੇ ਮੁੱਖ ਤਹਿਰੀਰ ਚੌਕ ਉਤੇ ਲੱਖਾਂ ਲੋਕਾਂ ਦਾ ਹਜੂਮ ਇਕੱਤਰ ਹੋਇਆ। ਉਥੇ ਹੀ ਜੁਮੇ ਦੀ ਨਮਾਜ਼ ਵੀ ਪੜ੍ਹੀ ਗਈ। ਮੁਬਾਰਕ ਦੇ ਅਹੁਦਾ ਛੱਡਣ ਦੀ ਮੰਗ ਕਰ ਰਹੇ ਲੋਕ ਇਸ ਦਿਨ ਨੂੰ ਉਸ ਦੀ 'ਰਵਾਨਗੀ ਦਾ ਦਿਹਾੜਾ' ਗਰਦਾਨਦਿਆਂ ਉਥੇ ਆਏ; ਮੌਜੂਦਾ ਸਰਕਾਰ ਵੱਲੋਂ ਹਿੰਸਾ ਦੀਆਂ ਸਾਰੀਆਂ ਧਮਕੀਆਂ ਨੂੰ ਅਣਗੌਲਿਆਂ ਕਰਦੇ ਹੋਏ। ਮਿਸਰ ਦੀ ਜਨਤਾ ਦੇ ਇਰਾਦੇ ਦੀ ਦ੍ਰਿੜ੍ਹਤਾ ਅਤੇ 'ਹੁਣ ਆਰ ਹੋਵੇ ਜਾਂ ਪਾਰ' ਵਾਲੇ ਸਰਫ਼ਰੋਸ਼ ਰੌਂਅ ਨੂੰ ਵੇਖਦੇ ਹੋਏ ਮੁਬਾਰਕ ਟੋਲੇ ਦੇ ਸਭ ਤੋਂ ਵੱਡੇ ਖ਼ੈਰ-ਖ਼ਵਾਹ ਅਮਰੀਕਾ ਦੇ ਪ੍ਰਧਾਨ ਓਬਾਮਾ ਨੇ ਵੀ ਮੁਬਾਰਕ ਦੇ ਅਸਤੀਫ਼ੇ ਦੀ ਗੱਲ ਸ਼ੁਰੂ ਕਰ ਦਿੱਤੀ ਹੈ। ਯੂਰਪੀ ਯੂਨੀਅਨ ਦੇ ਆਗੂ 31 ਜਨਵਰੀ ਨੂੰ ਹੀ ਬਿਆਨ ਦੇ ਚੁੱਕੇ ਹਨ ਕਿ ਮਿਸਰ ਵਿਚ ਫ਼ੌਰਨ ਨਿਰਪੱਖ ਚੋਣਾਂ ਕਰਵਾਈਆਂ ਜਾਣ। 28 ਜਨਵਰੀ ਨੂੰ 11 ਸ਼ਹਿਰੀਆਂ ਦੇ ਝੜਪਾਂ ਵਿਚ ਹਲਾਕ ਹੋਣ ਅਤੇ ਇਕ ਹਜ਼ਾਰ ਤੋਂ ਵੱਧ ਦੇ ਫੱਟੜ ਹੋ ਜਾਣ ਤੋਂ ਬਾਅਦ ਮੁਬਾਰਕ ਨੇ ਭਾਵੇਂ ਮਜਬੂਰੀ ਵਿਚ ਪਹਿਲਾਂ ਆਪਣੀ ਸਰਕਾਰ ਬਰਖ਼ਾਸਤ ਕੀਤੀ ਅਤੇ ਫਿਰ ਤਿੰਨ ਦਹਾਕਿਆਂ ਦੇ ਆਪਣੇ ਸ਼ਾਸਕੀ ਕਾਲ ਵਿਚ ਪਹਿਲੀ ਵਾਰ ਕਿਸੇ ਨੂੰ ਦੇਸ਼ ਦਾ ਉਪ ਪ੍ਰਧਾਨ ਥਾਪਿਆ, ਪਰ ਆਪ ਉਹ ਅਜੇ ਵੀ ਗੱਦੀ ਨਾਲ ਚੰਬੜਿਆ ਹੋਇਆ ਹੈ। ਮੁਬਾਰਕ ਦਾ ਕਹਿਣਾ ਹੈ ਕਿ ਉਹ ਇਸ ਸਾਲ ਸਤੰਬਰ ਵਿਚ ਹੋਣ ਵਾਲੀਆਂ ਚੋਣਾਂ ਨਹੀਂ ਲੜੇਗਾ ਪਰ ਉਸ ਸਮੇਂ ਤਕ ਆਪਣਾ ਕਾਰਜ-ਕਾਲ ਜ਼ਰੂਰ ਪੂਰਾ ਕਰੇਗਾ। 'ਕਿਫ਼ਾਇਆ ਕਿਫ਼ਾਇਆ' (ਬੱਸ ਹੁਣ ਹੋਰ ਨਹੀਂ) ਦੇ ਨਾਅਰੇ ਹੇਠ ਸੰਘਰਸ਼ ਕਰ ਰਹੀ ਮਿਸਰ ਦੀ ਜਨਤਾ ਨੂੰ ਮੁਬਾਰਕ ਦਾ ਗੱਦੀ ਉਤੇ ਇਕ ਵੀ ਦਿਨ ਹੋਰ ਬੈਠੇ ਰਹਿਣਾ ਮਨਜ਼ੂਰ ਨਹੀਂ। ਉਸ ਦੇ ਫ਼ੌਰਨ ਅਸਤੀਫ਼ੇ ਦੀ ਮੰਗ ਦੀ ਸੁਰ ਦੱਬੀ ਨਹੀਂ ਜਾ ਸਕੀ, ਹੋਰ ਉਚੀ ਹੋ ਰਹੀ ਹੈ। ਇਹੋ ਜਿਹੀ ਹਾਲਤ ਵਿਚ ਮੁਬਾਰਕ ਦਾ ਬਹੁਤੀ ਦੇਰ ਪੰਜੇ ਗੱਡੀ ਬੈਠੇ ਰਹਿ ਸਕਣਾ ਸੰਭਵ ਨਹੀਂ ਜਾਪਦਾ।

ਮਿਸਰ ਦੇ ਇਸ ਘਟਨਾ ਚੱਕਰ ਦੇ ਸ਼ੁਰੂ ਹੋਣ ਤੋਂ ਸਿਰਫ਼ 10 ਦਿਨ ਪਹਿਲਾਂ 14 ਜਨਵਰੀ ਨੂੰ ਇਸੇ ਤਰ੍ਹਾਂ ਦੇ ਲੋਕ-ਰੋਹ ਨੇ ਟਿਊਨੀਸ਼ੀਆ ਵਿਚ 23 ਸਾਲਾਂ ਤੋਂ ਸ਼ਿਕੰਜਾ ਰਾਜ ਕਰ ਰਹੇ ਅਬਿਦੀਨ ਬੈਨ ਅਲੀ ਨੂੰ ਭੁੰਜੇ ਲਾਹ ਮਾਰਿਆ। ਇੰਨਾ ਹੀ ਨਹੀਂ, ਪਿਛਲੇ ਦੋ ਸਾਤਿਆਂ ਵਿਚ ਜੌਰਡਨ ਵਿਚ ਜਨਤਕ ਰੋਸੇ ਨੂੰ ਭਾਂਪਦਿਆਂ ਉਥੋਂ ਦੇ ਰਾਜੇ ਨੂੰ ਆਪਣੇ ਪ੍ਰਧਾਨ ਮੰਤਰੀ ਨੂੰ ਬਦਲਣਾ ਪਿਆ। ਇਸ ਸਮੇਂ ਭਾਵੇਂ ਸਾਰਿਆਂ ਦਾ ਧਿਆਨ ਮਿਸਰ ਦੀਆਂ ਘਟਨਾਵਾਂ ਉਤੇ ਕੇਂਦਰਤ ਹੈ, ਨਿਜ਼ਾਮ-ਬਦਲੀ ਦਾ ਸਵਾਲ ਯਮਨ ਵਿਚ ਵੀ ਭਖਿਆ ਹੋਇਆ ਹੈ। ਇਨ੍ਹਾਂ ਸਾਰੇ ਦੇਸ਼ਾਂ ਵਿਚ ਕਈ ਕੁਝ ਸਾਂਝਾ ਹੈ। ਪਹਿਲੀ ਨਜ਼ਰੇ ਤਾਂ ਇਹ ਕਿ ਇਹ ਸਾਰੇ ਹੀ ਦੇਸ਼ ਇਸਲਾਮੀ ਵੱਸੋਂ ਵਾਲੇ, ਅਰਬ-ਭਾਸ਼ੀ ਦੇਸ਼ ਹਨ; ਪਰ ਸਪਸ਼ਟ ਦਿਸਣ ਵਾਲੀ ਇਹ ਸਾਂਝ ਇਨ੍ਹਾਂ ਦੀ ਸਭ ਤੋਂ ਪੇਤਲੀ ਸਾਂਝ ਹੈ। ਦਰਅਸਲ ਇਹ ਉਹ ਦੇਸ਼ ਹਨ ਜਿਨ੍ਹਾਂ ਦੀਆਂ ਭ੍ਰਿਸ਼ਟ ਅਤੇ ਤਾਨਾਸ਼ਾਹ ਸਰਕਾਰਾਂ ਅਮਰੀਕਾ ਦੀ ਛਤਰ-ਛਾਇਆ ਹੇਠ ਪਲਦੀਆਂ ਰਹੀਆਂ ਹਨ। ਆਪਣੇ ਖੇਤਰੀ ਪ੍ਰਭਾਵ ਨੂੰ ਕਾਇਮ ਰੱਖਣ ਲਈ ਅਮਰੀਕਾ ਹਮੇਸ਼ਾ ਇਨ੍ਹਾਂ ਸਰਕਾਰਾਂ ਦੇ ਅੰਗ-ਸੰਗ ਰਿਹਾ ਹੈ ਅਤੇ ਅਮਰੀਕੀ ਤਰਜ਼ ਦੇ ਵਿਸ਼ਵੀਕਰਨ (ਇਨ੍ਹਾਂ ਦੀ ਆਰਥਿਕਤਾ ਦਾ ਅਮਰੀਕੀ ਆਰਥਿਕਤਾ ਉਤੇ ਨਿਰਭਰ ਹੋਣਾ) ਦਾ ਤਜਰਬਾ ਵੀ ਸਭ ਤੋਂ ਵੱਧ ਇਨ੍ਹਾਂ ਦੇਸ਼ਾਂ ਵਿਚ ਹੀ ਹੋਇਆ ਹੈ। ਹੁਣ ਪਿਛਲੇ ਸਮੇਂ ਵਿਚ ਜਦੋਂ ਆਰਥਿਕ ਮੰਦਵਾੜੇ ਕਾਰਨ ਅਮਰੀਕੀ ਅਰਥਚਾਰੇ ਦਾ ਸੰਕਟ ਤੇਜ਼ੀ ਨਾਲ ਉਭਰ ਕੇ ਸਾਹਮਣੇ ਆਇਆ ਹੈ ਤਾਂ ਇਨ੍ਹਾਂ ਦੇਸ਼ਾਂ ਦੀ ਆਰਥਿਕ ਮੰਦਹਾਲੀ ਵਿਚ ਹੀ ਤੇਜ਼ੀ ਨਾਲ ਵਾਧਾ ਹੋਇਆ ਹੈ। ਮਿਸਰ, ਟਿਊਨੀਸ਼ੀਆ ਅਤੇ ਯਮਨ ਵਿਚ ਬੇਰੁਜ਼ਗਾਰੀ ਦੀ ਦਰ 13-14 ਫ਼ੀਸਦ ਦੇ ਗੇੜ ਵਿਚ ਅਤੇ ਨੌਜਵਾਨ ਬੇਰੁਜ਼ਗਾਰਾਂ ਦੀ ਗਿਣਤੀ 33 ਫ਼ੀਸਦ ਹੋ ਚੁੱਕੀ ਹੈ; ਯਾਨੀ ਹਰ ਤੀਜਾ ਨੌਜਵਾਨ ਬੇਰੁਜ਼ਗਾਰ ਹੈ।

ਟਿਊਨੀਸ਼ੀਆ ਦੇ ਰਾਜ-ਪਲਟੇ ਨੂੰ 'ਮੋਤੀਆ ਇਨਕਲਾਬ' ਦਾ ਨਾਂ ਦਿੱਤਾ ਗਿਆ। ਮਿਸਰ ਵਿਚ ਹੋਣ ਵਾਲੀਆਂ ਤਬਦੀਲੀਆਂ ਨੂੰ ਵੀ ਕੋਈ ਹੋਰ ਰੁਮਾਂਟਿਕ ਨਾਂ ਦਿੱਤਾ ਜਾ ਸਕਦਾ ਹੈ। ਇਨਕਲਾਬ ਤਾਂ ਇਹ ਨਹੀਂ ਹਨ, ਪਰ ਆਪੋ-ਆਪਣੇ ਦੇਸ਼ ਦੇ ਇਸ ਸਮੇਂ ਦੇ ਨਿਜ਼ਾਮ ਤੋਂ ਅੱਕੇ ਹੋਏ ਲੋਕਾਂ ਵੱਲੋਂ ਹੁਣ ਹੋਰ ਨਾ ਸਹਿਣ ਦੀ ਦ੍ਰਿੜ੍ਹ ਇੱਛਾ ਦਾ ਪ੍ਰਗਟਾਵਾ ਜ਼ਰੂਰ ਹਨ। ਇਨਕਲਾਬ ਇਹ ਇਸ ਲਈ ਨਹੀਂ ਹਨ ਕਿਉਂਕਿ ਇਨ੍ਹਾਂ ਪਿੱਛੇ ਕੋਈ ਜਥੇਬੰਦਕ ਤਾਕਤ ਨਹੀਂ ਹੈ ਜਿਸ ਨੇ ਦੇਸ਼ ਦੀ ਹੋਣੀ ਦਾ ਅਗਲਾ ਰਾਹ ਰੁਖ਼ ਤੈਅ ਕਰਨਾ ਹੋਵੇ। ਇਹ ਲੋਕਾਂ ਦੇ ਰੋਹ ਦਾ ਆਪ-ਮੁਹਾਰਾ ਫੁੱਟਿਆ ਪ੍ਰਗਟਾਵਾ ਹਨ। ਅਗਲਾ ਨਿਜ਼ਾਮ ਕਿਹੋ ਜਿਹਾ ਹੋਵੇਗਾ, ਉਹ ਬਾਅਦ ਦੀ ਗੱਲ ਹੈ! ਇਸ ਸਮੇਂ ਲੋਕ ਸਿਰਫ਼ ਸਰਕਾਰ-ਬਦਲੀ ਚਾਹੁੰਦੇ ਹਨ। ਮਿਸਰ ਦੀ ਮਿਸਾਲ ਲਓ: ਤਹਿਰੀਰ ਚੌਕ 'ਤੇ ਜੁੜਨ ਵਾਲੇ ਲੋਕ ਨਾ ਤਾਂ ਕੋਈ ਜਹਾਦੀ ਮੁਸਲਮਾਨ ਹਨ (ਕੁਝ ਦਿਨ ਪੱਛਮੀ ਧਿਰਾਂ ਵੱਲੋਂ ਇਹ ਵੀ ਪ੍ਰਚਾਰ ਕੀਤਾ ਗਿਆ ਕਿ ਮੁਬਾਰਕ ਨੂੰ ਟਿਕਾ ਕੇ ਰੱਖਣਾ ਇਸ ਲਈ ਜ਼ਰੂਰੀ ਹੈ ਕਿ ਕਿਤੇ ਮਿਸਰ ਉਤੇ ਇਸਲਾਮੀ ਕੱਟੜਪੰਥੀ ਹਾਵੀ ਨਾ ਹੋ ਜਾਣ; ਪਰ ਇਹ ਭੰਬਲਭੂਸਾ ਖੜ੍ਹਾ ਕਰਨ ਵਿਚ ਉਹ ਕਾਮਯਾਬ ਨਾ ਹੋਈਆਂ) ਅਤੇ ਨਾ ਹੀ ਉਹ ਕਿਸੇ ਜਮਾਤੀ ਸੋਝੀ ਜਾਂ ਖੱਬੀ ਵਿਚਾਰਧਾਰਾ ਦੇ ਰੁਸ਼ਨਾਏ ਹੋਏ ਮੁਬਾਰਕ ਦੇ ਵਿਰੋਧ ਵਿਚ ਨਿਤਰੇ ਹਨ।

ਇਨ੍ਹਾਂ ਲੋਕਾਂ ਵਿਚ ਉਹ ਲੋਕ ਵੀ ਸ਼ਾਮਲ ਹਨ ਜੋ ਬੇਰੁਜ਼ਗਾਰ ਹਨ ਅਤੇ ਉਹ ਵੀ ਜਿਨ੍ਹਾਂ ਕੋਲ ਰੁਜ਼ਗਾਰ ਹੈ। ਇਨ੍ਹਾਂ ਵਿਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਰੋਟੀ ਦੇ ਲਾਲੇ ਪਏ ਹਨ ਅਤੇ ਉਹ ਲੋਕ ਵੀ ਜਿਨ੍ਹਾਂ ਲਈ ਰੋਟੀ ਕੋਈ ਸਮੱਸਿਆ ਨਹੀਂ। ਤਾਂ ਫਿਰ ਇਨ੍ਹਾਂ ਵਿਚ ਸਾਂਝਾ ਕੀ ਹੈ?

ਸਾਂਝਾ ਇਨ੍ਹਾਂ ਵਿਚ ਇਹ ਹੈ ਕਿ ਇਹ ਸਾਰੇ ਅਜੋਕੇ ਨਿਜ਼ਾਮ ਦੇ ਨਿਹਾਇਤ ਭ੍ਰਿਸ਼ਟ ਹੋਣ ਤੋਂ ਅਵਾਜ਼ਾਰ ਹਨ। ਜਿਨ੍ਹਾਂ ਨੂੰ ਰੋਟੀ ਦੇ ਲਾਲੇ ਹਨ, ਉਹ ਕਾਹਿਰਾ ਦੀਆਂ ਝੌਂਪੜ-ਪੱਟੀਆਂ ਤੋਂ ਉਠ ਕੇ ਆਏ ਅਤੇ ਉਨ੍ਹਾਂ ਨੇ ਸ਼ਹਿਰ ਦੀਆਂ ਝੰਮ-ਝੰਮ ਕਰਦੀਆਂ ਮੌਲਜ਼ ਨੂੰ ਲੁੱਟਣ ਤੋਂ ਗੁਰੇਜ਼ ਨਾ ਕੀਤਾ। ਤਹਿਰੀਰ ਚੌਕ ਵਿਚ ਮੁਬਾਰਕ ਦੇ ਖ਼ਿਲਾਫ਼ ਮੁਜ਼ਾਹਰੇ ਵਿਚ ਸ਼ਾਮਲ ਹੋਣ ਆਇਆ 24-ਸਾਲਾ ਦਾ ਕਾਰਖ਼ਾਨਾ ਮਜ਼ਦੂਰ ਮੁਹੰਮਦ ਇਬਰਾਹੀਮ ਜੋ ਸ਼ਾਮ ਵੇਲੇ ਫਲਾਂ ਦੀ ਰੇੜ੍ਹੀ ਲਾਉਣ ਦੀ ਦੋਹਰੀ ਨੌਕਰੀ ਵੀ ਕਰਦਾ ਹੈ, ਕਹਿੰਦਾ ਹੈ: "ਮੈਨੂੰ ਇਸ ਵਿਚ ਕੋਈ ਗ਼ਲਤ ਗੱਲ ਨਹੀਂ ਲੱਗਦੀ ਕਿ ਇਹ ਭੁੱਖੇ ਲੋਕ ਇਨ੍ਹਾਂ ਮੌਲਾਂ ਨੂੰ ਲੁੱਟ ਲੈਂਦੇ ਹਨ। ਅਸਲ ਵਿਚ ਲੁੱਟ ਤਾਂ 'ਵੱਡੇ' ਲੋਕ ਕਰ ਰਹੇ ਹਨ ਜਿਨ੍ਹਾਂ ਨੇ ਆਪਣੇ ਘਰ ਇੰਨੇ ਭਰ ਲਏ ਹਨ ਕਿ ਉਨ੍ਹਾਂ ਨੂੰ ਪੁਸ਼ਤਾਂ ਤਕ ਕੋਈ ਫ਼ਿਕਰ ਕਰਨ ਦੀ ਲੋੜ ਨਹੀਂ।"

ਜਿਨ੍ਹਾਂ ਨੂੰ ਰੋਟੀ ਦੇ ਲਾਲੇ ਨਹੀਂ ਵੀ ਹਨ (ਯਾਨੀ ਮਿਸਰ ਦਾ ਮੱਧ-ਵਰਗ) ਅਤੇ ਜਿਹੜੇ ਲੁੰਪਨ-ਲੋਕਾਂ ਵੱਲੋਂ ਇੰਜ ਖੋਹ-ਖਿੰਝ ਕਰਨ ਦੀਆਂ ਘਟਨਾਵਾਂ ਤੋਂ ਤ੍ਰਹਿੰਦੇ ਹਨ, ਅਤੇ ਮੁਹੰਮਦ ਇਬਰਾਹੀਮ ਤੋਂ ਉਲਟ ਮੌਲਾਂ ਲੁੱਟਣ ਦੀਆਂ ਘਟਨਾਵਾਂ ਦੀ ਕੋਈ ਸਿਧਾਂਤਕ ਸਫ਼ਾਈ ਪੇਸ਼ ਨਹੀਂ ਕਰਨ ਲੱਗੇ; ਅਜਿਹੇ 'ਵੱਡੇ' ਲੋਕਾਂ ਤੋਂ ਉਹ ਵੀ ਅਵਾਜ਼ਾਰ ਹਨ। ਮੁਬਾਰਕ ਸਰਕਾਰ ਦੇ ਸ਼ਾਸਨ ਹੇਠ, ਪਿਛਲੇ ਦਹਾਕੇ ਦੌਰਾਨ ਕੁਝ ਹੀ ਸਾਲਾਂ ਵਿਚ ਵਿਸ਼ਵੀਕਰਨ ਦੇ ਬਹਾਨੇ ਮਿਸਰ ਵਿਚ ਸਰਕਾਰੀ ਅਦਾਰਿਆਂ ਦਾ ਤੇਜ਼ੀ ਨਾਲ ਨਿਜੀਕਰਨ ਹੋਇਆ ਹੈ। ਇਸ ਨਾਲ ਦੇਸ਼ ਦਾ ਸਾਰਾ ਧਨ ਕੁਝ ਇਕ ਹੱਥਾਂ ਜਾਂ ਘਰਾਣਿਆਂ ਵਿਚ ਕੇਂਦਰਤ ਹੋ ਗਿਆ ਹੈ। ਸਿਰਫ਼ ਅਮੀਰ ਅਤੇ ਗ਼ਰੀਬ ਵਿਚਲਾ ਹੀ ਨਹੀਂ, ਅਮੀਰ ਅਤੇ ਮੱਧ-ਵਰਗ ਵਿਚਲਾ ਪਾੜਾ ਵੀ ਕਈ ਗੁਣਾ ਵਧ ਗਿਆ ਹੈ। 43 ਸਾਲਾਂ ਦਾ ਐਮਨ ਅਬਦੁੱਲ ਅਲੀ ਜੋ ਸਿਵਲ ਇੰਜੀਨੀਅਰ ਹੈ, ਦਾ ਕਹਿਣਾ ਹੈ: "ਇਸ ਸਭ ਕਾਸੇ ਲਈ ਮੁਬਾਰਕ ਜ਼ਿੰਮੇਵਾਰ ਹੈ। ਉਸ ਦੀਆਂ ਪਾਲਿਸੀਆਂ ਨੇ ਪਿਛਲੇ ਕੁਝ ਹੀ ਸਾਲਾਂ ਵਿਚ ਮਿਸਰ ਦੇ ਵੱਖੋ-ਵੱਖ ਸਮਾਜੀ ਤਬਕਿਆਂ ਵਿਚ ਪਾੜਾ ਇੰਨਾ ਵਧਾ ਦਿੱਤਾ ਕਿ ਹੁਣ ਸਭ ਕੁਝ ਜਵਾਲਾਮੁਖੀ ਵਾਂਗ ਫੁੱਟ ਪਿਆ ਹੈ। ਮੈਂ ਆਰਥਿਕ ਪੱਖੋਂ ਖ਼ੁਸ਼ਹਾਲ ਹਾਂ, ਮੈਨੂੰ ਰੋਟੀ ਦਾ ਫ਼ਿਕਰ ਨਹੀਂ, ਪਰ ਮੇਰੇ ਦੇਸ਼ ਵਿਚ ਇਕ ਪਾਸੇ ਤਾਂ ਇੰਨੇ ਸਾਰੇ ਲੋਕ ਭੁੱਖੇ ਸੌਂਦੇ ਹੋਣ, ਅਤੇ ਦੂਜੇ ਪਾਸੇ ਦੌਲਤ ਵਾਲਿਆਂ ਕੋਲ ਉਸ ਨੂੰ ਗਿਣਤ ਦੀ ਵੀ ਵਿਹਲ ਨਾ ਹੋਵੇ, ਇਹ ਗੱਲ ਬਤੌਰ ਮਨੁੱਖ ਮੇਰੇ ਅੰਦਰ ਰੋਹ ਜਗਾਉਂਦੀ ਹੈ।"

ਜਿਵੇਂ ਲੇਖ ਦੇ ਸ਼ੁਰੂ ਵਿਚ ਹੀ ਕਿਹਾ ਸੀ, ਮਿਸਰ ਭਾਰਤ ਤੋਂ 2000 ਤੋਂ ਵੱਧ ਮੀਲ ਦੀ ਦੂਰੀ 'ਤੇ ਹੈ, ਪਰ ਕੋਈ ਇੰਨਾ ਦੂਰ ਵੀ ਨਹੀਂ।

ਆਪਣੇ ਆਸੇ-ਪਾਸੇ ਪਸਰੀ ਚੌਧਿਆਊ ਅਮੀਰੀ ਵਿਚ ਵਿਚਰਦਾ ਮੌਲਾਂ ਲੁੱਟਣ ਵਾਲਾ ਫਟੇਹਾਲ ਲੁੰਪਨ ਦਿੱਲੀ ਦੀ ਕਿਸੇ ਵੀ ਝੌਂਪੜ-ਪੱਟੀ ਤੋਂ ਉਠਿਆ ਕੋਈ ਰਾਮੂ ਵੀ ਹੋ ਸਕਦਾ ਹੈ। ਕਾਰਖਾਨੇ ਵਿਚ ਕੰਮ ਕਰਦਾ, ਪਰ ਸ਼ਾਮ ਨੂੰ ਫਲਾਂ ਦੀ ਰੇੜ੍ਹੀ ਲਾਉਣ ਨੂੰ ਮਜਬੂਰ ਹੋਇਆ ਆਦਮੀ ਲਖਨਊ ਦਾ ਕੋਈ ਇਕਬਾਲ ਮੁਹੰਮਦ ਵੀ ਹੋ ਸਕਦਾ ਹੈ। ਆਪ ਸਰਦਾ-ਪੁੱਜਦਾ, ਪਰ ਆਪਣੇ ਚੌਗਿਰਦੇ ਦੀ ਮੰਦਹਾਲੀ ਤੋਂ ਦੁਖੀ ਸਿਵਲ ਇੰਜੀਨੀਅਰ ਚੰਡੀਗੜ੍ਹ ਦਾ ਕੋਈ ਬਲਵੰਤ ਸਿੰਘ ਵੀ ਹੋ ਸਕਦਾ ਹੈ। ਕਿਉਂਕਿ ਨਾਂ ਅਤੇ ਸ਼ਹਿਰ ਜਾਂ ਦੇਸ਼ ਹੋਰ ਹੋ ਸਕਦੇ ਹਨ: ਜਨਤਾ ਵਿਚ ਰੋਹ ਜਗਾਉਣ ਵਾਲੇ ਹਾਲਾਤ ਐਨ ਉਹੀ ਹਨ। ਇਹ ਖ਼ਤਰੇ ਦੀ ਘੰਟੀ ਕੱਲ੍ਹ ਨੂੰ, ਬਹੁਤ ਛੇਤੀ ਭਾਰਤ ਦੀ ਸਰਕਾਰ ਲਈ ਵੀ ਵੱਜ ਸਕਦੀ ਹੈ!

# ਅਮਲ ਲਈ ਤਰਸਦੇ-ਮਤੇ ਸ਼੍ਰੋਮਣੀ ਕਮੇਟੀ ਦੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਦਸ ਗੁਰੂ ਸਾਹਿਬਾਨ ਦੁਆਰਾ ਸਾਜੇ ਗਏ ਸਿੱਖ ਪੰਥ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਚਾਨਣ, ਸੰਸਾਰ ਵਿਚ ਛਾਏ ਹੋਏ ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਲਈ ਤੇਜੱਸਵੀ ਸੂਰਜ ਦੀ ਨਿਆਈਂ ਹੈ। ਇਸੇ ਕਰਕੇ ਸਿੱਖ ਜਿੱਥੇ ਜਿੱਥੇ ਵੀ ਗਏ ਉਥੇ ਗੁਰਧਾਮ ਸਥਾਪਤ ਕੀਤੇ। 'ਜਿੱਥੇ ਜਾਇ ਬਹੈ ਮੇਰਾ ਸਤਿਗੁਰੂ' ਦੀ ਭਾਵਨਾ ਅਨੁਸਾਰ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਥਾਂਵਾਂ 'ਤੇ ਗੁਰਦੁਆਰਿਆਂ ਦੀਆਂ ਇਮਾਰਤਾਂ ਤਾਮੀਰ ਕੀਤੀਆਂ ਗਈਆਂ। ਲੰਮੇ ਉਤਰਾਅ ਚੜ੍ਹਾਅ ਲੰਘ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਰਪ੍ਰਸਤੀ ਹੇਠ ਸਿੱਖ ਰਾਜ ਸਥਾਪਿਤ ਹੋਇਆ। ਉਸ ਨੇ ਗੁਰਧਾਮਾਂ ਦੀ ਨਵ-ਉਸਾਰੀ ਕਰਵਾਉਣ ਦੇ ਨਾਲ ਨਾਲ, ਬਹੁਤ ਸਾਰੇ ਗੁਰਦੁਅਰਿਆਂ ਦੇ ਨਾਂ ਸਤਿਕਾਰ ਵਜੋਂ ਜਮੀਨ-ਜਾਇਦਾਦਾਂ ਵੀ ਲਵਾਈਆਂ।

ਇਨ੍ਹਾਂ ਸਮਿਆਂ ਵਿਚ ਗੁਰਧਾਮਾਂ ਦਾ ਪ੍ਰਬੰਧ ਚਲਾ ਰਹੇ ਬਹੁਤੇ ਮਹੰਤ ਭ੍ਰਿਸ਼ਟ ਹੋ ਗਏ। ਇਨ੍ਹਾਂ ਮਹੰਤਾਂ ਨੇ ਸਿੱਖ ਫਲਸਫੇ ਦੇ ਨਿਆਰੇਪਣ ਨੂੰ ਧੁੰਦਲਾ ਕਰਦਿਆਂ ਕਈ ਬਿਪਰ-ਸੰਸਕਾਰ ਗੁਰੂ ਘਰਾਂ ਵਿਚ ਲਿਆ ਵਾੜੇ। ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਤੱਕ ਗੁਰਧਾਮ ਅਜ਼ਾਦ ਕਰਾਉਣ ਲਈ ਇੱਕ ਲੰਮੀ ਲੜਾਈ ਲੜੀ ਗਈ। ਜਿਸ ਦੌਰਾਨ ਮੋਰਚੇ ਲੱਗੇ ਭਿਆਨਕ ਸਾਕੇ ਵਰਤੇ, ਡਾਂਗਾਂ-ਛਵੀਆਂ-ਗੋਲੀਆਂ ਚੱਲੀਆਂ। ਸੈਂਕੜੇ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਇੱਕ ਮੋਟੇ ਅਨੁਮਾਨ ਮੁਤਾਬਿਕ ਤੀਹ ਹਜ਼ਾਰ ਸਿੱਖਾਂ ਨੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਤਸੀਹੇ ਝੱਲੇ, ਮਸ਼ੱਕਤਾਂ ਕੀਤੀਆਂ, ਪੰਦਰਾਂ ਲੱਖ ਰੁਪਏ ਦੇ ਜ਼ੁਰਮਾਨੇ ਭਰੇ। ਹਜ਼ਾਰਾਂ ਸਿੱਖਾਂ ਨੂੰ ਸਰਕਾਰੀ ਅਹੁਦਿਆਂ ਦੀਆਂ ਪੈਨਸ਼ਨਾਂ ਤੋਂ ਹੱਥ ਧੋਣੇ ਪਏ। ਸਿੱਖ ਪੰਥ ਨੇ ਜਾਨਾਂ ਵਾਰ ਕੇ ਗੁਰਧਾਮ ਅਜ਼ਾਦ ਕਰਵਾਏ।

15 ਨਵੰਬਰ 1920 ਵਾਲੇ ਦਿਨ ਸਿੱਖ ਸੰਗਤ ਦਾ ਇੱਕ ਵੱਡਾ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਇਆ। ਇਸ ਇਕੱਤਰਤਾ ਵਿਚ ਡੂੰਘੇ ਵਿਚਾਰ ਵਟਾਂਦਰੇ ਉਪਰੰਤ ਰਹਿਤ ਬਹਿਤ ਵਿਚ ਪਰਪੱਕ 175 ਅੰਮ੍ਰਿਤਧਾਰੀ ਸਿੰਘਾਂ ਦੀ ਕਮੇਟੀ ਚੁਣੀ ਗਈ। ਚੁਣੀ ਗਈ ਇਸ ਕਮੇਟੀ ਦਾ ਨਾਮ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਰੱਖਿਆ ਗਿਆ। ਲੰਮੀ ਪ੍ਰਕਿਰਿਆ ਉਪਰੰਤ ਆਖਰ ਸੰਸਾਰ ਦਾ ਪਹਿਲਾ ਗਣਤੰਤਰੀ ਐਕਟ (ਸਿੱਖ ਗੁਰਦੁਆਰਾ ਐਕਟ-1925) ਹੋਂਦ ਵਿਚ ਆਇਆ। ਐਕਟ ਅਨੁਸਾਰ 18 ਜੂਨ 1926 ਨੂੰ ਪੰਜਾਬ ਸਰਕਾਰ ਨੇ ਇਸ ਦੀ ਪਹਿਲੀ ਚੋਣ ਕਰਵਾਈ।

ਅਰੰਭਕ ਦੌਰ ਵਿਚ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਪੰਥਕ ਲੀਹਾਂ 'ਤੇ ਲਿਆਉਣ ਲਈ ਸ਼੍ਰੋਮਣੀ ਕਮੇਟੀ ਨੇ ਬਹੁਤ ਹੀ ਪ੍ਰਸ਼ੰਸਾਯੋਗ ਕਾਰਜ ਕੀਤੇ। 'ਸਿੱਖ ਰਹਿਤ ਮਰਯਾਦਾ' ਦਾ ਕਿਤਾਬਚਾ ਤਿਆਰ ਕਰਨਾ ਇਸ ਦੀ ਫਖ਼ਰ ਯੋਗ ਪ੍ਰਾਪਤੀ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਕਮੇਟੀ ਨੂੰ ਬੜੇ ਹੀ ਵਿਕੋਲਿਤਰੇ ਉਤਰਾਵਾਂ-ਚੜ੍ਹਾਵਾਂ ਵਿਚੀਂ ਗੁਜਰਨਾ ਪਿਆ। ਭਾਵੇਂ ਸਿੱਖ ਪੰਥ ਦੀਆਂ ਰਾਜਸੀ ਅਕਾਂਖਿਆਵਾਂ ਦੀ ਪੂਰਤੀ ਲਈ 14 ਦਸੰਬਰ 1920 ਨੂੰ ਸਿਆਸੀ ਜਥੇਬੰਦੀ 'ਸ਼੍ਰੋਮਣੀ ਅਕਾਲੀ ਦਲ' ਕਾਇਮ ਹੋ ਗਈ ਪਰ ਹਾਲਾਤ ਕੁਝ ਐਸੇ ਬਣਦੇ ਰਹੇ ਕਿ ਇਸ ਕਮੇਟੀ ਨੂੰ ਸਿਆਸੀ ਚੌਧਰੀਆਂ ਨੇ ਰਾਜਨੀਤੀ ਦੀ ਦਲ-ਦਲ ਵਿਚ ਹੀ ਫਸਾਈ ਰੱਖਿਆ। ਸਿੱਟੇ ਵਜੋਂ ਸਿੱਖ ਫ਼ਲਸਫ਼ੇ ਦੇ ਪ੍ਰਚਾਰ-ਪ੍ਰਸਾਰ ਦਾ ਨਿਸ਼ਾਨਾ ਪਿੱਛੇ ਪੈਂਦਾ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਰਾਜਸੀ ਅਹੁਦਿਆਂ ਦੀ ਪ੍ਰਾਪਤੀ ਲਈ ਪੌੜੀ ਦਾ ਪਹਿਲਾ ਡੰਡਾ ਮੰਨਿਆ ਜਾਣ ਲੱਗਾ। ਹਾਲਾਤ ਇੱਥੋਂ ਤੱਕ ਵਿਗੜ ਗਏ ਕਿ ਸਿੱਖ ਪੰਥ 'ਚ ਇਹ ਧਾਰਨਾ ਬਣ ਗਈ (ਜਾਂ ਬਣਾ ਦਿੱਤੀ ਗਈ!) ਕਿ ਅਕਾਲੀ ਦਲ ਦੇ ਵੱਖ ਵੱਖ ਧੜਿਆਂ ਵਿਚੋਂ 'ਮਾਨਤਾ' ਉਸੇ ਨੂੰ ਮਿਲਦੀ ਹੈ, ਜਿਸ ਦੇ 'ਕਬਜ਼ੇ ਵਿਚ' ਸ਼੍ਰੋਮਣੀ ਕਮੇਟੀ ਹੋਵੇ! ਇਸ ਕੁਲਹਿਣੀ ਧਾਰਨਾ ਕਰਕੇ ਸ਼੍ਰੋਮਣੀ ਕਮੇਟੀ ਸਿਆਸੀ ਸ਼ਤਰੰਜ ਦਾ ਅਖਾੜਾ ਹੀ ਬਣ ਗਈ ਹੈ।

ਸਿੱਖ ਹਲਕਿਆਂ ਵਿਚ ਕਮੇਟੀ ਨੂੰ ਬੜੇ ਮਾਣ ਨਾਲ ਸਿੱਖਾਂ ਦੀ ਮਿਨੀ ਪਾਰਲੀਮੈਂਟ ਕਿਹਾ ਜਾਂਦਾ ਹੈ ਪਰ ਜਿਵੇਂ ਪਾਰਲੀਮੈਂਟ ਵਿਚ ਵੱਖ ਵੱਖ ਵਿਸ਼ਿਆਂ ਉਤੇ ਵਿਚਾਰ-ਚਰਚਾ ਹੁੰਦੀ ਹੈ, ਇੱਥੇ ਅਜਿਹਾ ਬਿਲਕੁਲ ਨਹੀਂ ਹੁੰਦਾ। ਇਨ੍ਹਾਂ ਸਤਰਾਂ ਦਾ ਲੇਖਕ 1996 ਤੋਂ 2004 ਤੱਕ ਕਮੇਟੀ ਦਾ ਚੁਣਿਆ ਹੋਇਆ ਮੈਂਬਰ ਰਿਹਾ ਹੈ। ਇਸ ਕਰਕੇ ਤਜ਼ਰਬੇ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਸਾਲ ਵਿਚ ਸਿਰਫ ਦੋ ਵਾਰ (ਇੱਕ ਇੱਕ ਦਿਨ ਲਈ ਹੀ) ਇਕੱਠੇ ਹੋਣ ਤੋਂ ਬਿਨਾਂ ਕਦੇ ਸਮੂਹ ਮੈਂਬਰਾਂ ਦੀ ਇਕੱਤਰਤਾ ਨਹੀਂ ਜੁੜਦੀ। ਮਾਰਚ ਮਹੀਨੇ ਬਜਟ ਇਜਲਾਸ ਅਤੇ ਨਵੰਬਰ ਮਹੀਨੇ ਪ੍ਰਧਾਨ ਤੇ ਦੂਜੇ ਅਹੁਦੇਦਾਰਾਂ ਦੀ ਚੋਣ ਮੌਕੇ, ਤੇਜਾ ਸਿੰਘ ਸਮੁੰਦਰੀ ਹਾਲ ਵਿਚ 'ਰੌਣਕ' ਹੁੰਦੀ ਹੈ। ਦੋਹਾਂ ਇਜਲਾਸਾਂ ਵਿਚ 'ਸ਼ੋਕ ਮਤਿਆਂ' ਤੋਂ ਬਾਅਦ ਸਿੱਖ ਕੌਮ ਨਾਲ ਸਬੰਧਤ ਧਾਰਮਿਕ, ਸਮਾਜਿਕ ਜਾਂ ਸਿਆਸੀ ਮਤੇ ਪੜ੍ਹੇ ਜਾਂਦੇ ਹਨ ਜਿਨ੍ਹਾਂ ਉਪਰ ਲੋੜੀਂਦੀ ਦੀਰਘ ਵਿਚਾਰ ਲਈ ਕੋਈ ਸਮਾਂ ਨੀਯਤ ਨਹੀਂ ਕੀਤਾ ਜਾਂਦਾ। ਅਜਿਹੇ ਮੌਕਿਆਂ 'ਤੇ ਦੁਰਭਾਗ-ਵੱਸ ਐਸੀ ਪਰਿਪਾਟੀ ਬਣ ਚੁੱਕੀ ਹੈ ਕਿ ਬਹੁਤੇ ਮੈਂਬਰ ਬਾਹਾਂ ਖੜ੍ਹੀਆਂ ਕਰਕੇ ਜੈਕਾਰੇ ਛੱਡਦਿਆਂ, ਮਤਿਆਂ ਨੂੰ ਪ੍ਰਵਾਨਗੀ ਦੇਣ ਲਈ ਕਾਹਲੇ ਪਏ ਰਹਿੰਦੇ ਹਨ, ਸਿਰਫ ਆਪਣੇ 'ਮਾਲਕਾਂ' ਦੀ ਖੁਸ਼ਨੂਦੀ ਹਾਸਲ ਕਰਨ ਲਈ!

ਬੀਤੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵਲੋਂ ਕਈ ਅਹਿਮ ਮਤੇ ਪਾਸ ਕੀਤੇ ਗਏ ਜਿਨ੍ਹਾਂ ਨੂੰ ਅਮਲੀ ਰੂਪ ਦਿਵਾਉਣਾ ਤਾਂ ਕਿਤੇ ਰਿਹਾ, ਸਗੋਂ ਇਨ੍ਹਾਂ ਦੀ ਰੂਹ ਦਾ ਕਤਲ ਖੁਦ ਅਕਾਲੀ ਆਗੂਆਂ ਨੇ ਕੀਤਾ। ਸਿੱਖ ਕਾਜ ਨਾਲ ਸਬੰਧਤ ਬਹੁਤੇ ਮਤੇ ਅਮਲੀ ਜਾਮਾ ਪਹਿਨਣ ਲਈ ਤਰਸਦੇ ਹੋਏ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚ ਖਾਮੋਸ਼ ਪਏ ਹਨ। ਹਥਲੇ ਲੇਖ ਵਿਚ ਕੁਝ ਵਿਸ਼ੇਸ਼ ਮਤਿਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਤਾਨਸ਼ਾਹੀ ਦੀ ਰੋਕ-ਥਾਮ ਅਤੇ 'ਪੰਚ ਪ੍ਰਧਾਨੀ ਜੁਗਤਿ' ਦੀ ਰਾਖੀ ਹਿੱਤ 10 ਮਾਰਚ 1934 ਦੇ ਇਜਲਾਸ ਵਿਚ ਇਹ ਅਤਿ-ਮਹੱਤਵਪੂਰਨ ਮਤਾ ਪਾਸ ਹੋਇਆ: "ਇਸ ਇਕੱਤਰਤਾ ਦੇ ਖਿਆਲ ਵਿਚ ਕਿਸੇ ਇੱਕ ਆਦਮੀ ਨੂੰ ਸਮੁੱਚੇ ਪੰਥ ਦਾ ਡਿਕਟੇਟਰ ਮੰਨਣਾ ਗੁਰਮਤਿ ਦੇ ਅਸੂਲਾਂ, ਪੰਥਕ ਰਵਾਇਤਾਂ ਤੇ ਪੰਚਾਇਤੀ ਰਿਵਾਜਾਂ ਦੇ ਖਿਲਾਫ ਹੈ ਤੇ ਅਜਿਹਾ ਕਰਨਾ ਸਿੱਖੀ ਦੀ ਸ਼ਾਨ ਦੇ ਵਿਰੁਧ ਹੈ!"

ਸਿੱਖ ਲੀਡਰਸ਼ਿਪ ਨੇ ਇਹ ਸਿਧਾਂਤਕ ਮਤੇ ਨੂੰ ਹਮੇਸ਼ਾ ਪੈਰਾਂ ਹੇਠ ਰੋਲਿਆ ਹੈ। ਵਰਤਮਾਨ ਸਿੱਖ ਸਿਆਸਤ ਵਿਚ ਇਸ ਮਤੇ ਦੀ ਗੱਲ ਕਰਨ ਵਾਲਾ ਵੀ 'ਬਾਗੀ' ਸਮਝਿਆ ਜਾਂਦਾ ਹੈ। ਮਾਸ ਖਾਣ ਜਾਂ ਨਾ ਖਾਣ ਬਾਰੇ ਬਹਿਸ ਕਰਨ ਵਾਲਿਆਂ ਨੂੰ ਗੁਰੂ ਨਾਨਕ ਪਾਤਸ਼ਾਹ ਵਲੋਂ 'ਮੂਰਖ' ਕਹੇ ਜਾਣ ਦੇ ਬਾਵਜੂਦ ਸਿੱਖ ਜਗਤ ਵਿਚ ਇਹ ਬੇ-ਲੋੜੀ ਚਰਚਾ ਚਲਦੀ ਹੀ ਰਹਿੰਦੀ ਹੈ। ਨੌਂ ਅਕਤੂਬਰ 1938 ਦੇ ਇਜਲਾਸ ਵਿਚ 'ਝਟਕਾ ਬਿੱਲ' ਬਾਰੇ ਗੁਰਮਤੇ ਵਿਚ ਸਿੱਖ ਭਾਈਚਾਰੇ ਨੂੰ ਇਹ ਅਪੀਲ ਕੀਤੀ ਗਈ ਸੀ, "ਇਹ ਸਮਾਗਮ ਸਮੂਹ ਸੰਗਤਾਂ ਨੂੰ ਤਾਕੀਦ ਕਰਦਾ ਹੈ ਕਿ ਉਹ ਇਸ 'ਝਟਕੇ ਬਿੱਲ' ਦੇ ਹੱਕ ਵਿਚ ਜ਼ੋਰਦਾਰ ਅਵਾਜ਼ ਉਠਾਉਣ ਤਾਂ ਕਿ ਇਹ ਬਿੱਲ 'ਕਾਨੂੰਨ' ਬਣ ਜਾਵੇ।"

30 ਨਵੰਬਰ 1940 ਦੇ ਸਮਾਗਮ ਵਿਚ ਇਹ ਮਤਾ ਪਾਸ ਹੋਇਆ, "ਸਾਰੀਆਂ ਸਿੱਖ ਰਿਆਸਤਾਂ ਦੇ ਮਹਾਰਾਜੇ ਅੰਮ੍ਰਿਤਧਾਰੀ ਸਿੱਖ ਹੋਣੇ ਚਾਹੀਦੇ ਹਨ ਤੇ ਕੋਈ ਪਤਿਤ, ਸਿੱਖ ਰਿਆਸਤ ਦੀ ਗੱਦੀ 'ਤੇ ਨਹੀਂ ਹੋਣਾ ਚਾਹੀਦਾ...ਪੰਥ ਨੂੰ ਅਪੀਲ ਹੈ ਕਿ ਇਸ ਆਵਾਜ਼ ਨੂੰ ਜਾਰੀ ਰੱਖਿਆ ਜਾਵੇ...।" ਇਹ ਮਤਾ ਪਾਸ ਕਰਨ ਵਾਲੇ ਗੁਰਸਿੱਖਾਂ ਦੀਆਂ ਰੂਹਾਂ, ਸ਼੍ਰੋਮਣੀ ਕਮੇਟੀ ਤੇ ਕਾਬਜ ਮੌਜੂਦਾ ਅਕਾਲੀ ਦਲ ਦਾ 'ਸਰੂਪ' ਦੇਖ ਕੇ ਜਰੂਰ ਧਾਹਾਂ ਮਾਰ ਰਹੀਆਂ ਹੋਣਗੀਆਂ!

26 ਅਕਤੂਬਰ 1941 ਦੇ ਜਨਰਲ ਸਮਾਗਮ ਵਿਚ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ, "ਪੰਜਾਬ ਪੁਲਿਸ ਦੇ ਜਵਾਨਾਂ ਨੂੰ ਸਿੱਖੀ ਰਹਿਤ-ਬਹਿਤ ਵਿਚ ਪਰਪੱਕ ਰਹਿਣ ਲਈ, ਫੌਜ ਵਾਲਾ 'ਕੋਡ ਆਫ ਕੰਡਕਟ' ਲਾਗੂ ਕੀਤਾ ਜਾਵੇ...।" ਅਜੋਕੀ ਪੰਜਾਬ ਪੁਲਿਸ ਫੋਰਸ ਵਿਚ ਕਿਸੇ ਸਾਬਤ ਸੂਰਤ ਜਵਾਨ ਦੇ ਦਰਸ਼ਨ ਹੀ ਦੁਰਲੱਭ ਹੋ ਗਏ ਹਨ। ਇੱਥੋਂ ਤੱਕ ਕਿ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੇ ਵੀ 'ਪਤਿਤ ਪੁਲਸੀਏ' ਅੰਗ-ਰਖਿਅਕ ਬਣਾਏ ਹੋਏ ਹਨ।

10 ਮਾਰਚ 1945 ਦੇ ਬਜਟ ਸਮਾਗਮ ਵਿਚ ਇਹ ਮਤਾ ਪਾਸ ਕੀਤਾ ਗਿਆ, "ਸਮੂਹ ਗੁਰਦੁਆਰਿਆਂ ਵਿਚ ਰਹੁ-ਰੀਤ ਇੱਕ ਹੋਵੇ...।" 'ਸਮੂਹ ਗੁਰਦੁਆਰਿਆਂ' ਦੀ ਤਾਂ ਗੱਲ ਛੱਡੋ, ਹਾਲੇ ਤੱਕ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਰਹੁ-ਰੀਤ ਇੱਕ ਨਹੀਂ ਹੋ ਸਕੀ!

ਦੇਸ਼ ਆਜ਼ਾਦ ਹੋਣ ਉਪਰੰਤ ਬਿਖੜੇ ਹਾਲਾਤ ਵਿਚ 6 ਮਾਰਚ 1949 ਨੂੰ ਹੋਏ ਸਮਾਗਮ ਵਿਚ ਸਿਆਸਤ ਅਤੇ ਰਾਜਸੀ ਤਿਕੜਮਬਾਜ਼ੀ ਨੂੰ ਗੁਰਦੁਆਰਿਆਂ ਤੋਂ ਲਾਂਭੇ ਰੱਖਣ ਲਈ ਇਹ ਵਿਸ਼ੇਸ਼ ਫੈਸਲਾ ਮਤੇ ਦੇ ਰੂਪ 'ਚ ਪਾਸ ਕੀਤਾ ਗਿਆ, "ਅਸੀਂ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਧਾਰਨ ਅਤੇ ਇਨ੍ਹਾਂ ਨੂੰ ਗੁਰਮਤਿ ਦੇ ਸਿੱਖੀ ਸੋਮੇ ਬਣਾਉਣਾ ਮੁੱਖ ਰੱਖਾਂਗੇ ਤੇ ਇਹ ਖ਼ਾਸ ਖਿਆਲ ਰੱਖਾਂਗੇ ਕਿ ਪਾਰਟੀਬਾਜ਼ੀ ਆਦਿ ਦਾ ਇਸ ਸਿਲਸਿਲੇ ਵਿਚ ਕੋਈ ਦਖਲ ਨਾ ਹੋਵੇ...।"

ਐਸੀ ਹੀ ਭਾਵਨਾ ਵਾਲਾ ਇੱਕ ਹੋਰ ਮਤਾ 4 ਮਾਰਚ 1951 ਨੂੰ ਜਨਰਲ ਇਜਲਾਸ ਵਿਚ ਪਾਸ ਹੋਇਆ, "ਅੱਜ ਦੀ ਇਕੱਤਰਤਾ ਸਮੂਹ ਸਿੱਖ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਨੂੰ ਪ੍ਰੇਰਨਾ ਕਰਦੀ ਹੈ ਕਿ ਸਿੱਖੀ ਪ੍ਰਚਾਰ ਅਤੇ ਗੁਰਦੁਆਰਿਆਂ ਦੇ ਸਤਿਕਾਰ ਨੂੰ ਮੁੱਖ ਰੱਖ ਕੇ ਗੁਰ-ਅਸਥਾਨਾਂ ਦੇ ਜੋੜ ਮੇਲਿਆਂ ਅਤੇ ਇਕੱਠਾਂ ਉਤੇ ਕੇਵਲ ਸਿੱਖੀ ਪ੍ਰਚਾਰ ਹੀ ਕੀਤਾ ਜਾਵੇ। ਪਾਰਟੀਬਾਜ਼ੀ ਅਤੇ ਰਾਜਸੀ ਮੱਤਭੇਦਾਂ ਦੇ ਝਗੜੇ ਨਾ ਕੀਤੇ ਜਾਣ ਕਿਉਂਕਿ ਇਹ ਗੁਰਮਤਿ ਪ੍ਰਚਾਰ ਲਈ ਭਾਰੀ ਵਿਘਨਕਾਰੀ ਸਾਬਤ ਹੁੰਦੇ ਹਨ।"

ਇਨ੍ਹਾਂ ਦੋਹਾਂ ਮਤਿਆਂ ਦੇ ਪਾਸ ਕੀਤੇ ਜਾਣ ਦੀ ਤਰੀਕ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਿੱਖ ਆਗੂਆਂ ਨੇ ਹੀ ਇਨ੍ਹਾਂ ਮਤਿਆਂ ਦੀਆਂ ਧੱਜੀਆਂ ਉਡਾਈਆਂ। ਇਤਿਹਾਸਕ ਜੋੜ-ਮੇਲਿਆਂ ਸਮੇਂ ਅਕਾਲੀ ਕਾਨਫਰੰਸਾਂ ਵਿਚੋਂ ਇਹੀ ਆਵਾਜ਼ਾਂ ਗੂੰਜਦੀਆਂ ਰਹਿੰਦੀਆਂ ਨੇ, "ਫਲਾਣਾ ਕਾਂਗਰਸ ਦਾ ਏਜੰਟ-ਢਿਮਕਾ ਪੰਥ ਦੋਖੀ।" ਹੋਰ ਤਾਂ ਹੋਰ ਹੁਣ ਸਿੱਖੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸਿਰੋਪੇ ਦੇਣ ਵਿਚ ਵੀ ਸਿਆਸਤ ਚੱਲਦੀ ਹੈ! ਉਥੇ ਵੀ ਮਸਤਕ ਝੁਕਾਉਣ ਆਇਆਂ ਨਾਲ ਸ਼੍ਰੋਮਣੀ ਕਮੇਟੀ 'ਤੇ ਜੱਫਾ ਮਾਰੀ ਬੈਠੇ ਧੜੇ ਦੇ ਆਗੂ ਦੀਆਂ 'ਹਦਾਇਤਾਂ' ਮੁਤਾਬਕ ਸਲੂਕ ਕੀਤਾ ਜਾਂਦਾ ਹੈ। ਕਦੇ ਕਿਸੇ ਆਗੂ ਦੇ ਗੁਰਦੁਆਰੇ ਆਉਣ 'ਤੇ ਜਿੰਦਰੇ ਲਾ ਦਿੱਤੇ ਜਾਂਦੇ ਹਨ, ਕਿਸੇ ਦੇ ਮੱਥਾ ਟੇਕਣ ਆਉਣ ਸਮੇਂ 'ਆਮ ਸੰਗਤ' ਨੂੰ ਉਠਾ ਦਿੱਤਾ ਜਾਂਦਾ ਹੈ। ਪ੍ਰਭਾਵ ਇਹੋ ਜਿਹਾ ਬਣਾ ਦਿੱਤਾ ਗਿਆ ਹੈ ਜਿਵੇਂ ਕਿ ਇਹ ਗੁਰਧਾਮ ਇੱਕ ਖ਼ਾਸ ਗਰੁਪ ਦੀ ਨਿੱਜੀ ਮਾਲਕੀ ਹੋਣ!

ਸਿੱਖਾਂ ਦੇ ਨਾਂਵਾਂ ਨਾਲ 'ਸਰਦਾਰ' ਦੀ ਥਾਂ 'ਸ੍ਰੀ' ਲਿਖਣ ਵਿਰੁਧ 28 ਮਾਰਚ 1965 ਦੇ ਬਜਟ ਇਜਲਾਸ ਵਿਚ ਪਾਸ ਕੀਤਾ ਮਤਾ ਵੀ ਅਮਲ ਤੋਂ ਬਿਨਾ ਹੀ ਲਿਖਿਆ ਪਿਆ ਰਹਿ ਗਿਆ। ਇਸੇ ਇਜਲਾਸ ਵਿਚ ਭਾਰਤ ਸਰਕਾਰ ਨੂੰ 'ਬੇਨਤੀ ਕਰਦਾ' ਇੱਕ ਹੋਰ ਮਤਾ ਪਾਸ ਕੀਤਾ ਗਿਆ, "ਇਹ ਸਮਾਗਮ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਾ ਹੈ ਕਿ ਜਿਸ ਤਰ੍ਹਾਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਦੇ ਸਮੇਂ ਅਤੇ....ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਫੌਜਾਂ ਵਿਚ ਭਰਤੀ ਹੋਏ ਹਰ ਕੇਸਾਧਾਰੀ ਸਿੱਖ ਲਈ ਕੇਸ-ਦਾੜ੍ਹੀ ਰੱਖਣਾ ਅਤੇ ਸਿੱਖ ਰਹਿਤ ਮਰਯਾਦਾ ਵਿਚ ਪੱਕੇ ਰਹਿਣਾ ਜਰੂਰੀ ਸੀ, ਉਸੇ ਤਰ੍ਹਾਂ ਹੁਣ ਵੀ ਭਰਤੀ ਹੋਏ ਸਿੱਖ ਅਫਸਰ ਅਤੇ ਸਿਪਾਹੀ ਲਈ ਸਿੱਖ ਰਹਿਤ ਮਰਯਾਦਾ ਦੀ ਪਾਬੰਦੀ ਲਾਜ਼ਮੀ ਕੀਤੀ ਜਾਵੇ...।"

ਸਿੱਖੀ ਰਹਿਤ-ਬਹਿਤ ਦੇ ਪਿਆਰ ਨਾਲ ਲਬਰੇਜ਼ ਇਹ ਮਤਾ ਵੀ ਕਾਰਵਾਈ ਰਜਿਸਟਰ ਦੇ ਸਫ਼ਿਆਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ!

ਸ਼੍ਰੋਮਣੀ ਕਮੇਟੀ ਦੇ ਮੈਂਬਰ ਸਾਹਿਬਾਨ ਨੂੰ ਦੂਸਰੇ ਚੁਣੇ ਹੋਏ ਨੁਮਾਇੰਦਿਆਂ ਜਿਵੇਂ ਐਮ.ਐਲ.ਏ., ਐਮ.ਪੀ. ਜਾਂ ਮਿਊਂਸਿਪਲ ਕਮਿਸ਼ਨਰ ਵਾਂਗ 'ਤਸਦੀਕ' ਦਾ ਅਧਿਕਾਰ ਦੇਣ ਜਾਂ 18 ਨਵੰਬਰ 1966 ਨੂੰ ਪਾਸ ਹੋਏ ਮਤੇ ਦੀ ਮੰਗ ਅਨੁਸਾਰ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਪੰਜਾਬ ਵਾਪਸੀ, ਅਕਾਲੀ ਆਗੂਆਂ ਨੂੰ ਉਦੋਂ ਵੀ ਯਾਦ ਨਹੀਂ ਆਏ ਜਦੋਂ ਉਹ ਕੇਂਦਰ ਸਰਕਾਰ ਵਿਚ ਖੁਦ ਭਾਈਵਾਲ ਰਹੇ। ਇੰਜ ਹੀ 28 ਨਵੰਬਰ 1973 ਨੂੰ ਆਲ ਇੰਡੀਆ ਗੁਰਦੁਆਰਾ ਐਕਟ ਦੀ ਕਾਇਮੀ ਲਈ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ:

"...ਇਹ ਜਨਰਲ ਸਮਾਗਮ ਕੇਂਦਰ ਸਰਕਾਰ ਨੂੰ ਚੇਤਾ ਕਰਵਾਉਂਦਾ ਹੈ ਕਿ 'ਨਹਿਰੂ-ਤਾਰਾ ਸਿੰਘ ਪੈਕਟ' ਅਨੁਸਾਰ ਸਰਬ ਹਿੰਦ ਗੁਰਦੁਆਰਾ ਐਕਟ ਬਣਾਉਣ ਲਈ ਉਹ ਵਚਨਬੱਧ ਹੈ, ਇਸ ਲਈ ਹੁਣ ਹੋਰ ਦੇਰ ਕਰਨ ਤੋਂ ਬਿਨਾਂ ਪਾਰਲੀਮੈਂਟ ਤੋਂ ਇਹ ਕਾਨੂੰਨ ਪਾਸ ਕਰਵਾ ਕੇ ਆਪਣੇ ਦਿੱਤੇ ਹੋਏ ਬਚਨ ਦੀ ਪੂਰਤੀ ਕਰੇ। ਕੇਂਦਰੀ ਸਰਕਾਰ ਵਲੋਂ...ਸਰਬ ਹਿੰਦ ਸਿੱਖ ਗੁਰਦੁਆਰਾ ਐਕਟ ਨਾ ਬਣਾਉਣਾ, ਸਿੱਖ ਪੰਥ ਨਾਲ ਅਨਿਆਂ ਕਰਨ ਦੇ ਤੁਲ ਹੈ ਅਤੇ ਇਹ ਸਮਾਗਮ, ਸਰਕਾਰ ਨੂੰ ਦੱਸ ਦੇਣਾ ਚਾਹੁੰਦਾ ਹੈ ਕਿ ਲੰਬੇ ਸਮੇਂ ਤੱਕ ਕਿਸੇ ਅਨਿਆਂ ਨੂੰ ਸਹਿਣਾ ਸਿੱਖਾਂ ਦੀ ਰਵਾਇਤ ਵਿਚ ਸ਼ਾਮਲ ਨਹੀਂ।"

ਬਿਨਾਂ ਸ਼ੱਕ 'ਅਨਿਆਂ ਨਾ ਸਹਿਣ ਵਾਲੀ ਰਵਾਇਤ' ਦਾ ਪਾਲਣ, ਗੁਰੂ ਕੇ ਸਿੱਖ ਯਥਾ-ਸ਼ਕਤ ਕਰਦੇ ਆਏ ਹਨ ਪਰ ਸਿੱਖ ਆਗੂਆਂ ਦੀ 'ਰਵਾਇਤ' ਇਹ ਰਹੀ ਹੈ:

ਬਾਤ ਵੋਹ ਕਹੀਏ ਕਿ
ਜਿਸ ਕੇ ਹੋਂ ਸੌ ਪਹਿਲੂ,
ਕੋਈ ਪਹਿਲੂ ਤੋ ਹੋ ਬਾਤ ਬਦਲਨੇ ਕੇ ਲੀਏ!

ਚੋਣਾਂ ਦੇ ਦਿਨੀਂ ਕਦੇ ਆਲ ਇੰਡੀਆ ਗੁਰਦੁਆਰਾ ਐਕਟ ਦਾ ਰਾਗ ਗਾ ਲਿਆ, ਕਦੇ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਅਤੇ ਦਰਿਆਈ ਪਾਣੀਆਂ ਦੀ ਡੁਗ-ਡੁਗੀ ਵਜਾ ਲਈ, ਕਦੇ ਦਿੱਲੀ ਦੀਆਂ ਅਭਾਗੀਆਂ ਵਿਧਵਾ ਬੀਬੀਆਂ ਨੂੰ ਪੰਜਾਬ 'ਚ ਘੁਮਾ ਲਿਆ, ਕਦੇ ਅਨੰਦ ਮੈਰਿਜ਼ ਐਕਟ ਦਾ ਸ਼ੋਸ਼ਾ ਛੱਡ ਲਿਆ-ਵੋਟਾਂ ਲੈ ਲਈਆਂ, ਫੇਰ ਪੰਜਾਬੀ ਤੇ ਸਿੱਖ ਖਾਣ ਖਸਮਾਂ ਨੂੰ!

ਸਿੱਖ ਫੁਲਵਾੜੀ ਨੂੰ ਪਤਿਤਪੁਣੇ ਦੀ ਮਹਾਂਮਾਰੀ ਤੋਂ ਬਚਾਉਣ ਲਈ, ਸ਼੍ਰੋਮਣੀ ਕਮੇਟੀ ਮੈਂਬਰ ਸ. ਨਰੈਣ ਸਿੰਘ ਵਲੋਂ 30 ਮਾਰਚ 1971 ਦੇ ਦਿਨ ਬਜਟ ਇਜਲਾਸ ਵਿਚ ਰੱਖਿਆ ਇਹ ਮਤਾ ਪ੍ਰਵਾਨ ਕੀਤਾ ਗਿਆ, "ਇਹ ਜਨਰਲ ਸਮਾਗਮ ਬੜੇ ਦੁੱਖ ਨਾਲ ਇਹ ਗੱਲ ਰਿਕਾਰਡ 'ਤੇ ਲਿਆਉਂਦਾ ਹੈ ਕਿ ਸਿੱਖਾਂ ਵਿਚ ਰਹਿਤ-ਬਹਿਤ ਤੇ ਸ਼ਰਧਾ ਦਾ ਘਾਟਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਜੋ ਧਰਮ ਪ੍ਰਚਾਰ ਦੀਆਂ ਨਿੱਗਰ ਤੇ ਉਸਾਰੂ ਸਕੀਮਾਂ ਨਾਲ ਰੋਕਿਆ ਜਾ ਸਕਦਾ ਹੈ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਸੰਸਥਾਵਾਂ ਤੇ ਪੰਥ ਦਰਦੀਆਂ ਨੂੰ ਵਧੇਰੇ ਉਦਮ ਕਰਨ ਦੀ ਲੋੜ ਹੈ। ਖ਼ਾਸ ਤੌਰ 'ਤੇ ਸ਼੍ਰੋਮਣੀ ਕਮੇਟੀ ਦੀ ਧਰਮ-ਪ੍ਰਚਾਰ ਕਮੇਟੀ ਨੂੰ ਸਾਰੇ ਪੰਥਕ ਹਿਤੈਸ਼ੀਆਂ ਦੀ ਮਿਲਵਰਤਣ ਨਾਲ, ਸਿੱਖ ਸੰਗਤਾਂ ਵਿਚ ਸ਼ਰਧਾ ਉਜਾਗਰ ਕਰਨ ਲਈ ਵਿਸ਼ੇਸ਼ ਪ੍ਰਬੰਧ ਕਰਨੇ ਚਾਹੀਦੇ ਹਨ।"

ਚਾਰ ਦਹਾਕੇ ਪਹਿਲਾਂ ਪਾਸ ਕੀਤੇ ਗਏ ਇਸ ਮਤੇ ਵਿਚ ਜਿਸ ਸ਼੍ਰੋਮਣੀ ਕਮੇਟੀ ਨੂੰ 'ਜਗਾਉਣ' ਲਈ ਹਲੂਣਾ ਦਿੱਤਾ ਗਿਆ ਸੀ, ਉਸ ਦੇ ਅਜੋਕੇ ਮੈਂਬਰਾਂ ਦੇ ਘਰਾਂ ਤੀਕ ਪਤਿਤਪੁਣਾ ਪਹੁੰਚ ਚੁੱਕਾ ਹੋਇਐ। ਕਮੇਟੀ ਦੇ ਮੈਂਬਰ 'ਜਥੇਦਾਰ' ਆਪਣੀਆ ਬੇਟੀਆਂ ਘੋਨ ਮੋਨ ਮੁੰਡਿਆਂ ਨਾਲ ਵਿਆਹ ਰਹੇ ਹਨ, ਮੈਂਬਰ ਖੁਦ ਡੇਰਿਆਂ ਦੀਆਂ ਹਾਜ਼ਰੀਆਂ ਭਰਦੇ ਫਿਰਦੇ ਹਨ, ਕਲੀਨ-ਸ਼ੇਵ ਗਾਇਕ-ਕਲਾਕਾਰਾਂ ਨੂੰ ਸਿਰੋਪੇ ਦਿੰਦੇ ਹਨ। ਉਪਰੋਕਤ ਮਤੇ ਵਿਚ ਵਰਣਿਤ ਨਿੱਗਰ ਤੇ ਉਸਾਰੂ ਸਕੀਮਾਂ ਸਿਰਫ 'ਸ਼ਬਦ ਜਾਲ' ਬਣ ਕੇ ਰਹਿ ਗਈਆਂ ਹਨ। ਨਾ ਹੀ ਧਰਮ-ਪ੍ਰਚਾਰ ਕਮੇਟੀ ਦੇ 'ਵਿਸ਼ੇਸ਼ ਪ੍ਰਬੰਧਾਂ' ਦਾ ਕੋਈ ਸਾਰਥਿਕ ਨਤੀਜਾ ਸਾਹਮਣੇ ਆਇਆ ਹੈ।

ਸ਼੍ਰੋਮਣੀ ਕਮੇਟੀ ਦੀਆਂ ਅਲਮਾਰੀਆਂ ਵਿਚ ਕੁੱਝ ਹੋਰ ਮਤੇ ਵੀ ਅਮਲਾਂ ਲਈ ਤਰਸ ਰਹੇ ਹਨ। ਜਿਵੇਂ ਪੰਜਾਬੀ ਬੋਲੀ 'ਤੇ ਹਿੰਦੀ ਦੀ ਪੁੱਠ ਚਾੜ੍ਹਨ ਵਿਰੁਧ, ਸ੍ਰੀ ਅੰਮ੍ਰਿਤਸਰ ਦੇ ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨ 'ਤੇ ਸਿਗਰਟ-ਬੀੜੀ ਪੀਣ ਜਾਂ ਇਨ੍ਹਾਂ ਦੀ ਇਸ਼ਤਿਹਾਰਬਾਜ਼ੀ ਵਿਰੁਧ ਅਤੇ ਅਕਾਸ਼ਵਾਣੀ ਦੇ ਜਲੰਧਰ ਕੇਂਦਰ ਤੋਂ ਪੰਜਾਬੀ ਬੋਲੀ ਨੂੰ ਬਣਦਾ ਹੱਕ ਦੁਵਾਉਣ ਬਾਰੇ ਮਤੇ।

ਆਖਰ ਵਿਚ ਇੱਕ ਹੋਰ ਦਿਲਚਸਪ ਮਤਾ ਪਾਠਕਾਂ ਦੀ ਨਜ਼ਰ ਕਰ ਰਿਹਾਂ। ਜੂਨ ਚੁਰਾਸੀ ਦੇ ਘੱਲੂਘਾਰੇ ਬਾਅਦ ਸਿੱਖ ਹਿਰਦਿਆਂ ਵਿਚ 'ਦੁਸ਼ਮਣ' ਦਾ ਸਥਾਨ ਬਣਾ ਚੁੱਕੀ ਇੰਦਰਾ ਗਾਂਧੀ ਨੂੰ 'ਵਧਾਈ' ਦਿੰਦਾ ਇੱਕ ਮਤਾ ਵੀ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵਿਚ ਮੌਜੂਦ ਹੈ। ਜੋ 20 ਮਾਰਚ 1966 ਦੇ ਇਜਲਾਸ ਵਿਚ ਪਾਸ ਕੀਤਾ ਗਿਆ ਸੀ, "...ਇਸ ਦੇ ਨਾਲ ਹੀ ਇਹ ਇਜਲਾਸ ਸ੍ਰੀ ਕਾਮਰਾਜ ਜੀ ਪ੍ਰਧਾਨ ਆਲ ਇੰਡੀਆ ਕਾਂਗਰਸ ਕਮੇਟੀ ਅਤੇ ਸ੍ਰੀਮਤੀ ਇੰਦਰਾ ਗਾਂਧੀ ਜੀ ਪ੍ਰਧਾਨ ਮੰਤਰੀ ਨੂੰ ਵੀ ਹਾਰਦਿਕ ਵਧਾਈ ਦਿੰਦਾ ਹੈ, ਜਿਨ੍ਹਾਂ ਨੇ ਪੂਰੀ ਸਿਆਣਪ, ਦੀਰਘ ਦ੍ਰਿਸ਼ਟੀ ਅਤੇ ਦ੍ਰਿੜਤਾ ਨਾਲ ਇਸ ਮਾਮਲੇ (ਪੰਜਾਬੀ ਸੂਬੇ ਦੀ ਸਥਾਪਨਾ ਬਾਬਤ) ਨੂੰ ਸਫ਼ਲਤਾ ਪੂਰਬਕ ਨਜਿੱਠਣ ਵਿਚ ਅਗਵਾਈ ਦਿੱਤੀ ਹੈ।"

ਇਹ ਮਤਾ ਪਾਸ ਕਰਨ ਵੇਲੇ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਹੋਣਾ ਕਿ ਜਿਸ 'ਸਮੁੰਦਰੀ ਹਾਲ' ਵਿਚ ਬੈਠ ਕੇ ਇੰਦਰਾ ਗਾਂਧੀ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਨੇ, ਅਠਾਰਾ ਕੁ ਸਾਲ ਬਾਅਦ ਉਸੇ ਇੰਦਰਾ ਦੇ ਹੁਕਮ ਨਾਲ ਇਸ ਕੰਪਲੈਕਸ ਉਪਰ ਤੋਪਾਂ-ਟੈਂਕ ਚੜ੍ਹਾਏ ਜਾਣਗੇ। ਇਸੇ ਸਮੁੰਦਰੀ ਹਾਲ ਦੇ ਕਰਤੇ-ਧਰਤੇ ਵੀ ਉਸ ਦੀ (ਇੰਦਰਾ ਦੀ) ਅਤਿ ਘਿਨਾਉਣੀ ਸਾਜਿਸ਼ ਦੇ ਸਿੱਧੇ-ਅਸਿੱਧੇ 'ਭਾਈਵਾਲ' ਹੋਣਗੇ!

ਖ਼ੁਦਾ ਮੇ, ਨਾ-ਖ਼ੁਦਾ ਮੇ ਕੁਛ
ਮੁਝੇ ਸ਼ਿਰਕਤ ਸੀ ਲਗਤੀ ਹੈ,
ਜਹਾਂ ਡੂਬੀ ਮਿਰੀ ਕਸ਼ਤੀ,
ਵਹਾਂ ਮੌਜੂਦ ਥੇ ਦੋਨੋ!

ਖ਼ੈਰ, ਆਉਣ ਵਾਲਾ ਸਮਾਂ ਸ਼੍ਰੋਮਣੀ ਕਮੇਟੀ ਦੇ ਵੋਟਰਾਂ ਲਈ 'ਪਰਖ ਦੀ ਘੜੀ' ਬਣ ਕੇ ਆ ਰਿਹਾ ਹੈ। ਦੁਨੀਆਂ ਭਰ 'ਚ ਵਸਦੇ ਸਿੱਖ ਵੀ ਆਪਣਾ ਪੰਥਕ ਫਰਜ਼ ਸਮਝਦੇ ਹੋਏ ਸ਼੍ਰੋਮਣੀ ਕਮੇਟੀ ਚੋਣ-ਖੇਤਰ ਦੇ ਸਿੱਖ ਵੋਟਰਾਂ ਨਾਲ ਆਪੋ ਆਪਣੇ ਸਾਧਨ ਵਸੀਲਿਆਂ ਰਾਹੀਂ ਸੰਪਰਕ ਬਣਾਉਣ। ਅਜਿਹੇ ਯਤਨਾਂ ਨਾਲ ਹੀ ਪੰਥ ਦੀ ਇਹ ਵਾਹਦ ਜਥੇਬੰਦੀ, ਸਹੀ ਅਰਥਾਂ 'ਚ 'ਵਾਹਦ' ਬਣਾਈ ਜਾ ਸਕੇਗੀ!

## ਮੇਰੀ ਪਸੰਦ, ਨਾ-ਪਸੰਦ

ਸੁਖਵਿੰਦਰ ਬੋਦਲਾਂਵਾਲਾ, ਫੋਨ: 360-281-2624

ਮੈਨੂੰ ਚੰਗੀਆਂ ਲੱਗਦੀਆਂ ਨੇ...ਸਮੁੰਦਰ ਵਿਚ ਉਠਦੀਆਂ ਛੱਲਾਂ
ਮੈਨੂੰ ਚੰਗੀਆਂ ਲੱਗਦੀਆਂ ਨੇ...ਦਰਿਆਵਾਂ ਵਿਚ ਉਠਦੀਆਂ ਲਹਿਰਾਂ
ਮੈਨੂੰ ਚੰਗੇ ਲੱਗਦੇ ਨੇ...ਸਰ ਸਰ ਵਗਦੇ ਹੋਏ ਝਰਨੇ
ਮੈਨੂੰ ਚੰਗੇ ਲੱਗਦੇ ਨੇ...ਪਿੰਡਾਂ ਦੇ ਸੁੱਕੇ ਹੋਏ ਚੋਅ।

ਮੈਨੂੰ ਚੰਗੇ ਲੱਗਦੇ ਨੇ...ਸਾਉਣ ਵਿਚ ਪੈਂਦੇ ਹੋਏ ਛੱਰਾਟੇ
ਮੈਨੂੰ ਚੰਗੇ ਲੱਗਦੇ ਨੇ...ਕਿਸੇ ਮੁਟਿਆਰ ਦੇ ਟੂਣੇਹਾਰੇ ਹਾਸੇ
ਮੈਨੂੰ ਚੰਗੀ ਲੱਗਦੀ ਹੈ...ਬਰਸਾਤ ਵਿਚ ਹੋ ਰਹੀ ਕਿਣ-ਮਿਣ
ਮੈਨੂੰ ਚੰਗੀ ਲੱਗਦੀ ਹੈ...ਸਿਆਲ ਦੀ ਨਿੱਘੀ ਜਿਹੀ ਧੁੱਪ।

ਮੈਨੂੰ ਚੰਗੀਆਂ ਲੱਗਦੀਆਂ ਨੇ...ਤੀਆਂ ਵਿਚ ਪੀਂਘਾਂ ਝੂਟਦੀਆਂ ਮੁਟਿਆਰਾਂ
ਮੈਨੂੰ ਚੰਗੀਆਂ ਲੱਗਦੀਆਂ ਨੇ...ਇਕੋ ਡਾਰ 'ਚ ਉਡਦੀਆਂ ਕੂੰਜਾਂ ਦੀਆਂ ਡਾਰਾਂ
ਮੈਨੂੰ ਚੰਗੇ ਲੱਗਦੇ ਨੇ...ਰਾਤੀਂ ਆਸਮਾਨ ਵਿਚ ਚਮਕਦੇ ਤਾਰੇ
ਮੈਨੂੰ ਚੰਗੇ ਲੱਗਦੇ ਨੇ...ਕੁਦਰਤ ਦੇ ਸਾਰੇ ਹੀ ਨਜ਼ਾਰੇ।

ਪਰ ਮੇਰਾ ਦਿਲ ਉਦਾਸ ਹੈ? ਕਿਉਂਕਿ
ਮੈਨੂੰ ਚੰਗੇ ਨਹੀਂ ਲੱਗਦੇ...ਇਹ ਨਸਲੀ ਵਿਤਕਰੇ
ਮੈਨੂੰ ਚੰਗੇ ਨਹੀਂ ਲੱਗਦੇ...ਕੀਤੇ ਜਾਂਦੇ ਖ਼ੂਨੀ ਸਾਕੇ
ਮੈਨੂੰ ਚੰਗੇ ਨਹੀਂ ਲੱਗਦੇ...
ਜੰਮਣੋਂ ਪਹਿਲਾਂ, ਧੀਆਂ ਦਾ ਗਲ ਘੁੱਟਦੇ ਮਾਪੇ
ਮੈਨੂੰ ਚੰਗੇ ਨਹੀਂ ਲੱਗਦੇ...ਵਾਸ਼ਨਾ ਦੀ ਅੱਖ ਨਾਲ ਜੋਬਨ ਜਾਂਦੇ ਨਾਪੇ
ਮੈਨੂੰ ਚੰਗੇ ਨਹੀਂ ਲੱਗਦੇ...ਦੇਸ਼ਾਂ ਵੱਲੋਂ ਕੀਤੇ ਜਾਂਦੇ ਪ੍ਰਮਾਣੂ ਧਮਾਕੇ।
ਇਸ ਲਈ ਮੇਰਾ ਦਿਲ ਉਦਾਸ ਹੈ!
ਪਰ ਫਿਰ ਵੀ ਇਕ ਆਸ ਹੈ!

# ਜਮਹੂਰੀ ਦੇਸ਼ 'ਚ ਜਮਹੂਰੀ ਰਵਾਇਤਾਂ ਦਾ ਹੋ ਰਿਹਾ ਹੈ ਘਾਣ

**ਜਤਿੰਦਰ ਪਨੂੰ**

ਭਾਰਤ ਜਮਹੂਰੀ ਦੇਸ਼ ਹੈ ਪਰ ਇਹ ਜਮਹੂਰੀ ਪਰੰਪਰਾਵਾਂ ਦੀ ਅਗਵਾਈ ਕਰਨ ਵਾਲਾ ਨਹੀਂ ਬਣ ਸਕਿਆ ਅਤੇ ਅਗਵਾਈ ਤਾਂ ਕੀ ਕਰਨੀ ਹੈ, ਜਮਹੂਰੀ ਰਵਾਇਤਾਂ ਦੀ ਪਾਲਣਾ ਦੇ ਪੱਖ ਤੋਂ ਵੀ ਪਰਪੱਕ ਨਹੀਂ ਹੋ ਸਕਿਆ। ਜਿਸ ਵੀ ਦੇਸ਼ ਵਿਚ ਜਮਹੂਰੀਅਤ ਹੋਵੇ, ਉਥੇ ਹਾਕਮ ਧਿਰ ਤੋਂ ਜ਼ਿੰਮੇਵਾਰਾਨਾ ਵਿਹਾਰ ਦੀ ਆਸ ਕੀਤੀ ਜਾਂਦੀ ਹੈ ਤੇ ਜਦੋਂ ਦੇਸ਼ ਦੇ ਲੋਕ ਉਸ ਨੂੰ ਅਸੂਲ ਤੋਂ ਥਿੜਕਦੀ ਵੇਖਦੇ ਹਨ, ਉਦੋਂ ਉਸ ਨਾਲੋਂ ਵੱਧ ਜ਼ਿੰਮੇਵਾਰੀ ਦੀ ਆਸ ਵਿਰੋਧੀ ਧਿਰ ਤੋਂ ਕੀਤੀ ਜਾਂਦੀ ਹੈ। ਜਿਨ੍ਹਾਂ ਦੇਸ਼ਾਂ ਵਿਚ ਜਮਹੂਰੀਅਤ ਪਰਪੱਕ ਹੈ, ਉਨ੍ਹਾਂ ਵਿਚ



ਉਮਾ ਭਾਰਤੀ

ਵਿਰੋਧੀ ਧਿਰ ਦੀ ਮੁੱਖ ਪਾਰਟੀ ਸਿਰਫ਼ ਆਮ ਰਾਜਸੀ ਪਾਰਟੀ ਬਣ ਕੇ ਨਹੀਂ ਵਿਚਰਦੀ, ਉਹ 'ਸ਼ੈਡੋ ਕੈਬਨਿਟ' ਵੀ ਪੇਸ਼ ਕਰਦੀ ਹੈ ਜਿਸ ਵਿਚ ਪ੍ਰਧਾਨ ਮੰਤਰੀ ਤੋਂ ਲੈ ਕੇ ਕਈ ਵਿਭਾਗਾਂ ਦੇ ਮੰਤਰੀ ਤਕ 'ਸ਼ੈਡੋ' ਬਣਾ ਕੇ ਜਨਤਾ ਨੂੰ ਦੱਸਿਆ ਜਾਂਦਾ ਹੈ ਕਿ ਜੇ ਦੇਸ਼ ਦੀ ਅਗਵਾਈ ਸਾਡੇ ਹੱਥ ਹੋਵੇ ਤਾਂ ਸਾਡਾ ਆਹ ਬੰਦਾ ਆਹ ਕੰਮ ਇਸ ਤਰ੍ਹਾਂ ਕਰ ਕੇ ਵਿਖਾਵੇਗਾ। ਇਹ 'ਸ਼ੈਡੋ' ਅਹੁਦੇਦਾਰ ਅਸਲ ਵਿਚ ਅਗਲੀ ਹੋਣ ਵਿਚ ਉਸ ਪਾਰਟੀ ਦੇ ਉਨ੍ਹਾਂ ਜ਼ਿੰਮੇਵਾਰੀਆਂ ਲਈ ਉਮੀਦਵਾਰ ਸਮਝੇ ਜਾਂਦੇ ਹਨ, ਤੇ ਇਸੇ ਲਈ ਉਹ ਇੰਨੇ ਅੰਕੜੇ ਤੇ ਹੋਰ ਤੱਥ ਗਿਣ ਅਤੇ ਚੁਣ ਕੇ ਬੋਲਦੇ ਹਨ ਕਿ ਕੋਈ ਉਨ੍ਹਾਂ ਉਤੇ ਕਿੰਤੂ ਨਾ ਕਰ ਸਕੇ। ਬਦਕਿਸਮਤੀ ਹੈ ਭਾਰਤੀ ਜਮਹੂਰੀਅਤ ਦੀ ਕਿ ਇਥੇ ਹਾਕਮ ਧਿਰ ਤਾਂ ਇਕ ਨਹੀਂ, ਅਨੇਕ ਕਿਸਮ ਦੇ ਗੈਰ-ਜ਼ਿੰਮੇਵਾਰ ਕੰਮ ਕਰਦੀ ਹੀ ਹੈ, ਵਿਰੋਧੀ ਧਿਰ ਦੀ ਮੁੱਖ ਪਾਰਟੀ ਵੀ ਕਿਸੇ ਮਾਮਲੇ ਵਿਚ ਜ਼ਿੰਮੇਵਾਰੀ ਦਾ ਮੁਜ਼ਾਹਰਾ ਨਹੀਂ ਕਰਦੀ ਜਾਪਦੀ।

ਇਸ ਵਕਤ ਭਾਰਤੀ ਜਮਹੂਰੀਅਤ ਦੇ ਵਿਰੋਧੀ ਬੈਂਚਾਂ ਵਾਲੇ ਦਲਾਂ ਵਿਚੋਂ ਸਭ ਤੋਂ ਵੱਡੀ ਹੋਣ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਮੁੱਖ ਵਿਰੋਧੀ ਧਿਰ ਦਾ ਦਰਜਾ ਹਾਸਲ ਹੈ। ਛੇ ਸਾਲ ਉਹ ਭਾਰਤ ਦਾ ਰਾਜ ਮਾਣ ਚੁੱਕੀ ਹੈ, ਪਰ ਵਾਸਤਾ ਉਸ ਦਾ ਉਸ ਕਾਂਗਰਸ ਨਾਲ ਹੈ ਜਿਸ ਦਾ ਨਾਂ ਅਤੇ ਚੋਣ ਨਿਸ਼ਾਨ ਭਾਵੇਂ ਬਦਲ ਜਾਂਦਾ ਰਿਹਾ, ਆਜ਼ਾਦ ਦੇਸ਼ ਦੀ ਹੋਂਦ ਦੇ ਸਾਢੇ ਤਰੇਹਠ ਸਾਲਾਂ ਵਿਚੋਂ ਪੰਜਾਹ ਸਾਲ ਰਾਜ ਦੀ ਕਮਾਨ ਉਸੇ ਹੱਥ ਰਹੀ ਹੈ। ਜਦੋਂ ਉਸ ਦੇ ਰਾਜ ਨੂੰ ਤੀਹ ਸਾਲ ਹੋਏ ਸਨ, ਉਦੋਂ ਐਮਰਜੈਂਸੀ ਦੀ ਗਲਤੀ ਕਰਨ ਕਰਕੇ ਪਹਿਲੀ ਵਾਰੀ ਉਸ ਨੂੰ ਦੂਜਿਆਂ ਲਈ ਤਖਤ ਵਿਹਲਾ ਕਰਨਾ ਪਿਆ ਸੀ; ਪਰ ਦੂਜੇ ਜਿਹੜੇ ਆਏ, ਉਹ ਪੰਜ ਧੜੇ ਜੋੜ ਕੇ ਵੀ ਪੌਣੇ ਤਿੰਨ ਸਾਲ ਤੋਂ ਵੱਧ ਰਾਜ ਨਾ ਕਰ ਸਕੇ। ਫਿਰ ਨੌਂ ਸਾਲ ਹੋਰ ਲੰਘਾ ਕੇ ਵਿਰੋਧੀ ਧਿਰ ਨੂੰ ਮੌਕਾ ਮਿਲਿਆ ਤਾਂ ਉਹ ਇਕ ਸਾਲ ਨਾ ਹੰਢ ਸਕੀ ਤੇ ਉਸੇ ਦਾ ਇਕ ਹਿੱਸਾ ਟੁੱਟ ਕੇ ਕਾਂਗਰਸ ਦੀ ਮਦਦ ਨਾਲ ਗੱਦੀ ਸੰਭਾਲਣ ਤੁਰ ਪਿਆ ਸੀ। ਉਸ ਪਿੱਛੋਂ ਇਕ-ਇਕ ਸਾਲ ਦੀਆਂ ਦੋ ਸਰਕਾਰਾਂ ਸਾਂਝੇ ਮੋਰਚੇ ਦੀਆਂ ਆਈਆਂ ਤੇ ਜਦੋਂ ਉਹ ਵੀ ਹੰਢਣਸਾਰ ਨਾ ਨਿਕਲੀਆਂ ਤਾਂ ਦੇਸ਼ ਦੀ ਅਗਵਾਈ ਭਾਰਤੀ ਜਨਤਾ ਪਾਰਟੀ ਦੇ ਹੱਥ ਆ ਗਈ। ਉਦੋਂ ਉਸ ਦੇ ਲੀਡਰਾਂ ਨੇ ਕਿਹਾ ਸੀ ਕਿ ਅਸੀਂ ਵੱਖਰੀ-ਨਿਆਰੀ ਪਾਰਟੀ ਹਾਂ, ਦੇਸ਼ ਨੂੰ ਜ਼ਿੰਮੇਵਾਰ ਸਰਕਾਰ ਦੇਵਾਂਗੇ; ਪਰ ਛੇਵੇਂ ਸਾਲ ਹੀ ਸਫ ਸਮੇਟ ਕੇ ਉਠਣ ਨੂੰ ਮਜਬੂਰ ਹੋ ਗਏ ਕਿਉਂਕਿ ਉਨ੍ਹਾਂ ਨੂੰ ਸਾਰਾ ਭਾਰਤ ਚਮਕਦਾ ਦਿਸਣ ਲੱਗ ਪਿਆ ਸੀ ਤੇ ਲੋਕਾਂ ਨੂੰ ਹਨ੍ਹੇਰੇ ਤੋਂ ਸਿਵਾਏ ਕੁਝ ਨਜ਼ਰ ਨਹੀਂ ਸੀ ਆਇਆ।

ਵੱਡਾ ਝਟਕਾ ਖਾਣ ਪਿੱਛੋਂ ਰਾਜ ਹਾਸਲ ਕਰਨ ਦੇ ਅਗਲੇ ਹੰਭਲੇ ਲਈ ਪਿਛਲੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਪਰ੍ਹੇ ਧੱਕ ਕੇ ਆਪੇ ਬਣੇ ਹੋਏ 'ਲੋਹ ਪੁਰਸ਼' ਲਾਲ ਕ੍ਰਿਸ਼ਨ ਅਡਵਾਨੀ ਨੇ ਅਗਵਾਈ ਸੰਭਾਲ ਲਈ, ਪਰ ਡਾ. ਮਨਮੋਹਨ ਸਿੰਘ ਨੂੰ 'ਰਬੜ ਦੀ ਮੋਹਰ' ਕਹਿਣ ਵਾਲਾ ਅਡਵਾਨੀ ਆਪ ਹਰ ਪੱਖੋਂ ਫੇਲ੍ਹ ਹੁੰਦਾ ਗਿਆ। ਪਹਿਲਾਂ ਉਸ ਨੇ ਪਾਰਲੀਮੈਂਟ ਵਿਚ ਵਾਜਪਾਈ ਦੀ ਗ਼ੈਰਹਾਜ਼ਰੀ ਵਰਤ ਕੇ ਆਪਣਾ ਅਤੇ ਪਾਰਟੀ ਦਾ ਅਕਸ ਚਮਕਾਉਣ ਦਾ ਯਤਨ ਕੀਤਾ, ਤੇ ਉਥੇ ਠੇਡਾ ਖਾ ਬੈਠਾ। ਮੌਕਾ ਸੀ ਅਮਰੀਕਾ ਨਾਲ ਐਟਮੀ ਸਮਝੌਤੇ ਉਤੇ ਬਹਿਸ ਦਾ ਅਤੇ ਅਡਵਾਨੀ ਨੇ ਇਹ ਮੁੱਦਾ ਚੁੱਕ ਲਿਆ ਕਿ "ਡਾ. ਮਨਮੋਹਨ ਸਿੰਘ ਹੁਰੀਂ ਉਸ ਪ੍ਰਮਾਣੂ ਪਾਸਾਰ ਰੋਕੂ ਸੰਧੀ ਉਤੇ ਵੀ ਦਸਤਖ਼ਤ ਕਰਨ ਨੂੰ ਤਿਆਰ ਹਨ ਜਿਸ ਉਤੇ ਦਸਤਖ਼ਤ ਕਰਨ ਤੋਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਨਾਂਹ ਕਰ ਦਿੱਤੀ ਸੀ।" ਵਿਦੇਸ਼ ਮੰਤਰੀ ਪ੍ਰਣਬ ਮੁਖਰਜੀ ਨੇ ਉਸੇ ਵੇਲੇ ਉਠ ਕੇ ਮੋੜਵਾਂ ਹੱਲਾ ਕਰ ਦਿੱਤਾ ਕਿ "ਪ੍ਰਮਾਣੂ ਪਾਸਾਰ ਰੋਕੂ ਸੰਧੀ ਹੋਈ 1970 ਵਿਚ, ਅਤੇ ਪੰਡਿਤ ਨਹਿਰੂ ਦਾ ਦੇਹਾਂਤ ਹੋ ਗਿਆ ਸੀ 1964 ਵਿਚ। ਅਡਵਾਨੀ ਜੀ ਇਹ ਵੀ ਦੱਸ ਦੇਣ ਕਿ ਦੁਨੀਆਂ ਛੱਡ ਗਿਆ ਕੋਈ ਬੰਦਾ ਕਿਸੇ ਸੰਧੀ ਉਤੇ ਦਸਤਖ਼ਤ ਕਰਨ ਤੋਂ ਇਨਕਾਰ ਕਰਨ ਲਈ ਛੇ ਸਾਲ ਬਾਅਦ ਦੁਬਾਰਾ ਕਿਵੇਂ ਆ ਸਕਦਾ ਹੈ?" ਇਸ ਪਿੱਛੋਂ ਅਡਵਾਨੀ ਨੇ ਚੋਣ ਮੁਹਿੰਮ ਵਿਚ ਮਨਮੋਹਨ ਸਿੰਘ ਉਤੇ ਹਮਲੇ ਖਾਤਰ ਕਈ ਵਾਰੀ ਇਹੋ ਜਿਹੀਆਂ ਕੁਤਾਹੀਆਂ ਕੀਤੀਆਂ ਕਿ ਇਕੋ ਦਿਨ ਮੋੜਵੀਂ ਭਾਜੀ ਵਿਚ ਪੇਸ਼ ਕੀਤੇ ਤੱਥਾਂ ਅਤੇ ਪੁੱਛੇ ਗਏ ਸਵਾਲਾਂ ਨਾਲ ਉਸ ਦੇ ਪੈਰ ਉਖੜ ਗਏ ਸਨ।

ਲਗਾਤਾਰ ਦੂਜੀ ਵਾਰੀ ਪਾਰਲੀਮੈਂਟ ਚੋਣਾਂ ਵਿਚ ਹਾਰ ਪੱਲੇ ਪਵਾ ਲੈਣ ਪਿੱਛੋਂ ਅਡਵਾਨੀ ਨੂੰ ਜਦੋਂ ਇਹ ਪਤਾ ਲੱਗ ਗਿਆ ਕਿ ਅੰਗੂਰ ਖੱਟੇ ਹਨ ਤਾਂ ਉਹ ਖੂੰਜੇ ਲੱਗਣ ਨੂੰ ਮਜਬੂਰ ਹੋ ਗਏ, ਪਰ ਇਸ ਨਾਲ ਪਾਰਟੀ ਵਿਚ ਵਿਰਾਸਤ ਦੀ ਜੰਗ ਛਿੜ ਗਈ। ਪ੍ਰਧਾਨ ਮੰਤਰੀ ਦੀ ਪਦਵੀ ਲਈ ਪੰਜ ਸਾਲ ਬਾਅਦ 2014 ਵਿਚ ਹੋਣ ਵਾਲੀਆਂ ਚੋਣਾਂ ਮੌਕੇ ਆਪਣਾ ਹੱਕ ਪੇਸ਼ ਕਰਨ ਦੇ ਚੱਕਰ ਵਿਚ ਹਰ ਕੋਈ ਦੂਜਿਆਂ ਦੇ ਪੈਰ ਮਿੱਧਣ ਤੁਰ ਪਿਆ। ਬਾਰਾਤ ਵਿਚ ਲਾੜਾ ਇਕ ਹੁੰਦਾ ਹੈ, ਇਥੇ ਇਕੋ ਪਦਵੀ ਵਾਸਤੇ ਕਈ ਜਣੇ ਸਿਹਰੇ ਲਾ ਤੁਰੇ ਤੇ ਆਪਣੇ ਤੋਂ ਸਿਵਾਏ ਦੂਜਿਆਂ ਨੂੰ ਬਰਦਾਸ਼ਤ ਕਰਨ ਨੂੰ ਕੋਈ ਵੀ ਤਿਆਰ ਨਹੀਂ ਸੀ। ਪਾਠਕਾਂ ਨੂੰ ਯਾਦ ਹੋਵੇਗਾ ਕਿ ਜਦੋਂ ਸੋਨੀਆ ਗਾਂਧੀ ਨੂੰ ਉਸ ਦੇ ਗਠਜੋੜ ਨੇ ਪ੍ਰਧਾਨ ਮੰਤਰੀ ਬਣਾਉਣਾ ਮੰਨ ਲਿਆ ਸੀ ਤਾਂ ਇਕ ਪਾਸੇ ਉਮਾ ਭਾਰਤੀ ਨੇ ਕਹਿ ਦਿੱਤਾ ਸੀ ਕਿ ਉਹ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਕੁਰਸੀ ਛੱਡ ਕੇ ਕੈਲਾਸ਼ ਨਾਥ ਦੇ ਪਰਬਤਾਂ ਨੂੰ ਤੁਰ ਜਾਵੇਗੀ; ਤੇ ਦੂਜੇ ਪਾਸੇ ਸੁਸ਼ਮਾ ਸਵਰਾਜ ਨੇ ਕਹਿ ਦਿੱਤਾ ਸੀ ਕਿ ਉਹ ਚਿੱਟੇ ਕੱਪੜੇ ਪਾਵੇਗੀ ਅਤੇ ਛੋਲੇ ਖਾ ਕੇ ਗੁਜ਼ਾਰਾ ਕਰੇਗੀ। ਸਮਾਂ ਪਾ ਕੇ ਭੇਤ ਖੁੱਲ੍ਹਾ ਕਿ ਦੋਵਾਂ ਵਿਚ ਇਸ ਗੱਲ ਦੀ ਟੱਕਰ ਚੱਲ ਰਹੀ ਸੀ ਕਿ ਪਾਰਟੀ ਅੰਦਰ ਤਿਆਗ ਦੀ ਵੱਡੀ ਮੂਰਤੀ ਬਣ ਕੇ ਕੌਣ ਪੇਸ਼ ਹੁੰਦੀ ਹੈ ਤਾਂ ਜੋ ਅਗਲੀ ਵਾਰੀ ਪਾਰਟੀ ਦੀ ਅਗਵਾਈ ਦਾ ਉਸ ਦਾ ਦਾਅਵਾ ਮਜ਼ਬੂਤ ਹੋ ਸਕੇ। ਕੁਝ ਚਿਰ ਪਿੱਛੋਂ ਉਮਾ ਭਾਰਤੀ ਨੂੰ ਇਕ ਵਿਵਾਦਤ ਥਾਂ ਝੰਡਾ ਝੁਲਾਉਣ ਦੇ ਕੇਸ ਵਿਚ ਬਣੇ ਵਾਰੰਟਾਂ ਕਾਰਨ ਮੁੱਖ ਮੰਤਰੀ ਦੀ ਗੱਦੀ ਛੱਡਣੀ ਪੈ ਗਈ ਤੇ ਉਸ ਨੇ ਉਸੇ ਜਗ੍ਹਾ ਜਾ ਕੇ ਫਿਰ ਝੰਡਾ ਚੜ੍ਹਾਉਣ ਦਾ ਐਲਾਨ ਕਰ ਦਿੱਤਾ ਤਾਂ ਸੁਸ਼ਮਾ ਸਵਰਾਜ ਲੋਕਾਂ ਦਾ ਧਿਆਨ ਉਮਾ ਵੱਲੋਂ ਹਟਾਉਣ ਲਈ ਅੰਡੇਮਾਨ ਦੀ ਜੇਲ੍ਹ ਉਤੇ ਝੰਡਾ ਚੜ੍ਹਾਉਣ ਦਾ ਨਾਅਰਾ ਚੁੱਕ ਤੁਰੀ ਸੀ।

ਹੁਣੇ ਲੰਘੇ ਗਣਤੰਤਰ ਦਿਵਸ ਮੌਕੇ ਸ੍ਰੀਨਗਰ ਦੇ ਲਾਲ ਚੌਕ ਵਿਚ ਝੰਡਾ ਚੜ੍ਹਾਉਣ ਦੇ ਨਾਂ ਉਤੇ ਜੋ ਕੁਝ ਭਾਜਪਾ ਦੇ ਲੀਡਰਾਂ ਨੇ ਕੀਤਾ ਹੈ, ਇਸ ਪਿੱਛੇ ਵੀ ਦੇਸ਼ ਭਗਤੀ ਨਹੀਂ ਸਗੋਂ ਉਦੋਂ ਤੋਂ ਤੁਰੀ ਆਉਂਦੀ ਪਾਰਟੀ ਅੰਦਰਲੇ ਦੋ ਧੜਿਆਂ ਦੀ ਵਿਰਾਸਤ ਦੀ ਖਿੱਚੋਤਾਣ ਵਿਚ ਇਕ-ਦੂਜੇ ਤੋਂ ਵੱਡਾ ਬਣ ਕੇ ਵਿਖਾਉਣ ਲਈ ਮੁਲਕ ਨੂੰ ਬਲਦੀ ਦੇ ਬੁੱਥੇ ਦਿੱਤਾ ਜਾ ਰਿਹਾ ਸੀ। ਕਿਸੇ ਜਮਹੂਰੀਅਤ ਦੀ ਮੁੱਖ ਵਿਰੋਧੀ ਧਿਰ ਦਾ ਇੰਨਾ ਨੀਵਾਂ ਰਾਜਸੀ

## ਸਿਆਸਤ ਦਾ ਪਿੜ

ਪੱਧਰ, ਉਸ ਦੇਸ਼ ਲਈ ਭਲੇ ਦਾ ਸੰਕੇਤ ਕਿਵੇਂ ਦੇ ਸਕਦਾ ਹੈ?

ਹੁਣ ਲਈਏ ਰਾਜਨੀਤਕ ਪੈਂਤੜਿਆਂ ਦੀ ਗੱਲ, ਜਿਨ੍ਹਾਂ ਨਾਲ ਵਿਰੋਧੀ ਧਿਰ ਨੇ ਹਾਕਮ ਪਾਰਟੀ ਦੇ ਪੈਰ ਉਖਾੜਨੇ ਹੁੰਦੇ ਹਨ ਪਰ ਇਥੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਦੇ ਆਪਣੇ ਪੈਰ ਹੀ ਨਹੀਂ ਟਿਕ ਰਹੇ।

ਇਕ ਮੌਕਾ ਸੀ ਦਿੱਲੀ ਦੀਆਂ 1984 ਦੀਆਂ ਖ਼ੂਨੀ ਘਟਨਾਵਾਂ ਬਾਰੇ ਪਾਰਲੀਮੈਂਟ ਵਿਚ ਬਹਿਸ ਦਾ। ਪਾਰਟੀ ਦਾ ਸਾਬਕਾ ਕੌਮੀ ਪ੍ਰਧਾਨ ਰਾਜਨਾਥ ਸਿੰਘ ਬੋਲਿਆ ਜਿਸ ਨੂੰ ਆਮ ਤੌਰ 'ਤੇ ਬਹੁਤ ਸਿਆਣਾ ਬੁਲਾਰਾ ਮੰਨਿਆ ਜਾਂਦਾ ਹੈ। ਉਸ ਨੇ ਜ਼ੋਰ ਦੇ ਕੇ ਕਿਹਾ: "ਮੈਂ ਹਿੰਦੋਸਤਾਨ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਰਹਿ ਚੁੱਕਾ ਹਾਂ। ਮੈਨੂੰ ਪਤਾ ਹੈ ਕਿ ਜੇ ਰਾਜ ਕਰਨ ਵਾਲਿਆਂ ਦੀ ਨੀਅਤ ਸਾਫ਼ ਹੋਵੇ ਤਾਂ ਦੰਗਾ-ਫ਼ਸਾਦ ਦੋ ਘੰਟਿਆਂ ਵਿਚ ਰੋਕਿਆ ਜਾ ਸਕਦਾ ਹੈ।" ਹੋਠੋਂ ਕਿਸੇ ਮੈਂਬਰ ਨੇ ਉਸ ਨੂੰ ਟੋਕ ਕੇ ਕਹਿ ਦਿੱਤਾ: "ਜੇ ਇੰਨਾ ਸਿੱਕੇਬੰਦ ਫ਼ਾਰਮੂਲਾ ਤੁਹਾਡੇ ਕੋਲ ਸੀ ਤਾਂ ਆਪਣੀ ਪਾਰਟੀ ਦੇ ਨਰਿੰਦਰ ਮੋਦੀ ਨੂੰ ਦੱਸ ਦੇਣਾ ਸੀ, ਉਥੇ ਇਕ ਹਫ਼ਤਾ ਮਾਰ-ਕਾਟ ਹੁੰਦੀ ਰਹੀ; ਤੁਹਾਡੀ ਪਾਰਟੀ ਦੇ ਮੁੱਖ ਮੰਤਰੀ ਤੋਂ




ਸੁਸ਼ਮਾ ਸਵਰਾਜ

ਰੋਕੀ ਨਹੀਂ ਸੀ ਗਈ।" ਗੱਲ ਭਾਵੇਂ ਦਿੱਲੀ ਦੀ ਹੋਵੇ ਤੇ ਭਾਵੇਂ ਗੁਜਰਾਤ ਦੀ, ਦੋਵੇਂ ਥਾਂ ਦਾ ਕਤਲੇਆਮ ਨਿਖੇਧੀ ਯੋਗ ਸੀ, ਪਰ ਭਾਜਪਾ ਦਾ ਪ੍ਰਧਾਨ ਬਾਹਲੀ ਫੜ੍ਹ ਮਾਰਨ ਦੇ ਚੱਕਰ ਵਿਚ ਫਸਿਆ ਨਜ਼ਰ ਆਇਆ, ਤੇ ਨਤੀਜੇ ਵਜੋਂ ਦਿੱਲੀ ਦੇ ਖ਼ੂਨ-ਖ਼ਰਾਬੇ ਦਾ ਮੁੱਦਾ ਅਤੇ ਉਸ ਦੀ ਆਪਣੀ ਪਾਰਟੀ ਵਾਲੇ ਨਰਿੰਦਰ ਮੋਦੀ ਦੇ ਕਾਲੇ ਕਿਰਦਾਰ ਦੀ ਕਥਾ ਇਕ-ਦੂਜੇ ਵਿਚ ਰਲ ਕੇ ਸਾਂਝੀ ਨਿਖੇਧੀ ਦਾ ਕਾਰਨ ਬਣ ਗਏ।

ਦੂਜਾ ਮੌਕਾ ਸੀ, ਕਾਮਨਵੈਲਥ ਖੇਡਾਂ ਦੇ ਘੁਟਾਲੇ ਦਾ ਜਿਸ ਨੂੰ ਲੈ ਕੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਸਾਰਾ ਜ਼ੋਰ ਸੁਰੇਸ਼ ਕਲਮਾਡੀ ਦੇ ਬਹਾਨੇ ਕਾਂਗਰਸ ਨੂੰ ਕੁੱਟਣ ਉਤੇ ਲਾ ਰਹੀ ਸੀ। ਜਦੋਂ ਕਾਰਵਾਈ ਸ਼ੁਰੂ ਹੋਈ ਤਾਂ ਪਹਿਲਾ ਬੰਦਾ ਹੀ ਉਹ ਫਸ ਗਿਆ ਜਿਹੜਾ ਭਾਰਤੀ ਜਨਤਾ ਪਾਰਟੀ ਲਈ ਚੋਣਾਂ ਵੇਲੇ ਕਰੋੜਾਂ ਰੁਪਏ ਦੇ ਚੰਦੇ ਦਾ ਇੰਤਜ਼ਾਮ ਕਰਦਾ ਹੁੰਦਾ ਸੀ। ਇਹ ਕੰਮ ਉਸ ਨੇ ਕਈ ਸਾਲ ਮਰਹੂਮ ਭਾਜਪਾ ਲੀਡਰ ਪ੍ਰਮੋਦ ਮਹਾਜਨ ਨਾਲ ਰਲ ਕੇ ਵੀ ਕੀਤਾ ਸੀ ਅਤੇ ਉਸ ਤੋਂ ਬਾਅਦ ਪਾਰਟੀ ਦੇ ਇਕ ਅਜੋਕੇ ਆਗੂ ਨਾਲ ਮਿਲ ਕੇ ਵੀ। ਪਾਰਟੀ ਪ੍ਰਧਾਨ ਨਿਤਿਨ ਗਡਕਰੀ ਨੇ ਪਿੱਛਾ ਛੁਡਾਉਣ ਲਈ ਜਦੋਂ ਇਹ ਕਿਹਾ ਕਿ ਉਹ ਉਸ ਨੂੰ ਜਾਣਦੇ ਨਹੀਂ ਤਾਂ ਇਸ ਨਾਲ ਪਾਰਟੀ ਦੀ ਪੁਜ਼ੀਸ਼ਨ ਹੋਰ ਵੀ ਖ਼ਰਾਬ ਹੋ ਗਈ।

ਤੀਜਾ ਮੌਕਾ ਸੀ, ਮੁੰਬਈ ਦੀ ਆਦਰਸ਼ ਸੁਸਾਇਟੀ ਦੇ ਘੁਟਾਲੇ ਦਾ, ਜਿਸ ਕਾਰਨ ਕਾਂਗਰਸ ਪਾਰਟੀ ਨੇ ਆਪਣੇ ਮੁੱਖ ਮੰਤਰੀ ਤੋਂ ਅਸਤੀਫ਼ਾ ਲੈ ਲਿਆ, ਪਰ ਉਸ ਦੇ ਨਾਲ ਹੀ ਜਦੋਂ ਕਰਨਾਟਕ ਦੇ ਮੁੱਖ ਮੰਤਰੀ ਦਾ ਕਿੱਸਾ ਵੀ ਸਾਹਮਣੇ ਆ ਗਿਆ ਤਾਂ ਭਾਜਪਾ ਆਪਣੇ ਪਿਆਦੇ ਤੋਂ ਅਸਤੀਫ਼ਾ ਨਹੀਂ ਲੈ ਸਕੀ। ਵੱਧ ਤੋਂ ਵੱਧ, ਇਹ ਕੀਤਾ ਕਿ ਉਹ ਹਥਿਆਈ ਹੋਈ ਜ਼ਮੀਨ ਛੱਡ ਦੇਵੇ, ਪਰ ਇੰਨਾ ਕੁ ਕੰਮ ਤਾਂ ਮਹਾਰਾਸ਼ਟਰ ਦੇ ਕਾਂਗਰਸੀ ਮੁੱਖ ਮੰਤਰੀ ਨੇ ਵੀ ਲਏ ਹੋਏ ਫ਼ਲੈਟ ਛੱਡ ਕੇ ਕਰ ਦਿੱਤਾ ਸੀ। ਇਸ ਦੇ ਬਾਵਜੂਦ ਉਸ ਦੀ ਕੁਰਸੀ ਨਹੀਂ ਸੀ ਬਚੀ। ਹੈਰਾਨੀ ਦੀ ਗੱਲ ਇਕ ਵਾਰ ਫਿਰ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਕਰ ਦਿੱਤੀ। ਜਦੋਂ ਕਰਨਾਟਕ ਦੇ ਗਵਰਨਰ ਨੇ ਭਾਜਪਾ ਮੁੱਖ ਮੰਤਰੀ ਯੇਦੂਰੱਪਾ ਦੇ ਵਿਰੁਧ ਕੇਸ ਚਲਾਉਣ ਦੀ ਆਗਿਆ ਦਿੱਤੀ, ਗਡਕਰੀ ਚੀਨ ਦੇ ਦੌਰੇ 'ਤੇ ਸੀ ਤੇ ਉਥੋਂ ਇਸ ਬਾਰੇ ਟਿੱਪਣੀ ਕਰਦਿਆਂ ਉਸ ਨੇ ਇਹ ਕਹਿ ਦਿੱਤਾ, "ਸਾਡੇ ਮੁੱਖ ਮੰਤਰੀ ਨੇ ਜੋ ਕੀਤਾ ਹੈ, ਉਹ ਇਖਲਾਕੀ ਤੌਰ 'ਤੇ ਤਾਂ ਗਲਤ ਹੈ, ਕਾਨੂੰਨੀ ਤੌਰ 'ਤੇ ਨਹੀਂ। ਇਸ ਲਈ ਅਸਤੀਫ਼ਾ ਦੇਣ ਦੀ ਲੋੜ ਨਹੀਂ।" ਪਹਿਲੀ ਗੱਲ ਤਾਂ ਫ਼ਰਜ਼ੀ ਕੰਪਨੀ ਖੜ੍ਹੀ ਕਰ ਕੇ ਜ਼ਮੀਨ ਉਸ ਨੂੰ ਦੇਣੀ ਤੇ ਫਿਰ ਆਪਣੇ ਪੁੱਤਰਾਂ, ਜਵਾਈਆਂ ਦੇ ਨਾਂ ਕਰਵਾਉਣੀ ਅਤੇ ਰੌਲਾ ਪੈਣ ਪਿੱਛੋਂ ਵਾਪਸ ਕਰਨੀ ਕਾਨੂੰਨ ਦੇ ਪੱਖ ਤੋਂ ਹੀ ਗਲਤ ਹੈ ਪਰ ਜੇ ਇਸ ਨੂੰ ਨਾ ਵੀ ਗਲਤ ਕਿਹਾ ਜਾਵੇ ਤਾਂ ਪਾਰਟੀ ਪ੍ਰਧਾਨ ਦੀ 'ਇਖਲਾਕੀ ਪੱਖ ਤੋਂ ਗ਼ਲਤ' ਵਾਲੀ ਗੱਲ ਕਿਹੜੀ ਘੱਟ ਗੰਭੀਰਤਾ ਨਾਲ ਲੈਣ ਵਾਲੀ ਹੈ? ਕਿਸੇ ਬੰਦੇ ਨੂੰ 'ਇਖਲਾਕੀ ਪੱਖ ਤੋਂ ਗ਼ਲਤ' ਕਹਿਣ ਦਾ ਮਤਲਬ ਉਸ ਦੇ ਕਿਰਦਾਰ ਨੂੰ 'ਬਦ ਇਖਲਾਕ' ਮੰਨਣਾ ਹੁੰਦਾ ਹੈ, ਤੇ ਭਾਵੇਂ ਇਹ ਆਮ ਚਾਲ-ਚੱਲਣ ਦੇ ਪੱਖੋਂ ਨਾ ਸਹੀ, ਰਾਜਸੀ ਕਿਰਦਾਰ ਦੀ ਬਦ-ਇਖਲਾਕੀ ਵੀ ਜੇ ਬਰਦਾਸ਼ਤ ਕਰ ਲੈਣੀ ਹੈ ਤਾਂ ਇਹੋ ਜਿਹੀ ਵਿਰੋਧੀ ਧਿਰ ਦਾ ਸਤਿਕਾਰ ਕੌਣ ਕਰੇਗਾ? ਕਟਹਿਰੇ ਵਿਚ ਤਾਂ ਦੇਸ਼ ਦੀ ਹਾਕਮ ਪਾਰਟੀ ਖੜ੍ਹੀ ਹੋਣੀ ਚਾਹੀਦੀ ਹੈ, ਤੇ ਉਹ ਕਟਹਿਰੇ ਤੋਂ ਬਾਹਰ ਵੀ ਨਹੀਂ ਗਿਣੀ ਜਾਂਦੀ; ਪਰ ਇਥੇ ਵਿਰੋਧੀ ਧਿਰ ਦਾ ਉਸ ਤੋਂ ਵੀ ਮੰਦਾ ਹਾਲ ਹੋਇਆ ਪਿਆ ਹੈ।

ਹੁਣ ਆਈਏ ਇਕ ਤਾਜ਼ਾ ਮਿਸਾਲ ਵੱਲ। ਭਾਰਤ ਦੀ ਮੌਜੂਦਾ ਸਰਕਾਰ ਨੇ ਦੇਸ਼ ਦੇ ਮੁੱਖ ਵਿਜੀਲੈਂਸ ਕਮਿਸ਼ਨਰ ਵਜੋਂ ਪੀ.ਜੇ. ਥਾਮਸ ਨੂੰ ਨਿਯੁਕਤ ਕਰ ਦਿੱਤਾ ਜਿਸ ਬਾਰੇ ਭਾਜਪਾ ਸਹਿਮਤ ਨਹੀਂ ਸੀ। ਮਾਮਲਾ ਸੁਪਰੀਮ ਕੋਰਟ ਵਿਚ ਜਾ ਪਹੁੰਚਾ। ਉਥੋਂ ਸਰਕਾਰ ਨੂੰ ਉਹ ਝਾੜਾਂ ਪੈ ਗਈਆਂ, ਜਿਹੜੀਆਂ ਇਸ ਮਾਮਲੇ ਵਿਚ ਪੈਣੀਆਂ ਹੀ ਬਣਦੀਆਂ ਸਨ। ਜਿਸ ਬੰਦੇ ਬਾਰੇ ਭ੍ਰਿਸ਼ਟਾਚਾਰ ਦਾ ਕੇਸ ਚੱਲ ਰਿਹਾ ਸੀ ਤੇ ਉਹ ਚਾਰਜਸ਼ੀਟ ਵੀ ਹੋ ਚੁੱਕਾ ਸੀ, ਉਸ ਨੂੰ ਇਸ ਜ਼ਿੰਮੇਵਾਰੀ ਲਈ ਲਾਉਣਾ ਹੀ ਗਲਤ ਸੀ। ਸਰਕਾਰ ਨੇ ਇਹ ਪੱਖ ਪੇਸ਼ ਕੀਤਾ ਕਿ ਥਾਮਸ ਦੇ ਚਾਰਜਸ਼ੀਟ ਹੋਣ ਦੀ ਗੱਲ ਉਸ ਦੀ ਨਿਯੁਕਤੀ ਦਾ ਫ਼ੈਸਲਾ ਲੈਣ ਵੇਲੇ ਪਤਾ ਨਹੀਂ ਸੀ। ਇਹ ਕਹਿਣਾ ਸਹੀ



ਐਲ ਕੇ ਅਡਵਾਨੀ

ਨਹੀਂ, ਸਰਕਾਰ ਨੇ ਪਤਾ ਹੁੰਦਿਆਂ ਮਾਮਲਾ ਅੱਖੋਂ ਪਰੋਖਾ ਕੀਤਾ ਸੀ। ਜਦੋਂ ਪਤਾ ਲੱਗਾ ਕਿ ਸਰਕਾਰ ਨੇ ਆਹ ਕਿਹਾ ਹੈ, ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਤੱਤੇ ਘਾਹ ਵਿਚ ਐਲਾਨ ਕਰ ਦਿੱਤਾ ਕਿ ਉਹ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਪੇਸ਼ ਕਰ ਕੇ ਦੱਸੇਗੀ ਕਿ ਸਰਕਾਰ ਝੂਠ ਬੋਲਦੀ ਹੈ ਪਰ ਉਹ ਆਪਣੇ ਬਿਆਨ ਉਤੇ ਤਿੰਨ ਦਿਨ ਵੀ ਨਾ ਟਿਕ ਸਕੀ। ਕਾਰਨ ਇਸ ਦਾ ਇਹ ਸੀ ਕਿ ਮੋੜਵਾਂ ਹੱਲ ਫਿਰ ਹੋ ਗਿਆ ਸੀ। ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਇਹ ਭੇਤ ਜ਼ਾਹਿਰ ਕਰ ਦਿੱਤਾ ਸੀ ਕਿ ਜਿਸ ਪੀ. ਥਾਮਸ ਨੂੰ ਭਾਜਪਾ ਵਾਲੇ ਅੱਜ ਭ੍ਰਿਸ਼ਟ ਕਹਿ ਰਹੇ ਹਨ, ਉਸ ਦੇ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਵੀ ਕੇਂਦਰ ਦੀ ਭਾਜਪਾ ਦੀ ਅਗਵਾਈ ਵਾਲੀ ਵਾਜਪਾਈ ਸਰਕਾਰ ਨੇ ਹੀ ਰੋਕੀ ਸੀ। ਜੇ ਉਹ ਇੰਨਾ ਹੀ ਭ੍ਰਿਸ਼ਟ ਸੀ ਤਾਂ ਵਾਜਪਾਈ ਸਰਕਾਰ ਨੇ ਉਸ ਦੇ ਖ਼ਿਲਾਫ਼ ਮੁਕੱਦਮਾ ਚਲਾਉਣ ਦਾ ਰਾਹ ਕਿਉਂ ਰੋਕਿਆ ਸੀ? ਇਥੇ ਆ ਕੇ ਸਰਕਾਰ ਨੂੰ ਫਸਾਉਣ ਦੇ ਚੱਕਰ ਵਿਚ ਆਪ ਫਸਣ ਦਾ ਮਾਹੌਲ ਬਣਦਾ ਵੇਖ ਕੇ ਸੁਸ਼ਮਾ ਸਵਰਾਜ ਨੇ ਕਹਿ ਦਿੱਤਾ ਕਿ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇਣ ਦੀ ਹੁਣ ਉਹ ਕੋਈ ਲੋੜ ਨਹੀਂ ਸਮਝਦੀ। ਕੱਲ੍ਹ ਦੀ ਲੋੜ ਅੱਜ ਕਿਉਂ ਖ਼ਤਮ ਹੋ ਗਈ? ਸਿਰਫ਼ ਇਸ ਲਈ ਕਿ ਭਾਜਪਾ ਦੇ ਆਪਣੇ ਅੰਦਰ ਘਮਸਾਨ ਛਿੜ ਗਿਆ ਸੀ ਕਿ ਇਹ ਬੀਬੀ ਆਪਣੇ ਪੈਰੀਂ ਕੁਹਾੜੀ ਮਾਰ ਦੇਣ ਲੱਗੀ ਹੈ।

ਅਸੀਂ ਪਿਛਲੇ ਛੇ ਸਾਲਾਂ ਤੋਂ ਇਹ ਦੇਖੀ ਜਾ ਰਹੇ ਹਾਂ ਕਿ ਭਾਜਪਾ ਨੇ ਭਾਵੇਂ ਕੋਈ 'ਸ਼ੈਡੋ ਪ੍ਰਧਾਨ ਮੰਤਰੀ' ਜਾਂ ਕੋਈ ਹੋਰ ਮੰਤਰੀ ਨਾ ਵੀ ਬਣਾਇਆ ਹੋਵੇ, ਜਿਨ੍ਹਾਂ ਲੋਕਾਂ ਨੂੰ ਪਾਰਟੀ ਦੇ ਅਗਵਾਨੂੰ ਬਣਾਇਆ ਹੈ, ਉਹ ਦੇਸ਼ ਦੀ ਹਾਕਮ ਪਾਰਟੀ ਨੂੰ ਫਸਾਉਣ ਦੀ ਥਾਂ ਹਰ ਮਾਮਲੇ ਵਿਚ ਆਪ ਫਸੇ ਫਿਰਦੇ ਹਨ। ਹਾਕਮ ਪਾਰਟੀ ਦੇ ਨੁਕਸ ਥੋੜ੍ਹੇ ਨਹੀਂ, ਪਰ ਵਿਰੋਧ ਦੀ ਮੁੱਖ ਧਿਰ ਹੀ ਜਦੋਂ ਸਾਊ ਨਹੀਂ ਤਾਂ ਜਮਹੂਰੀ ਪਰੰਪਰਾਵਾਂ ਦੀ ਰਾਖੀ ਦੀ ਅਗਵਾਈ ਵੀ ਕਿਵੇਂ ਕਰ ਸਕੇਗੀ?


## ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

## ਪਰਮਿੰਦਰ ਸੰਧੂ ਦੀ ਅਲਵਿਦਾ!

# ਕਾਲ ਕੂਕਿਆ ਮੌਤ ਨੇ ਘੇਰ ਘੱਤਿਆ...

**ਐਸ. ਅਸ਼ੋਕ ਭੌਰਾ**

ਕੋਈ ਵੀ ਮਨੁੱਖ ਸੰਸਾਰ ਤੋਂ ਅਲੱਗ ਨਹੀਂ ਹੋਣਾ ਚਾਹੁੰਦਾ, ਇਸੇ ਲਈ ਉਹ ਮਰਨ ਤੋਂ ਡਰਦਾ ਹੈ। ਜੇ ਕਿਸੇ ਨੂੰ ਇਹ ਵੀ ਪਤਾ ਹੋਵੇ ਕਿ ਉਹ ਮਰ ਕੇ ਸਿੱਧਾ ਸਵਰਗ ਵਿਚ ਜਾਵੇਗਾ ਤਾਂ ਮਰਨ ਲਈ ਉਹਨੇ ਫਿਰ ਵੀ ਤਿਆਰ ਨਹੀਂ ਹੋਣਾ। ਜਿਹੜੇ ਅੱਸੀਆਂ ਦੇ ਹੋ ਕੇ ਜਿਉਂਦੇ ਨੇ, ਉਨ੍ਹਾਂ ਨਾਲੋਂ ਚੰਗੇ ਨੇ ਜਿਹੜੇ ਜਵਾਨੀ ਵਿਚ ਤੁਰ ਗਏ। ਜਿਸ ਉਮਰ ਵਿਚ ਪੰਜਾਬ ਦੀ ਸੁਰੀਲੀ ਤੇ ਅਤਿ ਨਿਮਰ ਸੁਭਾਅ ਵਾਲੀ ਗਾਇਕਾ ਪਰਮਿੰਦਰ ਸੰਧੂ ਤੁਰ ਗਈ ਹੈ। ਇਸ ਉਮਰੇ ਮੌਤ ਅਤੇ ਹੋਣੀ, ਦੋਵਾਂ ਨੂੰ ਹੀ ਉਲਾਂਭਾ ਝੱਲਣਾ ਪਵੇਗਾ। ਵੱਖਰੀ ਗੱਲ ਹੈ ਕਿ ਕੋਈ ਸੁਣੇ ਜਾਂ ਨਾ। ਹਾਲੇ ਲੱਗਦਾ ਨਹੀਂ ਸੀ ਕਿ ਏਦਾਂ ਹੋ ਜਾਵੇਗਾ ਪਰ ਮੌਤ ਕਿਉਂਕਿ ਖੜਾਕ ਨਹੀਂ ਕਰਦੀ, ਇਸੇ ਲਈ ਦਬੇ ਪੈਰੀਂ ਆਪਣਾ ਕੰਮ ਕਰ ਕੇ ਸਾਡਾ ਪਰਮਿੰਦਰ ਨਾਲ ਵਿਛੋੜਾ ਪਾ ਦਿੱਤਾ ਹੈ।

ਪੰਜਾਬੀ ਗਾਇਕੀ ਦੇ ਖੇਤਰ ਵਿਚ ਉਹਦੇ ਚਲੇ ਜਾਣ ਨਾਲ ਸੋਗ ਪੈ ਗਿਆ ਹੈ। ਅੱਥਰੂ ਡਿੱਗੇ ਨੇ, ਦੁਹੱਥੜੀਆਂ ਵੱਜੀਆਂ ਹਨ, ਰੋਣ-ਕੁਰਲਾਉਣ ਚੱਲ ਰਿਹਾ ਹੈ। ਉਸ ਦੇ ਪਤੀ ਕੁਲਜੀਤ ਨੂੰ ਜੋ ਦੁੱਖ ਝੱਲਣਾ ਤੇ ਸਹਿਣਾ ਪਵੇਗਾ, ਉਹ ਡਾਢਾ ਹੈ ਤੇ ਉਹ ਕੰਧਾਂ-ਕੌਲਿਆਂ ਨਾਲ ਲੱਗ-ਲੱਗ ਕੇ ਰੋਵੇਗਾ, ਅੰਦਰ ਵੜ-ਵੜ ਰੋਵੇਗਾ ਤੇ ਉਹ ਹੀ ਜਾਣ ਸਕੇਗਾ ਕਿ 'ਕੱਲਿਆਂ ਜ਼ਿੰਦਗੀ ਗੁਜ਼ਾਰਨ ਦੇ ਅਰਥ ਕੀ ਹੁੰਦੇ ਨੇ! ਚੌਦਾਂ ਵਰ੍ਹਿਆਂ ਦੇ ਪੁੱਤਰ ਅਨੁਰਾਗ ਅਤੇ ਅੱਠ ਵਰ੍ਹਿਆਂ ਦੀ ਧੀ ਗੁਰਅਸੀਸ ਨੂੰ ਸਾਰੀ ਉਮਰ ਚੇਤਾ ਆਉਂਦਾ ਰਹੇਗਾ ਕਿ ਜਿਨ੍ਹਾਂ ਦੀਆਂ ਮਾਵਾਂ ਨਿੱਕੇ ਹੁੰਦਿਆਂ ਦੀਆਂ ਤੁਰ ਜਾਣ, ਉਨ੍ਹਾਂ ਨੂੰ ਜ਼ਿੰਦਗੀ ਘੇਰ-ਘੇਰ ਕੇ ਤਸੀਹੇ ਬਹੁਤ ਦਿੰਦੀ ਹੈ। ਪਰਮਿੰਦਰ ਨੂੰ ਬੜੇ ਸਨਮਾਨ ਮਿਲੇ-ਪੰਜਾਬ ਦੀ ਕੋਇਲ, ਪੰਜਾਬ ਦੀ ਧੀ ਪਰ ਜਿਸ ਕਰਕੇ ਉਹਨੂੰ ਸਭ ਤੋਂ ਵੱਧ ਸਾਰੇ ਪਿਆਰ ਕਰਦੇ ਸਨ, ਉਹ ਸੀ ਉਹਦਾ ਹਸੂੰ-ਹਸੂੰ ਕਰਦਾ ਚਿਹਰਾ, ਅਤੇ ਪੰਜਾਬੀ ਗਾਇਕਾਂ ਵਿਚ ਸ਼ਾਇਦ ਉਹ ਇਕੋ-ਇਕ ਅਜਿਹਾ ਚਿਹਰਾ ਹੈ ਜਿਸ ਨੂੰ ਗਾਇਕਾ ਹੋਣ ਨਾਲੋਂ ਉਹਦੀ ਸ਼ਖ਼ਸੀਅਤ ਕਰਕੇ ਸਾਰਿਆਂ ਨੇ ਸਭ ਤੋਂ ਵੱਧ ਪਿਆਰ ਕੀਤਾ ਹੈ।

ਉਮਰ ਵਧ ਜਾਣ ਕਰਕੇ ਭਾਵੇਂ ਨਵੇਂ ਗਾਇਕਾਂ ਨਾਲ ਮੇਰੀ ਵਿੱਥ ਵੀ ਬਣੀ ਰਹੀ ਹੋਵੇ ਪਰ ਹਮ-ਉਮਰ ਤੇ ਯਮਲੇ ਤੋਂ ਲੈ ਕੇ ਮਨਮੋਹਨ ਵਾਰਿਸ ਤਕ ਘਿਓ-ਖਿਚੜੀ ਵਾਂਗ ਵਿਚਰਿਆ ਹਾਂ। ਮੈਂ ਇਹ ਨਹੀਂ ਕਹਿੰਦਾ ਕਿ ਕਿਸੇ ਨੂੰ ਦੁੱਖ ਘੱਟ ਹੈ ਪਰ ਇਹ ਜ਼ਰੂਰ ਕਹਾਂਗਾ ਕਿ ਮੈਨੂੰ ਦੁੱਖ ਇਸ ਕਰਕੇ ਵੱਧ ਹੈ ਕਿ ਮੇਰੇ ਨਾਲ ਪਰਮਿੰਦਰ ਦੀ ਸਭ ਤੋਂ ਵੱਧ ਨੇੜਤਾ ਨੂੰ ਗਾਇਕੀ ਹਲਕੇ ਜਾਣਦੇ ਹਨ। ਉਹਦੇ ਹਰ ਦੁੱਖ-ਸੁਖ ਦਾ ਮੈਨੂੰ ਇਲਮ ਰਿਹਾ ਹੈ, ਲੋਕ ਲੱਖ ਕਹਿਣ ਕਿ ਪੰਜਾਬੀ ਸੰਗੀਤ ਦੇ ਬਾਗ਼ ਵਿਚੋਂ ਫੁੱਲ ਮੁਰਝਾ ਗਿਆ ਹੈ ਪਰ ਮੈਂ ਇਹ ਕਹਾਂਗਾ ਕਿ ਸਾਡੇ ਸੰਗੀਤ ਪਰਿਵਾਰ ਵਿਚੋਂ ਇਕ ਧੀ ਸਦਾ ਲਈ ਚਲੇ ਗਈ ਹੈ। ਇਕ ਦਿਨ ਮੇਰੀਆਂ ਭੈਣਾਂ, ਭਰਾਵਾਂ, ਪਤਨੀ ਤੇ ਬੱਚਿਆਂ ਨੇ ਚੁੱਲ੍ਹਾ ਨਹੀਂ ਤਪਾਇਆ ਤੇ ਅੰਨ ਮੂੰਹ ਤੋਂ ਪਰ੍ਹੇ ਰੱਖਿਆ। ਜਦੋਂ ਉਹਦੇ ਕੈਂਸਰ ਤੋਂ ਪੀੜਤ ਹੋਣ ਦੀ ਖ਼ਬਰ ਆਈ ਸੀ ਤਾਂ ਝਟਕਾ ਲੱਗਾ ਸੀ। ਜਦੋਂ ਮੰਜੇ 'ਤੇ ਪਈ ਨੂੰ ਘਰੇ ਮਿਲਿਆ ਤਾਂ ਕੁਲਜੀਤ ਦਾ ਉਤਰਿਆ ਚਿਹਰਾ ਅੱਥਰੂਆਂ ਨੇ ਸਿੱਲ੍ਹਾ ਕਰ ਦਿੱਤਾ। ਲਗਦਾ ਨਹੀਂ ਸੀ ਹਾਲੇ ਜਮ ਝਪਟ ਪੈਣਗੇ ਪਰ ਉਹਦੇ ਅੱਖਾਂ ਮੀਚਣ ਤੋਂ ਅੱਧਾ ਘੰਟਾ ਬਾਅਦ ਹੀ ਜਦੋਂ ਜੱਸੋਵਾਲ ਨੇ ਫ਼ੋਨ 'ਤੇ ਤਸਦੀਕ ਕਰ ਦਿੱਤਾ ਕਿ ਪਰਮਿੰਦਰ ਫਾਨੀ ਦੁਨੀਆ ਤੋਂ ਕੂਚ ਕਰ ਗਈ ਹੈ ਤਾਂ ਧਾਹ ਨਿਕਲਣੀ ਸੁਭਾਵਕ ਸੀ, ਅਤੇ ਯਾਦਾਂ ਦੀ ਡਾਕੂਮੈਂਟਰੀ ਦਾ 'ਰੀ-ਪਲੇਅ' ਹੌਕਿਆਂ ਦੀ ਦੁਖਾਂ ਦੀ ਧੂਣੀ ਵਿਚ ਤੜਫਾਉਣ ਲੱਗਾ।

ਪਰਮਿੰਦਰ ਹਿਸਾਰ (ਹਰਿਆਣਾ) ਵਿਚ ਪਿਤਾ ਸੁਰਜੀਤ ਸਿੰਘ ਸੰਧੂ ਦੇ ਘਰ ਜਨਮੀ। ਉਹ ਤਿੰਨ ਭਰਾਵਾਂ ਦੀ 'ਕੱਲੀ ਭੈਣ ਸੀ। ਪਟਿਆਲਾ ਸੰਗੀਤ ਘਰਾਣੇ ਦੇ ਆਖ਼ਰੀ ਚਿਰਾਗ਼ ਉਸਤਾਦ ਬਾਕਰ ਹੁਸੈਨ ਦੀ ਉਹ ਸ਼ਾਗਿਰਦ ਸੀ। ਬਾਕਰ ਹੁਸੈਨ ਨੂੰ ਉਸ ਨੇ ਜਿਉਂਦੇ ਜੀਅ ਰੱਜ ਕੇ ਸਤਿਕਾਰ ਹੀ ਨਹੀਂ, ਮਾਣ ਤੇ ਸਨਮਾਨ ਵੀ ਦਿੱਤਾ। ਧੰਨਾ ਸਿੰਘ ਰੰਗੀਲਾ ਨਾਲ ਉਸ ਨੇ ਪਹਿਲਾ ਗੀਤ ਉਸ ਵੇਲੇ ਗਾਇਆ ਜਦੋਂ ਉਹ ਇੰਨੀ ਕੁ ਨਿੱਕੀ ਸੀ ਕਿ ਮਾਇਕ ਤੱਕ ਪਹੁੰਚਣ ਲਈ ਪੈਰਾਂ ਹੇਠ ਲੱਕੜੀ ਦੇ ਦੋ ਫੱਟੇ ਉਪਰ-ਥੱਲੇ ਰੱਖੇ। ਬਿਨਾਂ ਸ਼ੱਕ ਜਸਵੰਤ ਸੰਦੀਲੇ ਨਾਲ ਜਦੋਂ ਉਸ ਨੇ ਦੋ-ਗਾਣਾ ਜੋੜੀ ਬਣਾ ਕੇ ਗਾਉਣਾ ਆਰੰਭਿਆ ਤਾਂ ਸਥਾਪਤੀ ਦਾ ਪਹਿਲਾ ਗੇੜਾ ਦਿੱਤਾ। 1983 ਵਿਚ ਪਰਮਿੰਦਰ ਨੂੰ ਮੈਂ ਪਹਿਲੀ ਵਾਰ ਉਦੋਂ ਮਿਲਿਆ ਸਾਂ ਜਦੋਂ ਉਹ ਦੋ ਕਮਰਿਆਂ ਵਾਲੇ ਘਰ ਵਿਚ ਰਹਿੰਦੀ ਸੀ ਤੇ ਫਿਰ ਗਾਇਕੀ ਵਿਚ ਸ਼ੁਹਰਤ ਦੇ ਨਾਲ-ਨਾਲ ਉਹ ਆਪਣੀ ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਵਾਲੀ ਮਹਿਲ ਵਰਗੀ ਕੋਠੀ ਤੱਕ ਪਹੁੰਚ ਕੇ ਜ਼ਿੰਦਗੀ ਦੀਆਂ ਆਖ਼ਰੀ ਘੜੀਆਂ ਬਿਤਾਉਂਦੀ ਰਹੀ। ਜਸਵੰਤ ਸੰਦੀਲੇ ਨਾਲ ਉਸ ਨੇ ਦਰਜਨਾਂ ਹਿੱਟ ਗੀਤ ਦਿੱਤੇ, ਜਿਨ੍ਹਾਂ ਵਿਚ

-ਪੋਹ ਦੀ ਚਾਨਣੀ, ਗਰੀਬ ਦੀ ਜਵਾਨੀ  
ਬਿਨਾਂ ਮਾਣੇ ਲੰਘ ਜਾਂਦੀਆਂ...  
-ਕਤਲਾਂ ਦੇ ਕੇਸ ਜੇ ਪੈ ਗਏ  
ਚੁੱਲ੍ਹਿਆਂ ਵਿਚ ਘਾਹ ਉੱਗ ਪੈਣੇ...

ਤੇ ਫਿਰ ਉਸ ਨੇ 1989 ਵਿਚ ਦੋ-ਗਾਣਿਆਂ ਦੀ ਪੰਜਾਲੀ ਵਿਚੋਂ ਸਿਰ ਕੱਢ ਕੇ ਇਕੱਲਿਆਂ ਸਥਾਪਤ ਹੋਣ ਦੀ ਸਿਖ਼ਰ ਵੇਖੀ। ਉਹ ਅਜਿਹੀ ਗਾਇਕਾ ਸੀ ਜਿਸ ਨੇ ਸਬੰਧਾਂ ਨੂੰ ਪਹਿਲੇ ਨੰਬਰ 'ਤੇ ਅਤੇ ਪੈਸੇ ਨੂੰ ਦੂਜੇ ਨੰਬਰ 'ਤੇ ਰੱਖਿਆ। ਉਹ ਮੇਲਿਆਂ ਦਾ ਸ਼ਿੰਗਾਰ ਰਹੀ, ਵਿਆਹ-ਸ਼ਾਦੀਆਂ ਦੇ ਪ੍ਰੋਗਰਾਮਾਂ ਦੀ ਭੀੜ ਇਸ ਕਰਕੇ ਲੱਗੀ ਰਹੀ ਕਿ ਗੁਰਦਾਸ ਮਾਨ ਤੋਂ ਬਾਅਦ ਔਰਤ ਗਾਇਕਾਵਾਂ ਵਿਚ ਉਹ ਨੰਬਰ ਵੰਨ ਪਰਫਾਰਮਰ ਸੀ।

ਜਰਨੈਲ ਘੁਮਾਣ ਦੀ ਸੀ.ਐਮ.ਸੀ. ਕੰਪਨੀ ਵਿਚ ਉਹਨੇ ਦੋ ਐਲਬਮਾਂ ਨਾਲ ਟੀਸੀ ਦਾ ਬੇਰ ਤੋੜਿਆ। ਦੋਵੇਂ ਟਾਈਟਲ ਗੀਤਾਂ ਨਾਲ ਪ੍ਰਾਪਤੀ ਦੀ ਸੁਰੀਲੀ ਬੰਸਰੀ ਵਜਾਈ। ਚੇਤੇ ਕਰੋ 'ਉਡ ਕੇ ਸੋਹਣਿਆ ਆ ਜਾ ਵੇ' ਅਤੇ 'ਘਰ ਆ ਗਏ ਸੋਹਣਿਆਂ ਵੇ ਕੱਲ ਚੁੰਨੀ ਨਾਲ ਪਤਾਸੇ' ਕੀਹਦੇ ਘਰ ਵਿਚ ਨਹੀਂ ਵੱਜੇ। ਇਸੇ ਐਲਬਮ ਵਿਚਲੇ ਇਕ ਗੀਤ ਜਿਸ ਨੂੰ ਪਹਿਲਾਂ ਸੁਣ ਕੇ ਨਹੀਂ ਲੱਗਦਾ ਸੀ ਕਿ ਕਦੇ ਪਹਿਲਾਂ ਵੀ ਸੁਣਿਆ ਹੋਵੇਗਾ; ਬਰੀ ਨਿਜਾਮੀ ਦੀ ਇਹ ਰਚਨਾ:

ਪਾਈਆਂ ਮੁੰਦਰਾਂ ਤੇ ਕੰਨ ਲਏ ਚੀਰ  
ਹੀਰੇ ਨੀ ਰਾਂਝਾ ਜੋਗੀ ਹੋ ਗਿਆ...

ਰੋਜ਼ਾਨਾ 'ਅਜੀਤ' ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਦੀ ਰਚਨਾ 'ਰੰਗ-ਰੰਗੀਲੀ ਡੋਲੀ ਮੇਰੀ ਰੱਖ ਲੈ ਇਕ ਦਿਨ ਹੋਰ' ਨਾਲ ਲੋਕਾਂ ਨੂੰ ਪਤਾ ਲੱਗਾ ਸੀ ਕਿ ਹਮਦਰਦ



ਸਾਹਿਬ ਸ਼ਾਇਰੀ ਵੀ ਕਮਾਲ ਦੀ ਕਰਦੇ ਹਨ। ਪਰਮਿੰਦਰ ਦੇ ਜਿਹੜੇ ਗੀਤ ਸਦਾਬਹਾਰ ਬਣੇ ਅਤੇ ਚਿਰਾਂ ਤਕ ਲੋਕਾਂ ਦੀਆਂ ਯਾਦਾਂ ਵਿਚ ਰਹਿਣਗੇ, ਉਨ੍ਹਾਂ ਵਿਚ:

-ਆ ਜਾ ਦੋਵੇਂ ਨੱਚੀਏ  
ਚੜ੍ਹ ਕੇ ਚੁਬਾਰੇ ਵਿਚ...  
-ਤੇਰਾ ਇਸ਼ਕ...  
-ਮਸਤ ਮਸਤ...  
-ਮੇਰੇ ਨਾਗ ਇਸ਼ਕ ਦਾ ਲੜ ਗਿਆ ਨੀ  
ਮੈਂ ਮਰ ਗਈ ਕੁੜੀਓ...  
-ਹਾਏ ਮੇਰਾ ਨੱਚਦੀ ਦਾ ਦਿਲ ਮੰਗਦਾ...  
-ਤੇਰਾ ਇਸ਼ਕ ਨਚਾਵੇ...  
-ਨੱਚਦੀ ਦੀ ਫੋਟੋ...  
ਅਤੇ ਉਦਾਸ ਗੀਤ 'ਕੂੰਜ ਦੀ ਉਡਾਰੀ ਬਾਬਲਾ'

## ਸ਼ਰਧਾਂਜਲੀ

ਸ਼ਾਮਲ ਕੀਤੇ ਜਾ ਸਕਦੇ ਹਨ।

ਮਰਹੂਮ ਵਰਿੰਦਰ ਦੀ ਫ਼ਿਲਮ 'ਯਾਰੀ ਜੱਟ ਦੀ' ਵਿਚ ਪਰਮਿੰਦਰ ਨੇ ਪਹਿਲੀ ਵਾਰ ਸਹਾਇਕ ਅਭਿਨੇਤਰੀ ਵਜੋਂ ਕੰਮ ਕੀਤਾ ਅਤੇ ਫਿਰ 'ਜਿਉਣਾ ਮੌੜ' ਵਿਚ ਵੀ। ਇਸ ਗੱਲ ਤੋਂ ਵੀ ਕਦਾਚਿਤ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸੰਗੀਤ ਸਮਰਾਟ ਚਰਨਜੀਤ ਆਹੂਜਾ ਨੇ ਪਰਮਿੰਦਰ ਦੇ ਗਾਇਨ ਖੇਤਰ ਵਿਚ ਹੀ ਨਹੀਂ, ਕੁਲਜੀਤ ਨਾਲ ਗ੍ਰਹਿਸਥੀ ਜੀਵਨ ਚਲਾਉਣ ਵਿਚ ਵੀ ਅਹਿਮ ਯੋਗਦਾਨ ਪਾਇਆ। ਪਿੱਠ ਪਿੱਛੇ ਵੀ ਉਹ ਦੋਵੇਂ ਜਣੇ ਚਰਨਜੀਤ ਨੂੰ 'ਗੁਰੂ ਜੀ' ਆਖਦੇ ਸਨ।

ਸਾਲ 2007 ਵਿਚ ਜਦੋਂ ਅਸੀਂ ਜਲੰਧਰ ਦੂਰਦਰਸ਼ਨ ਲਈ ਨਵੇਂ ਵਰ੍ਹੇ ਦਾ ਵਰਾਇਟੀ ਪ੍ਰੋਗਰਾਮ 'ਛਣਕਾਟਾ ਪੈਂਦਾ ਗਲੀ ਗਲੀ' ਬਣਾਇਆ ਤਾਂ ਉਹਦੇ 'ਪਰਾਂਦੇ' ਵਾਲਾ ਗੀਤ ਨੱਚਣ-ਟੱਪਣ ਵਾਲਿਆਂ ਦੀ ਸਭ ਤੋਂ ਵੱਡੀ ਰੀਝ ਬਣਿਆ। ਮੇਰੇ ਲਈ ਪਰਮਿੰਦਰ ਦੀ ਇਹ ਆਖ਼ਰੀ ਯਾਦਗਾਰੀ ਪੇਸ਼ੀ ਸੀ।

ਮੇਰੀ ਜ਼ਿੰਦਗੀ ਵਿਚ ਇੰਨਾ ਲੇਖਾ ਪਰਮਿੰਦਰ ਸੰਧੂ ਨੇ ਦਿੱਤਾ ਹੈ, ਉਹਦਾ ਮੁੱਲ ਮੈਂ ਆਪਣੀ ਜ਼ਿੰਦਗੀ ਵਿਚ ਸ਼ਾਇਦ ਮੋੜ ਨਾ ਸਕਾਂ। ਜਦੋਂ ਗਾਉਣ ਵਾਲਿਆਂ ਨੇ ਮੈਨੂੰ ਕਾਰ ਦਿੱਤੀ ਤਾਂ ਉਹ ਪੰਜਾਹ ਹਜ਼ਾਰ ਰੁਪਏ ਅਤੇ ਸੋਨੇ ਦਾ ਪੰਜ ਤੋਲੇ ਦਾ ਕੜਾ ਪਾ ਕੇ ਗਈ। ਮੇਰੇ ਵਿਆਹ ਨੂੰ ਉਹ ਲਗਾਤਾਰ ਚਾਰ ਦਿਨ ਭੌਰੇ ਹੀ ਨਹੀਂ ਰਹੀ ਸਗੋਂ ਮਾਈਆਂ ਲੱਗਣ ਵਾਲੇ ਦਿਨ ਤੋਂ ਹੀ ਨੂਰੀ ਅਤੇ ਉਹ ਨੱਚਦੀਆਂ ਰਹੀਆਂ। ਜੱਸੋਵਾਲ ਦੇ ਘਰੇ ਸੈਂਕੜੇ ਵਾਰ ਉਹਨੇ ਸੁਝਵਾਨਾਂ ਦੀ ਮਹਿਫ਼ਲ ਵਿਚ ਗਾਇਆ। 1994 ਵਿਚ ਜਦੋਂ ਪ੍ਰੋ. ਮੋਹਨ ਸਿੰਘ ਮੇਲੇ 'ਤੇ ਉਹਦਾ ਸਨਮਾਨ ਹੋਇਆ ਤਾਂ ਉਸ ਦਿਨ ਉਹਦੀ ਗਾਇਕੀ ਦੇ ਇਤਿਹਾਸਕ ਪਲ ਸਨ।

ਜ਼ਿੰਦਗੀ ਵਿਚ ਕਈ ਵਾਰ ਅਜਿਹਾ ਵਾਪਰਦਾ ਹੈ ਕਿ ਅਸੀਂ ਰੋਂਦੇ ਨਹੀਂ, ਭੁੱਬਾਂ ਮਾਰਦੇ ਹਾਂ ਤੇ ਮੈਂ ਸਮਝਦਾ ਹਾਂ ਕਿ ਕੁਲਜੀਤ, ਅਨੁਰਾਗ ਤੇ ਗੁਰਅਸੀਸ ਤੋਂ ਬਾਅਦ ਪਰਮਿੰਦਰ ਦੇ ਤੁਰ ਜਾਣ ਨਾਲ ਜਿਹੜਾ ਘਾਟਾ ਪਿਆ ਹੈ, ਉਹ ਮੇਰੇ ਰਹਿੰਦੇ ਜੀਵਨ ਲਈ ਸੱਲ ਤੋਂ ਘੱਟ ਨਹੀਂ ਹੋਵੇਗਾ। ਰੋਣ ਨਾਲ ਮੈਂ ਪੱਥਰ ਤਾਂ ਪਿਘਲਾ ਸਕਦਾ ਹਾਂ ਪਰ ਕੁਲਜੀਤ ਨੂੰ ਪਰਮਿੰਦਰ ਕਿੱਥੋਂ ਲਿਆ ਕੇ ਦੇਵਾਂਗਾ!

ਉਹ ਬਹੁਤ ਵਾਰ ਮੇਰੇ ਨਾਲ 'ਅਜੀਤ' ਦੇ ਦਫ਼ਤਰ ਗਈ। ਭਾ ਜੀ ਬਰਜਿੰਦਰ ਨੂੰ ਮਿਲ ਕੇ ਉਹ ਹਾਰੀ-ਥੱਕੀ ਵੀ ਬਹਾਦਰ ਬਣ ਜਾਂਦੀ ਸੀ। ਮੰਨ ਲਵੋ ਕਿ ਪਰਮਿੰਦਰ ਦੇ ਕੈਰੀਅਰ ਵਿਚ ਭਾ ਜੀ ਦਾ ਵੀ ਜ਼ਿਕਰਯੋਗ ਹੱਥ ਹੈ। ਜਲੰਧਰ ਵਿਚ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਉਹਦੀ ਲੱਕੀ ਸਟਾਰ ਵੱਲੋਂ ਪੇਸ਼ 'ਤੇਰਾ ਇਸ਼ਕ' ਐਲਬਮ ਮੈਂ ਅਤੇ ਪ੍ਰੀਤੀ ਸਪਰੂ ਨੇ ਰਿਲੀਜ਼ ਕੀਤੀ ਤਾਂ ਉਹ ਪ੍ਰੀਤੀ ਨੂੰ ਵਾਰ-ਵਾਰ ਕਹਿੰਦੀ ਰਹੀ: "ਭੈਣੇ ਲੈ ਲੈ ਲਾਵਾਂ ਹੁਣ।"

ਉਹਦੀ ਬਲਦੀ ਚਿਖ਼ਾ ਕਿਨਾਰੇ ਬਹੁਤ ਲੋਕ ਬੁੱਕ ਭਰ-ਭਰ ਅੱਥਰੂ ਸੁੱਟ ਆਏ ਹਨ, ਸ਼ਰਧਾਂਜਲੀ ਸਮਾਗਮ ਵਿਚ ਫਿਰ ਸ਼ਬਦਾਂ ਵਿਚ ਦੁੱਖ ਉਬਲੇਗਾ ਪਰ ਹਉਕਿਆਂ ਦਾ ਜਿਹੜਾ ਨਾਦ ਕੁਲਜੀਤ ਤੇ ਬੱਚਿਆਂ ਨੂੰ ਸੁਣੇਗਾ, ਉਹਦੀ ਵਿਆਖਿਆ ਕੀਤੀ ਹੀ ਨਹੀਂ ਜਾ ਸਕਦੀ।

ਲੋਕ ਬੀਮਾ ਤਾਂ ਕਰਵਾਈ ਜਾਂਦੇ ਹਨ ਕਿ ਮਰਨ ਤੋਂ ਬਾਅਦ ਚੰਗਾ ਧਨ ਪਰਿਵਾਰ ਜਾਂ ਬੱਚਿਆਂ ਨੂੰ ਮਿਲੇਗਾ ਪਰ ਮਰਨਾ ਉਹ ਵੀ ਨਹੀਂ ਚਾਹੁੰਦੇ ਅਤੇ ਕਿਸ਼ਤਾਂ ਚਾਈਂ-ਚਾਈਂ ਦੇਈ ਜਾਂਦੇ ਹਨ। ਅਰਥੀ ਵੇਖ ਕੇ ਲੋਕ ਰਾਹ ਛੱਡ ਦਿੰਦੇ ਹਨ, ਇਸ ਕਰਕੇ ਕਿ ਇਹਨੇ ਜਾਣਾ ਹੀ ਹੈ, ਮੁੜਨਾ ਨਹੀਂ ਤੇ ਪਰਮਿੰਦਰ ਨੇ ਵੀ ਮੁੜ ਕੇ ਆਉਣ ਦੀਆਂ ਆਸਾਂ ਨੂੰ ਲਾਂਬੂ ਲਾ ਦਿੱਤਾ ਹੈ। ਪਰਮਿੰਦਰ ਦੀ ਗਾਇਕੀ ਤੇ ਸ਼ਖ਼ਸੀਅਤ ਨੂੰ ਸਲਾਮ ਹੈ! ਝੋਰਾ ਇਸ ਕਰਕੇ ਲੱਗ ਰਿਹਾ ਹੈ ਕਿ ਵਾਰੀ ਹੁਣ ਮੇਰੇ ਵਾਲੇ 'ਬੈਚ' ਦੀ ਆਉਣੀ ਸ਼ੁਰੂ ਹੋ ਗਈ ਹੈ।

### ਰੰਗਪੁਰ 'ਚ ਰੰਗ, ਲਾਉਣ ਵਾਲੀ ਤੁਰ ਗਈ

ਅਖਾੜਿਆਂ 'ਚ ਛਹਿਬਰਾਂ, ਲਗਾਉਣ ਵਾਲੀ ਤੁਰ ਗਈ।  
ਗੀਤਾਂ ਦੀ ਪਟਾਰੀ, ਖੁੱਲ੍ਹਵਾਉਣ ਵਾਲੀ ਤੁਰ ਗਈ।  
ਰੰਗਪੁਰ ਵਿਚ ਰੰਗ, ਲਾਉਣ ਵਾਲੀ ਤੁਰ ਗਈ।  
ਸੋਹਣਿਆਂ ਨੂੰ ਉਡਣ ਉਡਾਉਣ ਵਾਲੀ ਤੁਰ ਗਈ।  
ਚੁਬਾਰਿਆਂ 'ਤੇ ਚੜ੍ਹ ਕੇ, ਨਚਾਉਣ ਵਾਲੀ ਤੁਰ ਗਈ।  
ਚੁੰਨੀ ਨਾਲ ਪਤਾਸੇ, ਮੰਗਵਾਉਣ ਵਾਲੀ ਤੁਰ ਗਈ।  
ਵਿਆਹ ਦੀਆਂ ਭਾਜੀਆਂ, ਖਵਾਉਣ ਵਾਲੀ ਤੁਰ ਗਈ।  
ਗੇੜੇ ਉਤੇ ਗੇੜਾ, ਵਜਵਾਉਣ ਵਾਲੀ ਤੁਰ ਗਈ।  
ਮਸਤ-ਮਸਤ, ਮਸਤੀਆਂ ਨੂੰ ਗਾਉਣ ਵਾਲੀ ਤੁਰ ਗਈ।  
'ਘੁਮਾਣ' ਪਿੰਡ ਦਿੜ੍ਹਬੇ ਦੇ ਪਿੱਪਲਾਂ ਦੇ ਥੱਲੇ,  
ਮੈਂ ਤਾਂ ਨੱਚੂੰਗੀ, ਬੋਲਾਂ ਨੂੰ ਪੁਗਾਉਣ ਵਾਲੀ ਤੁਰ ਗਈ।

### ਸੱਚਖੰਡ ਵਿਚ ਲਏ ਥਾਂ ਪਰਮਿੰਦਰ...

ਕਲਾ ਦੀ ਮੂਰਤ, ਹੱਸ ਮੁੱਖ ਸੂਰਤ,  
ਜਿਸਦਾ ਧਰਿਆ ਨਾਂ ਪਰਮਿੰਦਰ।  
ਸਾਊ ਧੀ ਰਾਣੀ, ਸੁਘੜ ਸਿਆਣੀ,  
ਸੁਭਾਅ ਦੀ ਨਿਰੀ ਸੀ ਗਾਂ ਪਰਮਿੰਦਰ।  
ਪਰਉਪਕਾਰੀ, ਅੱਵਲ ਨਾਰੀ,  
ਮਮਤਾ ਦਾ ਰੁੱਖ ਮਾਂ ਪਰਮਿੰਦਰ।  
ਦੁੱਖ ਵੰਡਾਉਂਦੀ, ਸੁੱਖ ਵਰਤਾਉਂਦੀ,  
ਲੋੜਵੰਦਾਂ ਲਈ ਛਾਂ ਪਰਮਿੰਦਰ।  
ਉਚ ਵਿਚਾਰਕ, ਸਭਿਆਚਾਰਕ,  
ਸੋਚ ਦੇ ਵਿਚ ਉਤਾਂਹ ਪਰਮਿੰਦਰ।  
ਕਲਾ ਦੀ ਦਰਪਣ, ਦਿਲਾਂ ਦੀ ਧੜਕਣ,  
ਸੰਗੀਤ ਦਾ ਧੁੱਗ ਗਰਾਂ ਪਰਮਿੰਦਰ।  
ਪੰਜਾਬ ਦੀ ਧੀ ਸੀ, ਧਾਰਮਿਕ ਵੀ ਸੀ,  
ਸ਼ਖ਼ਸੀਅਤ ਵਧੂ ਅਗਾਂਹ ਪਰਮਿੰਦਰ।  
'ਘੁਮਾਣ' ਦੀ ਭੈਣਾ, ਛਲਕਾ ਗਈ ਨੈਣਾ,  
ਕਰ ਗਈ ਸੱਖਣੀ ਬਾਂਹ ਪਰਮਿੰਦਰ।  
ਛੱਡ ਗਈ ਯਾਦਾਂ, ਕਰੀਏ ਫਰਿਆਦਾਂ,  
ਸੱਚਖੰਡ ਵਿਚ ਲਏ ਥਾਂ ਪਰਮਿੰਦਰ।

-ਜਰਨੈਲ ਘੁਮਾਣ  
ਫੋਨ:91-98885-05577

## ਉਚੀ ਆਵਾਜ਼ 'ਚ ਗੀਤ ਚਲਾਉਣ 'ਤੇ ਧੀ ਦੀ ਹੱਤਿਆ

**ਲੰਡਨ:** ਬਰਤਾਨੀਆ 'ਚ ਇਕ ਸਿੱਖ ਪਿਤਾ ਨੇ ਉਚੀ ਆਵਾਜ਼ 'ਚ ਸੰਗੀਤ ਚਲਾਉਣ 'ਤੇ ਆਪਣੀ 24 ਸਾਲਾ ਧੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ। ਇਸ ਮਾਮਲੇ 'ਤੇ ਅਦਾਲਤ 'ਚ ਸੁਣਵਾਈ ਚੱਲ ਰਹੀ ਹੈ। 54 ਸਾਲਾ ਗੁਰਮੀਤ ਸਿੰਘ ਉਭੀ ਇਸ ਗੱਲੋਂ ਰੋਹ 'ਚ ਆ ਗਿਆ ਸੀ ਕਿ ਉਸ ਦੇ ਬੱਚੇ ਉਸ ਦੇ ਹੱਥੋਂ ਨਿਕਲਦੇ ਜਾ ਰਹੇ ਹਨ। ਲੈਸਟਰ ਕ੍ਰਾਊਨ ਕੋਰਟ 'ਚ ਜਿਊਰੀ ਨੂੰ ਦੱਸਿਆ ਗਿਆ ਕਿ ਉਚੀ ਆਵਾਜ਼ 'ਚ ਸੰਗੀਤ ਚਲਾਉਣ 'ਤੇ ਹੋਈ ਤਕਰਾਰ ਮਗਰੋਂ ਗੁਰਮੀਤ ਸਿੰਘ ਨੇ ਆਪਣੀ ਧੀ ਨੂੰ ਗਲ ਘੁੱਟ ਕੇ ਮਾਰ ਦਿੱਤਾ।

ਉਭੀ ਪਿਛਲੇ ਸਾਲ ਸਤੰਬਰ 'ਚ ਰਾਤ ਦੀ ਸ਼ਿਫਟ 'ਚ ਕੰਮ ਕਰਕੇ ਆਇਆ ਸੀ ਤੇ ਦਿਨੇ ਧੀ ਵੱਲੋਂ ਉਚੀ ਆਵਾਜ਼ 'ਚ ਸੰਗੀਤ ਚਲਾਉਣ 'ਤੇ ਉਸ ਦੀ ਜਾਗ ਖੁੱਲ੍ਹ ਗਈ ਸੀ। ਉਸ ਨੇ ਰਿਮੋਟ ਕੰਟਰੋਲ ਨਾਲ ਆਵਾਜ਼ ਘੱਟ ਕਰਨੀ ਚਾਹੀ ਪਰ ਪਿਓ ਧੀ ਉਲਝ ਪਏ ਤੇ ਇਸ ਦੌਰਾਨ ਉਸ ਦੇ ਹੱਥ ਲੜਕੀ ਦੀ ਸੰਘੀ ਦੁਆਲੇ ਪੈ ਗਏ ਤੇ ਉਸ ਨੇ ਉਸ ਦਾ ਗਲਾ ਘੁੱਟ ਦਿੱਤਾ। ਇਸਤਗਾਸਾ ਪੱਖ ਦੇ ਵਕੀਲ ਰਾਸ਼ੇਲ ਬਰੈਂਡ ਨੇ ਦੱਸਿਆ ਕਿ ਟੈਲਫੋਰਡ ਸ਼ਰਾਪਸ਼ਾਇਰ ਦੇ ਉਭੀ ਨੇ ਇਸ ਮਗਰੋਂ ਆਪਣੇ ਦੋਸਤਾਂ, ਮਿੱਤਰਾਂ ਤੇ ਪਰਿਵਾਰ ਦੇ ਜੀਆਂ ਨੂੰ ਫੋਨ 'ਤੇ ਅਲਵਿਦਾ ਤੇ ਰੱਬ ਰਾਖਾ ਕਿਹਾ ਤੇ ਕਾਰ ਚਲਾ ਕੇ ਥਾਣੇ ਪੇਸ਼ ਹੋ ਗਿਆ ਤੇ ਆਪਣਾ ਗੁਨਾਹ ਕਬੂਲ ਲਿਆ।

ਬਰੈਂਡ ਨੇ ਅਦਾਲਤ ਨੂੰ ਦੱਸਿਆ ਕਿ ਉਭੀ ਦੇ ਆਪਣੇ ਪਰਿਵਾਰ ਦੇ ਜੀਆਂ ਧੀ ਅੰਮ੍ਰਿਤ, ਪੁੱਤਰ ਹਰਮੀਤ ਤੇ ਪਤਨੀ ਸਤਿੰਦਰ ਨਾਲ ਤਣਾਅਪੂਰਨ ਸਬੰਧ ਸਨ। 1997 'ਚ ਉਹ ਅਲੱਗ ਹੋ ਗਏ ਤੇ ਉਭੀ ਨੇ ਹੋਰ ਵਿਆਹ ਕਰਵਾ ਲਿਆ। ਉਸ ਨੇ ਦੂਜੀ ਪਤਨੀ 'ਤੇ ਵੀ ਹਮਲਾ ਕੀਤਾ ਸੀ ਤੇ ਉਸ ਨੂੰ ਜੇਲ੍ਹ ਹੋਈ ਸੀ ਜਿਸ ਕਾਰਨ ਇਹ ਵਿਆਹ ਵੀ ਟੁੱਟ ਗਿਆ। ਜੇਲ੍ਹ 'ਚੋਂ ਛੁੱਟ ਕੇ ਉਹ ਫਿਰ ਘਰ ਪਰਤ ਆਇਆ। ਬਰੈਂਡ ਅਨੁਸਾਰ ਉਭੀ ਤੇ ਉਸ ਦੀ ਧੀ ਵਿਚਾਲੇ ਸਬੰਧ ਚੰਗੇ ਨਹੀਂ ਸਨ ਕਿਉਂਕਿ ਪਿਤਾ ਨੂੰ ਆਪਣੀ ਧੀ ਦਾ ਗੋਰਾ ਬੁਆਏ ਫਰੈਂਡ ਹੋਣਾ ਪਸੰਦ ਨਹੀਂ ਸੀ।

## ਕੁੱਤੇ ਨੂੰ ਮਾਰਨ ਦੇ ਦੋਸ਼ 'ਚ ਛੇ ਮਹੀਨੇ ਦੀ ਸਜ਼ਾ

**ਟੋਰਾਂਟੋ:** ਇਕ ਕੈਨੇਡੀਅਨ ਨਾਗਰਿਕ ਨੂੰ ਆਪਣੇ ਕੁੱਤੇ ਨੂੰ ਕੁੱਟ ਕੁੱਟ ਕੇ ਮਾਰ ਦੇਣ ਦੇ ਦੋਸ਼ ਤਹਿਤ ਛੇ ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਰਾਜਧਾਨੀ ਵਿਕਟੋਰੀਆ ਦੀ ਅਦਾਲਤ ਨੇ 24 ਸਾਲਾ ਬੀ.ਐਮ. ਕੋਨਰਜ਼ ਨਾਮਕ ਨੌਜਵਾਨ ਨੂੰ ਇਹ ਸਜ਼ਾ ਸੁਣਾਈ ਹੈ।

ਕੋਨਰਜ਼ ਨੇ ਪਿਛਲੇ ਮਹੀਨੇ ਆਪਣੇ ਕੁੱਤੇ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਉਸ ਨੇ ਜੱਜ ਅੱਗੇ ਮੁਆਫ਼ੀ ਮੰਗਦਿਆਂ ਕਿਹਾ ਕਿ ਉਹ ਮੁੜ ਅਜਿਹਾ ਕਿਸੇ ਜਾਨਵਰ ਨਾਲ ਨਹੀਂ ਕਰੇਗਾ। ਉਸ ਨੂੰ ਆਪਣੀ ਕੀਤੇ 'ਤੇ ਅਫਸੋਸ ਹੈ। ਪੁਲਿਸ ਨੇ ਕੋਨਰਜ਼ ਨੂੰ ਪਹਿਲੀ ਜਨਵਰੀ ਨੂੰ ਉਸ ਵੇਲੇ ਹੋਟਲ ਦੇ ਕਮਰੇ 'ਚੋਂ ਗ੍ਰਿਫ਼ਤਾਰ ਕੀਤਾ ਜਦੋਂ ਕਮਰੇ 'ਚੋਂ ਕੁੱਤੇ ਦੇ ਰੋਣ ਦੀ ਆਵਾਜ਼ ਆਈ।

## ਕਸ਼ਮੀਰੀ ਪੰਡਤਾਂ ਨੇ ਵਾਦੀ 'ਚ ਵੱਖਰੇ ਸੂਬੇ ਦੀ ਮੰਗ ਉਠਾਈ

**ਵਾਸ਼ਿੰਗਟਨ:** ਪਿਛਲੇ ਦੋ ਦਹਾਕਿਆਂ ਤੋਂ ਜਲਾਵਤਨੀ ਕੱਟ ਰਹੇ ਕਸ਼ਮੀਰੀ ਪੰਡਤਾਂ ਨੇ ਵਾਦੀ ਵਿਚ ਜੇਹਲਮ ਨਦੀ ਦੇ ਉਤਰ-ਪੂਰਬ ਵਿਚ ਆਪਣੇ ਲਈ ਵੱਖਰਾ ਸੂਬਾ ਬਣਾਉਣ ਅਤੇ ਉਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਦਾ ਦਰਜਾ ਦਿਤੇ ਜਾਣ ਦੀ ਮੰਗ ਕੀਤੀ ਹੈ। ਜੰਮੂ-ਕਸ਼ਮੀਰ ਲਈ ਕੇਂਦਰ ਸਰਕਾਰ ਵੱਲੋਂ ਨਿਯੁਕਤ ਵਾਰਤਾਕਾਰਾਂ ਦੇ ਮੁਖੀ ਦਲੀਪ ਪਦਗਾਉਂਕਰ ਨਾਲ ਟੈਲੀ-ਕਾਨਫਰੰਸ ਦੌਰਾਨ ਕਸ਼ਮੀਰੀ ਪੰਡਤਾਂ ਨੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਲੁਪਤ ਹੋਣ ਤੋਂ ਬਚਾਉਣ ਦਾ ਇਕੋ-ਇਕ ਰਾਹ ਇਹੋ ਹੈ।

ਅਮਰੀਕਾ, ਨਿਊਜ਼ੀਲੈਂਡ, ਫ਼ਰਾਂਸ, ਆਸਟਰੇਲੀਆ, ਕੈਨੇਡਾ, ਆਸਟਰੀਆ ਤੇ ਜਰਮਨੀ ਸਣੇ ਦੁਨੀਆਂ ਦੇ ਵੱਖ-ਵੱਖ ਹਿੱਸਿਆਂ 'ਚ ਰਹਿ ਰਹੇ ਤਕਰੀਬਨ 436 ਕਸ਼ਮੀਰੀ ਪੰਡਤਾਂ ਨੇ ਬੀਤੇ ਦਿਨੀਂ ਟੈਲੀ-ਕਾਨਫਰੰਸਿੰਗ ਰਾਹੀਂ ਪਦਗਾਉਂਕਰ ਨਾਲ ਸੰਪਰਕ ਕੀਤਾ ਤੇ ਉਨ੍ਹਾਂ ਦਰਮਿਆਨ ਇਕ ਘੰਟੇ ਤੋਂ ਵੱਧ ਸਮੇਂ ਤੱਕ ਗੱਲਬਾਤ ਹੋਈ। ਕਸ਼ਮੀਰੀ ਪੰਡਤਾਂ ਨੂੰ ਉਚ ਸਿਆਸੀ ਨੁਮਾਇੰਦਗੀ ਦਿੱਤੇ ਜਾਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਪਦਗਾਉਂਕਰ ਨੇ ਕਿਹਾ ਕਿ ਕਸ਼ਮੀਰੀ ਪੰਡਤਾਂ ਦੀ ਸਨਮਾਨ ਨਾਲ ਘਰ ਵਾਪਸੀ ਵਾਰਤਾਕਾਰਾਂ ਦੀਆਂ ਮੁੱਖ ਤਰਜੀਹਾਂ ਵਿਚੋਂ ਇਕ ਹੈ। ਟੈਲੀ-ਕਾਨਫਰੰਸਿੰਗ ਦਾ ਸੈਸ਼ਨ ਕਰਵਾਉਣ ਵਾਲੇ ਕੈਲੀਫੋਰਨੀਆ ਦੇ ਜੀਵਨ ਜ਼ੁਤਸ਼ੀ ਨੇ ਕਿਹਾ ਕਿ ਕਸ਼ਮੀਰੀ ਪੰਡਤ ਬੇਘਰ ਹੋ ਗਏ ਹਨ ਤੇ ਲੁਪਤ ਹੋਣ ਦੇ ਕੰਢੇ ਖੜ੍ਹੇ ਹਨ। ਇਹ ਹਾਲਾਤ 1990 ਤੋਂ ਬਾਅਦ ਪੈਦਾ ਹੋਏ ਜਦੋਂ ਉਨ੍ਹਾਂ ਨੂੰ ਆਪਣੇ ਘਰ ਬਾਰ ਛੱਡਣ ਲਈ ਮਜਬੂਰ ਹੋਣਾ ਪਿਆ।

# ਲਾਸ ਵੇਗਸ 'ਚ ਬਾਬਾ ਦੀਪ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਲਾਸ ਵੇਗਸ, ਨੇਵਾਡਾ (ਜਤਿੰਦਰ ਸ਼ਰਮਾ):** ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਇਥੇ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੀਆਂ ਸੰਗਤਾਂ ਨੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਭਾਰੀ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਗੁਰੂ ਕੀਆਂ ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਲਾਹਾ ਲੈ ਕੇ ਆਪਣੇ ਜਨਮ ਸਫਲੇ ਕੀਤੇ।

ਸ਼ਹੀਦੀ ਸਮਾਗਮ ਸਬੰਧੀ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਭਾਈ ਅਜੀਤ ਸਿੰਘ ਪਰਦੇਸੀ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਪਰੰਤ ਬੱਚਿਆਂ ਦੇ ਰਾਗੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲਵਾਈ।

ਡਾ. ਉਪਿੰਦਰ ਸਿੰਘ ਨੇ ਬਾਬਾ ਦੀਪ ਸਿੰਘ ਸ਼ਹੀਦ ਦੇ ਜੀਵਨ ਉਤੇ ਰੋਸ਼ਨੀ ਪਾਉਂਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 27 ਜਨਵਰੀ 1682 ਨੂੰ ਤਰਨਤਾਰਨ ਜ਼ਿਲੇ ਦੇ ਪਿੰਡ ਪਹੂਵਿੰਡ ਵਿਚ ਇਕ ਸਾਧਾਰਣ ਕਿਸਾਨ ਭਾਈ ਭਗਤੂ ਜੀ ਦੇ ਘਰ ਬੀਬੀ ਜਿਉਣੀ ਜੀ ਦੀ ਕੁੱਖੋਂ ਹੋਇਆ। ਮੁਗਲ ਫੌਜਾਂ ਦੇ ਜ਼ੁਲਮਾਂ ਵਿਰੁਧ ਲੜਦਿਆਂ ਬਾਬਾ ਦੀਪ ਸਿੰਘ ਨੇ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸ਼ਹੀਦੀ ਪਾਈ।

ਇਸ ਮੌਕੇ ਐਨ ਆਰ ਆਈ ਸਭਾ, ਨੇਵਾਡਾ ਦੇ ਪ੍ਰਧਾਨ ਸ. ਗੁਰਵਿੰਦਰ ਸਿੰਘ ਸੰਧੂ, ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ-ਰਾਜਵਿੰਦਰ ਸਿੰਘ ਧਾਲੀਵਾਲ, ਅਮਰ ਚੱਢਾ ਅਤੇ ਹੋਰ ਸੱਜਣ ਹਾਜ਼ਰ ਸਨ ਜਿਨ੍ਹਾਂ ਨੇ ਵਧ ਚੜ੍ਹ ਕੇ ਗੁਰੂ ਘਰ ਦੀ ਸੇਵਾ ਵਿਚ ਹਿੱਸਾ ਪਾਇਆ।






*ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਵਿਚ ਕੀਰਤਨ ਕਰਦੇ ਹੋਏ ਭਾਈ ਅਜੀਤ ਸਿੰਘ ਪਰਦੇਸੀ ਅਤੇ ਬੱਚੇ*





## ਰਾਜਖੋਵਾ ਕੇਂਦਰ ਨਾਲ ਬਿਨਾਂ ਸ਼ਰਤ ਗੱਲਬਾਤ ਲਈ ਤਿਆਰ

**ਗੁਹਾਟੀ:** ਉਲਫ਼ਾ ਦੇ ਰਾਜਖੋਵਾ ਧੜਾ ਨੇ ਕੇਂਦਰ ਸਰਕਾਰ ਨਾਲ ਬਿਨਾਂ ਸ਼ਰਤ ਗੱਲਬਾਤ ਲਈ ਕਰਨ ਦੀ ਹਾਮੀ ਭਰੀ ਹੈ ਤੇ ਕਿਹਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਵਿਚ ਕੋਈ ਮਤਭੇਦ ਨਹੀਂ ਹਨ।

ਜਥੇਬੰਦੀ ਦੇ ਚੇਅਰਮੈਨ ਅਰਬਿੰਦਾ ਰਾਜਖੋਵਾ ਤੇ ਇਸ ਦੇ ਕਮਾਂਡਰ-ਇਨ-ਚੀਫ ਪਾਰੇਸ਼ ਬਰੂਆ ਲਗਾਤਾਰ ਇਕ-ਦੂਜੇ ਨਾਲ ਤਾਲਮੇਲ ਰੱਖ ਰਹੇ ਹਨ, ਜਦਕਿ ਕੱਟੜਪੰਥੀਆਂ ਨੇ ਕਿਹਾ ਹੈ ਕਿ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਪਾਬੰਦੀਸ਼ੁਦਾ ਉਲਫ਼ਾ ਨੇ ਇਹ ਵੀ ਮੰਨਿਆ ਹੈ ਕਿ ਧੇਮਾਜੀ ਜ਼ਿਲ੍ਹੇ 'ਚ ਸਕੂਲੀ ਬੱਚਿਆਂ ਤੇ ਸਮਾਜ ਸੇਵੀ ਸੰਜੋਏ ਘੋਸ਼ ਦੀਆਂ ਹੱਤਿਆਵਾਂ ਗ਼ਲਤੀ ਨਾਲ ਹੋਈਆਂ ਸਨ। ਉਲਫ਼ਾ ਦੇ ਉਪ ਚੇਅਰਮੈਨ ਪ੍ਰਦੀਪ ਗੋਗੋਈ ਨੇ ਕਿਹਾ ਕਿ ਉਲਫ਼ਾ ਦੁਫਾੜ ਨਹੀਂ ਹੋਈ। ਪਾਰੇਸ਼ ਬਰੂਆ ਹਾਲੇ ਵੀ ਜਥੇਬੰਦੀ ਦੇ ਕਮਾਂਡਰ-ਇਨ-ਚੀਫ ਹਨ।










# ਇਮਾਰਤਸਾਜ਼ੀ ਦੇ ਖੇਤਰ ਵਿਚ ਵਡਾ ਥੰਮ-ਦਰਸ਼ਨ ਸਿੰਘ ਗਰੇਵਾਲ

**ਅਮੋਲਕ ਸਿੰਘ ਜੰਮੂ**

**ਡਿਟਰਾਇਟ, ਮਿਸ਼ੀਗਨ:** ਅਜਿਹੇ ਪੰਜਾਬੀਆਂ ਦੀ ਇਕ ਲੰਬੀ ਲਿਸਟ ਹੈ ਜਿਨ੍ਹਾਂ ਨੇ ਵਿਦੇਸ਼ਾਂ, ਖਾਸ ਕਰ ਕੇ ਅਮਰੀਕਾ, ਕੈਨੇਡਾ ਵਿਚ ਆਪਣੀ ਕਾਮਯਾਬੀ ਦੇ ਝੰਡੇ ਗੱਡੇ ਹਨ। ਸ. ਦਰਸ਼ਨ ਸਿੰਘ ਗਰੇਵਾਲ ਅਜਿਹੇ ਪੰਜਾਬੀ ਹਨ ਜਿਨ੍ਹਾਂ ਨੇ ਸਿਰਫ਼ ਆਪਣੀ ਮਿਹਨਤ ਅਤੇ ਲਿਆਕਤ ਦੇ ਬਲਬੂਤੇ ਉਤੇ ਮਕਾਨ ਉਸਾਰੀ ਅਤੇ ਇਮਾਰਤਸਾਜ਼ੀ ਦੇ ਖੇਤਰ ਵਿਚ ਕਾਮਯਾਬੀ ਦੇ ਅਜਿਹੇ ਝੰਡੇ ਗੱਡੇ ਹਨ ਕਿ ਇਸ ਖੇਤਰ ਵਿਚ ਅਮਰੀਕੀ ਮੁਖ ਧਾਰਾ ਦੇ ਬਿਜਨਸਮੈਨ ਵੀ ਉਨ੍ਹਾਂ ਦੀ ਕਾਮਯਾਬੀ ਦਾ ਲੋਹਾ ਮੰਨਦੇ ਹਨ। ਇਸ ਦਾ ਸਬੂਤ ਸਾਊਥਈਸਟਰਨ ਮਿਸ਼ੀਗਨ ਬਿਲਡਿੰਗ ਇੰਡਸਟਰੀ ਐਸੋਸੀਏਸ਼ਨ (ਬੀ ਆਈ ਏ) ਵਲੋਂ ਉਨ੍ਹਾਂ ਨੂੰ ਸਾਲਾਨਾ ਇੰਡਸਟਰੀ ਲੀਡਰਸ਼ਿਪ ਅਵਾਰਡ ਯਾਨਿ ਪ੍ਰੈਜ਼ੀਡੈਂਟ ਅਵਾਰਡ ਨਾਲ ਸਨਮਾਨਤ ਕੀਤੇ ਜਾਣਾ ਹੈ। ਬਹੁਤ ਹੀ ਨਿਰਮਾਣ ਅਤੇ ਸੰਗਾਊ ਸੁਭਾਅ ਦੇ ਮਾਲਕ ਸ. ਦਰਸ਼ਨ ਸਿੰਘ ਗਰੇਵਾਲ ਇਸ ਤੋਂ ਪਹਿਲਾਂ ਸਾਲ 2001 ਵਿਚ 'ਯੰਗ ਬਿਲਡਰ ਆਫ ਦਾ ਯੀਅਰ' ਅਤੇ ਸਾਲ 2006 ਵਿਚ 'ਬਿਲਡਰ ਆਫ ਦਾ ਯੀਅਰ' ਅਵਾਰਡ ਹਾਸਲ ਕਰ ਚੁਕੇ ਹਨ।

ਜਿਲਾ ਲੁਧਿਆਣਾ ਦੇ ਗੁਰੂਸਰ ਸੁਧਾਰ ਨੇੜਲੇ ਪਿੰਡ ਸਹੌਲੀ ਦੇ ਜੰਮਪਲ ਸ. ਗਰੇਵਾਲ ਆਪਣੀ ਕਾਮਯਾਬੀ ਦਾ ਸਿਹਰਾ ਵਾਹਿਗੁਰੂ ਦੀ ਕਿਰਪਾ, ਆਪਣੇ ਪਰਿਵਾਰ ਤੋਂ ਹਾਸਲ ਹੋਈਆਂ ਚੰਗੀਆਂ ਕਦਰਾਂ-ਕੀਮਤਾਂ ਅਤੇ ਸਖਤ ਮਿਹਨਤ ਦੀ ਆਦਤ ਦੇ ਸਿਰ ਬੰਨਦੇ ਹਨ। ਉਨ੍ਹਾਂ ਦੇ ਮਿੱਤਰ-ਦੋਸਤ ਹਾਸੇ ਵਿਚ ਇਹ ਵੀ ਕਹਿ ਛਡਦੇ ਹਨ ਕਿ ਗਰੇਵਾਲ ਹੋਣਾ ਵੀ ਉਨ੍ਹਾਂ ਦੇ ਕੰਮ ਆਇਆ ਕਿਉਂਕਿ ਆਮ ਕਹਿ ਦਿਤਾ ਜਾਂਦਾ ਹੈ ਕਿ ਗਰੇਵਾਲ ਜੱਟਾਂ ਦੇ ਬਾਣੀਏ ਹਨ, ਮਤਲਬ ਵਪਾਰਕ ਸੂਝ ਜਾਂ ਬਿਜਨੈਸ ਸੈਂਸ ਉਨ੍ਹਾਂ ਦੇ ਖੂਨ ਵਿਚ ਹੀ ਹੁੰਦੀ ਹੈ। ਸ. ਸੋਹਣ ਸਿੰਘ ਗਰੇਵਾਲ ਦੇ ਪੋਤਰੇ ਅਤੇ ਸ. ਮਲਕੀਅਤ ਸਿੰਘ ਗਰੇਵਾਲ ਤੇ ਬੀਬੀ ਅਮਰਜੀਤ ਕੌਰ ਦੇ ਸਪੁਤਰ ਸ. ਦਰਸ਼ਨ ਸਿੰਘ ਨੇ ਅਠਵੀਂ ਤਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਤੋਂ ਹੀ ਕੀਤੀ ਅਤੇ ਫਿਰ ਨੌਵੀਂ ਨਾਲ ਲਗਦੇ ਪਿੰਡ ਮੋਹੀ ਦੇ ਹਾਈ ਸਕੂਲ ਤੋਂ ਕੀਤੀ। ਚਾਚੇ ਤਾਇਆਂ ਅਤੇ ਉਨ੍ਹਾਂ ਦੇ ਧੀਆਂ-ਪੁਤਰਾਂ ਦੇ ਇਕ ਵਡੇ ਸਾਂਝੇ ਪਰਿਵਾਰ ਵਿਚ ਜੰਮੇ-ਪਲੇ ਸ. ਗਰੇਵਾਲ ਨੇ ਟਰੈਕਟਰ ਦੇ ਹੂਟੇ ਵੀ ਲਏ ਅਤੇ ਖੇਤਾਂ ਵਿਚ ਬਾਕੀ ਪਰਿਵਾਰ ਦੀ ਮਦਦ ਲਈ ਨਿੱਕੇ-ਮੋਟੇ ਕੰਮ ਵੀ ਕੀਤੇ। ਸਾਂਝੇ ਪਰਿਵਾਰ ਵਿਚ ਪਲਦਿਆਂ ਮਿਹਨਤ ਕਰਨ ਦੀ ਆਦਤ ਉਦੋਂ ਤੋਂ ਹੀ ਪੈ ਗਈ ਜੋ ਹੁਣ ਕੰਮ ਆ ਰਹੀ ਹੈ।



ਦਰਸ਼ਨ ਸਿੰਘ ਗਰੇਵਾਲ (ਵਿਚਕਾਰ) ਆਪਣੇ ਭਰਾ ਪਰਗਟ ਗਰੇਵਾਲ, ਰੂਮੀ ਤੱਖਰ, ਰੇਨੂ ਤੱਖਰ, ਪੁਤਰ ਜਸਦੀਪ ਤੇ ਪਤਨੀ ਸ਼ਰਨਜੀਤ ਗਰੇਵਾਲ, ਰਾਜਿੰਦਰ ਸਿਆਨ ਅਤੇ ਸੁਖਵਿੰਦਰ ਸਿਆਨ ਨਾਲ

ਅਠਤਾਲੀ ਸਾਲਾ ਸ. ਦਰਸ਼ਨ ਸਿੰਘ ਦਸਵੀਂ ਵਿਚ ਸਨ ਜਦੋਂ 1980 ਵਿਚ ਉਹ ਆਪਣੇ ਪਰਿਵਾਰ ਨਾਲ ਅਮਰੀਕਾ ਆ ਪਹੁੰਚੇ। ਉਨ੍ਹਾਂ ਦੇ ਪਰਿਵਾਰ ਲਈ ਅਮਰੀਕਾ ਕੋਈ ਅਸਲੋਂ ਨਵੀਂ ਚੀਜ਼ ਨਹੀਂ ਸੀ। ਉਸ ਸਮੇਂ ਵੀ ਉਨ੍ਹਾਂ ਦੇ ਪਰਿਵਾਰ ਦਾ ਅਮਰੀਕਾ ਨਾਲ ਸਬੰਧ ਕੋਈ 60 ਸਾਲ ਪੁਰਾਣਾ ਸੀ। 1924 ਵਿਚ ਉਨ੍ਹਾਂ ਦੇ ਪੜਦਾਦਾ ਜੀ ਸ. ਸਰਵਣ ਸਿੰਘ ਗਰੇਵਾਲ ਪੜ੍ਹਾਈ ਕਰਨ ਲਈ ਅਮਰੀਕਾ ਆਏ ਸਨ। ਬਾਅਦ ਵਿਚ ਉਨ੍ਹਾਂ ਦੇ ਪਰਿਵਾਰ ਦੇ ਕੁਝ ਹੋਰ ਜੀਅ ਵੀ ਅਮਰੀਕਾ ਪਹੁੰਚ ਗਏ ਜਦੋਂਕਿ ਬਾਕੀ ਦਾ ਪਰਿਵਾਰ ਪਿੰਡ ਹੀ ਰਿਹਾ। ਉਦੋਂ ਇਸ ਤਰ੍ਹਾਂ ਦਾ ਰਿਵਾਜ਼ ਵੀ ਸੀ ਕਿ ਸਾਂਝੇ ਵਡੇ ਪਰਿਵਾਰਾਂ ਵਿਚੋਂ ਕੁਝ ਜੀਅ ਬਾਹਰ ਕਮਾਈ ਕਰਨ ਲਈ ਤੁਰ ਜਾਂਦੇ ਅਤੇ ਬਾਕੀ ਪਿੰਡ ਹੀ ਰਹਿੰਦੇ। ਹੁਣ ਵੀ ਗਰੇਵਾਲ ਪਰਿਵਾਰ ਦੇ ਚਾਚੇ-ਤਾਇਆਂ ਦੇ ਪਰਿਵਾਰਾਂ ਸਮੇਤ ਕੁਝ ਟੱਬਰ ਇਥੇ ਅਤੇ ਕਾਫੀ ਜੀਅ ਆਪਣੇ ਪਿੰਡ ਹੀ ਰਹਿੰਦੇ ਹਨ। ਇਥੇ ਵਸਦੇ ਆਪਣੇ ਚਾਚਾ ਜੀ ਸ. ਗੁਰਮੇਲ ਸਿੰਘ ਗਰੇਵਾਲ ਨਾਲ ਦਰਸ਼ਨ ਹੁਰਾਂ ਦਾ ਬਹੁਤ ਪ੍ਰੇਮ ਹੈ ਅਤੇ ਕਹਿੰਦੇ ਹਨ ਕਿ ਮੈਂ ਉਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਹੈ।

ਖੁਦ ਸ. ਦਰਸ਼ਨ ਸਿੰਘ ਦੇ ਦੋ ਭਰਾ ਪਿੰਡ ਸਹੌਲੀ ਹੀ ਵਸਦੇ ਹਨ। ਸ. ਗਰੇਵਾਲ ਸਭ ਤੋਂ ਵਡੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ ਪਰਿਵਾਰ ਦਾ ਅਕੀਦਾ ਹੈ ਕਿ ਜਦੋਂ ਉਹ ਪਿੰਡ ਜਾਣ, ਉਨ੍ਹਾਂ ਦੇ ਜੱਦੀ-ਪੁਸ਼ਤੀ ਘਰ ਨੂੰ ਤਾਲਾ ਨਾ ਲੱਗਾ ਹੋਵੇ।

ਸ. ਗਰੇਵਾਲ ਦੱਸਦੇ ਹਨ ਕਿ ਉਨ੍ਹਾਂ ਨੂੰ ਪਤਾ ਸੀ ਕਿ ਪੜ੍ਹਾਈ ਲਈ ਉਨ੍ਹਾਂ ਅਮਰੀਕਾ ਜਾਣਾ ਹੀ ਜਾਣਾ ਹੈ ਪਰ ਭਵਿਖ ਉਨ੍ਹਾਂ ਲਈ ਇਨਾ ਮਿਹਰਬਾਨ ਹੋਵੇਗਾ, ਇਸਦਾ ਉਨ੍ਹਾਂ ਕਦੀ ਕਿਆਸ ਨਹੀਂ ਸੀ ਕੀਤਾ। ਅਮਰੀਕਾ ਪਹੁੰਚ ਕੇ ਸ. ਦਰਸ਼ਨ ਸਿੰਘ ਨੇ ਪਹਿਲਾਂ ਆਪਣੀ ਸਕੂਲ ਦੀ ਪੜ੍ਹਾਈ ਅਤੇ ਫਿਰ ਕਾਲਜ ਦੀ ਪੜ੍ਹਾਈ ਪੂਰੀ ਕੀਤੀ। ਇਹ ਪੁਛੇ ਜਾਣ 'ਤੇ ਕਿ ਇਥੇ ਪਹੁੰਚ ਕੇ ਕੋਈ ਦਿੱਕਤਾਂ ਵੀ ਆਈਆਂ, ਦਰਸ਼ਨ ਹੁਰਾਂ ਕਿਹਾ, "ਪਰਿਵਾਰ ਦੇ ਕਾਫੀ ਜੀਅ ਪਹਿਲਾਂ ਹੀ ਇਥੇ ਹੋਣ ਕਰ ਕੇ ਕੋਈ ਮੁਸ਼ਕਿਲ ਨਹੀਂ ਆਈ ਪਰ ਅੰਗ੍ਰੇਜ਼ੀ ਦਾ ਬੜਾ ਹਊਆ ਸੀ। ਪਿੰਡ ਦੇ ਸਕੂਲ ਵਿਚ ਪੜ੍ਹਦਿਆਂ ਮੈਨੂੰ ਅੰਗ੍ਰੇਜ਼ੀ ਬਹੁਤ ਘੱਟ ਆਉਂਦੀ ਸੀ, ਮਾਸਟਰਾਂ ਤੋਂ ਕੁਟ ਹੀ ਪੈਂਦੀ ਰਹਿੰਦੀ ਸੀ, ਤੁਹਾਨੂੰ ਪਤਾ ਹੀ ਹੈ, ਪਿੰਡਾਂ ਵਿਚ ਜੋ ਹਾਲ ਹੁੰਦਾ ਹੈ ਪਰ ਝੱਟ ਹੀ ਇਹ ਹਊਆ ਖੰਭ ਲਾ ਕੇ ਉਡ ਗਿਆ।"



ਹਾਲ ਆਫ ਫੇਮ ਅਵਾਰਡ ਨਾਲ ਸਨਮਾਨਿਤ ਜੇਮਜ਼ ਕੰਪੋ, ਦਰਸ਼ਨ ਗਰੇਵਾਲ ਸ੍ਰੀਮਤੀ ਜੈਨਿਟ ਕੰਪੋ ਅਤੇ ਰਾਬਰਟ ਜੌਹਨਜ਼

ਸ. ਗਰੇਵਾਲ ਨੇ ਆਪਣੇ ਪਰਿਵਾਰਕ ਬਿਜਨਸ ਯਾਨਿ ਕੰਸਟਰਕਸ਼ਨ ਵਿਚ ਹੀ ਪੈਰ ਧਰਨ ਦੇ ਮਨੋਰਥ ਨਾਲ ਮਿਸ਼ੀਗਨ ਸਟੇਟ ਯੂਨੀਵਰਸਿਟੀ ਤੋਂ ਬਿਲਡਿੰਗ ਕੰਸਟਰਕਸ਼ਨ ਮੈਨੇਜਮੈਂਟ ਵਿਚ ਬੈਚਲਰ ਡਿਗਰੀ ਅਤੇ ਫਿਰ ਟਰਾਏ ਦੇ ਵਾਲਸ਼ ਕਾਲਜ ਤੋਂ ਕਾਰਪੋਰੇਟ ਫਾਈਨਾਂਸ ਵਿਚ ਮਾਸਟਰ'ਜ਼ ਡਿਗਰੀ ਹਾਸਲ ਕੀਤੀ। ਗਰੈਜੁਏਸ਼ਨ ਕਰਨ ਉਪਰੰਤ 1985 ਵਿਚ ਉਹ ਮਕਾਨ ਉਸਾਰੀ ਅਤੇ ਇਮਾਰਤਸਾਜ਼ੀ ਬਿਜਨਸ ਵਿਚ ਲੱਗੀ ਆਪਣੇ ਪਰਿਵਾਰ ਦੀ ਕੰਪਨੀ 'ਸਿੰਘ ਡਿਵੈਲਪਮੈਂਟ ਕੰਪਨੀ' ਵਿਚ ਕੰਮ ਕਰਨ ਲਗ ਪਏ। ਇਹ ਕੰਪਨੀ ਰੀਅਲ ਐਸਟੇਟ ਡਿਵੈਲਪਮੈਂਟ, ਇਮਾਰਤਸਾਜ਼ੀ ਅਤੇ ਪ੍ਰਾਪਰਟੀ ਮੈਨੇਜਮੈਂਟ ਦਾ ਕੰਮ ਕਰਦੀ ਸੀ।

ਸੰਨ 1989 ਵਿਚ 'ਸਿੰਘ ਡਿਵੈਲਪਮੈਂਟ ਕੰਪਨੀ' ਦੇ ਇਕ ਹਿੱਸੇ ਵਜੋਂ ਇਕ ਨਵੀਂ ਕੰਪਨੀ 'ਸਿੰਘ ਹੋਮਜ਼' ਸ਼ੁਰੂ ਕੀਤੀ ਗਈ ਜੋ ਕਿ ਰਿਹਾਇਸ਼ੀ ਘਰ, ਕਾਂਡੋਮੀਨੀਅਮ ਅਤੇ ਸਨਅਤੀ ਇਮਾਰਤਾਂ ਬਣਾਉਣ ਵਿਚ ਮੁਹਾਰਤ ਰਖਦੀ ਹੈ। ਸ. ਦਰਸ਼ਨ ਸਿੰਘ ਗਰੇਵਾਲ ਇਸ ਕੰਪਨੀ ਦੇ ਮੁਖੀ ਥਾਪੇ ਗਏ ਅਤੇ ਉਨ੍ਹਾਂ ਦੀ ਅਗਵਾਈ ਹੇਠ ਇਹ ਕੰਪਨੀ ਦੱਖਣ-ਪੂਰਬੀ ਮਿਸ਼ੀਗਨ ਵਿਚ ਹੁਣ ਇਮਾਰਤਸਾਜ਼ੀ ਦੇ ਖੇਤਰ ਵਿਚ ਵਡੀਆਂ ਕੰਪਨੀਆਂ ਵਿਚ ਸ਼ੁਮਾਰ ਹੁੰਦੀ ਹੈ। 'ਸਿੰਘ ਹੋਮਜ਼' ਇਸ ਸਮੇਂ ਨੋਵੀ, ਕੈਂਟਨ, ਵਿਕਸਮ, ਟਾਮਸ ਟਾਊਨਸ਼ਿਪ ਅਤੇ ਲਿਓਨ ਟਾਊਨਸ਼ਿਪ ਵਿਚ ਕਈ ਇਮਾਰਤਸਾਜ਼ੀ ਪ੍ਰਾਜੈਕਟਾਂ ਉਤੇ ਕੰਮ ਕਰ ਰਹੀ ਹੈ। ਉਨ੍ਹਾਂ ਦੀ ਮੁਖ ਕੰਪਨੀ ਸਿੰਘ ਡਿਵੈਲਪਮੈਂਟ ਐਲ. ਐਲ. ਸੀ. ਦਾ ਲਗਜ਼ਰੀ ਸਿੰਗਲ ਫੈਮਿਲੀ ਡਿਵੀਜ਼ਨ, ਸੀਨੀਅਰ ਹੋਮ, ਮਹਿੰਗੇ ਕਾਂਡੋ ਅਤੇ ਅਪਾਰਟਮੈਂਟ ਅਤੇ ਕਮਰਸ਼ੀਅਲ ਜਾਇਦਾਦ ਦਾ ਵਿਕਾਸ ਕਰਨ ਵਿਚ ਕੌਮੀ ਪੱਧਰ ਉਤੇ ਕਾਫੀ ਨਾਂ ਹੈ। ਇਸ ਸਮੇਂ ਕੰਪਨੀ ਦੱਖਣ ਪੂਰਬੀ ਮਿਸ਼ੀਗਨ ਵਿਚ ਅੱਠ ਵਖ ਵਖ ਪ੍ਰਾਜੈਕਟਾਂ ਉਤੇ ਕੰਮ ਕਰ ਰਹੀ ਹੈ। 'ਸਿੰਘ ਹੋਮਜ਼' ਦੀ ਖਾਸੀਅਤ ਇਹ ਹੈ ਕਿ ਇਹ ਆਪਣੇ ਗਾਹਕਾਂ ਦੀਆਂ ਲੋੜਾਂ ਨੂੰ ਮੁਖ ਰਖਦਿਆਂ ਲਗਾਤਾਰ ਤਬਦੀਲ ਹੁੰਦੀ ਹਾਊਸਿੰਗ ਸਨਅਤ ਵਿਚ ਨਵੀਂ ਤੋਂ ਨਵੀਂ ਤਕਨਾਲੋਜੀ ਅਤੇ ਨਵੇਂ ਤੋਂ ਨਵੇਂ ਡਿਜਾਈਨ ਅਪਣਾਉਣ ਲਈ ਤਤਪਰ ਰਹਿੰਦੀ ਹੈ। ਆਪਣੇ ਮੁਲਾਜ਼ਮਾਂ ਦੀ ਟਰੇਨਿੰਗ ਵਲ ਵੀ ਇਸ ਵਲੋਂ ਖਾਸ ਧਿਆਨ ਦਿਤਾ ਜਾਂਦਾ ਹੈ ਅਤੇ ਇਸੇ ਕਰਕੇ ਇਸ ਦਾ ਨਾਂ ਹਾਊਸਿੰਗ ਸਨਅਤ ਵਿਚ ਬੜੇ ਮਾਣ-ਸਤਿਕਾਰ ਨਾਲ ਲਿਆ ਜਾਂਦਾ ਹੈ। ਹੁਣ ਸ. ਦਰਸ਼ਨ ਸਿੰਘ ਗਰੇਵਾਲ ਦੀ ਕੰਪਨੀ ਮਿਸ਼ੀਗਨ ਤੋਂ ਬਾਹਰ ਨਾਰਥ ਕੈਰੋਲਾਈਨਾ ਵਿਚ ਵੀ ਆਪਣੇ ਪੈਰ ਪਸਾਰ ਰਹੀ ਹੈ। (ਕੰਪਨੀ ਬਾਰੇ ਹੋਰ ਜਾਣਕਾਰੀ ਇਸਦੀ ਵੈਬ ਸਾਈਟ www.SinghWeb.com ਤੋਂ ਹਾਸਲ ਕੀਤੀ ਜਾ ਸਕਦੀ ਹੈ।) ਜਗ੍ਹਾ ਕੋਈ ਵੀ ਹੋਵੇ, ਸਖਤ ਮਿਹਨਤ, ਦਿਆਨਤਦਾਰੀ, ਸਾਫਗੋਈ ਅਤੇ ਬਿਹਤਰੀਨ ਕੰਮ ਪ੍ਰਤੀ ਵਚਨਬੱਧਤਾ ਦੀ ਪਰੰਪਰਾ ਉਨ੍ਹਾਂ ਦੀ ਸਫਲਤਾ ਦਾ ਰਾਜ਼ ਬਣੀ ਰਹੇਗੀ।



ਕਾਂਗਰਸਮੈਨ ਗੈਰੀ ਪਿਟਰਸ ਨਾਲ ਦਰਸ਼ਨ ਸਿੰਘ ਗਰੇਵਾਲ ਅਤੇ ਗੁਰਮੇਲ ਸਿੰਘ ਗਰੇਵਾਲ

ਸੰਨ 2001 ਵਿਚ ਇਮਾਰਤਸਾਜ਼ੀ ਖੇਤਰ ਵਿਚ ਦਿਖਾਈ ਗਈ ਲਿਆਕਤ ਕਰਕੇ ਸ. ਗਰੇਵਾਲ ਨੂੰ 'ਯੰਗ ਬਿਲਡਰ ਆਫ ਦਾ ਯੀਅਰ' ਅਵਾਰਡ ਦਿੱਤਾ ਗਿਆ ਅਤੇ ਉਸ ਪਿਛੋਂ 2006 ਵਿਚ ਉਨ੍ਹਾਂ ਨੂੰ 'ਬਿਲਡਰ ਆਫ ਦਾ ਯੀਅਰ' ਅਵਾਰਡ ਨਾਲ ਨਿਵਾਜਿਆ ਗਿਆ। ਇਸ ਸਾਲ ਉਨ੍ਹਾਂ ਨੂੰ ਪ੍ਰੈਜ਼ੀਡੈਂਟ ਅਵਾਰਡ ਦਿਤਾ ਗਿਆ ਹੈ। ਆਪਣੇ ਲੀਡਰਸ਼ਿਪ ਗੁਣਾਂ ਕਰ ਕੇ ਉਹ ਬਿਲਡਿੰਗ ਇੰਡਸਟਰੀ ਐਸੋਸੀਏਸ਼ਨ, ਸਾਊਥ-ਈਸਟ ਮਿਸ਼ੀਗਨ ਦੇ ਸਾਲ 2009 ਅਤੇ 2010 ਦੌਰਾਨ ਪ੍ਰਧਾਨ ਵੀ ਰਹੇ ਹਨ। ਸ. ਗਰੇਵਾਲ ਨੈਸ਼ਨਲ ਐਸੋਸੀਏਸ਼ਨ ਆਫ ਹੋਮ ਬਿਲਡਰਜ਼, ਵਾਸ਼ਿੰਗਟਨ ਡੀ ਸੀ ਦੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਹਨ। ਇਸ ਤੋਂ ਇਲਾਵਾ ਉਹ ਐਸੋਸੀਏਸ਼ਨ ਦੇ ਬਿਹਤਰੀਨ ਇਮਾਰਤਸਾਜ਼ਾਂ ਦੇ ਐਕਸਕਲੂਸਿਵ ਕਲੱਬ ਦੇ ਵੀ ਮੈਂਬਰ ਹਨ ਜਿਸ ਵਿਚ ਅਮਰੀਕਾ ਦੀਆਂ 20 ਕੰਪਨੀਆਂ ਹੀ ਸ਼ਾਮਲ ਹੁੰਦੀਆਂ ਹਨ। ਉਹ ਮਿਸ਼ੀਗਨ ਐਸੋਸੀਏਸ਼ਨ ਆਫ ਹੋਮ ਬਿਲਡਰਜ਼, ਲੈਨਸਿੰਗ ਮਿਸ਼ੀਗਨ ਦੇ ਵੀ ਬੋਰਡ ਮੈਂਬਰ ਹਨ।

ਸ. ਦਰਸ਼ਨ ਸਿੰਘ ਗਰੇਵਾਲ ਦਾ ਵਿਆਹ 1989 ਵਿਚ ਜਿਲਾ ਲੁਧਿਆਣਾ ਦੇ ਪਿੰਡ ਬੜੂੰਦੀ ਦੀ ਸ਼ਰਨਜੀਤ ਕੌਰ ਢਿਲੋਂ ਨਾਲ ਹੋਇਆ ਅਤੇ ਹੁਣ ਉਨ੍ਹਾਂ ਦੇ ਘਰ ਇਕ ਧੀ ਨੀਤੂ ਅਤੇ ਇਕ ਪੁੱਤਰ ਜਸਦੀਪ ਹੈ। ਦੋਵੇਂ ਬੱਚੇ ਪ੍ਰਾਈਵੇਟ ਸਕੂਲ ਵਿਚ ਪੜ੍ਹਦੇ ਹਨ ਪਰ ਦਿਲਚਸਪ ਗੱਲ ਇਹ ਹੈ ਕਿ ਇਥੇ ਜੰਮੇ-ਪਲੇ ਹੋਣ ਦੇ ਬਾਵਜੂਦ ਪੰਜਾਬੀ ਪੜ੍ਹਦੇ ਵੀ ਹਨ ਅਤੇ ਬੋਲਦੇ ਵੀ, ਉਹ ਆਪਣੇ ਪਿੰਡ ਨਾਲ ਵੀ ਜੁੜੇ ਹੋਏ ਹਨ। ਦਰਸ਼ਨ ਹੁਰਾਂ ਦੇ ਛੋਟੇ ਭਰਾ ਪ੍ਰਗਟ ਸਿੰਘ ਗਰੇਵਾਲ ਸਿੰਘ ਕੰਪਨੀ ਦੇ ਰੋਜ਼ਮੱਰਾ ਪ੍ਰਬੰਧ ਵਿਚ ਮਦਦ ਕਰਦੇ ਹਨ। ਸਾਂਝੇ ਵਡੇ ਪਰਿਵਾਰ ਦੀਆਂ ਕਦਰਾਂ-ਕੀਮਤਾਂ ਅਜ ਵੀ ਉਨ੍ਹਾਂ ਦੀਆਂ ਰਗਾਂ ਵਿਚ ਉਵੇਂ ਹੀ ਸਰਗਰਮ ਹਨ ਜਿਵੇਂ ਅਜ ਤੋਂ 30-40 ਸਾਲ ਪਹਿਲਾਂ ਤਕ ਆਮ ਪੇਂਡੂ ਪਰਿਵਾਰਾਂ ਵਿਚ ਹੋਇਆ ਕਰਦੀਆਂ ਸਨ। ਆਮ ਪੰਜਾਬੀ ਪਰਿਵਾਰਾਂ ਵਿਚ ਸ਼ਰੀਕੇਬਾਜ਼ੀ ਦੇ ਉਲਟ ਦੋਹਾਂ ਭਰਾਵਾਂ ਵਿਚ ਸਾਂਝ ਦੀਆਂ ਤੰਦਾਂ ਇਨੀਆਂ ਪੀਡੀਆਂ ਹਨ ਕਿ ਦੋਵਾਂ ਨੇ ਘਰ ਵੀ ਨਾਲੋ-ਨਾਲ ਪਾਏ ਹਨ। ਉਨ੍ਹਾਂ ਦੇ ਦੋ ਭਰਾ ਬਲਵਿੰਦਰ ਸਿੰਘ ਗਰੇਵਾਲ ਅਤੇ ਅਜਮੇਰ ਸਿੰਘ ਗਰੇਵਾਲ ਪਿੰਡ ਸਹੌਲੀ ਰੰਗੀਂ ਵਸਦੇ ਹਨ ਅਤੇ ਉਨ੍ਹਾਂ ਨਾਲ ਵੀ ਪਰਿਵਾਰਕ ਸਾਂਝ ਬਹੁਤ ਗੂੜੀ ਹੈ। ਪਿੰਡ ਰਹਿੰਦੇ ਭਰਾ ਆਪਣੇ ਕੋਈ 350 ਏਕੜ ਦੇ ਫਾਰਮ ਵਿਚ ਪੰਜਾਬ ਖੇਤੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਆਧੁਨਿਕ ਬੀਜਾਂ ਦੀ ਖੇਤੀ ਕਰਦੇ ਹਨ ਅਤੇ ਸਾਹੋ ਸੀਡਜ਼ ਦੇ ਨਾਂ ਉਤੇ ਬੀਜਾਂ ਦੀ ਸਪਲਾਈ ਕਰਦੇ ਹਨ। ਉਨ੍ਹਾਂ ਦਾ ਇਕ ਸਟੋਰ ਪੰਜਾਬ ਖੇਤੀ ਯੂਨੀਵਰਸਿਟੀ ਦੇ ਗੇਟ ਦੇ ਐਨ ਸਾਹਮਣੇ ਹੈ।




ਸ. ਗਰੇਵਾਲ ਦਾ ਕਹਿਣਾ ਹੈ ਕਿ ਮੈਨੂੰ ਇਉਂ ਜਾਪਦਾ ਹੈ ਕਿ ਮੈਂ ਕਿਸੇ ਸੁਪਨੇ ਵਿਚ ਜੀ ਰਿਹਾ ਹਾਂ। ਵਾਹਿਗੁਰੂ ਦੀ ਮੇਰੇ ਅਤੇ ਮੇਰੇ ਪਰਿਵਾਰ ਉਪਰ ਫੁਲ ਕਿਰਪਾ ਹੈ। ਸ. ਗਰੇਵਾਲ ਲੋੜਵੰਦਾਂ ਦੀ ਮਦਦ ਗਾਹੇ-ਬਗਾਹੇ ਕਰਦੇ ਰਹਿੰਦੇ ਹਨ ਅਤੇ ਗੁਰੂਘਰ ਦੇ ਕਾਰਜਾਂ ਅਤੇ ਭਾਈਚਾਰਕ ਕੰਮਾਂ ਲਈ ਵੀ ਉਹ ਖੁਲ੍ਹ ਕੇ ਹਿੱਸਾ ਪਾਉਂਦੇ ਰਹਿੰਦੇ ਹਨ। ਉਂਜ ਆਪਣੇ ਸੁਭਾਅ ਕਰ ਕੇ ਉਹ ਬਹੁਤਾ ਅਗੇ ਆਉਣ ਤੋਂ ਸੰਕੋਚ ਹੀ ਕਰਦੇ ਹਨ।

#



ਦਰਸ਼ਨ ਸਿੰਘ ਗਰੇਵਾਲ 'ਸਿੰਘ' ਕੰਪਨੀ ਦੇ ਵਕੀਲ ਲੈਰੀ ਕਿਲਗੋ ਅਤੇ ਭਰਾ ਪਰਗਟ ਗਰੇਵਾਲ ਨਾਲ



ਦਰਸ਼ਨ ਸਿੰਘ ਗਰੇਵਾਲ ਮਾਈਕਲ ਸਟਾਸਕੋਫ ਨਾਲ

# ਪਰਵਾਸੀ ਵਿਦਿਆਰਥੀਆਂ ਨੂੰ ਰਾਹਤ ਦੇਣ ਦੀ ਤਿਆਰੀ

**ਵਾਸ਼ਿੰਗਟਨ:** ਕੈਲੀਫੋਰਨੀਆ ਦੀ ਇਕ ਯੂਨੀਵਰਸਿਟੀ ਦੇ ਬੰਦ ਹੋਣ ਨਾਲ ਵੀਜ਼ਾ ਗੁਆ ਚੁੱਕੇ ਵਿਦਿਆਰਥੀਆਂ ਦੀ ਕਿਸਮਤ ਹੁਣ ਚਮਕ ਸਕਦੀ ਹੈ ਕਿਉਂਕਿ ਅਮਰੀਕੀ ਪਰਵਾਸ ਤੇ ਕਸਟਮ ਐਨਫੋਰਸਮੈਂਟ (ਆਈ.ਸੀ.ਈ.) ਨੇ ਸੰਕੇਤ ਦਿੱਤਾ ਹੈ ਕਿ ਉਹ ਪਰਵਾਸ ਦਰਜਾ ਬਹਾਲ ਕਰਨ ਲਈ ਤਿਆਰ ਹੈ।

ਇਸ ਬਾਰੇ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲਖਾਨੇ 'ਚ ਕੌਂਸਲ ਜਨਰਲ ਸੁਸ਼ਮਿਤਾ ਗਾਂਗੁਲੀ ਥਾਮਸ ਨੇ ਕਿਹਾ ਕਿ ਉਨ੍ਹਾਂ ਨੂੰ (ਆਈ.ਸੀ.ਈ.) ਦਾ ਸੁਨੇਹਾ ਮਿਲਿਆ ਹੈ ਜਿਸ 'ਚ ਉਸ ਨੇ ਸੰਕੇਤ ਦਿੱਤਾ ਹੈ ਕਿ ਉਹ ਉਨ੍ਹਾਂ ਵਿਦਿਆਰਥੀਆਂ ਨੂੰ ਵੀਜ਼ਾ ਦਰਜਾ ਆਈ-539 ਰਾਹੀਂ ਬਹਾਲ ਕਰਨ ਦੀ ਸੰਭਾਵਨਾ 'ਤੇ ਵਿਚਾਰ ਕਰਨ ਲਈ ਤਿਆਰ ਹੈ। ਅਮਰੀਕੀ ਨਾਗਰਿਕਤਾ ਤੇ ਪਰਵਾਸ ਸੇਵਾਵਾਂ (ਯੂ.ਐਸ.ਸੀ.ਆਈ.ਐਸ.) ਵੀਜ਼ਾ ਮਿਆਦ ਵਧਾਉਣ ਤੇ ਪਰਵਾਸ ਦਰਜ਼ੇ 'ਚ ਤਬਦੀਲੀ ਲਈ ਆਈ-539 ਫਾਰਮ ਦੀ ਵਰਤੋਂ ਕਰਦਾ ਹੈ। ਟਰਾਈ ਵੈਲੀ ਯੂਨੀਵਰਸਿਟੀ ਬੰਦ ਹੋਣ ਮਗਰੋਂ ਇਸ ਯੂਨੀਵਰਸਿਟੀ ਦੇ ਸੈਂਕੜੇ ਵਿਦਿਆਰਥੀਆਂ 'ਤੇ ਭਾਰਤ ਵਾਪਸ ਭੇਜੇ ਜਾਣ ਦਾ ਖ਼ਤਰਾ ਵਧ ਗਿਆ ਸੀ। ਜ਼ਿਕਰਯੋਗ ਹੈ ਕਿ ਵੀਜ਼ਾ ਫਰਾਡ ਦੇ ਦੋਸ਼ਾਂ ਕਰਕੇ ਟਰਾਈ ਵੈਲੀ ਯੂਨੀਵਰਸਿਟੀ ਬੰਦ ਹੋਣ ਦੇ ਕਿਨਾਰੇ ਹੈ।


All Star Auto Care
Grand Opening
27165 Mission Blvd, HAYWARD CA 94544 (Next to Tandoor Restaurant)



Guljender Dhami
Master Technician

ASE CERTIFIED
MASTER AUTO TECHNICIAN

Oil Change
Special
Look
Up to 5Qts
10-30 or 10-40 Oil
$19.95
Plus disposal fee.
Free Safety Check.
Cash Only
With this coupon only most Cars.
Light Trucks & Vans Extra.

Tune-up Package
Starting at $89 Reg. $145
Spark Plugs, Cap & Rotor, Most Cars,
Light Trucks & Vans extra.

Brake Special
Front or Rear
Starting at $89.99 Reg. $130
Free Tire Rotation
Turn Rotors or Brakes Extra.
With this coupon.

Phone:510-885-0666

Dhillon Truck Stop / Dhillon Road Service

ਪੰਜਾਬੀ ਢਾਬਾ



Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਟੇਟ ਉਤੇ ਵੀ ਸਰਵਿਸ ਦਿੰਦੇ ਹਾਂ
Interstate 40, exit 356, San Jon, NM
Ph : 575-576-4111, 317-918-6776

Satwant Kaur Takk
Lose
Weight
Feel
Great





Before : 165 Lbs.
After : 125 Lbs.
Lost 40 Lbs.
All Herbal, American Doctors' formulated and Guaranteed Results
ਅਮਰੀਕਨ ਡਾਕਟਰਾਂ ਦਾ ਕੁਦਰਤੀ ਜੜੀ ਬੂਟੀਆਂ ਤੋਂ ਤਿਆਰ ਕੀਤਾ ਫਾਰਮੂਲਾ ਅਤੇ ਗਾਰੰਟੀਸ਼ੁਦਾ ਨਤੀਜੇ

Business Opportunity
International Company looking for serious people to work from home-part time or full time. Great earning potential, full training and support provided. To attend training in your area and For more info. call: Surjit Singh or Satwant K. Takk
1-888-211-4274, Cell:(416) 889-9886
www.safeandeasyweightloss.com e-mail:sstakk@hotmail.com

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com



$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013

PTN ਮੀਡੀਆ ਗਰੁੱਪ ਇੰਕ ਵੱਲੋਂ ਪੇਸ਼ ਹੈ
ਪੂਰੀ ਤਰਾਂ ਨਾਲ ਪੰਜ ਦਰਿਆਵਾਂ ਦੀ ਧਰਤੀ ਦੇ ਰੰਗਾਂ ਨੂੰ ਪੇਸ਼ ਕਰਦਾ



5ਆਬ
Comming Soon
Comming Soon



www.5ABTV.com
5ABTV & RADIO
ਜਿਸ ਵਿੱਚ ਰਾਜਨੀਤਿਕ, ਧਾਰਮਿਕ, ਅਰਥਕ ਅਤੇ ਸੱਭਿਆਚਾਰਕ ਪੱਖਾਂ ਨੂੰ ਬਾਖ਼ੂਬੀ ਨਾਲ ਤੁਹਾਡੇ ਰੂਬਰੂ ਕੀਤਾ ਜਾਵੇਗਾ
ਸਾਨੂੰ ਪੱਤਰਕਾਰਾਂ ਦੀ ਲੋੜ ਹੈ
ਜਲਦ ਟੀ. ਵੀ. ਆ ਰਿਹਾ ਹੈ ਜੋ ਦੁਨੀਆ ਦੇ ਕੋਨੇ ਕੋਨੇ ਵਿੱਚ ਵੇਖਿਆ ਜਾ ਸਕੇਗਾ ਤੁਹਾਡਾ ਆਪਣਾ ਟੀ.ਵੀ.
ਚੜ੍ਹਦੀਕਲਾ ਟੀ.ਵੀ.
www.charhdikalatv.com Email : info@charhdikalatv.com
ਹੋਰ ਜਾਣਕਾਰੀ ਲਈ ਕਾਲ ਕਰੋ
ਪਰਮਿੰਦਰ ਸਿੰਘ ਸੰਘੇੜਾ 817.739.2952
ਹਰਜੀਤ ਸਿੰਘ 661.201.5894

# ਪੀ ਐਚ ਓ ਦੇ ਲੋਹੜੀ ਪ੍ਰੋਗਰਾਮ ਨੇ ਬੰਨ੍ਹਿਆ ਪੁਰਾਣੀ ਲੋਹੜੀ ਦਾ ਨਜ਼ਾਰਾ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਇਥੇ ਇੰਡੀਆ ਹਾਊਸ, ਸ਼ਾਮਬਰਗ ਦੇ ਹਾਲ ਵਿਚ ਨਾ ਸਿਰਫ ਮੁੰਡੇ-ਕੁੜੀਆਂ ਹੀ ਲੋਹੜੀ ਮੰਗਣ ਆਏ ਸਗੋਂ ਬਾਜੀਗਰਨੀਆਂ ਵੀ ਸਰਦਾਰਾਂ ਦੇ ਘਰ ਮੁੰਡੇ ਦੇ ਜੰਮਣ ਦੀ ਖੁਸ਼ੀ ਵਿਚ ਲੋਹੜੀ ਮੰਗਣ ਪਹੁੰਚੀਆਂ, ਮਰਾਸੀ ਵੀ ਪਹੁੰਚੇ। ਹੈਰਾਨ ਨਾ ਹੋਵੋ, ਉਥੇ ਕੁੜੀ ਜੰਮਣ ਦੀ ਖੁਸ਼ੀ ਵੀ ਉਸੇ ਹੀ ਪੱਧਰ ਉਤੇ ਮਨਾਈ ਗਈ ਜਿਸ ਪੱਧਰ 'ਤੇ ਮੁੰਡਾ ਜੰਮਣ ਦੀ। ਪਰ ਇਹ ਸਭ ਕੁਝ ਵਾਪਰਿਆ ਸਟੇਜ ਉਪਰ ਹੀ। ਇਹ ਸਾਰਾ ਨਜ਼ਾਰਾ ਸੀ, ਸਥਾਨਕ ਸਭਿਆਚਾਰਕ ਜਥੇਬੰਦੀ ਪੰਜਾਬੀ ਵਿਰਾਸਤ ਸੰਸਥਾ (ਪੀ ਐਚ ਓ) ਵਲੋਂ 29 ਜਨਵਰੀ ਦੀ ਸ਼ਾਮ ਮਨਾਈ ਗਈ ਲੋਹੜੀ ਦਾ। ਲੋਹੜੀ ਦੀ ਅੱਗ ਵੀ ਬਾਲੀ ਗਈ, ਸੱਚੀ-ਮੁਚੀਂ ਦੀ ਨਹੀਂ ਬਿਜਲੀ ਦੇ ਬਲਬਾਂ ਦੇ ਭੁਚਲਾਵੇ ਨਾਲ ਸਟੇਜ ਉਪਰ ਹੀ। ਮੂੰਗਫਲੀ, ਮੱਕੀ ਦੇ ਫੁੱਲੇ ਅਤੇ ਰਿਉੜਿਆਂ ਵੀ ਵੰਡ ਹੋਈਆਂ। ਕੁੜੀਆਂ ਚਿੜੀਆਂ ਨੇ ਗਿੱਧਾ ਪਾ ਕੇ ਪੂਰੀ ਧਮਾਲ ਮਚਾਈ।

ਸ਼ਿਕਾਗੋ ਦੇ ਸਭਿਆਚਾਰ ਪ੍ਰੇਮੀਆਂ ਨੇ ਵੀ ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਦਿੱਤਾ। ਕੋਈ ਸਾਢੇ ਚਾਰ ਸੌ ਮਹਿਮਾਨਾਂ ਦੀ ਹਾਜ਼ਰੀ ਵਿਚ ਪ੍ਰੋਗਰਾਮ ਸ਼ੁਰੂ ਕਰਦਿਆਂ ਸੰਸਥਾ ਦੇ ਪ੍ਰਧਾਨ ਲਖਬੀਰ ਸਿੰਘ ਸੰਧੂ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਸਾਰਿਆਂ ਲਈ ਖੁਸ਼ੀਆਂ ਦੀ ਕਾਮਨਾ ਕੀਤੀ। ਸੰਸਥਾ ਦੇ ਇਕ ਬਹੁਤ ਪੁਰਾਣੇ ਸਮਰਥਕ ਸ. ਸਤਨਾਮ ਸਿੰਘ ਔਲਖ ਨੇ ਲੋਹੜੀ ਦੇ ਪਵਿਤਰ ਤਿਉਹਾਰ ਦੇ ਇਤਿਹਾਸ, ਰਸਮਾਂ ਅਤੇ ਇਸ ਦੇ ਸਮਾਜ ਉਪਰ ਪ੍ਰਭਾਵ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਸ਼ਾਮ ਦੇ ਮੁੱਖ ਮਹਿਮਾਨ ਮਿਲਵਾਕੀ ਤੋਂ ਆਏ ਟਰਿਪਲ ਟਰਾਂਸਪੋਰਟ ਦੇ ਮਾਲਕ ਸ. ਬੇਅੰਤ ਸਿੰਘ ਬੋਪਾਰਾਏ ਨੇ ਸਾਰਿਆਂ ਨੂੰ ਲੋਹੜੀ ਦੀ ਵਧਾਈ ਦਿੱਤੀ ਤੇ ਅਜਿਹੀਆਂ ਸਰਗਰਮੀਆਂ ਵਿਚ ਹਮੇਸ਼ਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਸ਼ਾਮ ਦੇ ਰੰਗਾ-ਰੰਗ ਪ੍ਰੋਗਰਾਮ ਦੇ ਅਰੰਭ ਵਿਚ "ਧੀਆਂ ਸ਼ਿਕਾਗੋ ਦੀਆਂ" ਗਰੁਪ ਨੇ ਗਿੱਧੇ ਦੀ ਧਮਾਲ ਪਾਈ ਅਤੇ "ਲੋਹੜੀ ਸ਼ਗਨ ਮਨਾਈਏ, ਚਾਹ ਦਾ ਗਿਲਾਸ ਫੜਾ ਕੇ ਰੰਨ ਖੁਸ਼ ਕਰ ਲਈ, ਮੇਰਾ ਨਰਮ ਕਾਲਜਾ ਧੜਕੇ, ਨੀ ਮੈਂ ਕੁੜੀ ਸ਼ਹਿਰ ਪਟਿਆਲੇ ਦੀ" ਆਦਿ ਬੋਲੀਆਂ ਪਾ ਕੇ ਆਏ ਦਰਸ਼ਕਾਂ ਨੂੰ ਪੰਜਾਬੀ ਸਭਿਆਚਾਰ ਦੀ ਝਲਕ ਦਿਖਾਈ। ਗਿੱਧੇ ਦੀ ਇਸ ਆਈਟਮ ਵਿਚ ਅਮ੍ਰਿਤ ਢਿੱਲੋਂ, ਸੁਖਵਿੰਦਰ ਢਿੱਲੋਂ, ਹਰਮਨਜੀਤ ਕੌਰ ਢਿੱਲੋਂ, ਮਨਮੀਤ ਕੌਰ ਸੰਧੂ, ਪ੍ਰਭਪਾਲ ਕੌਰ ਸੰਧੂ, ਨਵਜੋਤ ਕੌਰ ਸੰਧੂ, ਸ਼ਰਨ, ਪੀਆ ਨੇ ਭਾਗ ਲਿਆ। ਇਸ ਤੋਂ ਬਾਅਦ "ਕੁੜੀਆਂ ਸ਼ਿਕਾਗੋ ਦੀਆਂ" ਗਰੁਪ ਨੇ ਇਕ ਹੋਰ ਗਿੱਧਾ ਆਈਟਮ ਪੇਸ਼ ਕਰਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ।

ਉਪਰੰਤ ਸੁਖ ਕਾਹਲੋਂ ਦੇ ਨਿਰਦੇਸ਼ਨ ਹੇਠ ਤਿਆਰ ਕੀਤੀ ਗਈ ਲੋਹੜੀ ਦੀ ਨਿਵੇਕਲੀ ਵੰਨਗੀ ਹਾਜ਼ਰ ਸੀ ਜੋ ਇਕ ਸੰਗੀਤਮਈ ਨੁਕੜ ਨਾਟਕ ਦੀ ਤਰ੍ਹਾਂ ਹੀ ਸੀ। ਦੇਸੀ ਅੰਦਾਜ਼ ਵਿਚ ਪੁਰਾਣੀ ਸਭਿਆਚਾਰਕ ਪਛਾਣ ਅਤੇ ਜਜ਼ਬਿਆਂ ਨੂੰ ਰੂਪਮਾਨ ਕਰਦੀ ਸੀ ਇਹ ਆਈਟਮ। ਵਿਆਹ, ਸ਼ਾਦੀ, ਮੰਗਣੇ ਅਤੇ ਮੁੰਡੇ ਦੇ ਪੈਦਾ ਹੋਣ 'ਤੇ ਪੁਰਾਣੇ ਵੇਲਿਆਂ 'ਚ ਮਨਾਈ ਜਾਂਦੀ ਲੋਹੜੀ ਦਾ ਦ੍ਰਿਸ਼ ਬੰਨ੍ਹਿਆ ਗਿਆ ਸੀ। ਇਸ ਆਈਟਮ ਦੌਰਾਨ ਅੱਜ ਤੋਂ ਕੋਈ ਤੀਹ ਵਰ੍ਹੇ ਪਹਿਲਾਂ ਦੇ ਪੰਜਾਬ ਦੀ ਝਲਕ ਪੇਸ਼ ਕੀਤੀ ਗਈ ਸੀ ਜਿਥੇ ਨਾ ਸਿਰਫ ਬਾਜੀਗਰਨੀਆਂ ਅਤੇ ਭੰਡ ਹੀ ਮੁੰਡੇ ਦੀ ਲੋਹੜੀ ਮੰਗਣ ਪਹੁੰਚੇ ਸਗੋਂ ਉਹ ਨੋਕ-ਝੋਕ ਵੀ ਸਾਕਾਰ ਕੀਤੀ ਗਈ ਜੋ ਅਕਸਰ ਉਨ੍ਹੀਂ ਦਿਨੀਂ ਲੋਹੜੀ ਮੰਗਣ ਆਈਆਂ ਬਾਜੀਗਰਨੀਆਂ ਅਤੇ ਘਰ ਦੀਆ ਸੁਆਣੀਆਂ ਵਿਚਾਲੇ ਹੋਇਆ ਕਰਦੀ ਸੀ। ਨਜ਼ਾਰਾ ਨੰਬਰਦਾਰ ਦੇ ਵਿਹੜੇ ਦਾ ਸੀ। ਕੁਝ ਸੰਵਾਦ "ਭਾਗ ਲਗੇ ਰਹਿਣ, ਨੀ ਵਧਾਈ-ਨੀ ਵਧਾਈ, ਸਾਡੇ ਤੇ ਪੈਰਾਂ 'ਤੇ ਛਾਲੇ ਪੈ ਗਏ ਕਿੰਨੀ ਦੂਰੋਂ ਤੁਰ ਕੇ ਆਈਆਂ, ਨੀ ਵਡੇ ਘਰਾਂ ਵਾਲੀਏ, ਪਾਣੀ ਦਾ ਘੁਟ ਪਿਲਾ; ਗੰਨੇ ਦੇ ਰਸ ਵਾਲੀ ਖੀਰ ਖਵਾ ਨੀ ਬੀਬੀ; ਨਾ ਬੀਬੀ ਅਸੀਂ ਨ੍ਹੀਂ ਗੁੜ ਦੀ ਚਾਹ ਪੀਣੀ, ਪਿਆਉਣੀ ਆ ਤੇ ਖੰਡ ਦੀ ਪਿਆ।" ਹੋਰ ਸੁਣੋ, "ਨੀਂ ਜ਼ਰਾ ਕੋਈ ਗੌਣ ਤੇ ਗਾਓ, ਨੱਚ ਕੇ ਤਾਂ ਦਿਖਾਓ, ਫਰਮਾਇਸ਼ਾਂ ਪਹਿਲਾਂ ਪਾਉਣ ਲੱਗ ਪਈਆਂ ਖੰਡ ਦੀ ਚਾਹ ਦੀਆਂ।" ਤੇ ਫਿਰ ਸ਼ੁਰੂ ਹੋਇਆ, "ਸੋਹਣਿਆਂ ਵੀਰਾਂ ਵੇ ਤੈਨੂੰ ਘੋੜੀ ਚੜੈਨੀ ਆਂ" ਅਤੇ ਹੋਰ ਗੀਤਾਂ ਦਾ ਦੌਰ।

ਜ਼ਰਾ ਹੋਰ ਤੱਕੋ, "ਲੈ ਨੀ ਬੀਬੀ ਨੱਚ ਕੇ ਵੀ ਦਿਖਾ ਦਿੱਤਾ ਹੁਣ ਚਾਹ ਪਿਲਾ ਤੇ ਲੱਡੂ ਖਵਾ; ਬੱਕਰੇ ਦੇ ਮੀਟ ਵੀ ਬੋਟੀ ਵੀ ਦੇਹ ਚਾ; ਡੱਬੀ ਦਾ ਮਿੱਠਾ ਜੂਸ ਹੀ ਪਿਲਾ ਦੇ; ਕੋਈ ਬਾਹਰ ਦਾ ਸੂਟ ਵੀ ਦੇ ਛੱਡ; ਨਾ ਬੇਬੇ ਰੁਪਈਆ ਨਹੀਂ, ਸਾਨੂੰ ਤੇ ਕੋਈ ਬੁਸ਼ ਦੀ ਫੋਟੋ ਵਾਲਾ ਨੋਟ ਦੇਹ; ਭਾਗ ਲੱਗੇ ਰਹਿਣ। ਰੱਬ ਜੋੜੀਆਂ ਬਣਾਵੇ, ਖੁਸ਼ੀਆਂ ਦੇਵੇ।"

ਇਸ ਆਈਟਮ ਦੇ ਵਿਚ-ਵਿਚਾਲੇ ਲੋਹੜੀ ਮੰਗਣ ਵਾਲੇ ਮੁੰਡੇ-ਕੁੜੀਆਂ ਵੀ ਆਏ ਅਤੇ ਭੰਡਾਂ ਦੀ ਜੋੜੀ ਵੀ। ਕੈਨੇਡਾ ਤੋਂ ਆਏ ਕਲਾਕਾਰ ਨਰੇਸ਼ ਤ੍ਰੇਹਨ ਅਤੇ ਲਖਬੀਰ ਸਿੰਘ ਸੰਧੂ ਨੇ ਭੰਡਾਂ ਦੇ ਰੂਪ ਵਿਚ ਦਰਸ਼ਕਾਂ ਨੂੰ ਖੂਬ ਹਸਾਇਆ।

ਕਈ ਸਾਲ ਪਹਿਲਾਂ ਵੀ ਇਸੇ ਸੰਸਥਾ ਵਲੋਂ ਕਰਵਾਏ ਗਏ ਲੋਹੜੀ ਦੇ ਪ੍ਰੋਗਰਾਮ ਦੌਰਾਨ ਸੁਖ ਕਾਹਲੋਂ ਦੇ ਨਿਰਦੇਸ਼ਨ ਹੇਠ ਅਜਿਹੀ ਹੀ ਇਕ ਆਈਟਮ ਪੇਸ਼ ਕੀਤੀ ਗਈ ਸੀ ਜਿਸ ਨੂੰ ਲੋਕ ਅੱਜ ਵੀ ਚੇਤੇ ਕਰਦੇ ਹਨ। ਉਸ ਟੀਮ ਵਿਚਲੀਆਂ ਕਈ ਕੁੜੀਆਂ ਇਸ ਟੀਮ ਵਿਚ ਵੀ ਹਾਜ਼ਰ ਸਨ। ਸੁਖ ਕਾਹਲੋਂ ਤੋਂ ਇਲਾਵਾ ਉਸ ਦੀਆਂ ਸਾਥਣਾਂ ਸਨ-ਜੋਤੀ ਖਹਿਰਾ, ਅਨੁਰੀਤ ਕੌਰ, ਅਵਨੀਤ ਕਾਹਲੋਂ, ਸੋਫੀਆ ਸਿੰਘ, ਅਮਨ ਕਾਹਲੋਂ, ਸੁਖਦੇਵ ਕੌਰ, ਪਰਮਜੀਤ ਕੌਰ, ਰਣਜੀਤ ਕੌਰ ਰੰਧਾਵਾ, ਸਰਬਜੀਤ ਕੌਰ ਰੰਧਾਵਾ, ਦਲਜੀਤ ਕੌਰ ਕਾਹਲੋਂ, ਕਿਰਨ ਰੰਧਾਵਾ, ਸਤ ਕਾਹਲੋਂ ਆਦਿ।

ਮਾਦਾ ਭਰੂਣ ਹੱਤਿਆ ਦੀ ਸਮਾਜਿਕ ਬੁਰਾਈ ਵਿਰੁਧ ਆਵਾਜ਼ ਉਠਾਉਣ ਦੇ ਉਪਰਾਲੇ ਵਜੋਂ ਗੁਰਮੁਖ ਸਿੰਘ ਭੁੱਲਰ ਦੇ ਨਿਰਦੇਸ਼ਨ ਹੇਠ ਤਿਆਰ ਕੀਤੀ ਗਈ ਇਕ ਛੋਟੀ ਜਿਹੀ ਆਈਟਮ ਪੇਸ਼ ਕੀਤੀ ਗਈ ਜਿਸ ਵਿਚ ਕੁੜੀਆਂ ਨੂੰ ਵੀ ਮੁੰਡਿਆਂ ਦੇ ਬਰਾਬਰ ਦਾ ਦਰਜਾ ਦੇਣ ਦਾ ਸੁਨੇਹਾ ਦਿੱਤਾ ਗਿਆ-ਤੌਬਾ ਕਰੋ, ਮੁੰਡੇ ਤੇ ਕੁੜੀ ਵਿਚ ਫਰਕ ਨਾ ਕਰੋ। ਇਸ ਸਕਿੱਟ ਵਿਚ ਖੁਦ ਗੁਰਮੁਖ ਭੁਲਰ ਨੇ ਇਕ ਬਾਬੇ ਦਾ ਰੋਲ ਕੀਤਾ। ਹੋਰ ਪਾਤਰਾਂ ਦੇ ਰੂਪ ਵਿਚ ਟੋਨੀ ਸੰਘੇੜਾ, ਮੰਜੂ ਸੰਘੇੜਾ, ਸੋਨੂ ਖਹਿਰਾ, ਡਾ. ਹਰਜਿੰਦਰ ਖਹਿਰਾ, ਸੁਖਜੀਤ ਕਾਹਲੋਂ, ਦਾਰਾ ਸਿੰਘ, ਅਨੁਰੀਤ, ਸ਼ਿਖਾ ਕਾਹਲੋਂ, ਕਿਰਨ ਰੰਧਾਵਾ, ਪੂਜਾ, ਸੋਨੀਆ ਕੁਲਾਰ, ਸੋਫੀਆ ਸਿੰਘ, ਅਵਨੀਤ ਕਾਹਲੋਂ, ਅਮਨ ਕਾਹਲੋਂ ਵੀ ਵਧੀਆ ਫਬੇ।

ਸਤਿੰਦਰ ਸਿੰਘ ਸੁਸਾਣਾ ਨੇ ਇਕ ਕਵਿਤਾ ਸੁਣਾ ਕੇ ਹਾਜ਼ਰੀ ਲਵਾਈ।

ਨਰਿੰਦਰ ਸਿੰਘ ਮਰਵਾਹਾ ਨੇ ਲੋਹੜੀ ਦਾ ਗੀਤ 'ਸੁੰਦਰ-ਮੁਦਰੀਏ' ਦੇਸੀ ਅਤੇ ਅਮਰੀਕਨ ਸਟਾਈਲ ਵਿਚ ਪੇਸ਼ ਕਰਕੇ ਦਰਸ਼ਕਾਂ ਨੂੰ ਹਸਾਇਆ।

ਇਸ ਸਮਾਗਮ ਦੇ ਸਪਾਂਸਰਾਂ ਗਰੈਂਡ ਸਪਾਂਸਰ ਜਸਬੀਰ ਸਿੰਘ ਸੁੱਗਾ (ਸੁੱਗਾ ਬਿਲਡਰਜ਼), ਜੈਦੇਵ ਸਿੰਘ ਭਠੱਲ, ਬਿਕਰਮ ਸਿੱਧੂ, ਹਰਵਿੰਦਰ (ਲਾਲੀ) ਸਿੱਧੂ, ਰੂਪ ਢਿਲੋਂ, ਪੀ.ਸੀ.ਐਸ. ਸ਼ਿਕਾਗੋ, ਸ਼ਾਨ ਫੋਟੋਗ੍ਰਾਫੀ, ਪੰਜਾਬ ਸਪੋਰਟਸ ਕਲੱਬ, ਹਰਜਿੰਦਰ ਸਿੰਘ ਸੰਧੂ, ਦਵਿੰਦਰ ਸਿੰਘ ਰੰਗੀ, ਹਰਿੰਦਰ ਸਿੰਘ, ਹਰਜੀਤ ਸਿੰਘ ਗਿੱਲ, ਪਰਵੀਨ ਭਾਰਦਵਾਜ, ਲਖਬੀਰ ਸਿੰਘ ਸਹੋਤਾ, ਸੰਤੋਖ ਸਿੰਘ ਡੀ.ਸੀ., ਹੈਪੀ ਹੀਰ, ਮਿਕੀ ਕਾਹਲੋਂ, ਦਰਸ਼ਨ ਸਿੰਘ ਬਸਰਾਨ, ਆਦਿ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਸਨਮਾਨ ਦੇਣ ਦੀ ਰਸਮ ਮੁੱਖ ਮਹਿਮਾਨ ਸ. ਬੇਅੰਤ ਸਿੰਘ ਬੋਪਾਰਾਏ ਨੇ ਨਿਭਾਈ। ਸ. ਸਵਰਨਜੀਤ ਸਿੰਘ ਢਿੱਲੋਂ, ਡਾ. ਗੁਰਦਿਆਲ ਸਿੰਘ ਬਸਰਾਨ, ਸ. ਹਰਦਿਆਲ ਸਿੰਘ ਦਿਓਲ, ਡਾ. ਹਰਗੁਰਮੁਖਪਾਲ ਸਿੰਘ ਅਤੇ ਡਾ. ਸਰਬਜੀਤ ਭੰਡਾਲ ਦਾ ਸਹਿਯੋਗ ਲਈ ਸਟੇਜ 'ਤੇ ਬੁਲਾ ਕੇ ਉਚੇਚਾ ਧੰਨਵਾਦ ਕੀਤਾ ਗਿਆ।

ਮੰਚ ਸੰਚਾਲਨ ਟੋਨੀ ਸੰਘੇੜਾ ਤੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਬਾਖੂਬੀ ਕੀਤਾ। ਪ੍ਰੋਗਰਾਮ ਦੇ ਅਖੀਰ 'ਤੇ ਡੀ.ਜੇ. ਪਾਲ ਨੇ ਅੱਡੀਆਂ ਖਿਰਕਣ ਵਾਲੇ ਗੀਤ ਵਜਾ ਕੇ ਦਰਸ਼ਕਾਂ ਤੋਂ ਖੂਬ ਭੰਗੜਾ ਪੁਆਇਆ।

ਪ੍ਰੋਗਰਾਮ ਨੂੰ ਸਫਲ ਕਰਨ ਵਿਚ ਪ੍ਰਧਾਨ ਲਖਬੀਰ ਸਿੰਘ ਸੰਧੂ, ਸਾਬਕਾ ਪ੍ਰਧਾਨ ਟੋਨੀ ਸੰਘੇੜਾ ਤੇ ਤੇਜਿੰਦਰ ਮਿਨਹਾਸ, ਪਰਮਜੀਤ ਸਿੰਘ ਸੰਘਾ, ਡਾ. ਗੁਲਰੂਪ ਸਿੰਘ ਸੰਘਾ, ਹਰਜੀਤ ਸਿੰਘ ਗਿੱਲ, ਮਨਮਿੰਦਰ ਸਿੰਘ ਭੱਠਲ, ਜਸਬੀਰ ਸਿੰਘ ਸਹੋਤਾ, ਕੇ. ਨਾਗਰਾ, ਮੁਹਿੰਦਰ ਸਿੰਘ ਰਕਾਲਾ ਤੇ ਜੈਰਾਮ ਸਿੰਘ ਕਾਹਲੋਂ ਨੇ ਭਰਵਾਂ ਯੋਗਦਾਨ ਪਾਇਆ।



*ਪੀ ਐਚ ਓ ਸ਼ਿਕਾਗੋ ਦੇ ਲੋਹੜੀ ਪ੍ਰੋਗਰਾਮ ਦੌਰਾਨ ਇਕ ਸਕਿਟ ਪੇਸ਼ ਕਰਦੀਆਂ ਬੀਬੀਆਂ*

# ਪੰਜਾਬ ਦੀ ਵਿਕਾਸ ਦਰ ਬਿਹਾਰ ਤੋਂ ਵੀ ਘੱਟ:ਅਮਰਿੰਦਰ

**ਮੋਗਾ:** ਚੋਣਾਂ ਨੇੜੇ ਆਉਂਦੀਆਂ ਵੇਖ ਕੇ ਕਾਂਗਰਸ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਸੁਰ ਤਿੱਖੀ ਕਰਦਿਆਂ ਐਲਾਨ ਕੀਤਾ ਹੈ ਕਿ ਸਰਕਾਰ ਆਉਣ 'ਤੇ ਅਕਾਲੀਆਂ ਨੂੰ ਪੁੱਠੇ ਟੰਗਿਆ ਜਾਵੇਗਾ। ਇਥੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ 'ਦੋਵੇਂ ਬਾਦਲ' ਝੂਠ ਤੇ ਲਾਰਿਆਂ ਦੇ ਸਹਾਰੇ ਸਰਕਾਰ ਚਲਾ ਰਹੇ ਹਨ। ਮਜ਼ਬੂਤ ਆਰਥਿਕਤਾ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਖ਼ਜ਼ਾਨੇ 'ਚ ਫੁੱਟੀ ਕੌਡੀ ਵੀ ਨਹੀਂ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੀ ਵਿਕਾਸ ਦਰ ਇਸ ਵੇਲੇ ਬਿਹਾਰ ਤੇ ਝਾਰਖੰਡ ਵਰਗੇ ਪੱਛੜੇ ਸੂਬਿਆਂ ਦੀ ਵਿਕਾਸ ਦਰ ਤੋਂ ਕਿਤੇ ਪਿੱਛੇ ਰਹਿ ਗਈ ਹੈ। ਉਨ੍ਹਾਂ ਅਕਾਲੀ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਬਰਾਬਰ ਗ੍ਰਾਂਟ ਨਾ ਦੇਣ ਕਰਕੇ ਕੇਂਦਰ ਵੱਲੋਂ ਦਿੱਤੇ ਕਰੋੜਾਂ ਰੁਪਏ ਦੇ ਫੰਡ ਲੈਪਸ ਹੋ ਗਏ ਤੇ 16 ਭਲਾਈ ਸਕੀਮਾਂ ਠੱਪ ਹੋ ਗਈਆਂ ਹਨ। ਵਿਧਾਇਕ ਦਰਸ਼ਨ ਸਿੰਘ ਬਰਾੜ ਤੇ ਵਿਧਾਇਕ ਜੋਗਿੰਦਰਪਾਲ ਜੈਨ ਵੱਲੋਂ ਕਰਵਾਈ ਗਈ ਇਸ ਰੈਲੀ ਵਿਚ ਵਿਰੋਧੀ ਧਿਰ ਦੀ ਆਗੂ ਬੀਬੀ ਰਜਿੰਦਰ ਕੌਰ ਭੱਠਲ ਤੇ ਹੋਰ ਆਗੂ ਵੀ ਪੁੱਜੇ ਹੋਏ ਸਨ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਵਾ ਚਾਰ ਸਾਲਾਂ 'ਚ ਅਕਾਲੀ ਸਰਕਾਰ ਦੌਰਾਨ ਪੰਜਾਬ 'ਚ 30 ਹਜ਼ਾਰ ਕਾਂਗਰਸੀਆਂ 'ਤੇ ਪਰਚੇ ਦਰਜ ਹੋਏ ਹਨ ਤੇ ਬੱਸ ਕਾਂਗਰਸ ਦੀ ਸਰਕਾਰ ਆਉਣ ਦਿਓ, ਮੈਂ ਇਨ੍ਹਾਂ ਸਾਰਿਆਂ ਨੂੰ ਪੁੱਠੇ ਟੰਗਾਂਗਾ ਜਿਨ੍ਹਾਂ ਅਕਾਲੀ ਤੇ ਪੁਲੀਸ ਅਫਸਰਾਂ ਨੇ ਇਹ ਕੇਸ ਦਰਜ ਕੀਤੇ ਜਾਂ ਕਰਵਾਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 44 ਲੱਖ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਕਿਸਾਨਾਂ ਦੀ ਪ੍ਰਤੀ ਏਕੜ ਆਮਦਨੀ ਵਧਾਉਣ, ਕਰਜ਼ੇ 'ਚ ਫਸੇ ਕਿਸਾਨਾਂ ਨੂੰ ਰਾਹਤ ਦੇਣ, ਡੁੱਬਦੇ ਉਦਯੋਗਾਂ ਨੂੰ ਸਹਾਰਾ ਦੇਣ, ਗਰੀਬਾਂ ਲਈ ਭਲਾਈ ਸਕੀਮਾਂ ਚਲਾਉਣ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ ਅਕਾਲੀ ਸਿੱਖ ਹੋਣ ਦਾ ਮਹਿਜ਼ ਵਿਖਾਵਾ ਕਰਦੇ ਹਨ ਤੇ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਾ ਪਾਰਟੀ ਕਰਾਰ ਦਿੰਦੇ ਹਨ ਪਰ ਦੋਵੇਂ ਬਾਦਲਾਂ ਨੂੰ ਸ਼੍ਰੋਮਣੀ ਕਮੇਟੀ ਤੇ ਸਾਧ-ਸੰਗਤ ਦਾ ਪੈਸਾ ਹੜੱਪਣ ਤੋਂ ਬਿਨਾਂ ਕੋਈ ਕੰਮ ਨਹੀਂ। ਬੀਬੀ ਭੱਠਲ ਨੇ ਅਕਾਲੀਆਂ ਨੂੰ ਵੰਗਾਰਦਿਆਂ ਕਿਹਾ ਕਿ ਚੋਣਾਂ 'ਚ ਅਕਾਲੀ ਆਗੂਆਂ ਵਾਂਗ ਹੀ ਕਥਿਤ ਤੌਰ 'ਤੇ 'ਧੱਕੇਸ਼ਾਹੀਆਂ' ਕਾਂਗਰਸ ਪਾਰਟੀ ਵੱਲੋਂ ਵੀ ਜਾਰੀ ਰੱਖੀਆਂ ਜਾਣਗੀਆਂ। ਕੈਪਟਨ ਨੇ ਕਿਹਾ ਕਿ ਪਿਛਲੇ ਚਾਰ ਸਾਲ 'ਚ ਨਾ ਕੋਈ ਵਿਕਾਸ ਹੋਇਆ ਤੇ ਨਾ ਅਗਲੇ 10 ਮਹੀਨੇ ਵਿਚ ਹੋਣਾ ਹੈ ਕਿਉਂਕਿ ਇਸ ਵੇਲੇ ਪੰਜਾਬ ਦੇ ਖ਼ਜ਼ਾਨੇ ਵਿਚ ਇਕ ਹਜ਼ਾਰ ਕਰੋੜ ਰੁਪਏ ਦੀਆਂ ਦੇਣਦਾਰੀਆਂ ਦੇ ਬਿੱਲ ਰੁਕੇ ਪਏ ਹਨ। ਮੌਜੂਦਾ ਸਰਕਾਰ ਕੋਲ ਇਨ੍ਹਾਂ ਬਿੱਲਾਂ ਦੇ ਭੁਗਤਾਨ ਲਈ ਇਕ ਫੁੱਟੀ ਕੌਡੀ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਬਾਦਲ ਜਿਹੜੇ ਵਿਕਾਸ ਦੇ ਮੁੱਦੇ 'ਤੇ ਵੋਟਾਂ ਮੰਗਣ ਦਾ ਦਾਅਵਾ ਕਰ ਰਹੇ ਹਨ, ਚੰਗਾ ਹੈ ਕਿ ਜੇ ਬਾਦਲ ਪਰਿਵਾਰ ਲੋਕਾਂ ਤੋਂ ਵੋਟਾਂ ਮੰਗ ਕੇ ਮੂੰਹ ਦੀ ਖਾਣ ਦੀ ਬਜਾਏ ਘਰ ਬੈਠ ਜਾਏ ਵਰਨਾ ਉਨ੍ਹਾਂ ਨੂੰ ਲੋਕਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਬਾਦੀ ਇਸ ਵੇਲੇ 2.4 ਕਰੋੜ ਹੈ ਜਦੋਂਕਿ ਇੱਥੇ ਇਸ ਵੇਲੇ 44 ਲੱਖ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਘੁੰਮ ਰਹੇ ਹਨ। ਕਾਂਗਰਸ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਪੰਜਾਬ 'ਚ ਨਵੀਂ ਨੀਤੀ ਲੈ ਕੇ ਆਵੇਗੀ। ਕੈਪਟਨ ਨੇ ਕਿਹਾ ਹੈ ਕਿ ਉਹ ਟਕਰਾਅ ਦੀ ਰਾਜਨੀਤੀ ਵਿਚ ਵਿਸ਼ਵਾਸ ਨਹੀਂ ਰੱਖਦੇ ਪਰ ਜਿਨ੍ਹਾਂ ਕਾਂਗਰਸੀ ਆਗੂਆਂ ਤੇ ਵਰਕਰਾਂ ਖ਼ਿਲਾਫ਼ ਅਕਾਲੀ-ਭਾਜਪਾ ਸਰਕਾਰ ਜ਼ਿਆਦਤੀਆਂ ਤੇ ਧੱਕੇਸ਼ਾਹੀ ਕਰ ਰਹੀ ਹੈ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਵਚਨਬੱਧ ਹਾਂ।



## ਹਿਮਾਚਲ ਦੇ ਸਕੂਲਾਂ 'ਚ ਚਮੜੇ ਦੀ ਜੁੱਤੀ 'ਤੇ ਪਾਬੰਦੀ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਵਿਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਕੂਲ ਵਿਚ ਚਮੜੇ ਦੀ ਜੁੱਤੀ ਨਾ ਪਾ ਕੇ ਆਉਣ ਲਈ ਕਿਹਾ ਗਿਆ ਹੈ। ਇਹ ਫੈਸਲਾ ਚਮੜੇ ਦੀ ਜੁੱਤੀ ਦੇ ਵਾਤਾਵਰਣ 'ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਕਾਰਨ ਇਹ ਫ਼ੈਸਲਾ ਲਿਆ ਗਿਆ ਹੈ।

ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਸਾਰੇ ਸਕੂਲਾਂ ਵਿਚੋਂ ਚਮੜੇ ਦੀ ਜੁੱਤੀ ਨੂੰ ਹਟਾ ਦਿੱਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਵਿਚ 15 ਹਜ਼ਾਰ ਤੋਂ ਜ਼ਿਆਦਾ ਪ੍ਰਾਇਮਰੀ ਅਤੇ ਹਾਈ ਸਕੂਲ ਹਨ ਜਿਨ੍ਹਾਂ ਵਿਚ ਤਕਰੀਬਨ 10 ਲੱਖ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ।

## ਕੇਂਦਰ ਵੱਲੋਂ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਨੂੰ ਪ੍ਰਵਾਨਗੀ

**ਅੰਮ੍ਰਿਤਸਰ:** ਭਾਰਤ ਸਰਕਾਰ ਦੇ ਮਾਨਵ ਸਰੋਤ ਵਿਕਾਸ ਮੰਤਰਾਲੇ ਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 47 ਕਰੋੜ ਰੁਪਏ ਦੀ ਲਾਗਤ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਅਧਿਐਨ ਕੇਂਦਰ ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਹ ਵਿਸ਼ਵ 'ਚ ਆਪਣੀ ਕਿਸਮ ਦਾ ਇਕੋ-ਇਕ ਖੋਜ ਕੇਂਦਰ ਹੋਵੇਗਾ ਜੋ ਇਸ ਵਰ੍ਹੇ ਤੋਂ ਆਪਣਾ ਕੰਮ ਅਰੰਭ ਦੇਵੇਗਾ। ਇਸ ਵਿਚ ਵਿਸ਼ਵ ਪੱਧਰ ਦੀ ਲਾਇਬਰੇਰੀ ਵੀ ਕਾਇਮ ਕੀਤੀ ਜਾਵੇਗੀ ਜਿਸ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਹਰੇਕ ਦਸਤਾਵੇਜ਼ ਦਾ ਸੰਗ੍ਰਹਿ ਹੋਵੇਗਾ। ਇਸ ਦਾ ਪੂਰਾ ਖਰਚਾ ਯੂ.ਜੀ.ਸੀ. ਤੇ ਮਾਨਵੀ ਸਰੋਤ ਵਿਕਾਸ ਮੰਤਰਾਲੇ ਵੱਲੋਂ ਦਿੱਤਾ ਜਾਵੇਗਾ। ਯੂ.ਜੀ.ਸੀ. ਵੱਲੋਂ ਇਕ ਕਰੋੜ ਰੁਪਏ ਦੀ ਗ੍ਰਾਂਟ ਮਨਜ਼ੂਰ ਕੀਤੀ ਗਈ ਹੈ।

ਇਸ ਸੈਂਟਰ ਦੀ ਸਥਾਪਨਾ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 400 ਸਾਲਾ ਜਸ਼ਨ ਮੌਕੇ ਐਲਾਨ ਕੀਤਾ ਗਿਆ ਸੀ। ਸੈਂਟਰ ਲਈ ਅਕਾਦਮਿਕ ਪ੍ਰੋਗਰਾਮ ਬਣਾਉਣ ਲਈ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਵੱਲੋਂ ਸਲਾਹਕਾਰ ਕਮੇਟੀ ਕਾਇਮ ਕੀਤੀ ਜਾਵੇਗੀ। ਇਹ ਸੈਂਟਰ ਅੰਤਰ ਧਰਮ ਸਮਝ ਲਈ ਵੱਡਾ ਪਲੇਟਫਾਰਮ ਮੁਹੱਈਆ ਕਰੇਗਾ, ਜਿਸ ਲਈ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਗੋਸ਼ਟੀਆਂ ਅਤੇ ਸੈਮੀਨਾਰ ਕਰਵਾਏ ਜਾਣਗੇ। ਇਹ ਸੈਂਟਰ ਖੋਜ ਕਾਰਜ 'ਚ ਪੂਰੀ ਤਰ੍ਹਾਂ ਆਜ਼ਾਦ ਹੋਵੇਗਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਚੰਗਾ ਗਿਆਨ ਰੱਖਣ ਵਾਲਾ ਵਿਦਵਾਨ ਇਸ ਦਾ ਮੁਖੀ ਹੋਵੇਗਾ।

# ਖੇਤੀ ਨੂੰ ਹੁਣ ਸਨਅਤੀ ਤੇ ਸੇਵਾ ਖੇਤਰ ਵੱਲ ਮੋੜਨਾ ਪਵੇਗਾ

**ਗੋਬਿੰਦ ਠੁਕਰਾਲ**

ਜਦੋਂ ਦਾ ਭਾਰਤ ਨੇ ਵਿਕਾਸ ਦਾ ਨਵ-ਉਦਾਰਵਾਦੀ ਆਰਥਿਕ ਮਾਡਲ ਅਪਨਾਇਆ ਹੈ, ਉਦੋਂ ਤੋਂ ਜਿਸ ਖੇਤਰ ਨੂੰ ਲਗਭਗ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਉਹ ਹੈ ਖੇਤੀ। ਇਸ ਖੇਤਰ ਵਿਚ 1991 ਤੋਂ ਲੈ ਕੇ ਜਨਤਕ ਨਿਵੇਸ਼ ਹੇਠਾਂ ਵੱਲ ਹੀ ਗਿਆ ਹੈ। ਖੇਤੀ ਖੇਤਰ ਦੀਆਂ ਬਦਲੀਆਂ ਲੋੜਾਂ ਅਨੁਸਾਰ ਖੇਤੀ ਖੋਜ ਵਿਚ ਤੇਜ਼ੀ ਨਹੀਂ ਆ ਰਹੀ। ਖ਼ਾਸ ਕਰਕੇ ਪੰਜਾਬ, ਹਰਿਆਣਾ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਰਗੇ ਖੇਤੀ ਪ੍ਰਧਾਨ ਸੂਬਿਆਂ ਦੇ ਕਿਸਾਨ ਖ਼ੁਦਕੁਸ਼ੀਆਂ ਦੇ ਰਾਹ ਹੋ ਤੁਰੇ ਹਨ। ਭਾਰੀ ਕਰਜ਼ੇ ਕਾਰਨ ਇਹ ਉਨ੍ਹਾਂ ਦੀ ਮਾਯੂਸੀ ਹੈ। ਪੰਜਾਬ ਤੇ ਹਰਿਆਣਾ ਦੇ ਨਾਲ-ਨਾਲ ਦੇਸ਼ ਦੇ ਹੋਰ ਕਈ ਹਿੱਸਿਆਂ ਵਿਚ ਖੇਤੀਯੋਗ ਰਕਬਾ ਸੁੰਗੜ ਰਿਹਾ ਹੈ। ਬਹੁਤ ਸਾਰੇ ਕਿਸਾਨਾਂ ਨੇ ਆਪਣੇ ਖਾਨਦਾਨੀ ਖੇਤੀ ਦੇ ਧੰਦੇ ਨੂੰ ਛੱਡ ਦਿੱਤਾ ਹੈ। ਇਕੱਲੇ ਪੰਜਾਬ ਵਿਚ ਹੀ ਤਕਰੀਬਨ 12 ਲੱਖ ਕਿਸਾਨ ਖੇਤੀਬਾੜੀ ਛੱਡ ਚੁੱਕੇ ਹਨ।

ਦੂਜੇ ਪਾਸੇ ਕਿਸਾਨ ਸਾਰੇ ਉਪਲਬੱਧ ਪਾਣੀ ਦੇ ਸੋਮਿਆਂ ਤੋਂ ਵੱਡੀ ਮਿਕਦਾਰ ਵਿਚ ਪਾਣੀ ਖੇਤੀ ਲਈ ਵਰਤਦੇ ਰਹੇ ਹਨ ਅਤੇ ਰਸਾਇਣਿਕ ਖਾਦਾਂ ਤੇ ਕੀਟਨਾਸ਼ਕ-ਨਦੀਨਨਾਸ਼ਕ ਰਸਾਇਣ ਵੱਡੀ ਪੱਧਰ 'ਤੇ ਫਸਲਾਂ ਨੂੰ ਪਾਉਂਦੇ ਰਹੇ ਹਨ। ਇਸ ਨਾਲ ਜ਼ਮੀਨ ਦੀ ਗੁਣਵੱਤਾ ਤੇ ਹੋਂਦ, ਦੋਵਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਲਈ ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੂਜੇ ਹਰੇ ਇਨਕਲਾਬ ਦੀ ਸ਼ੁਰੂਆਤ ਦਾ ਐਲਾਨ ਕਰਦੇ ਹਨ ਤਾਂ ਉਨ੍ਹਾਂ 'ਤੇ ਬੰਦਾ ਤਰਸ ਹੀ ਕਰ ਸਕਦਾ ਹੈ। ਇਨਕਲਾਬ ਸਵਰਗ ਤੋਂ ਨਹੀਂ ਉਤਰਦੇ। ਇਨ੍ਹਾਂ ਲਈ ਢੇਰ ਸਾਰੀਆਂ ਕੋਸ਼ਿਸ਼ਾਂ ਤੇ ਔਖਿਆਈਆਂ ਨਾਲ ਕਈ ਸਾਲ ਲਾ ਕੇ ਯੋਜਨਾਬੰਦੀ ਕੀਤੀ ਜਾਂਦੀ ਹੈ। ਇਸ ਸਾਂਝੇ ਪ੍ਰਗਤੀਸ਼ੀਲ ਮੋਰਚਾ ਸਰਕਾਰ ਵਿਚ ਹੀ ਭ੍ਰਿਸ਼ਟਾਚਾਰ ਦੇ ਸਭ ਤੋਂ ਵੱਡੇ ਮਾਮਲੇ ਸਾਹਮਣੇ ਆਏ ਹਨ ਅਤੇ ਇਹ ਦਲਿੱਦਰੀ ਥਕਾਵਟ ਤੇ ਅਸਮਰੱਥਾ ਦਾ ਸ਼ਿਕਾਰ ਹੈ। ਉਹ ਮੌਨਸੈਂਟੋ ਵਰਗੀਆਂ ਬਹੁਕੌਮੀ ਕੰਪਨੀਆਂ ਨੂੰ ਇਜਾਜ਼ਤ ਦੇ ਕੇ ਅਤੇ ਮੰਡੀ ਪ੍ਰਣਾਲੀ ਖ਼ਤਮ ਕਰਕੇ ਭਾਰਤੀ ਖੇਤੀ ਖੇਤਰ ਨੂੰ ਅਮਰੀਕੀ ਕੰਪਨੀਆਂ ਦੇ ਹਵਾਲੇ ਕਰਨ ਲਈ ਆਪਣੀ ਵਾਹ ਲਾ ਸਕਦੀ ਹੈ।

ਇਸ ਲਈ ਇਹ ਗੱਲ ਅਸੰਗਤ ਨਹੀਂ ਜਾਪਦੀ ਕਿ ਪੰਜਾਬ ਜੋ ਅਨਾਜ ਦੇ ਕੇਂਦਰੀ ਪੂਲ 'ਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਰਾਜ ਹੈ, ਦੀ ਵਿਕਾਸ ਦਰ 2009-10 ਵਿਚ ਮਹਿਜ਼ 0.17 ਫ਼ੀਸਦੀ ਰਹੀ। ਇਹ ਦੇਸ਼ ਦੀ ਔਸਤਨ ਦਰ ਨਾਲੋਂ ਮਾਮੂਲੀ ਹੀ ਵੱਧ ਹੈ, ਪਰ ਇਹ ਕੋਈ ਧਰਵਾਸ ਵਾਲੀ ਗੱਲ ਨਹੀਂ ਹੈ। ਕੀ 11ਵੀਂ ਪੰਜ ਸਾਲਾ ਯੋਜਨਾ (2007-12) ਅਧੀਨ ਖੇਤੀ ਖੇਤਰ ਲਈ ਮਿਥਿਆ 2.4 ਫ਼ੀਸਦੀ ਵਿਕਾਸ ਦਰ ਦਾ ਟੀਚਾ ਪ੍ਰਾਪਤ ਕੀਤਾ ਜਾ ਸਕੇਗਾ?

> ***ਪੰਜਾਬ ਤੇ ਹਰਿਆਣਾ ਦੇ ਨਾਲ-ਨਾਲ ਦੇਸ਼ ਦੇ ਹੋਰ ਕਈ ਹਿੱਸਿਆਂ ਵਿਚ ਖੇਤੀਯੋਗ ਰਕਬਾ ਸੁੰਗੜ ਰਿਹਾ ਹੈ। ਬਹੁਤ ਸਾਰੇ ਕਿਸਾਨਾਂ ਨੇ ਆਪਣੇ ਖਾਨਦਾਨੀ ਖੇਤੀ ਦੇ ਧੰਦੇ ਨੂੰ ਛੱਡ ਦਿੱਤਾ ਹੈ। ਇਕੱਲੇ ਪੰਜਾਬ ਵਿਚ ਹੀ ਤਕਰੀਬਨ 12 ਲੱਖ ਕਿਸਾਨ ਖੇਤੀਬਾੜੀ ਛੱਡ ਚੁੱਕੇ ਹਨ।***

ਤਾਜ਼ਾ ਅੰਦਾਜ਼ਿਆਂ ਅਨੁਸਾਰ ਪੰਜਾਬ ਦੇ ਕੁੱਲ ਰਾਜ ਘਰੇਲੂ ਉਤਪਾਦਨ ਵਿਚ ਮੁਢਲੇ ਖੇਤਰ ਦਾ ਯੋਗਦਾਨ 30 ਫ਼ੀਸਦੀ ਬਣਦਾ ਹੈ ਜਿਸ ਵਿਚੋਂ ਖੇਤੀ ਖੇਤਰ ਦਾ ਯੋਗਦਾਨ ਤਕਰੀਬਨ 23 ਫ਼ੀਸਦੀ ਅਤੇ ਇਸ ਦੇ ਸਹਾਇਕ ਧੰਦਿਆਂ ਜਿਵੇਂ ਪਸ਼ੂ ਪਾਲਣ, ਮੁਰਗੀ ਪਾਲਣ ਆਦਿ ਦਾ ਯੋਗਦਾਨ ਸੱਤ ਫ਼ੀਸਦੀ ਹੈ। ਖੇਤੀ ਖੇਤਰ ਵਿਚ ਵੀ 23 ਫ਼ੀਸਦੀ 'ਚੋਂ 16 ਫ਼ੀਸਦੀ ਯੋਗਦਾਨ ਤਿੰਨ ਮੁੱਖ ਫਸਲਾਂ ਕਣਕ, ਝੋਨਾ ਤੇ ਕਪਾਹ ਦਾ ਹੁੰਦਾ ਹੈ। ਸੂਬੇ 'ਚ ਖੇਤੀ ਵੰਨ-ਸੁਵੰਨਤਾ ਲਿਆਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੋ ਗਈਆਂ ਹਨ।

ਪੰਜਾਬ ਦਾ ਖੇਤੀ ਵਿਕਾਸ ਦੋ ਕਾਰਨਾਂ 'ਤੇ ਨਿਰਭਰ ਕਰਦਾ ਹੈ-ਘੱਟੋ-ਘੱਟ ਖਰੀਦ ਕੀਮਤ ਅਤੇ ਮੌਸਮ। ਗੁਜਰਾਤ ਤੇ ਬਿਹਾਰ ਵਰਗੇ ਰਾਜਾਂ ਤੋਂ ਉਲਟ, ਪੰਜਾਬ ਦਾ ਆਧਾਰ ਪਹਿਲਾਂ ਹੀ ਉਚਾ ਹੈ। ਵਿਕਾਸ ਦਰ ਤਿੰਨ ਮੁੱਖ ਫਸਲਾਂ-ਕਣਕ, ਝੋਨੇ ਤੇ ਕਪਾਹ ਦੇ ਝਾੜ ਦੀ ਕੀਮਤ ਦੇ ਆਧਾਰ 'ਤੇ ਨਿਸਚਿਤ ਕੀਤੀ ਜਾਂਦੀ ਹੈ ਅਤੇ ਘੱਟੋ-ਘੱਟ ਖਰੀਦ ਮੁੱਲਾਂ ਰਾਹੀਂ ਵਧਾਈ ਜਾਂਦੀ ਹੈ। ਜਿਥੋਂ ਤੱਕ ਉਤਪਾਦਕਤਾ ਦਾ ਸਵਾਲ ਹੈ, ਪੰਜਾਬ ਦੀ ਖੇਤੀ ਵਾਲੀ ਜ਼ਮੀਨ ਦੀ ਉਪਜਾਊ ਸ਼ਕਤੀ ਗੰਭੀਰ ਅਵਸਥਾ 'ਤੇ ਪੁੱਜ ਚੁੱਕੀ ਹੈ ਅਤੇ ਹੁਣ ਮੌਸਮੀ ਤਬਦੀਲੀ ਹੀ ਹੈ ਜਿਸ ਨੂੰ ਉਤਪਾਦਨ 'ਚ ਵਾਧੇ-ਘਾਟੇ ਦਾ ਆਧਾਰ ਮੰਨਿਆ ਜਾਂਦਾ ਹੈ। ਇਹ ਹਾਲਤ ਕਾਫੀ ਤਰਸਯੋਗ ਹੈ।

ਜੇਕਰ ਇਨ੍ਹਾਂ ਕਾਰਕਾਂ ਦਾ ਇਕ-ਦੂਜੇ 'ਤੇ ਪ੍ਰਭਾਵ ਚੰਗਾ ਨਹੀਂ ਹੈ ਤਾਂ ਨਤੀਜਾ ਨਾਂਹ-ਪੱਖੀ ਹੀ ਨਿਕਲੇਗਾ। ਜਦੋਂ ਇਨ੍ਹਾਂ ਤਿੰਨ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਪਹਿਲੇ ਸਾਲਾਂ ਵਿਚ ਤੇਜ਼ੀ ਨਾਲ ਵਧਿਆ ਸੀ ਜਿਸ ਨੇ 2009-10 ਵਿਚ ਵਿਕਾਸ ਦਰ 3 ਫ਼ੀਸਦੀ ਤੋਂ ਵੀ ਵਧਾ ਦਿੱਤੀ ਸੀ, ਤਾਂ ਇਹ ਵਾਧਾ ਵਿਹਾਰਕ ਨਹੀਂ ਸੀ। 2008-09 ਵਿਚ ਕਣਕ ਨੂੰ ਉਚੇ ਤਾਪਮਾਨ ਨੇ ਮਾਰ ਲਿਆ ਤੇ ਕਪਾਹ ਨੂੰ ਬੇਮੌਸਮੀ ਮੀਂਹ ਨੇ ਮਾਰ ਲਿਆ। ਜਿਥੋਂ ਤੱਕ ਸਾਉਣੀ ਦਾ ਸਬੰਧ ਹੈ, ਘੱਟ ਵਰਖਾ ਦੇ ਬਾਵਜੂਦ ਇਸ ਵਿਚ ਝੋਨੇ ਦੀ ਭਰਵੀਂ ਫਸਲ ਹੋਈ। ਮੁੱਖ ਤੌਰ 'ਤੇ ਅਜਿਹਾ ਬਾਸਮਤੀ ਹੇਠ ਰਕਬੇ 'ਚ ਹੋਏ ਜ਼ਿਕਰਯੋਗ ਵਾਧੇ ਕਾਰਨ ਹੋਇਆ। 2009-10 ਵਿਚ ਭਾਵੇਂ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 100 ਰੁਪਏ ਪ੍ਰਤੀ ਕੁਇੰਟਲ ਵਧਾਇਆ ਪਰ ਕਣਕ ਦਾ 80 ਰੁਪਏ ਪ੍ਰਤੀ ਕੁਇੰਟਲ ਹੀ ਵਧਾਇਆ ਗਿਆ। 2003-04 ਅਤੇ 2008-09 ਦੇ ਅਰਸੇ ਵਿਚ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 550 ਰੁਪਏ ਤੋਂ 850 ਰੁਪਏ ਪ੍ਰਤੀ ਕੁਇੰਟਲ ਵਧਿਆ, ਕਪਾਹ ਦਾ 1725-1925 ਰੁਪਏ ਤੋਂ 2500-3000 ਰੁਪਏ ਪ੍ਰਤੀ ਕੁਇੰਟਲ ਤੇ ਕਣਕ ਦਾ ਸਮਰਥਨ ਮੁੱਲ 2004-05 ਤੋਂ 2008-09 ਦੇ ਅਰਸੇ ਵਿਚ 640 ਰੁਪਏ ਤੋਂ 1000 ਰੁਪਏ ਪ੍ਰਤੀ ਕੁਇੰਟਲ ਵਧਿਆ।

ਕਿਸਾਨ ਤੇ ਸਰਕਾਰ ਇਸ ਸਾਲ ਹਾਂ-ਪੱਖੀ ਉਮੀਦਾਂ ਲਾਈ ਬੈਠੇ ਹਨ ਕਿ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਯੋਜਨਾ ਕਮਿਸ਼ਨ ਵੱਲੋਂ ਖੇਤੀ ਵਿਚ 2.4 ਫ਼ੀਸਦੀ ਦਾ ਮਿਥਿਆ ਗਿਆ ਵਿਕਾਸ ਦਰ ਦਾ ਟੀਚਾ ਪੂਰਾ ਕਰ ਲਿਆ ਜਾਏਗਾ, ਪਰ ਇਹ ਆਰਜ਼ੀ ਲੇਖੇ-ਜੋਖੇ ਹਨ। 2010-11 ਵਿਚ ਕਪਾਹ ਦੀ ਫਸਲ ਤੇ ਕੀਮਤ ਦੋਵੇਂ ਚੰਗੀਆਂ ਸਨ ਅਤੇ ਇਸੇ ਤਰ੍ਹਾਂ ਹਾੜ੍ਹੀ ਦੀ ਫਸਲ ਦੇ ਮਾਮਲੇ 'ਚ ਸੀ। ਝੋਨੇ ਦਾ ਝਾੜ ਇੰਨਾ ਜ਼ਿਆਦਾ ਨਹੀਂ ਨਿਕਲਿਆ। ਧਿਆਨ ਦੇਣ ਯੋਗ ਗੱਲ ਇਹ ਹੈ ਕਿ 11ਵੀਂ ਪੰਜ ਸਾਲਾ ਯੋਜਨਾ ਵਿਚ ਸਾਲਾਨਾ ਖੇਤੀ ਵਿਕਾਸ ਦਰ 4 ਫ਼ੀਸਦੀ ਹਾਸਲ ਕਰਨ ਦਾ ਕੌਮੀ ਟੀਚਾ ਮਿਥਿਆ ਗਿਆ ਹੈ।

ਪੰਜਾਬ ਕਿਸਾਨ ਕਮਿਸ਼ਨ ਚਾਹੁੰਦਾ ਹੈ ਕਿ ਪੰਜਾਬ ਨੂੰ ਇਸ ਭਿਆਨਕ ਹਾਲਤ 'ਚੋਂ ਕੱਢਣ ਲਈ ਇਸ ਨੂੰ ਵੱਡੇ ਪੱਧਰ 'ਤੇ ਤਕਨਾਲੋਜੀ ਮੁਹੱਈਆ ਕਰਵਾਈ ਜਾਵੇ ਤੇ ਇਸ ਵਿਚ ਖੇਤੀ ਵੰਨ-ਸੁਵੰਨਤਾ ਲਿਆਂਦੀ ਜਾਵੇ। ਕੋਈ ਵੀ ਕਮਿਸ਼ਨ ਦੀ ਆਵਾਜ਼ ਸੁਣਦਾ ਨਹੀਂ ਜਾਪਦਾ। ਕਿੰਨਾ ਚਿਰ ਤੱਕ ਪੰਜਾਬ ਦਾ ਖੇਤੀ ਵਿਕਾਸ ਇਸ ਦੀਆਂ ਤਿੰਨ ਮੁੱਖ ਫਸਲਾਂ ਤੇ ਇਨ੍ਹਾਂ ਦੇ ਝਾੜ 'ਤੇ ਪੂਰੀ ਤਰ੍ਹਾਂ ਨਿਰਭਰ ਕਰਦਾ ਰਹੇਗਾ?

ਪਹਿਲਾਂ ਹੀ ਕਿਸਾਨਾਂ ਨੂੰ ਇਨ੍ਹਾਂ ਫਸਲਾਂ ਦੇ ਮਿਲਦੇ ਬੀਜਾਂ ਦੀਆਂ ਕਿਸਮਾਂ ਤੋਂ 85 ਤੋਂ 90 ਫ਼ੀਸਦੀ ਝਾੜ ਹਾਸਲ ਹੋ ਰਿਹਾ ਹੈ। ਅਜਿਹੀ ਖੜੋਤ ਦੀ ਅਵਸਥਾ ਤੋਂ ਬਾਅਦ ਵਧੇਰੇ ਝਾੜ ਦੀ ਕੀ ਸੰਭਾਵਨਾ ਰਹਿ ਜਾਂਦੀ ਹੈ? ਖੇਤੀ ਤਕਨਾਲੋਜੀ ਨੂੰ ਸੁਧਾਰਨ ਤੇ ਝਾੜ ਵਧਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। 'ਖੇਤੀ ਵੰਨ-ਸੁਵੰਨਤਾ' ਸਿਆਸਤਦਾਨਾਂ ਦਾ ਸਿਰਫ ਜੋਸ਼-ਵਧਾਊ ਨਾਅਰਾ ਹੀ ਹੈ ਤੇ ਬਿਹਤਰ ਵਿਕਾਸ ਦਰ ਲਈ ਵੰਨ-ਸੁਵੰਨਤਾ ਸਿਰਫ਼ ਖੇਤੀ 'ਚ ਹੀ ਨਹੀਂ, ਸਗੋਂ ਸੂਬੇ ਦੀ ਅਰਥ-ਵਿਵਸਥਾ 'ਚ ਵੀ ਆਉਣੀ ਚਾਹੀਦੀ ਹੈ। ਪੰਜਾਬ ਵਿਚ 10 ਲੱਖ ਤੋਂ ਵਧੇਰੇ ਕਾਸ਼ਤਕਾਰਾਂ 'ਚੋਂ 32 ਫ਼ੀਸਦੀ ਕਾਸ਼ਤਕਾਰ ਅਜਿਹੇ ਹਨ ਜਿਨ੍ਹਾਂ ਕੋਲ ਪੰਜ ਏਕੜ ਤੋਂ ਵੀ ਘੱਟ ਜ਼ਮੀਨ ਹੈ। ਇਸ ਪ੍ਰਸੰਗ ਵਿਚ ਹੁਣ ਪੰਜਾਬ ਨੂੰ ਹਰਿਆਣੇ ਵਾਲਾ ਰਾਹ ਅਖ਼ਤਿਆਰ ਕਰਨਾ ਚਾਹੀਦਾ ਹੈ। ਯਾਦ ਰਹੇ ਕਿ ਹਰਿਆਣਾ ਨੇ ਖੇਤੀ ਨੂੰ ਸਨਅਤੀ ਤੇ ਸੇਵਾ ਖੇਤਰ ਵੱਲ ਕਾਮਯਾਬੀ ਨਾਲ ਮੋੜਿਆ ਹੈ।

## ਰੂਸੀ ਔਰਤ ਨਾਲ ਸਬੰਧਾਂ ਕਾਰਨ ਜਲ ਸੈਨਾ ਕਮਾਂਡਰ ਦੀ ਛੁੱਟੀ

**ਨਵੀਂ ਦਿੱਲੀ:** ਰੱਖਿਆ ਮੰਤਰੀ ਏ.ਕੇ. ਐਂਟਨੀ ਵੱਲੋਂ ਜਲ ਸੈਨਾ ਦੇ ਸੀਨੀਅਰ ਅਫ਼ਸਰ ਕਮਾਂਡਰ ਸੁਖਜਿੰਦਰ ਸਿੰਘ ਨੂੰ ਰੂਸੀ ਔਰਤ ਨਾਲ ਸਰੀਰਕ ਸਬੰਧਾਂ ਕਾਰਨ ਬਰਖ਼ਾਸਤ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ 2005-07 ਦੌਰਾਨ ਸੁਖਜਿੰਦਰ ਸਿੰਘ ਮਾਸਕੋ 'ਚ ਐਡੀਮਰਲ ਗੋਰਸ਼ਕੋਵ ਜਹਾਜ਼ ਦੀ ਮੁਰੰਮਤ ਲਈ ਗਈ ਭਾਰਤੀ ਟੀਮ ਦੇ ਮੁਖੀ ਵਜੋਂ ਗਏ ਸਨ। ਉਸ ਦੌਰਾਨ ਉਨ੍ਹਾਂ ਦੇ ਰੂਸੀ ਔਰਤ ਨਾਲ ਸਬੰਧ ਬਣ ਗਏ। ਉਨ੍ਹਾਂ ਦੇ ਸਬੰਧਾਂ ਦਾ ਖ਼ੁਲਾਸਾ ਅਪਰੈਲ 2010 ਵਿਚ ਉਦੋਂ ਹੋਇਆ ਜਦੋਂ ਉਨ੍ਹਾਂ ਦੀਆਂ ਉਸ ਮਹਿਲਾ ਨਾਲ ਇਤਰਾਜ਼ਯੋਗ ਤਸਵੀਰਾਂ ਰੱਖਿਆ ਮੰਤਰਾਲੇ ਦੇ ਧਿਆਨ 'ਚ ਆਈਆਂ। ਇਹ ਤਸਵੀਰਾਂ ਮਿਲਣ ਤੋਂ ਪਿਛੋਂ ਜਲ ਸੈਨਾ ਨੇ ਕਮਾਂਡਰ ਸੁਖਜਿੰਦਰ ਸਿੰਘ ਖ਼ਿਲਾਫ਼ ਜਾਂਚ ਦੇ ਹੁਕਮ ਦਿੱਤੇ ਗਏ ਸਨ। ਜਾਂਚ ਮੁਕੰਮਲ ਹੋਣ ਮਗਰੋਂ ਇਹ ਰਿਪੋਰਟ ਕਾਰਵਾਈ ਲਈ ਰੱਖਿਆ ਮੰਤਰਾਲੇ ਨੂੰ ਭੇਜੀ ਗਈ ਸੀ।

ਰੂਸ ਤੋਂ ਵਾਪਸ ਆਉਣ ਮਗਰੋਂ ਵੀ ਸ੍ਰੀ ਸਿੰਘ 2009 ਤਕ ਗੋਰਸ਼ਕੋਵ ਪ੍ਰਾਜੈਕਟ ਨਾਲ ਪ੍ਰਿੰਸੀਪਲ ਡਾਇਰੈਕਟਰ ਵਜੋਂ ਜੁੜੇ ਰਹੇ। ਬਾਅਦ 'ਚ ਉਨ੍ਹਾਂ ਨੂੰ ਇਸ ਪ੍ਰਾਜੈਕਟ ਤੋਂ ਹਟਾ ਦਿੱਤਾ ਗਿਆ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Quik Signs
Signs • Graphics • Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ, ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi

*661-703-8795
tanjit5020@yahoo.com
*661-900-7357
manmit5020@yahoo.com
WWW.QUIKSIGNS.US

# ਖ਼ੁਫ਼ੀਆ ਏਜੰਸੀਆਂ ਵੱਲੋਂ ਡੇਰਿਆਂ ਖ਼ਿਲਾਫ਼ ਸ਼ਿਕੰਜਾ ਕੱਸਣ ਦੀ ਤਿਆਰੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਕਰਮਾਪਾ ਦੇ ਮੱਠ ਤੋਂ ਕਰੋੜਾਂ ਰੁਪਏ ਦੀ ਵਿਦੇਸ਼ੀ ਕਰੰਸੀ ਬਰਾਮਦ ਹੋਣ ਪਿਛੋਂ ਹੁਣ ਖ਼ੁਫ਼ੀਆ ਏਜੰਸੀਆਂ ਦੀ ਅੱਖ ਪੰਜਾਬ ਤੇ ਹਰਿਆਣੇ ਦੇ ਧਾਰਮਿਕ ਡੇਰਿਆਂ 'ਤੇ ਹੈ। ਪੰਜਾਬ 'ਚ ਤਕਰੀਬਨ 750 ਤੋਂ ਉਪਰ ਛੋਟੇ-ਵੱਡੇ ਡੇਰੇ ਹਨ ਤੇ ਇਨ੍ਹਾਂ 'ਚੋਂ 120 ਡੇਰਿਆਂ 'ਤੇ ਤਾਂ ਹਮੇਸ਼ਾ ਹੀ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਹੈ। ਪੰਜਾਬ ਦੇ ਕੁਝ ਡੇਰਾ ਮੁਖੀਆਂ ਨੇ ਕੁਝ ਹੀ ਸਮੇਂ 'ਚ ਕਰੋੜਾਂ ਰੁਪਏ ਦੀ ਸੰਪਤੀ ਬਣਾ ਲਈ ਹੈ। ਖ਼ੁਫ਼ੀਆ ਏਜੰਸੀਆਂ ਹੁਣ ਇਹ ਜਾਨਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਇਨ੍ਹਾਂ ਡੇਰਾ ਮੁਖੀਆਂ ਕੋਲ ਆਖ਼ਰ ਇੰਨਾ ਪੈਸਾ ਕਿਵੇਂ ਤੇ ਕਿਥੋਂ ਆਇਆ ਤੇ ਉਹ ਕਿਸ ਢੰਗ ਤਰੀਕੇ ਨਾਲ ਦਾਨ ਪ੍ਰਾਪਤ ਕਰ ਰਹੇ ਹਨ।



ਧਰਮਸ਼ਾਲਾ ਵਿਚ ਗਿਓਟੋ ਮੱਠ ਦੀ ਇਕ ਤਸਵੀਰ ਜਿਥੋਂ ਕਰੰਸੀ ਮਿਲਣ ਪਿਛੋਂ ਖ਼ੁਫ਼ੀਆ ਏਜੰਸੀਆਂ ਸਰਗਰਮ ਹੋਈਆਂ।

ਕੁਝ ਖ਼ੁਫ਼ੀਆ ਅਧਿਕਾਰੀਆਂ ਦਾ ਕਹਿਣਾ ਹੈ ਕਿ ਡੇਰੇ ਦੀ ਆੜ 'ਚ ਕਿਸੇ ਅਪਰਾਧਿਕ ਗਤੀਵਿਧੀ ਦਾ ਪਤਾ ਲਾਉਣ ਲਈ ਵੀ ਦਿਸ਼ਾ ਨਿਰਦੇਸ਼ ਵੀ ਜਾਰੀ ਕਰ ਦਿੱਤੇ ਗਏ ਹਨ। ਦੱਸਣਯੋਗ ਹੈ ਕਿ ਦਾਨ ਦੇਣ ਵਾਲਿਆਂ 'ਚ ਸਭ ਤੋਂ ਵੱਧ ਗਿਣਤੀ ਐਨ.ਆਰ.ਆਈ. ਤੇ ਸਿਆਸੀ ਲੋਕਾਂ ਦੀ ਹੈ। ਇਸ ਤੋਂ ਇਲਾਵਾ ਕਈ ਡੇਰਿਆਂ 'ਤੇ ਸ਼ਰਧਾਲੂ ਦਿਲ ਖੋਲ੍ਹ ਕੇ ਚੜ੍ਹਾਵਾ ਚੜ੍ਹਾਉਂਦੇ ਹਨ। ਏਜੰਸੀਆਂ ਨੇ ਇਨ੍ਹਾਂ ਡੇਰਿਆਂ ਦੀਆਂ ਸੂਚੀਆਂ ਵੀ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਇਹ ਵੀ ਪਤਾ ਲਾਇਆ ਜਾ ਰਿਹਾ ਹੈ ਕਿ ਮਾਝੇ, ਮਾਲਵੇ ਤੇ ਦੁਆਬੇ 'ਚ ਕਿੰਨੇ ਡੇਰੇ ਹਨ ਜਿਥੇ ਸ਼ਰਧਾਲੂ ਪਹੁੰਚ ਕੇ ਚੜ੍ਹਾਵਾ ਚੜ੍ਹਾਉਂਦੇ ਹਨ ਤੇ ਇਹ ਚੜ੍ਹਾਵਾ ਕਿੰਨਾ ਤੇ ਕਿਵੇਂ ਚੜ੍ਹਦਾ ਹੈ।

ਏਜੰਸੀਆਂ ਇਸ ਗੱਲ ਦੀ ਵੀ ਜਾਂਚ ਕਰ ਰਹੀਆਂ ਹਨ ਕਿ ਕਿਤੇ ਹਵਾਲਾ ਕਾਰੋਬਾਰੀ ਇਨ੍ਹਾਂ ਦੋਹਾਂ ਰਾਜਾਂ ਦੇ ਡੇਰਿਆਂ ਦਾ ਗ਼ਲਤ ਇਸਤੇਮਾਲ ਤਾਂ ਨਹੀਂ ਕਰ ਰਹੇ। ਹਰਿਆਣਾ 'ਚ ਵੀ 300 ਤੋਂ ਵੱਧ ਛੋਟੇ ਵੱਡੇ ਡੇਰੇ ਹਨ ਤੇ ਇਨ੍ਹਾਂ ਡੇਰਿਆਂ 'ਤੇ ਚੜ੍ਹਨ ਵਾਲੇ ਚੜ੍ਹਾਵੇ 'ਤੇ ਵੀ ਏਜੰਸੀਆਂ ਨੇ ਅੱਖ ਟਿਕਾਈ ਹੋਈ ਹੈ। ਏਜੰਸੀਆਂ ਨੂੰ ਇਹ ਵੀ ਸੂਚਨਾ ਮਿਲੀ ਹੈ ਕਿ ਐਨ.ਆਰ.ਆਈ. ਸ਼ਰਧਾਲੂ ਵਧ ਚੜ੍ਹ ਕੇ ਮਾਇਆ ਦੇ ਗੱਫੇ ਭੇਜ ਰਹੇ ਹਨ ਤੇ ਕਈ ਡੇਰੇ ਕਰੋੜਾਂ ਦੀ ਰਾਸ਼ੀ ਆਪਣੇ ਕੋਲ ਹੀ ਰੱਖਦੇ ਹਨ। ਇਸ ਤਰ੍ਹਾਂ ਦੀ ਜਾਣਕਾਰੀ ਵੀ ਮਿਲੀ ਹੈ ਕਿ ਇਨ੍ਹਾਂ ਡੇਰਿਆਂ ਦੀ ਵਰਤੋਂ ਦੋ ਨੰਬਰ ਦੇ ਪੈਸੇ ਨੂੰ ਇਕ ਨੰਬਰ 'ਚ ਬਦਲਣ ਲਈ ਵੀ ਕੀਤੀ ਜਾਂਦੀ ਹੈ। ਏਜੰਸੀਆਂ ਵੱਲੋਂ ਇਨ੍ਹਾਂ ਡੇਰਿਆਂ 'ਤੇ ਨਜ਼ਰ ਰੱਖ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਕਿਉਂਕਿ ਇਨ੍ਹਾਂ ਅਸਰ ਰਸੂਖ਼ ਵਾਲੇ ਸਾਧਾਂ ਨੂੰ ਬਿਨਾ ਸਬੂਤ ਹੱਥ ਪਾਉਣਾ ਖ਼ਤਰੇ ਤੋਂ ਖਾਲੀ ਨਹੀਂ। ਇਕ ਅਧਿਕਾਰੀ ਨੇ ਦੱਸਿਆ ਕਿ ਇਸ ਗੁਪਤ ਕਾਰਵਾਈ ਦਾ ਮਕਸਦ ਕਰੋੜਾਂ ਦੇ ਧਨ ਨੂੰ ਬੈਂਕਾਂ 'ਚ ਜਮ੍ਹਾਂ ਕਰਵਾਉਣਾ ਤੇ ਟੈਕਸ ਵਸੂਲਣਾ ਹੈ। ਏਜੰਸੀਆਂ ਇਨ੍ਹਾਂ ਡੇਰਿਆਂ ਦੇ ਖਾਤਿਆਂ ਦੀ ਜਾਂਚ ਕਰਨ ਦੀ ਵੀ ਤਿਆਰੀ ਕਰ ਰਹੀਆਂ ਹਨ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਇਨ੍ਹਾਂ ਡੇਰਿਆਂ 'ਤੇ ਕਿੰਨੀ ਭੇਟਾ ਚੜ੍ਹਦੀ ਹੈ ਤੇ ਕਿੱਥੋਂ ਆਉਂਦੀ ਹੈ। ਏਜੰਸੀਆਂ ਦਾ ਕਹਿਣਾ ਹੈ ਕਿ ਇਸ ਕਾਰਵਾਈ ਦਾ ਮਕਸਦ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਸਗੋਂ ਜੋ ਡੇਰੇ ਇਸ ਤਰ੍ਹਾਂ ਦੇ ਗ਼ਲਤ ਕੰਮਾਂ ਨੂੰ ਅੰਜਾਮ ਦੇ ਰਹੇ ਹਨ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ।

## ਕਰਮਾਪਾ ਦੇ ਟਰੱਸਟ ਦੇ ਬੈਂਕ ਖਾਤੇ ਸੀਲ

**ਸ਼ਿਮਲਾ:** ਕਰੋੜਾਂ ਰੁਪਏ ਦੀ ਵਿਦੇਸ਼ੀ ਕਰੰਸੀ ਬਰਾਮਦ ਹੋਣ ਪਿਛੋਂ ਕਰਮਾਪਾ ਉਗਏਨ ਤ੍ਰਿਕਲੇ ਦੋਰਜੀ ਦੇ ਟਰੱਸਟ ਦੇ ਬੈਂਕ ਖਾਤੇ ਸੀਲ ਕਰ ਦਿੱਤੇ ਗਏ ਹਨ ਤੇ ਇਸ ਦੇ ਟਰੱਸਟੀਆਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਇਸ ਕੇਸ ਵਿਚ ਹੁਣ ਤਕ ਕਰਮਾਪਾ ਤੇ ਉਸ ਦੀ ਪਤਨੀ ਰਿਨਜ਼ਿਨ ਸਮੇਤ ਸੱਤ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਦੋ ਟਰੱਸਟੀਆਂ ਗੋਂਪੂ ਸ਼ੇਰਿੰਗ ਤੇ ਤੇਨਜ਼ਿਨ ਨਮਗਿਆਨ ਨੇ ਅਗਾਊਂ ਜ਼ਮਾਨਤ ਲਈ ਅਪੀਲ ਕੀਤੀ ਹੈ।

ਦੱਸਣਯੋਗ ਹੈ ਕਿ ਪੁਲਿਸ ਨੇ ਧਰਮਸ਼ਾਲਾ ਨੇੜੇ ਸਿੱਧਬਾੜੀ ਵਿਖੇ ਕਰਮਾਪਾ ਦੇ ਗਿਓਟੋ ਮੱਠ ਦੇ ਦਫ਼ਤਰ 'ਚ ਛਾਪੇ ਮਾਰ ਕੇ 7.5 ਕਰੋੜ ਰੁਪਏ ਮੁੱਲ ਦੀ ਵਿਦੇਸ਼ੀ ਕਰੰਸੀ ਬਰਾਮਦ ਕੀਤੀ ਸੀ। ਪੁਲਿਸ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਜਿੱਥੇ ਕਰਮਾਪਾ ਤੇ ਉਸ ਦੇ ਸਹਿਯੋਗੀਆਂ ਦੁਆਲੇ ਜਿੱਥੇ ਸ਼ਿਕੰਜਾ ਕਸਿਆ ਹੈ ਉਥੇ ਜਾਂਚ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਬੇਨਾਮੀ ਜ਼ਮੀਨ ਖਰੀਦਣ ਬਾਰੇ ਅਹਿਮ ਸੁਰਾਗ ਮਿਲੇ ਹਨ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਇਹ ਜ਼ਮੀਨੀ ਸੌਦੇ ਸਥਾਨਕ ਲੋਕਾਂ ਦੇ ਨਾਂ 'ਤੇ ਹੋਏ ਹਨ ਪਰ ਖਰੀਦਦਾਰ ਦੇ ਪੈਸਿਆਂ ਦੇ ਸਰੋਤਾਂ ਬਾਰੇ ਕੋਈ ਜਾਣਕਾਰੀ ਨਹੀਂ। ਸ਼ੱਕ ਕੀਤਾ ਜਾ ਰਿਹਾ ਹੈ ਕਿ ਇਹ ਜ਼ਮੀਨਾਂ ਤਿੱਬਤੀਆਂ ਵੱਲੋਂ ਖਰੀਦੀਆਂ ਗਈਆਂ ਹਨ। ਗੌਰਤਲਬ ਹੈ ਕਿ ਤਿੱਬਤੀਆਂ ਨੂੰ ਰਫ਼ਿਊਜੀਆਂ ਦਾ ਦਰਜਾ ਮਿਲਣ ਕਾਰਨ ਉਹ ਇਥੇ ਜ਼ਮੀਨ ਨਹੀਂ ਖਰੀਦ ਸਕਦੇ।

# ਸ਼੍ਰੋਮਣੀ ਕਮੇਟੀ ਵਿਦੇਸ਼ਾਂ 'ਚ ਸਿੱਖ ਮਿਸ਼ਨ ਕੇਂਦਰ ਸਥਾਪਤ ਕਰੇਗੀ

**ਕੁਰੂਕਸ਼ੇਤਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦਾ ਘੇਰਾ ਵਿਸ਼ਾਲ ਕਰਨ ਲਈ ਵੱਖ-ਵੱਖ ਮੁਲਕਾਂ ਵਿਚ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਦੇ ਫੈਸਲੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਹਰਿਆਣਾ ਦੇ

### ਅਮਰੀਕਾ ਵਿਚ ਪ੍ਰਿੰਟਿੰਗ ਮਸ਼ੀਨ ਲੱਗੇਗੀ

ਸ਼ਹਿਰ ਕੁਰੂਕਸ਼ੇਤਰ 'ਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਖੇ ਹੋਈ ਇਕੱਤਰਤਾ ਉਪਰੰਤ ਵੇਰਵੇ ਜਾਰੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵਲੋਂ ਅਮਰੀਕਾ ਦੇ ਸੂਬੇ ਵਾਸ਼ਿੰਗਟਨ ਵਿਖੇ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਤੇ ਸੂਬੇ ਕੈਰੋਲੀਨਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਾਸ਼ਨਾ ਲਈ ਪ੍ਰਿੰਟਿੰਗ ਮਸ਼ੀਨ ਸਥਾਪਤ ਕਰਨ ਦੇ ਫੈਸਲੇ ਨੂੰ ਪ੍ਰਵਾਨਗੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਉੱਘੇ ਸਿੱਖ ਵਿਦਵਾਨ ਭਾਈ ਵੀਰ ਸਿੰਘ ਵਲੋਂ ਦੇਸ਼ ਦੀ ਅਰਥ ਵਿਵਸਥਾ 'ਚ ਵੱਡਾ ਯੋਗਦਾਨ ਪਾਉਣ ਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਭਾਵਨਾ ਨਾਲ 1908 'ਚ ਪੰਜਾਬ ਐਂਡ



ਸਿੰਧ ਬੈਂਕ ਦੀ ਸਥਾਪਨਾ ਕੀਤੀ ਗਈ ਸੀ ਤੇ ਉਸ ਵੇਲੇ ਤੋਂ ਲੈ ਕੇ ਹੁਣ ਤਕ ਇਸ ਬੈਂਕ ਦਾ ਚੇਅਰਮੈਨ ਸਿੱਖ ਵਿਅਕਤੀ ਨੂੰ ਹੀ ਨਿਯੁਕਤ ਕੀਤਾ ਜਾਂਦਾ ਰਿਹਾ ਹੈ ਪਰ ਹੁਣ ਕਿਸੇ ਗ਼ੈਰ ਸਿੱਖ ਵਿਅਕਤੀ ਨੂੰ ਲਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਉਨ੍ਹਾਂ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵਲੋਂ ਮਤਾ ਪਾਸ ਕਰਕੇ ਪ੍ਰਧਾਨ ਮੰਤਰੀ ਕੋਲੋਂ ਮੰਗ ਕੀਤੀ ਗਈ ਹੈ ਕਿ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਉਹ ਇਸ ਬੈਂਕ ਦਾ ਚੇਅਰਮੈਨ ਕਿਸੇ ਸਿੱਖ ਵਿਅਕਤੀ ਨੂੰ ਹੀ ਨਿਯੁਕਤ ਕਰਨ। ਇਕੱਤਰਤਾ ਵਿਚ ਸਤਵੇਂ ਗੁਰੂ ਸ੍ਰੀ ਗੁਰੂ ਹਰਿਰਾਏ ਜੀ ਦਾ ਗੁਰਤਾਗੱਦੀ ਦਿਵਸ 14 ਮਾਰਚ ਨੂੰ 'ਵਾਤਾਵਰਣ ਸੰਭਾਲ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਹੈ।

ਇਸ ਮੌਕੇ ਫ਼ਤਹਿਗੜ੍ਹ ਸਾਹਿਬ ਵਿਖੇ ਇਤਿਹਾਸਕ ਪਿਛੋਕੜ ਵਾਲੀ 'ਜਹਾਜ਼ ਹਵੇਲੀ' ਦੀ ਯੋਜਨਾ ਤਹਿਤ ਉਸ ਦੇ ਨਾਲ ਲਗਦੀ ਜ਼ਮੀਨ ਖਰੀਦਣ, ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਦੀ ਅਕਾਲੀ ਮਾਰਕੀਟ ਵਿਖੇ ਖਾਲੀ ਪਈ ਜਗ੍ਹਾ 'ਤੇ ਕੇਂਦਰੀ ਸਿੱਖ ਅਜਾਇਬ ਘਰ ਦੀ ਨਵੀਂ ਇਮਾਰਤ ਤਿਆਰ ਕਰਨ, ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕੀਤੀ ਕਬੱਡੀ ਦੀ ਟੀਮ ਲਈ ਵਿਸ਼ੇਸ਼ ਬੱਸ ਖਰੀਦਣ, ਹੋਲੇ ਮਹੱਲੇ ਸਮੇਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਡੇ ਪੱਧਰ 'ਤੇ ਕਬੱਡੀ ਤੇ ਗਤਕੇ ਦੇ ਮੁਕਾਬਲੇ ਕਰਵਾਉਣ, ਸਿੱਖੀ ਦੀ ਵਿਲੱਖਣ ਪਛਾਣ ਸਬੰਧੀ ਵੱਖ-ਵੱਖ ਭਾਸ਼ਾਵਾਂ 'ਚ ਕਿਤਾਬਚੇ ਛਪਵਾ ਕੇ ਭਾਰਤ ਵਿਚ ਵੱਖ-ਵੱਖ ਦੇਸ਼ਾਂ ਦੇ ਦੂਤਾਵਾਸਾਂ ਵਿਖੇ ਪਹੁੰਚਾਉਣ ਤੇ ਧਰਮ ਪ੍ਰਚਾਰ, ਸਿੱਖ ਇਤਿਹਾਸ ਬੋਰਡ ਤੇ ਸ਼੍ਰੋਮਣੀ ਕਮੇਟੀ ਦੀਆਂ ਪ੍ਰਕਾਸ਼ਤ ਹੋਣ ਵਾਲੀਆਂ ਸਾਰੀਆਂ ਪ੍ਰਕਾਸ਼ਨਾਵਾਂ ਭਾਰਤ ਦੀਆਂ ਵੱਖ-ਵੱਖ ਕੌਮੀ ਲਾਇਬ੍ਰੇਰੀਆਂ ਨੂੰ ਭੇਜੇ ਜਾਣ ਦਾ ਫੈਸਲਾ ਕੀਤਾ ਹੈ।

# ...ਜਦੋਂ ਜਥੇਦਾਰ ਝੀਂਡਾ ਨੇ ਜਥੇਦਾਰ ਮੱਕੜ ਨੂੰ ਘੇਰਿਆ

**ਕੁਰੂਕਸ਼ੇਤਰ:** ਇਥੇ ਉਸ ਵੇਲੇ ਹਾਲਤ ਅਜੀਬ ਬਣ ਗਈ ਜਦੋਂ ਹਰਿਆਣਾ ਲਈ ਵੱਖਰੀ ਗੁਰਦੁਆਰਾ ਕਮੇਟੀ ਦੀ ਮੰਗ ਕਰ ਰਹੇ ਹਰਿਆਣਾ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਖਰੀਆਂ-ਖਰੀਆਂ ਸੁਣਾਈਆਂ।

ਜਥੇਦਾਰ ਮੱਕੜ ਇਥੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਦੀ ਇਕੱਤਰਤਾ ਦੀ ਅਗਵਾਈ ਲਈ ਆਏ ਸਨ। ਮੀਟਿੰਗ ਤੋਂ ਬਾਅਦ ਜਥੇ. ਮੱਕੜ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦਾ ਉਪ ਦਫ਼ਤਰ ਖੁੱਲ੍ਹ ਚੁੱਕਾ ਹੈ ਜਿਸ ਦੇ ਤਿੰਨ ਖਾਤੇ ਖੋਲ੍ਹ ਦਿਤੇ ਗਏ ਹਨ ਪਰ ਅਜੇ ਤਕ ਕਿਸੇ ਗੁਰਦਵਾਰਾ ਕਮੇਟੀ ਨੇ ਇਨ੍ਹਾਂ ਖਾਤਿਆਂ ਵਿਚ ਕੋਈ ਰਕਮ ਜਮ੍ਹਾਂ ਨਹੀਂ ਕਰਵਾਈ। ਸਾਰਾ ਖ਼ਰਚ ਅੰਮ੍ਰਿਤਸਰ ਤੋਂ ਭੇਜਿਆ ਜਾ ਰਿਹਾ ਹੈ। ਇਸ ਦੌਰਾਨ ਹਰਿਆਣਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਇਕ ਰੋਸ ਚਿੱਠੀ ਜਥੇਦਾਰ ਮੱਕੜ ਨੂੰ ਦਿੱਤੀ ਜਿਸ ਵਿਚ ਹਰਿਆਣਾ ਸਰਕਾਰ ਨੂੰ ਸਿੱਖਾਂ ਵਿਰੁੱਧ ਭੜਕਾਉਣ 'ਤੇ ਇਤਰਾਜ਼ ਪ੍ਰਗਟਾਇਆ ਗਿਆ। ਇਸ ਚਿੱਠੀ 'ਚ ਪੁੱਛਿਆ ਗਿਆ ਹੈ ਕਿ ਅਜਿਹਾ ਕਰ ਕੇ ਸ਼੍ਰੋਮਣੀ ਕਮੇਟੀ ਕਿਹੜਾ ਤਮਗਾ ਜਿੱਤਣਾ ਚਾਹੁੰਦੀ ਹੈ। ਚਿੱਠੀ ਵਿਚ ਕਿਹਾ ਗਿਆ ਕਿ ਹਰਿਆਣਾ ਦੇ ਸਾਰੇ ਗੁਰਦਵਾਰਿਆਂ ਦੀਆਂ ਇਮਾਰਤਾਂ ਸੰਗਤਾਂ ਨੇ ਕਾਰ ਸੇਵਾ ਨਾਲ ਬਣਾਈਆਂ ਹਨ। ਹਰਿਆਣਾ ਦੇ ਸਿੱਖਾਂ ਨੂੰ ਇਨ੍ਹਾਂ ਵਿਚ ਪਾਠ ਕਰਨ ਤੋਂ ਰੋਕਣਾ ਕੋਝੀ ਪਿਰਤ ਹੈ ਜਿਸ ਨੂੰ ਤੁਸੀਂ ਸ਼ੁਰੂ ਕੀਤਾ ਹੈ। ਜਥੇਦਾਰ ਝੀਂਡਾ ਨੇ ਕਿਹਾ ਹੈ ਕਿ ਹਰਿਆਣਾ ਸਰਕਾਰ, ਸ਼੍ਰੋਮਣੀ ਕਮੇਟੀ ਦੇ ਬਹਿਕਾਵੇ 'ਚ ਆ ਕੇ ਹਰਿਆਣਾ ਦੇ ਸਿੱਖਾਂ ਨਾਲ ਧੱਕਾ ਕਰ ਰਹੀ ਹੈ ਜਿਸ ਨੂੰ ਲੈ ਕੇ ਹਰਿਆਣਾ ਦੇ ਸਿੱਖਾਂ 'ਚ ਭਾਰੀ ਰੋਸ ਹੈ। ਇਸ ਮੁੱਦੇ ਨੂੰ ਲੈ ਕੇ ਹਰਿਆਣਾ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਰੋਸ ਚਿੱਠੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ, ਹਰਿਆਣਾ ਸਰਕਾਰ ਨੂੰ ਗੁਮਰਾਹ ਕਰ ਕੇ ਹਰਿਆਣਾ ਦੇ ਸਿੱਖਾਂ ਨਾਲ ਧੱਕੇਸ਼ਾਹੀ ਕਰਵਾ ਰਹੀ ਹੈ।

## ਹੁਣ ਰੂਸੀ ਖਾਣਗੇ ਪੰਜਾਬੀ ਆਲੂ

**ਚੰਡੀਗੜ੍ਹ:** ਪੰਜਾਬ ਦੇ ਆਲੂ ਉਤਪਾਦਕ ਰੂਸੀ ਵਪਾਰੀਆਂ ਨਾਲ ਇਕ ਇਤਿਹਾਸਕ ਸਮਝੌਤਾ ਕਰ ਰਹੇ ਹਨ ਜਿਹੜਾ ਆਪਣੇ ਅੰਤਲੇ ਪੜਾਅ 'ਤੇ ਹੈ। ਇਸ ਤਹਿਤ ਉਹ ਰੂਸੀ ਵਪਾਰੀਆਂ ਨੂੰ ਦਸ ਹਜ਼ਾਰ ਟਨ ਆਲੂ ਬਰਾਮਦ ਕਰਨਗੇ।

ਪੰਜਾਬ ਦੇ ਤਕਰੀਬਨ 10 ਆਲੂ ਉਤਪਾਦਕ ਜਿਨ੍ਹਾਂ ਨਾਲ ਰੂਸੀ ਵਪਾਰੀਆਂ ਨੇ ਸੰਪਰਕ ਕੀਤਾ ਹੈ, ਨੇ ਵੀ ਰੂਸੀ ਵਪਾਰੀਆਂ ਦੇ ਨਾਂ ਦੱਸਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤਕ ਸਮਝੌਤਾ ਸਿਰੇ ਨਹੀਂ ਚੜ੍ਹ ਜਾਂਦਾ ਉਦੋਂ ਤਕ ਇਹ ਨਹੀਂ ਦੱਸ ਸਕਦੇ ਕਿ ਕਿਸ ਨਾਲ ਗੱਲਬਾਤ ਚੱਲ ਰਹੀ ਹੈ ਕਿਉਂਕਿ ਇਸ ਨਾਲ ਹੋਰ ਆਲੂ ਸਪਲਾਇਰ ਸਾਹਮਣੇ ਆ ਜਾਣਗੇ ਜਿਸ ਕਾਰਨ ਸਮਝੌਤੇ 'ਤੇ ਅਸਰ ਪੈ ਸਕਦਾ ਹੈ। ਰੂਸ 'ਚ ਆਲੂਆਂ ਦੀ ਘਾਟ ਕਾਰਨ ਉਥੋਂ ਦੇ ਦੋ ਵਪਾਰੀਆਂ ਨੇ ਪੰਜਾਬ ਦੇ ਆਲੂ ਉਤਪਾਦਕਾਂ ਤੱਕ ਆਲੂ ਸਪਲਾਈ ਕਰਨ ਲਈ ਪਹੁੰਚ ਕੀਤੀ ਹੈ। ਉਨ੍ਹਾਂ ਦੱਸਿਆ ਕਿ ਰੂਸੀ ਵਪਾਰੀਆਂ ਦੀ ਲੋੜ ਇਕ ਲੱਖ ਟਨ ਦੀ ਹੈ ਜੋ ਉਹ ਪੂਰੀ ਨਹੀਂ ਕਰ ਸਕਦੇ। ਉਹ ਸਿਰਫ਼ 10 ਹਜ਼ਾਰ ਟਨ ਆਲੂ ਹੀ ਸਪਲਾਈ ਕਰ ਸਕਦੇ ਹਨ ਤੇ ਬਾਕੀ ਲੋੜ ਉਨ੍ਹਾਂ ਨੂੰ ਖੁੱਲ੍ਹੀ ਮੰਡੀ ਤੋਂ ਪੂਰੀ ਕਰਨੀ ਪਵੇਗੀ। ਪੰਜਾਬ 'ਚ ਆਲੂ ਦੀ ਘੱਟ ਕੀਮਤ ਤੇ ਲੋੜੀਂਦੀ ਮਾਤਰਾ ਦੀ ਮੌਜੂਦਗੀ ਨੇ ਰੂਸੀ ਵਪਾਰੀਆਂ ਨੂੰ ਪੰਜਾਬ ਵੱਲ ਖਿੱਚਿਆ ਹੈ।

ਰੂਸ 'ਚ ਆਲੂ ਦੀ ਘਾਟ ਕਾਰਨ ਉਥੇ ਆਲੂ ਦਾ ਭਾਅ 30-32 ਰੁਪਏ ਕਿਲੋ 'ਤੇ ਪਹੁੰਚ ਗਿਆ ਹੈ। ਰੂਸੀ ਵਪਾਰੀਆਂ ਨੂੰ ਪੰਜਾਬ ਦੇ ਆਲੂ ਉਤਪਾਦਕਾਂ ਨੇ ਦੋ ਤਜਵੀਜ਼ਾਂ ਦਿੱਤੀਆਂ ਹਨ। ਇਕ ਉਨ੍ਹਾਂ ਨੇ ਆਲੂ ਉਤਪਾਦਕਾਂ ਨੂੰ ਮਾਰਕਿਟ ਦਾ ਭਾਅ ਦੇਣ ਲਈ ਕਿਹਾ ਹੈ ਤੇ ਦੂਜਾ ਉਨ੍ਹਾਂ ਨੂੰ ਉਥੋਂ ਦੀ ਵਿਕਰੀ ਦੇ ਮੁਨਾਫ਼ੇ 'ਚ ਭਾਈਵਾਲ ਬਣਾਉਣ ਦਾ ਸੁਝਾਅ ਦਿੱਤਾ ਹੈ।

# ਪੰਜਾਬ ਦੀ ਕੰਗਾਲੀ ਲਈ ਕਾਂਗਰਸੀ ਤੇ ਅਕਾਲੀ ਜ਼ਿੰਮੇਵਾਰ:ਮਨਪ੍ਰੀਤ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਮਾਲਵੇ ਤੋਂ ਬਾਅਦ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ 'ਜਾਗੋ ਪੰਜਾਬ ਯਾਤਰਾ' ਨੂੰ ਮਾਝੇ 'ਚ ਵੀ ਹੁੰਗਾਰਾ ਮਿਲਣਾ ਸ਼ੁਰੂ ਹੋ ਗਿਆ ਹੈ। ਪੰਜ ਜਨਵਰੀ ਨੂੰ ਬਿਕਰਮ ਸਿੰਘ ਮਜੀਠੀਆ ਦੇ ਸਿਆਸੀ ਸਲਾਹਕਾਰ ਰਹੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਰਵਣ ਸਿੰਘ ਧੁੰਨ ਵੱਲੋਂ ਆਪਣੇ ਸੈਂਕੜੇ ਸਾਥੀਆਂ, ਪੰਚ-ਸਰਪੰਚਾਂ ਤੇ ਬਲਾਕ ਸਮਿਤੀ ਮੈਂਬਰਾਂ ਨਾਲ ਮਨਪ੍ਰੀਤ ਸਿੰਘ ਬਾਦਲ ਦੀ ਪੰਜਾਬ ਜਾਗੋ ਯਾਤਰਾ ਲਈ ਵਿਸ਼ਾਲ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਮਨਪ੍ਰੀਤ ਬਾਦਲ ਨੇ ਕਿਹਾ ਕਿ ਇਸ ਇਕੱਠ ਤੋਂ ਲੱਗਦਾ ਹੈ ਕਿ ਸੂਬੇ ਅੰਦਰ ਵਾਰ-ਵਾਰ ਬਦਲ ਕੇ ਰਾਜ ਕਰਦੀਆਂ ਪਾਰਟੀਆਂ ਦੀਆਂ ਨੀਤੀਆਂ ਤੋਂ ਲੋਕ ਜਾਣੂ ਹੋ ਗਏ ਹਨ। ਪੰਜਾਬ ਇਸ ਸਮੇਂ ਅਕਾਲੀਆਂ ਤੇ ਕਾਂਗਰਸੀਆਂ ਦੀਆਂ ਗਲਤ ਨੀਤੀਆਂ ਕਾਰਨ ਡੂੰਘੇ ਆਰਥਿਕ ਸੰਕਟ ਵਿਚ ਹੈ ਜਿਸ ਕਰਕੇ ਆਮ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਨਹੀਂ ਮਿਲ ਰਹੀਆਂ। ਜੇ ਹਾਲਾਤ ਇਸੇ ਤਰ੍ਹਾਂ ਹੀ ਰਹੇ ਤਾਂ 15 ਸਾਲਾਂ ਬਾਅਦ ਅਣਖੀ ਪੰਜਾਬ ਦੇ ਪੁੱਤਰ ਯੂ.ਪੀ. ਤੇ ਬਿਹਾਰ ਦੇ ਕਾਰਖਾਨਿਆਂ ਵਿਚ ਦਿਹਾੜੀਆਂ ਕਰਨਗੇ। ਉਨ੍ਹਾਂ ਕਿਹਾ ਪੰਜਾਬ ਦੇ ਵਿਗੜੇ ਹੋਏ ਸਮਾਜਿਕ ਹਾਲਾਤ ਤੋਂ ਚਿੰਤਤ ਹੋ ਕੇ ਜਦੋਂ ਲੋਕਾਂ ਨੂੰ ਜਗਾਉਣ ਲਈ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਪਾਰਟੀ ਤੇ ਸਰਕਾਰ ਵਿਚੋਂ ਕੱਢ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਆਜ਼ਾਦੀ ਦੇ 64ਵੇਂ ਸਾਲ ਵਿਚ ਵੀ ਅਸੀਂ ਗਲੀਆਂ ਨਾਲੀਆਂ ਦੀਆਂ ਗ੍ਰਾਂਟਾਂ ਤਕ ਹੀ ਸੀਮਤ ਰਹਿ ਗਏ ਹਾਂ। ਥਾਣਿਆਂ, ਕਚਹਿਰੀਆਂ 'ਚ ਰਿਸ਼ਵਤ ਤੋਂ ਬਿਨਾਂ ਕੋਈ ਕੰਮ ਨਹੀਂ ਹੋ ਰਿਹਾ।



ਰੈਲੀ ਦੌਰਾਨ ਸਟੇਜ ਉਤੇ ਬੈਠੇ ਮਨਪ੍ਰੀਤ ਸਿੰਘ ਬਾਦਲ ਅਤੇ ਹੋਰ ਆਗੂ

ਇਸ ਮੌਕੇ ਸਰਵਣ ਸਿੰਘ ਧੁੰਨ ਨੇ ਮਨਪ੍ਰੀਤ ਤੇ ਉਸ ਦੇ ਸਾਥੀਆਂ ਸਮੇਤ 'ਪੰਜਾਬ ਜਾਗੋ ਯਾਤਰਾ' ਨੂੰ ਜੀ ਆਇਆਂ ਆਖਿਆ ਤੇ ਬਿਨਾਂ ਕਿਸੇ ਲਾਲਚ ਤੇ ਰੁਤਬੇ ਤੋਂ ਸ਼ਹੀਦਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਸਾਥ ਦੇਣ ਦਾ ਵਾਅਦਾ ਕੀਤਾ ਤੇ ਪੰਜਾਬ ਜਾਗੋ ਯਾਤਰਾ ਵਿਚ ਸ਼ਾਮਲ ਹੋਣ ਚੱਲੇ ਸਰਪੰਚਾਂ ਤੇ ਵਿਸ਼ੇਸ਼ ਵਿਅਕਤੀਆਂ ਦਾ ਸਨਮਾਨ ਕੀਤਾ। ਸ੍ਰੀ ਬਾਦਲ ਨੇ ਕਿਹਾ ਕਿ 23 ਮਾਰਚ ਨੂੰ ਪਾਰਟੀ ਦਾ ਐਲਾਨ ਕੀਤਾ ਜਾਵੇਗਾ ਪਰ ਪਾਰਟੀ ਦਾ ਨਾਂ ਦੱਸਣ ਤੋਂ ਗੁਰੇਜ਼ ਕਰਾਂਗੇ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਫਰਵਰੀ ਮਹੀਨਾ ਆ ਗਿਆ ਹੈ। ਚੋਣਾਂ ਹੋਣੀਆਂ ਮੁਸ਼ਕਲ ਹਨ ਜੇ ਹੋਈਆਂ ਤਾਂ ਜ਼ਰੂਰ ਲੜਾਂਗੇ।

ਇਸ ਤੋਂ ਪਹਿਲਾਂ ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ ਵਿਚ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ 20 ਸਾਲਾਂ ਬਾਅਦ ਸਿਆਸਤ ਤੋਂ ਪਰ੍ਹੇ ਹਟ ਜਾਣਗੇ। ਉਨ੍ਹਾਂ ਨੇ ਕਿਹਾ ਕਿ ਮੈਂ ਪਾਰਟੀ ਦੇ ਗਠਨ ਸਮੇਂ ਦੂਜਿਆਂ ਲਈ ਵੀ ਸਿਆਸਤ ਤੋਂ ਸੇਵਾ-ਮੁਕਤੀ ਦੀ ਉਮਰ ਨਿਰਧਾਰਤ ਕਰਾਂਗਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ, ਪਰਿਵਾਰਵਾਦ ਤੇ ਨਸ਼ਿਆਂ ਦਾ ਤਿਆਗ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਮੁੱਦਿਆਂ 'ਤੇ ਆਧਾਰਿਤ ਨਹੀਂ ਹੈ ਤੇ ਦੇਸ਼ ਨੂੰ ਨੈਤਿਕਤਾ 'ਤੇ ਆਧਾਰਿਤ ਰਾਜਨੀਤੀ ਦੀ ਲੋੜ ਹੈ ਤੇ ਅੱਜ ਪੰਜਾਬ ਇਕ ਵੱਡੀ ਤਬਦੀਲੀ ਦੀ ਉਡੀਕ ਵਿਚ ਹੈ।

# 'ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣਾ ਅਪਰਾਧ ਨਹੀਂ'

**ਨਵੀਂ ਦਿੱਲੀ:** ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੇ ਇਕ ਬੇਹੱਦ ਅਹਿਮ ਫੈਸਲਾ ਸੁਣਾਇਆ ਜੋ 1993 ਦੇ ਮੁੰਬਈ ਦੇ ਲੜੀਵਾਰ ਬੰਬ ਧਮਾਕਿਆਂ ਸਮੇਤ ਸਾਰੇ ਟਾਡਾ ਕੇਸਾਂ 'ਤੇ ਅਸਰ ਪਾ ਸਕਦਾ ਹੈ। ਅਦਾਲਤ ਨੇ ਟਾਡਾ ਦੀਆਂ ਉਹ ਦੋ ਵਿਵਸਥਾਵਾਂ ਮੂਲੋਂ ਹੀ ਰੱਦ ਕਰ ਦਿੱਤੀਆਂ ਹਨ ਜਿਨ੍ਹਾਂ ਤਹਿਤ ਮੁਲਜ਼ਿਮ ਦਾ ਪੁਲਿਸ ਅੱਗੇ ਇਕਬਾਲੀਆ ਬਿਆਨ, ਅਦਾਲਤ 'ਚ ਮੰਨਣਯੋਗ ਹੁੰਦਾ ਹੈ ਤੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣਾ ਗੈਰਕਾਨੂੰਨੀ ਹੈ।

ਸੁਪਰੀਮ ਕੋਰਟ ਨੇ ਕਿਹਾ ਕਿ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਨਾਲ ਕਿਸੇ ਵਿਅਕਤੀ ਨੂੰ ਅਪਰਾਧੀ ਨਹੀਂ ਕਿਹਾ ਜਾ ਸਕਦਾ, ਬਸ਼ਰਤੇ ਕਿ ਉਹ ਲੋਕਾਂ ਨੂੰ ਹਿੰਸਾ ਲਈ ਨਾ ਉਕਸਾਵੇ ਜਾਂ ਖੁਦ ਹਿੰਸਾ ਨਾ ਕਰੇ। ਅਦਾਲਤ ਨੇ ਪੁਲਿਸ ਕੋਲ ਕੀਤੇ ਜਾਂਦੇ ਇਕਬਾਲੀਆ ਬਿਆਨਾਂ 'ਤੇ ਵੀ ਇਤਰਾਜ਼ ਕੀਤਾ ਹੈ।

ਕੇਂਦਰ ਨੇ ਵਿਵਾਦਗ੍ਰਸਤ "ਦਹਿਸ਼ਤਗਰਦੀ ਤੇ ਭੰਨਤੋੜ ਦੀਆਂ ਕਾਰਵਾਈਆਂ (ਰੋਕੂ) ਐਕਟ 1987 (ਟਾਡਾ)" ਨੂੰ ਭਾਵੇਂ 1995 'ਚ ਖਤਮ ਹੋ ਜਾਣ ਦਿੱਤਾ ਸੀ ਪਰ ਉਸ ਸਮੇਂ ਦੌਰਾਨ ਇਸ ਐਕਟ ਅਧੀਨ ਦਰਜ ਕੇਸ ਹਾਲੇ ਵੀ ਦੇਸ਼ ਭਰ ਦੀਆਂ ਵੱਖ-ਵੱਖ ਅਦਾਲਤਾਂ 'ਚ ਚੱਲ ਰਹੇ ਹਨ।

ਜਸਟਿਸ ਮਾਰਕੰਡੇਯ ਕਾਟਜੂ ਤੇ ਗਿਆਨ ਸੁਧਾ ਮਿਸ਼ਰਾ ਨੇ ਫੈਸਲਾ ਸੁਣਾਇਆ, "ਟਾਡਾ ਦੀ ਧਾਰਾ 3(5) ਉਤੇ ਇਸ ਦੇ ਸ਼ਾਬਦਿਕ ਅਰਥਾਂ ਦੇ ਆਧਾਰ 'ਤੇ ਅਮਲ ਨਹੀਂ ਕੀਤਾ ਜਾ ਸਕਦਾ, ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਇਸ ਨਾਲ ਸੰਵਿਧਾਨ ਦੀ ਧਾਰਾ 19 (ਵਿਚਾਰ ਪ੍ਰਗਟਾਵੇ ਦੀ ਆਜ਼ਾਦੀ) ਅਤੇ 21 (ਜਿਉਣ ਤੇ ਨਿੱਜੀ ਆਜ਼ਾਦੀ ਦਾ ਅਧਿਕਾਰ) ਦੀ ਉਲੰਘਣਾ ਹੋਏਗੀ।"



ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦੇ ਮੈਂਬਰ ਹੋਣਾ ਟਾਡਾ ਦੀ ਧਾਰਾ 3(5) ਅਧੀਨ ਅਪਰਾਧ ਹੈ ਤੇ ਇਸੇ ਐਕਟ ਦੀ ਧਾਰਾ 15 ਅਧੀਨ ਕਿਸੇ ਪੁਲਿਸ ਅਧਿਕਾਰੀ ਕੋਲ ਦਿੱਤਾ ਗਿਆ ਇਕਬਾਲੀਆ ਬਿਆਨ ਮੰਨਣਯੋਗ ਹੁੰਦਾ ਹੈ।

ਸੁਪਰੀਮ ਕੋਰਟ ਨੇ ਇਕ ਵਿਅਕਤੀ ਨੂੰ ਪਾਬੰਦੀਸ਼ੁਦਾ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ (ਉਲਫਾ) ਦੇ ਮੈਂਬਰ ਹੋਣ ਕਾਰਨ ਦੋਸ਼ੀ ਕਰਾਰ ਦੇਣ ਦੇ ਆਸਾਮ ਦੀ ਇਕ ਟਾਡਾ ਅਦਾਲਤ ਦੇ ਫੈਸਲੇ ਨੂੰ ਰੱਦ ਕਰਦਿਆਂ ਇਹ ਦੋਵੇਂ ਧਾਰਾਵਾਂ ਅਸਲੋਂ ਹੀ ਰੱਦ ਕਰ ਦਿੱਤੀਆਂ ਹਨ। ਇਸ ਵਿਅਕਤੀ ਅਰੂਪ ਭੁਇਨ ਨੂੰ ਪੁਲਿਸ ਕੋਲ ਦਿੱਤੇ ਇਕਬਾਲੀਆ ਬਿਆਨ ਦੇ ਆਧਾਰ 'ਤੇ ਦੋਸ਼ੀ ਠਹਿਰਾਇਆ ਗਿਆ ਸੀ।

ਬੈਂਚ ਨੇ ਕਿਹਾ ਕਿ ਇਕਬਾਲੀਆ ਬਿਆਨ ਬੜਾ ਕਮਜ਼ੋਰ ਜਿਹਾ ਸਬੂਤ ਹੁੰਦਾ ਹੈ ਤੇ ਭਾਰਤ 'ਚ ਪੁਲਿਸ ਵੱਲੋਂ ਇਕਬਾਲੀਆ ਬਿਆਨ ਲੈਣ ਲਈ ਮੁਲਜ਼ਿਮਾਂ 'ਤੇ ਵਰਤੇ ਜਾਂਦੇ ਤੀਜੇ ਦਰਜੇ ਦੇ ਤਸ਼ੱਦਦਕਾਰੀ ਢੰਗ ਤਰੀਕਿਆਂ ਬਾਰੇ ਸਭ ਨੂੰ ਪਤਾ ਹੈ। ਉਨ੍ਹਾਂ ਕਿਹਾ ਕਿ ਸੋ ਅਦਾਲਤਾਂ ਨੂੰ ਮੁਲਜ਼ਿਮਾਂ ਵੱਲੋਂ ਪੁਲਿਸ ਅੱਗੇ ਦਿੱਤੇ ਬਿਆਨਾਂ ਨੂੰ ਸਵੀਕਾਰ ਕਰਨ ਵੇਲੇ ਬੇਹੱਦ ਸੁਚੇਤ ਰਹਿਣ ਦੀ ਲੋੜ ਹੈ।

ਅਦਾਲਤ ਨੇ ਇਹ ਟਿੱਪਣੀ ਵੀ ਕੀਤੀ ਕਿ ਤਸ਼ੱਦਦ ਇਕ ਅਜਿਹਾ ਡਰਾਉਣਾ ਵਰਤਾਰਾ ਹੁੰਦਾ ਹੈ ਕਿ ਕੋਈ ਵਿਅਕਤੀ ਕੋਈ ਵੀ ਗੁਨਾਹ ਕਬੂਲ ਕਰ ਸਕਦਾ ਹੈ। ਬੈਂਚ ਨੇ ਕਿਹਾ ਕਿ ਤਸ਼ੱਦਦ ਕਾਰਨ ਤਾਂ ਜੋਨ ਆਫ ਆਰਕ ਵੀ ਆਪਣੇ 'ਚੁੜੇਲ' ਹੋਣਾ ਮੰਨ ਗਈ ਸੀ।

ਸੁਪਰੀਮ ਕੋਰਟ ਦੇ ਇਕ ਪਹਿਲੇ ਫੈਸਲੇ ਅਤੇ ਦੋ ਅਮਰੀਕੀ ਅਦਾਲਤਾਂ ਦੇ ਫੈਸਲਿਆਂ ਦਾ ਹਵਾਲਾ ਦਿੰਦਿਆਂ ਬੈਂਚ ਨੇ ਕਿਹਾ ਹੈ ਕਿ ਜੇ ਕੋਈ ਵਿਅਕਤੀ ਹਿੰਸਾ ਨਹੀਂ ਕਰਦਾ ਅਤੇ ਕਿਸੇ ਨੂੰ ਹਿੰਸਾ ਲਈ ਉਕਸਾਉਂਦਾ ਨਹੀਂ ਤਾਂ ਕੇਵਲ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਨਾਲ ਹੀ ਕੋਈ ਅਪਰਾਧੀ ਨਹੀਂ ਬਣ ਜਾਂਦਾ।

ਸੁਪਰੀਮ ਕੋਰਟ ਨੇ ਅਸਾਮ ਦੇ ਅਰੂਪ ਭੁਇਨ ਦੀ ਅਪੀਲ ਦਾਖਲ ਕਰਦਿਆਂ ਉਪਰੋਕਤ ਫੈਸਲਾ ਸੁਣਾਇਆ, ਜਿਸ ਨੂੰ ਗੁਹਾਟੀ 'ਚ ਟਾਡਾ ਅਦਾਲਤ ਨੇ ਪਾਬੰਦੀਸ਼ੁਦਾ ਉਲਫਾ ਦਾ ਮੈਂਬਰ ਹੋਣ ਨਾਤੇ ਪੁਲਿਸ ਕੋਲ ਦਿੱਤੇ ਬਿਆਨ ਦੇ ਆਧਾਰ 'ਤੇ ਦੋਸ਼ੀ ਕਰਾਰ ਦਿੱਤਾ ਸੀ। ਹਾਲਾਂਕਿ ਭੁਇਨ ਨੇ ਇਸ ਦਾ ਮੈਂਬਰ ਹੋਣੋਂ ਇਨਕਾਰ ਕੀਤਾ ਸੀ।

## ਸੇਲੀਨਾ ਜੇਤਲੀ ਮਿਸਰ 'ਚ ਵਿਆਹ ਕਰਨ ਲਈ ਦ੍ਰਿੜ

**ਮੁੰਬਈ:** ਬਾਲੀਵੁੱਡ ਅਦਾਕਾਰਾ ਸੇਲੀਨਾ ਜੇਟਲੀ ਦਾ ਕਹਿਣਾ ਹੈ ਕਿ ਮਿਸਰ 'ਚ ਹਾਲਾਤ ਭਾਵੇਂ ਕਿੰਨੇ ਹੀ ਖ਼ਰਾਬ ਕਿਉਂ ਨਾ ਉਹ ਆਪਣਾ ਵਿਆਹ ਇਥੇ ਹੀ ਕਰਵਾਏਗੀ। ਉਸ ਦੀ 23 ਸਤੰਬਰ ਨੂੰ ਦੁਬਈ ਦੇ ਇਕ ਹੋਟਲ ਵਪਾਰੀ ਪੀਟਰ ਹੋਗ ਨਾਲ ਵਿਆਹ ਕਰਾਉਣ ਦੀ ਯੋਜਨਾ ਹੈ। ਅਸਲ ਵਿਚ ਸੇਲੀਨਾ ਮਿਸਰ ਦੇ ਟੂਰਿਸਟ ਵਿਭਾਗ ਦੀ ਬ੍ਰਾਂਡ ਅੰਬੈਸੇਡਰ ਹੈ।

ਉਨ੍ਹਾਂ ਕਿਹਾ ਕਿ ਵਿਆਹ ਕਰਾਉਣ ਦਾ ਫ਼ੈਸਲੇ ਲੈਂਦੇ ਸਮੇਂ ਹੀ ਅਸੀਂ ਇਹ ਤੈਅ ਕਰ ਲਿਆ ਸੀ ਕਿ ਸਾਡਾ ਵਿਆਹ ਮਿਸਰ ਵਿਚ ਹੀ ਹੋਵੇਗਾ ਤੇ ਹੁਣ ਅਸੀਂ ਅਪਣੇ ਫ਼ੈਸਲੇ 'ਤੇ ਅਟੱਲ ਹਾਂ। ਸੇਲੀਨਾ ਲਗਾਤਾਰ ਮਿਸਰ ਦੇ ਹਾਲਾਤ 'ਤੇ ਨਜ਼ਰ ਰੱਖੇ ਹੋਏ ਹੈ। ਸੇਲੀਨਾ ਨੇ ਕਿਹਾ ਕਿ ਮੈਂ ਮਿਸਰ ਵਿਚ ਭਾਰਤ ਦੇ ਸਫ਼ੀਰ ਨਾਲ ਸੰਪਰਕ ਵਿਚ ਹਾਂ ਤੇ ਛੇਤੀ ਹੀ ਉਥੇ ਜਾਣ ਦੀ ਕੋਸ਼ਿਸ਼ ਕਰਾਂਗੀ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਸਤੰਬਰ ਤਕ ਉਥੋਂ ਦੇ ਹਾਲਾਤ ਠੀਕ ਹੋ ਜਾਣਗੇ। ਦੱਸਣਯੋਗ ਹੈ ਕਿ ਪਿਛਲੇ ਤਿੰਨ ਦਹਾਕਿਆਂ ਤੋਂ ਸੱਤਾ 'ਤੇ ਬੈਠੇ ਰਾਸ਼ਟਰਪਤੀ ਹੋਸਨੀ ਮੁਬਾਰਕ ਨੂੰ ਹਟਾਉਣ ਲਈ ਅੰਦੋਲਨ ਤੇਜ਼ ਹੁੰਦਾ ਜਾ ਰਿਹਾ ਹੈ ਤੇ ਹਾਲਾਤ ਹਰ ਦਿਨ ਮਾੜੇ ਹੁੰਦੇ ਜਾ ਰਹੇ ਹਨ। ਸੇਲੀਨਾ ਜੇਟਲੀ ਨੇ ਅਪਣੀ ਵੈੱਬਸਾਈਟ 'ਤੇ ਮਿਸਰ ਵਿਚ ਸ਼ਾਤੀ ਬਹਾਲੀ ਲਈ ਮੁਹਿੰਮ ਵੀ 'ਚ ਚਲਾਈ ਹੋਈ ਹੈ।

# ਭਾਰਤ ਵੱਲੋਂ ਖੇਤੀਬਾੜੀ 'ਚ ਸਿੱਧੇ ਵਿਦੇਸ਼ੀ ਨਿਵੇਸ਼ ਤੋਂ ਇਨਕਾਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਸਪਸ਼ਟ ਕੀਤਾ ਹੈ ਕਿ ਖੇਤੀ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਨੂੰ ਉਤਸ਼ਾਹਿਤ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਦੇਸ਼ ਵਿਚ ਛੋਟੀ ਖੇਤੀ ਵਾਲੇ ਕਿਸਾਨਾਂ ਦੀ ਬਹੁਗਿਣਤੀ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਫੂਡ ਪ੍ਰਾਸੈਸਿੰਗ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹਾਮੀ ਭਰੀ।




ਇੰਡੀਅਨ ਕੌਂਸਲ ਆਫ਼ ਐਗਰੀਕਲਚਰ ਰਿਸਰਚ ਦੀ ਸਾਲਾਨਾ ਆਮ ਮੀਟਿੰਗ ਦੌਰਾਨ ਗੱਲਬਾਤ ਕਰਦਿਆਂ ਸ੍ਰੀ ਪਵਾਰ ਨੇ ਕਿਹਾ ਕਿ ਖੇਤੀਬਾੜੀ 'ਚ ਐਫ.ਡੀ.ਆਈ. ਦੀ ਕੋਈ ਲੋੜ ਨਹੀਂ। ਉਨ੍ਹਾਂ ਕਿਹਾ ਕਿ ਦੇਸ਼ 'ਚ ਤਕਰੀਬਨ 82-86 ਛੋਟੇ ਕਿਸਾਨ ਹਨ ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਸ੍ਰੀ ਪਵਾਰ ਅਨੁਸਾਰ ਛੋਟੀ ਕਿਸਾਨੀ ਦੇ ਹੁੰਦਿਆਂ ਸਿੱਧੇ ਵਿਦੇਸ਼ੀ ਨਿਵੇਸ਼ ਦੀ ਕੋਈ ਲੋੜ ਨਹੀਂ।ਦੂਜੇ ਪਾਸੇ ਫੂਡ ਪ੍ਰਾਸੈਸਿੰਗ ਖੇਤਰ 'ਚ ਐਫ.ਡੀ.ਆਈ. ਬਾਰੇ ਉਨ੍ਹਾਂ ਇਸ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਇਸ ਖੇਤਰ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਚਾਹੁੰਦੇ ਹਨ। ਹਾੜ੍ਹੀ ਦੀ ਫ਼ਸਲ ਬਾਰੇ ਗੱਲਬਾਤ ਕਰਦਿਆਂ ਪਵਾਰ ਨੇ ਕਿਹਾ ਕਿ ਹਾਲਤ ਬਹੁਤ ਵਧੀਆ ਹੈ ਤੇ ਦੇਸ਼ 'ਚ ਕਣਕ, ਦਾਲਾਂ ਤੇ ਗੰਨੇ ਦੀ ਫਸਲ ਦੀ ਭਰਵੀਂ ਪੈਦਾਵਾਰ ਹੋਵੇਗੀ।

ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਅਨਾਜ ਦੀ ਪੈਦਾਵਾਰ, ਕੁਪੋਸ਼ਣ, ਗਰੀਬੀ, ਵਧਦੀ ਜਨਸੰਖਿਆ ਤੇ ਵਾਤਾਵਰਣ ਦੇਸ਼ ਲਈ ਵੱਡੀਆਂ ਚੁਣੌਤੀਆਂ ਹਨ। ਉਨ੍ਹਾਂ ਫਸਲ ਦੀ ਪੈਦਾਵਾਰ ਵਧਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਵੀ ਸ਼ਲਾਘਾ ਕੀਤੀ। ਮਨੁੱਖੀ ਵਸੀਲੇ ਤੇ ਵਿਕਾਸ ਮਾਮਲਿਆਂ ਤੇ ਸੂਚਨਾ ਤਕਨਾਲੋਜੀ ਦੇ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਖੇਤੀ ਖੇਤਰ ਵਿਚ ਵਿਗਿਆਨ ਤੇ ਆਧੁਨਿਕ ਤਕਨਾਲੋਜੀ ਦੇ ਇਸਤੇਮਾਲ ਦੀ ਲੋੜ ਹੈ।

# ਭ੍ਰਿਸ਼ਟਾਚਾਰ ਕਾਰਨ ਭਾਰਤ 'ਚ ਵਿਦਰੋਹ ਦਾ ਖ਼ਤਰਾ: ਅਬਦੁਲ ਕਲਾਮ

**ਦੁਬਈ:** ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ.ਏ.ਪੀ.ਜੇ. ਅਬਦੁਲ ਕਲਾਮ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਜੇ ਭ੍ਰਿਸ਼ਟਾਚਾਰ ਇਸੇ ਰਫ਼ਤਾਰ ਨਾਲ ਦੇਸ਼ ਦੀਆਂ ਜੜ੍ਹਾਂ ਖੋਖਲੀਆਂ ਕਰਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਨੂੰ ਭਿਆਨਕ ਵਿਦਰੋਹਾਂ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟ ਸੁੱਟਣਾ ਭਾਰਤ ਲਈ ਵੱਡੀ ਚੁਣੌਤੀ ਹੈ ਜਿਸ ਨਾਲ ਦੇਸ਼ ਦੋ-ਦੋ ਹੱਥ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸਿਆਸੀ, ਨਿਆਇਕ ਤੇ ਨੌਕਰਸ਼ਾਹੀ ਪ੍ਰਣਾਲੀ ਨੂੰ ਬਿਨਾਂ ਦੇਰ ਕੀਤਿਆਂ 'ਕੀਮੋਥੈਰੇਪੀ' ਦੀ ਸਖ਼ਤ ਲੋੜ ਹੈ ਤਾਂ ਕਿ ਉਹ ਦੇਸ਼ ਨੂੰ ਨਿਗਲ ਰਹੇ ਕੈਂਸਰ ਵਰਗੇ ਹਾਲਾਤ ਚੋਂ ਬਾਹਰ ਆ ਸਕੇ। ਆਪਣੀ ਦੁਬਈ ਯਾਤਰਾ ਦੌਰਾਨ ਡਾ. ਕਲਾਮ ਨੇ ਗੱਲਬਾਤ ਦੌਰਾਨ ਕਿਹਾ ਕਿ ਦੇਸ਼ ਦੀ ਮੌਜੂਦਾ ਸਿਆਸੀ, ਨਿਆਇਕ ਤੇ ਨੌਕਰਸ਼ਾਹੀ ਪ੍ਰਣਾਲੀ ਵਿਕਾਸ ਲਈ ਨੁਕਸਾਨਦੇਹ ਹੈ। ਭ੍ਰਿਸ਼ਟਾਚਾਰ ਮੁਕਤ ਭਾਰਤ ਬਣਾਉਣਾ ਬਹੁਤ ਵੱਡੀ ਚੁਣੌਤੀ ਹੈ ਤੇ ਸਾਨੂੰ ਨੌਜਵਾਨਾਂ ਨੂੰ ਇਸ ਸਮੱਸਿਆ ਦੇ ਹੱਲ ਵਜੋਂ ਦੇਖਣਾ ਚਾਹੀਦਾ ਹੈ। ਸਾਡੀ ਭਾਵਨਾ ਇਹ ਹੋਣੀ ਚਾਹੀਦੀ ਹੈ ਕਿ ਅਸੀ ਹਰ ਔਖੇ ਟੀਚੇ ਨੂੰ ਸਰ ਕਰ ਸਕਦੇ ਹਾਂ। ਜੇ ਸਥਿਤੀ ਅਜਿਹੀ ਹੀ ਬਣੀ ਰਹੀ ਤਾਂ ਅਸੀ ਲੋਕਾਂ ਨੂੰ ਸੜਕਾਂ 'ਤੇ ਉੱਤਰਨ ਤੋਂ ਨਹੀਂ ਰੋਕ ਸਕਾਂਗੇ ਤੇ ਨਤੀਜੇ ਭਿਆਨਕ ਹੋਣਗੇ।



# ਬਾਬਾ ਰਾਮਦੇਵ ਵੱਲੋਂ ਮੁੱਖ ਮੰਤਰੀਆਂ ਦੀ ਨਾਰਕੋ ਟੈਸਟ ਦੀ ਸਲਾਹ

**ਨਵੀਂ ਦਿੱਲੀ:** ਯੋਗ ਗੁਰੂ ਬਾਬਾ ਰਾਮਦੇਵ ਦਾ ਕਹਿਣਾ ਹੈ ਕਿ ਸਰਕਾਰ ਨੂੰ ਵਿਦੇਸ਼ੀ ਬੈਂਕਾਂ 'ਚ ਪਏ ਕਾਲੇ ਧਨ ਨੂੰ ਜਨਤਕ ਕਰਨਾ ਚਾਹੀਦਾ ਹੈ ਤੇ ਦੇਸ਼ ਦੇ ਸਾਰੇ ਮੌਜੂਦਾ ਤੇ ਸਾਬਕਾ ਮੁੱਖ ਮੰਤਰੀਆਂ ਦੀ ਨਾਰਕੋ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸਾਬਕਾ ਮੁੱਖ ਮੰਤਰੀ ਸਵਰਗਵਾਸ ਹੋ ਗਏ ਹਨ, ਉਨ੍ਹਾਂ ਦੇ ਬੱਚਿਆਂ ਤੇ ਪਤਨੀਆਂ ਦੀ ਨਾਰਕੋ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਜੇ ਕਰ ਅਜਿਹਾ ਕੀਤਾ ਜਾਵੇ ਤਾਂ ਹਜ਼ਾਰਾਂ ਭ੍ਰਿਸ਼ਟਾਚਾਰੀਆਂ ਦਾ ਪਰਦਾ ਫਾਸ਼ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਵੀ ਜਾਂਚ ਕਰਵਾਉਣ ਲਈ ਤਿਆਰ ਹਨ ਤੇ ਭਾਵੇਂ ਸਭ ਤੋਂ ਪਹਿਲਾਂ ਉਨ੍ਹਾਂ ਦੀ ਨਾਰਕੋ ਜਾਂਚ ਕਰਵਾ ਲਈ ਜਾਵੇ।

ਬਾਬਾ ਰਾਮਦੇਵ ਨੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਸਰਕਾਰ 'ਚ ਇੱਛਾ ਸ਼ਕਤੀ ਦੀ ਘਾਟ ਹੈ। ਉਨ੍ਹਾਂ ਕਿਹਾ ਕਿ ਕਾਲੇ ਧਨ ਦੇ ਮੁੱਦੇ 'ਤੇ ਦੇਸ਼ 'ਚ ਹਾਹਾਕਾਰ ਮਚੀ ਹੋਈ ਹੈ ਤੇ ਸਰਕਾਰ ਭ੍ਰਿਸ਼ਟਾਚਾਰੀਆਂ ਦੇ ਵਿਰੁੱਧ ਕਦਮ ਉਠਾਉਣ ਦਾ ਦਿਖਾਵਾ ਕਰ ਰਹੀ ਹੈ। ਉਨ੍ਹਾਂ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਧਨ ਗ਼ੈਰ ਕਾਨੂੰਨੀ ਖਾਣਾਂ, ਰਿਸ਼ਵਤਖੋਰੀ ਤੇ ਕਰ ਚੋਰੀ ਕਰ ਕੇ ਜਮ੍ਹਾਂ ਕਰਵਾਇਆ ਗਿਆ ਹੈ ਤੇ ਇਸ ਨੂੰ ਦੇਸ਼ 'ਚ ਲਿਆਉਣਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ 2-ਜੀ ਸਪੈਕਟ੍ਰਮ ਅਲਾਟਮੈਂਟ 'ਚ 176 ਲੱਖ ਕਰੋੜ ਦਾ ਘਪਲਾ ਕਰਨ ਵਾਲੇ ਸਾਬਕਾ ਮੰਤਰੀ ਏ. ਰਾਜਾ ਕੋਲੋਂ ਇਹ ਪੈਸਾ ਸਖ਼ਤੀ ਨਾਲ ਵਸੂਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਕ ਆਮ ਆਦਮੀ ਕੋਲੋਂ ਇਕ ਲੱਖ ਰੁਪਏ ਆਮਦਨ ਕਰ ਦੇ ਵਸੂਲਣ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ ਪ੍ਰੰਤੂ ਕਰੋੜਾਂ ਰੁਪਏ ਦੇ ਘਪਲੇ ਕਰਨ ਵਾਲਿਆਂ ਵਿਰੁੱਧ ਸਰਕਾਰ ਕਾਰਵਾਈ ਕਰਨ 'ਚ ਹਿਚਕਿਚਾਹਟ ਮਹਿਸੂਸ ਕਰਦੀ ਹੈ।

# ਭ੍ਰਿਸ਼ਟਾਚਾਰ ਨਾਲ ਦੇਸ਼ ਦਾ ਅਕਸ ਖ਼ਰਾਬ ਹੋਇਐ: ਮਨਮੋਹਨ ਸਿੰਘ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੱਖ-ਵੱਖ ਘੁਟਾਲਿਆਂ ਨੂੰ ਲੈ ਕੇ ਚੌਹਾਂ ਪਾਸਿਆਂ ਤੋਂ ਹੋ ਰਹੇ ਹਮਲਿਆਂ ਦਰਮਿਆਨ ਭ੍ਰਿਸ਼ਟਾਚਾਰ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਿਹਾ ਕਿ ਇਹ ਚੰਗੇ ਸ਼ਾਸਨ ਦੀਆਂ ਜੜ੍ਹਾਂ ਨੂੰ ਖੋਖਲਾ ਕਰਦਾ ਹੈ।ਭ੍ਰਿਸ਼ਟਾਚਾਰ ਨਾਲ ਕੌਮਾਂਤਰੀ ਪੱਧਰ 'ਤੇ ਭਾਰਤ ਦੇ ਅਕਸ ਨੂੰ ਨੁਕਸਾਨ ਪੁੱਜਾ ਹੈ ਤੇ ਇਹ ਆਪਣੇ ਹੀ ਲੋਕਾਂ ਦੇ ਸਾਹਮਣੇ ਸਾਨੂੰ ਸ਼ਰਮਿੰਦਾ ਕਰਦਾ ਹੈ।

ਸੂਬਿਆਂ ਦੇ ਮੁੱਖ ਸਕੱਤਰਾਂ ਦੀ ਸਾਲਾਨਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਵੱਡੀ ਚੁਣੌਤੀ ਹੈ ਜਿਸ ਦਾ ਮੁਕਾਬਲਾ ਸਿੱਧੇ ਤੌਰ 'ਤੇ ਡਟ ਕੇ ਤੇ ਤੇਜ਼ੀ ਨਾਲ ਕਰਨਾ ਪਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਸਰਕਾਰ ਦੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਹੈ। ਇਹ ਤੇਜ਼ ਵਿਕਾਸ ਦੇ ਰਾਹ ਵਿਚ ਰੁਕਾਵਟ ਹੈ। ਉਨ੍ਹਾਂ ਇਸ ਬੁਰਾਈ ਨਾਲ ਨਜਿੱਠਣ ਲਈ ਕਾਨੂੰਨੀ, ਪ੍ਰਸ਼ਾਸਨਿਕ ਤੇ ਹੋਰ ਉਪਾਅ ਕਰਨ ਦੇ ਸੰਦਰਭ 'ਚ ਹਾਲ ਹੀ 'ਚ ਵਿੱਤ ਮੰਤਰੀ ਪ੍ਰਣਾਬ ਮੁਖਰਜੀ ਦੀ ਅਗਵਾਈ ਵਿਚ ਗਠਿਤ ਮੰਤਰੀਆਂ ਦੇ ਸਮੂਹ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਨਿਆਇਕ ਜਵਾਬਦੇਹੀ ਤੇ ਬੇਨੇਮੀਆਂ ਦਾ ਪਰਦਾਫਾਸ਼ ਕਰਨ ਵਾਲਿਆਂ ਨੂੰ ਸੁਰੱਖਿਆ ਮੁਹੱਈਆ ਕਰਨ ਨਾਲ ਜੁੜੇ ਬਿੱਲ ਸੰਸਦ 'ਚ ਪੇਸ਼ ਕੀਤੇ ਜਾ ਚੁੱਕੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ 'ਤੇ ਸੂਬਿਆਂ ਦਰਮਿਆਨ ਅਰਥਪੂਰਨ ਤੇ ਲਗਾਤਾਰ ਗੱਲਬਾਤ ਰਾਹੀਂ ਖੱਬੇ ਪੱਖੀ ਕੱਟੜਵਾਦ, ਸਰਹੱਦ ਪਾਰ ਦੇ ਅੱਤਿਵਾਦ, ਧਾਰਮਿਕ ਕੱਟੜਵਾਦ ਨਾਲ ਪ੍ਰਭਾਵੀ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ।



ਗਰੀਬ ਮਹਿੰਗਾਈ ਦਾ ਕਾਰਨ ਬਣੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉੱਚ ਮਹਿੰਗਾਈ ਦਰ ਨੂੰ ਆਰਥਿਕ ਵਿਕਾਸ ਲਈ ਗੰਭੀਰ ਖ਼ਤਰਾ ਦੱਸਦੇ ਹੋਏ ਮਹਿੰਗਾਈ ਦਾ ਠੀਕਰਾ ਗਰੀਬ ਵਰਗ ਦੇ ਸਿਰ ਭੰਨਿਆ ਤੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨਾਲ ਗਰੀਬਾਂ ਨੂੰ ਰੁਜ਼ਗਾਰ ਮਿਲਿਆ ਤੇ ਰੁਜ਼ਗਾਰ ਤੋਂ ਮਿਲੇ ਪੈਸੇ ਨਾਲ ਉਨ੍ਹਾਂ ਨੇ ਆਪਣੀਆਂ ਲੋੜਾਂ ਨੂੰ ਪੂਰਾ ਕੀਤਾ। ਇਸ ਤਰ੍ਹਾਂ ਉਨ੍ਹਾਂ ਦੀ ਤੇ ਹੋਰ ਵਰਗਾਂ ਦੀ ਆਮਦਨ ਵਧਣ ਨਾਲ ਮਹਿੰਗਾਈ ਵਧੀ ਹੈ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਮਹਿੰਗਾਈ ਨਾਲ ਗਰੀਬ ਤੇ ਕਮਜ਼ੋਰ ਵਰਗ ਹੀ ਪ੍ਰਭਾਵਿਤ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਨੇ ਇਹ ਗੱਲ ਵੀ ਸਵੀਕਾਰ ਕੀਤੀ ਕਿ ਮਹਿੰਗਾਈ ਨਾਲ ਵਿਕਾਸ ਦੀ ਰਫ਼ਤਾਰ ਨੂੰ ਗੰਭੀਰ ਖ਼ਤਰਾ ਹੈ ਤੇ ਇਸ ਤੋਂ ਗਰੀਬ ਤੇ ਕਮਜ਼ੋਰ ਵਰਗ ਪ੍ਰਭਾਵਤ ਹੋ ਰਹੇ ਹਨ ਉਨ੍ਹਾਂ ਨੇ ਮੰਡੀ, ਚੁੰਗੀ ਤੇ ਸਥਾਨਕ ਕਰ ਖ਼ਤਮ ਕਰਨ ਦੀ ਵਕਾਲਤ ਕਰਦੇ ਹੋਏ ਕਿਹਾ ਕਿ ਇਹ ਜ਼ਰੂਰੀ ਵਸਤਾਂ ਨੂੰ ਇਧਰ-ਉਧਰ ਲਿਜਾਣ 'ਚ ਰੁਕਾਵਟ ਬਣਦੇ ਹਨ ਤੇ ਸੂਬਿਆਂ 'ਚ ਚੁੰਗੀ, ਮੰਡੀ ਫੀਸ ਤੇ ਹੋਰ ਲੋਕਲ ਟੈਕਸਾਂ ਨੂੰ ਖ਼ਤਮ ਕਰਨ ਜਾਂ ਘੱਟ ਕਰਨ ਬਾਰੇ ਨੀਤੀ ਤਿਆਰ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਘਰੇਲੂ ਵਰਤੋਂ ਦੇ ਉੱਚ ਪੱਧਰ ਨੂੰ ਪੂਰਾ ਕਰਨ ਲਈ ਵੱਖ-ਵੱਖ ਜਿਣਸਾਂ ਦੀ ਉਪਲਬਧਤਾ ਸੁਧਾਰਨ ਲਈ ਸੰਸਥਾਗਤ ਵਿਵਸਥਾ 'ਚ ਮੁੱਢੋਂ-ਸੁੱਢੋਂ ਤਬਦੀਲੀਆਂ ਦੀ ਲੋੜ ਹੈ।

# ਸੁਪਰੀਮ ਕੋਰਟ ਵੱਲੋਂ ਕੇਂਦਰ ਤੇ ਰਾਜਸਥਾਨ ਸਰਕਾਰਾਂ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੁਝ ਫੌਜੀਆਂ ਵੱਲੋਂ ਅਪਰਾਧੀਆਂ ਨੂੰ ਪਾਬੰਦੀਸ਼ੁਦਾ ਹਥਿਆਰ ਵੇਚੇ ਜਾਣ ਦੇ ਮਾਮਲੇ 'ਚ ਕੇਂਦਰ ਤੇ ਰਾਜਸਥਾਨ ਸਰਕਾਰ ਨੂੰ ਤਲਬ ਕਰ ਲਿਆ ਹੈ। ਅਦਾਲਤ ਨੇ ਕੇਂਦਰ ਤੇ ਰਾਜਸਥਾਨ ਸਰਕਾਰ ਨੂੰ ਚਾਰ ਆਈ.ਏ.ਐਸ. ਤੇ ਰਾਜਸਥਾਨ ਪ੍ਰਸ਼ਾਸਕੀ ਸੇਵਾਵਾਂ (ਆਰ.ਏ.ਐਸ.) ਦੇ ਨੌਂ ਅਧਿਕਾਰੀਆਂ ਖ਼ਿਲਾਫ਼ ਮੁਕੱਦਮੇ ਦੀ ਕਾਰਵਾਈ ਬਾਰੇ ਰਿਪੋਰਟਾਂ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇਨ੍ਹਾਂ ਆਈ.ਏ.ਐਸ. ਤੇ ਆਰ.ਏ.ਐਸ. ਅਧਿਕਾਰੀਆਂ ਦੀ ਹਥਿਆਰ ਵੇਚਣ ਵਾਲੇ ਫੌਜੀਆਂ ਨਾਲ ਨੇੜਤਾ ਦੱਸੀ ਜਾਂਦੀ ਹੈ।

**ਪਾਬੰਦੀਸ਼ੁਦਾ ਹਥਿਆਰ ਵੇਚਣ ਦਾ ਮਾਮਲਾ**

ਪਟੀਸ਼ਨਰ ਦਾ ਕਹਿਣਾ ਹੈ ਕਿ ਰਾਜਸਥਾਨ, ਪੰਜਾਬ ਤੇ ਜੰਮੂ-ਕਸ਼ਮੀਰ 'ਚ ਹੋਈ ਸਰਕਾਰੀ ਜਾਂਚ 'ਚ ਹਥਿਆਰਾਂ ਨੂੰ ਗਲਤ ਢੰਗ ਨਾਲ ਵੇਚੇ ਜਾਣ ਦੀ ਗੱਲ ਸਾਬਤ ਹੋਈ ਹੈ ਪਰ ਰਾਜ ਸਰਕਾਰਾਂ ਖ਼ਾਸਕਰ ਰਾਜਸਥਾਨ ਸਰਕਾਰ ਇਸ ਬਾਰੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਜਾਂ ਹਥਿਆਰਾਂ ਦਾ ਇਹ ਗ਼ੈਰ-ਕਾਨੂੰਨੀ ਵਪਾਰ ਰੋਕਣ ਵਾਸਤੇ ਸਖ਼ਤ ਕਦਮ ਚੁੱਕਣ 'ਚ ਨਾਕਾਮ ਰਹੀ ਹੈ।

ਅਦਾਲਤ ਨੇ ਰਿਪੋਰਟ ਪੇਸ਼ ਕਰਨ ਲਈ ਕੇਂਦਰ ਸਰਕਾਰ ਨੂੰ ਛੇ ਤੇ ਰਾਜਸਥਾਨ ਸਰਕਾਰ ਨੂੰ ਦਸ ਦਿਨਾਂ ਦਾ ਸਮਾਂ ਦਿੱਤਾ ਹੈ ਤੇ ਇਸ ਗੱਲ ਉੱਤੇ ਸਵਾਲ ਉਠਾਇਆ ਕਿ ਇਨ੍ਹਾਂ ਅਧਿਕਾਰੀਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਗਈ। ਅਦਾਲਤ ਨੇ ਰਾਜਸਥਾਨ ਸਰਕਾਰ ਨੂੰ ਕੇਸ ਨਾਲ ਜੁੜੇ ਸਾਰੇ ਦਸਤਾਵੇਜ਼ ਪੇਸ਼ ਕਰਨ ਲਈ ਕਿਹਾ ਹੈ।

ਅਦਾਲਤ ਨੇ ਇਹ ਹੁਕਮ ਵਕੀਲ ਅਰਵਿੰਦ ਕੁਮਾਰ ਸ਼ਰਮਾ ਵੱਲੋਂ ਦਾਇਰ ਲੋਕਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਦਿੱਤੇ। ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਈ ਜਾਵੇ ਕਿਉਂਕਿ ਇਹ ਮਾਮਲਾ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ ਤੇ ਇਸ ਵਿਚ ਫੌਜੀ ਤੇ ਰਾਜ ਸਰਕਾਰ ਦੇ ਅਧਿਕਾਰੀ ਸ਼ਾਮਲ ਹਨ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਕੇਂਦਰ ਨੇ ਅਦਾਲਤ ਨੂੰ ਭਰੋਸਾ ਦਿੱਤਾ ਸੀ ਕਿ ਉਹ ਇਕ ਨਵੀਂ ਹਥਿਆਰ ਨੀਤੀ ਲਿਆਏਗੀ, ਜਿਸ 'ਚ ਹਥਿਆਰਾਂ ਦੀ ਵੇਚ ਤੇ ਲਾਈਸੈਂਸ ਜਾਰੀ ਕੀਤੇ ਜਾਣ ਦੇ ਮੁੱਦੇ ਨੂੰ ਵੀ ਲਿਆ ਜਾਵੇਗਾ।

# ਨੀਂਦਾਂ ਵਿਚ ਜਾਗਦੀ ਖ਼ਾਮੋਸ਼ ਕਹਾਣੀ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਵਾਕਿਆ ਜੁਲਾਈ 1971 ਦਾ ਹੈ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨਾਲ ਸਬੰਧਤ ਕਾਲਜਾਂ ਦੇ ਦਾਖਲੇ ਸ਼ੁਰੂ ਸਨ। ਮੈਂ ਆਪਣੇ ਦੋ ਸਾਥੀ ਅਧਿਆਪਕਾਂ ਸਮੇਤ ਪ੍ਰੀ-ਯੂਨੀਵਰਸਿਟੀ (ਗਿਆਰ੍ਹਵੀਂ) ਜਮਾਤ ਦੇ ਦਾਖਲੇ ਲਈ ਬਣੀ ਕਮੇਟੀ ਦਾ ਮੈਂਬਰ ਸਾਂ। ਦਾਖਲੇ ਲਈ ਆਏ ਵਿਦਿਆਰਥੀਆਂ ਦੀ ਇੰਟਰਵਿਊ ਦਾ ਪਹਿਲਾ ਦਿਨ ਸੀ ਜੋ ਕੁੱਲ ਦੋ ਦਿਨ ਚੱਲਣਾ ਸੀ। ਇੰਟਰਵਿਊ ਤਾਂ ਕੀ ਸੀ, ਬਸ ਸਾਡਾ ਕੰਮ ਵਿਦਿਆਰਥੀਆਂ ਦੇ



ਪ੍ਰੋ. ਰੋਮਾਣਾ

ਦਾਖਲਾ ਫ਼ਾਰਮਾਂ ਨਾਲ ਲੱਗੇ ਦਸਤਾਵੇਜ਼ਾਂ ਦੀ ਪ੍ਰਸ਼ਟੀ ਕਰ ਕੇ ਉਨ੍ਹਾਂ ਨੂੰ ਫ਼ੀਸ ਭਰਨ ਦੀ ਚਿੱਟ ਦੇ ਦੇਣੀ ਹੁੰਦੀ ਸੀ। ਉਹ ਫ਼ੀਸ ਭਰ ਕੇ ਅਤੇ ਰੋਲ ਨੰਬਰ ਲੈ ਕੇ ਦਾਖਲ ਹੋ ਜਾਂਦੇ ਸਨ। ਸਾਡੇ ਸਾਹਮਣੇ ਕਿਸੇ ਲੜਕੇ ਦਾ ਬੜੀ ਹੀ ਸੁੰਦਰ ਲਿਖਤ ਵਾਲਾ ਫ਼ਾਰਮ ਸੀ। ਫ਼ਾਰਮ ਵੇਖ ਕੇ ਮੇਰਾ ਸਾਥੀ ਕਹਿਣ ਲੱਗਾ, ਮੁੰਡੇ ਨੇ ਫ਼ਾਰਮ ਕਿਸੇ ਕੁੜੀ ਤੋਂ ਭਰਵਾਇਆ ਹੈ ਅਤੇ ਉਸ ਨੇ ਬਾਹਰੋਂ ਜਗਸੀਰ ਸਿੰਘ ਨੂੰ ਅੰਦਰ ਭੇਜਣ ਲਈ ਕਿਹਾ। ਆਪਣੀ ਲਿਖਤ ਵਰਗਾ ਹੀ ਸੋਹਣਾ-ਸੁਨੱਖਾ, ਉੱਚਾ-ਲੰਬਾ ਤੇ ਸੁਡੌਲ ਸਰੀਰ ਵਾਲਾ ਜਗਸੀਰ ਸਿੰਘ ਸਾਡੇ ਸਾਹਮਣੇ ਸੀ। "ਕਾਕਾ...ਤੂੰ ਸ਼ਡਿਊਲਡ ਕਾਸਟ ਐਂ?" ਸਾਡੇ ਤੀਜੇ ਸਾਥੀ ਨੇ ਉਸ ਨੂੰ ਸਵਾਲ ਕੀਤਾ। ਉਸ ਦੇ 'ਹਾਂ ਜੀ' ਕਹਿਣ 'ਤੇ ਉਸ ਨੇ ਅਗਲਾ ਸਵਾਲ ਕੀਤਾ, "ਫਿਰ ਤੂੰ ਇਸ ਸਬੰਧ ਵਿਚ ਤਹਿਸੀਲਦਾਰ ਦਾ ਸਰਟੀਫਿਕੇਟ ਫ਼ਾਰਮ ਦੇ ਨਾਲ ਕਿਉਂ ਨਹੀਂ ਲਾਇਆ?"

"ਮੈਂ ਜੀ ਤਹਿਸੀਲ ਦੇ ਬਹੁਤ ਗੇੜੇ ਮਾਰੇ। ਕਦੇ ਤਹਿਸੀਲਦਾਰ ਨਹੀਂ ਸੀ ਬੈਠਦਾ ਤੇ ਕਦੇ ਬੈਠਦਾ ਸੀ ਤਾਂ ਰਜਿਸਟਰੀਆਂ ਤੇ ਸਿਫ਼ਾਰਸ਼ਾਂ ਵਾਲਿਆਂ ਦੀ ਇੰਨੀ ਭੀੜ ਹੁੰਦੀ ਸੀ ਕਿ ਸਾਡੇ ਵਰਗਿਆਂ ਦੀ ਵਾਰੀ ਨਹੀਂ ਸੀ ਆਉਂਦੀ। ਉਧਰੋਂ ਫ਼ਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਤਾਰੀਖ਼ ਆ ਗਈ। ਮੈਂ ਅਗਲੇ ਹਫ਼ਤੇ ਤਹਿਸੀਲਦਾਰ ਤੋਂ ਲਿਖਵਾ ਕੇ ਲਿਆ ਦਿਆਂਗਾ। ਕ੍ਰਿਪਾ ਕਰਕੇ ਮੈਨੂੰ ਦਾਖਲ ਕਰ ਲਓ ਜੀ!" ਮੁੰਡੇ ਦਾ ਬੜਾ ਹਲੀਮੀ ਭਰਿਆ ਉਤਰ ਸੀ।

ਅਸੀਂ ਉਸ ਦੇ ਫ਼ਾਰਮ 'ਤੇ ਪ੍ਰੋਵਿਜ਼ਨਲੀ ਐਡਮਿਟਿਡ ਲਿਖ ਕੇ ਉਸ ਨੂੰ ਬਿਨਾ ਫ਼ੀਸ ਭਰਨ ਦੀ ਚਿੱਟ ਦਿੱਤੇ ਬਾਹਰ ਭੇਜ ਦਿੱਤਾ। ਅਜੇ ਇਹ ਇੰਟਰਵਿਊ ਚੱਲ ਹੀ ਰਹੀ ਸੀ ਕਿ ਸਾਡੇ ਕਾਲਜ ਦਾ ਡੀ.ਪੀ.ਈ. ਜਗਸੀਰ ਨੂੰ ਅੰਦਰ ਲੈ ਕੇ ਆ ਗਿਆ ਤੇ ਕਹਿਣ ਲੱਗਾ, "ਭਾਈ ਜਾਨ, ਆਪਾਂ ਇਸ ਮੁੰਡੇ ਦੀ ਫ਼ੀਸ ਅੱਜ ਹੀ ਭਰਵਾਉਣੀ ਐ। ਮੈਂ ਬੜੀਆਂ ਸਿਫ਼ਾਰਸ਼ਾਂ ਨਾਲ ਇਸ ਨੂੰ ਆਪਣੇ ਕਾਲਜ ਵਿਚ ਲੈ ਕੇ ਆਇਆ ਆਂ। ਤੁਸੀਂ ਇਸ ਦੇ ਫ਼ਾਰਮ ਨਾਲ ਨੱਥੀ ਸਰਟੀਫਿਕੇਟਾਂ 'ਤੇ ਤਾਂ ਜ਼ਰਾ ਨਜ਼ਰ ਮਾਰੋ! ਇਹ ਕਬੱਡੀ ਦਾ ਪੰਜਾਬ ਵਿਚ ਅੱਵਲ ਨੰਬਰ ਦਾ ਖਿਡਾਰੀ ਹੈ ਅਤੇ ਇੰਨੇ ਹੀ ਉਚ ਪਾਏ ਦਾ ਗਾਇਕ ਵੀ। ਇਸ ਨੇ ਸ਼ੀਲਡਾਂ ਨਾਲ ਕਾਲਜ ਦਾ ਵਿਹੜਾ ਭਰ ਦੇਣਾ ਐ! ਤੁਸੀਂ ਇਸ ਨੂੰ ਫ਼ੀਸ ਭਰਨ ਦੀ ਚਿੱਟ ਦਿਓ, ਮੈਂ ਕੱਲ੍ਹ ਨੂੰ ਤਹਿਸੀਲਦਾਰ ਤੋਂ ਸਰਟੀਫਿਕੇਟ ਆਪ ਲਿਆ ਦਿਆਂਗਾ।" ਜਗਸੀਰ ਨੇ ਫ਼ੀਸ ਭਰ ਦਿੱਤੀ ਤੇ ਗਿਆਰ੍ਹਵੀਂ ਵਿਚ ਦਾਖਲ ਹੋ ਗਿਆ।

ਉਸ ਵੇਲੇ ਪੰਜਾਬ ਯੂਨੀਵਰਸਿਟੀ ਦੇ ਕਾਲਜਾਂ ਵਿਚ ਹਫ਼ਤੇ ਵਿਚ ਇਕ ਜਨਰਲ ਪੀਰੀਅਡ ਹੁੰਦਾ ਸੀ ਜਿਸ ਨੂੰ ਟਿਊਟੋਰੀਅਲ ਗਰੁੱਪ ਕਿਹਾ ਜਾਂਦਾ ਸੀ। ਇਸ ਗਰੁੱਪ ਵਿਚ ਸਾਰੀਆਂ ਕਲਾਸਾਂ ਦੇ ਰਲਵੇਂ-ਮਿਲਵੇਂ 12-14 ਵਿਦਿਆਰਥੀ ਹੁੰਦੇ ਸਨ। ਹਰ ਵਿਦਿਆਰਥੀ ਚਾਰੇ ਸਾਲ ਉਸੇ ਗਰੁੱਪ ਵਿਚ ਉਸੇ ਅਧਿਆਪਕ ਕੋਲ ਹੀ ਰਹਿੰਦਾ ਸੀ। ਇਸ ਪੀਰੀਅਡ ਦੀ ਹਾਜ਼ਰੀ ਤਾਂ ਭਾਵੇਂ ਲੱਗਦੀ ਸੀ ਪਰ ਨਾ ਕੋਈ ਜੁਰਮਾਨਾ ਹੁੰਦਾ ਸੀ ਤੇ ਨਾ ਇਨ੍ਹਾਂ ਹਾਜ਼ਰੀਆਂ ਦੀ ਕੁੱਲ ਹਾਜ਼ਰੀਆਂ ਵਿਚ ਹੀ ਗਿਣਤੀ ਹੁੰਦੀ ਸੀ। ਇਸ ਕਰਕੇ ਪੁਰਾਣੇ ਵਿਦਿਆਰਥੀ ਇਸ ਪੀਰੀਅਡ ਦੀ ਬਹੁਤ ਪ੍ਰਵਾਹ ਨਹੀਂ ਸੀ ਕਰਦੇ। ਇਹ ਗਰੁੱਪ ਲਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਸਿੱਧਾ ਸੰਪਰਕ ਪੈਦਾ ਕਰਨਾ, ਉਨ੍ਹਾਂ ਦੀਆਂ ਮੁਸ਼ਕਲਾਂ ਜਾਣਨਾ ਤੇ ਕਾਲਜ ਦੇ ਅਨੁਸ਼ਾਸਨ ਵਿਚ ਰਹਿਣ ਲਈ ਪ੍ਰੇਰਨਾ ਦੇਣਾ ਹੁੰਦਾ ਸੀ। ਜਗਸੀਰ ਮੇਰੇ ਗਰੁੱਪ ਵਿਚ ਸੀ।

ਗਰੁੱਪ ਦੇ ਪਹਿਲੇ ਦਿਨ ਮੈਂ ਵਿਦਿਆਰਥੀਆਂ ਨੂੰ ਆਪੋ-ਆਪਣੇ ਬਾਰੇ ਜਾਣਕਾਰੀ ਦੇਣ ਲਈ ਕਿਹਾ ਤਾਂ ਹਰ ਵਿਦਿਆਰਥੀ ਆਪਣੇ ਪਿਛੋਕੜ ਬਾਰੇ ਸੰਖੇਪ ਜਾਣਕਾਰੀ ਦਿੰਦਾ ਤੇ ਬੈਠਾ ਜਾਂਦਾ, ਪਰ ਜਦੋਂ ਜਗਸੀਰ ਦੀ ਵਾਰੀ ਆਈ ਤਾਂ ਉਸ ਨੇ ਆਪਣੇ ਪਰਿਵਾਰ ਬਾਰੇ ਲੋੜੋਂ ਵੱਧ ਹੀ ਜਾਣਕਾਰੀ ਦਿੱਤੀ। ਇਸ ਤੋਂ ਉਸ ਦੇ ਸਾਦੇ ਸੁਭਾਅ ਦੀ ਸਪਸ਼ਟਤਾ ਸਾਫ਼ ਝਲਕਦੀ ਸੀ। ਉਸ ਨੇ ਦੱਸਿਆ: "ਦਸਵੀਂ ਵਿਚੋਂ ਮੇਰੀ ਫ਼ਸਟ ਡਿਵੀਜ਼ਨ ਆਈ ਜੀ। ਮੇਰੇ ਤਿੰਨ ਹੋਰ ਭਰਾ ਹਨ ਜੋ ਮੈਥੋਂ ਵੱਡੇ ਹਨ ਤੇ ਜੱਟਾਂ ਨਾਲ ਸੀਰੀ ਰਲਦੇ ਹਨ। ਉਹ ਤਿੰਨੇ ਸਕੀਆਂ ਭੈਣਾਂ ਨੂੰ ਵਿਆਹੇ ਹੋਏ ਹਨ ਤੇ ਸਾਡਾ ਟੱਬਰ ਇਕੱਠਾ ਹੈ। ਮੇਰੇ ਭਰਾ ਹਰ ਸਾਲ ਸਾਨੂੰ ਇਕ-ਦੋ ਕੱਟੀਆਂ ਖਰੀਦ ਦਿੰਦੇ ਹਨ ਜੋ ਮੇਰਾ ਬਾਪ ਤੇ ਅਸੀਂ ਬਾਕੀ ਸਾਰੇ ਰਲ ਕੇ ਪਾਲਦੇ ਹਾਂ ਤੇ ਹਰ ਸਾਲ ਇਕ-ਦੋ ਮੱਝਾਂ ਵੇਚ ਵੀ ਦਿੰਦੇ ਹਾਂ। ਇਸ ਤਰ੍ਹਾਂ ਕਮਾਈ ਵੀ ਹੋ ਜਾਂਦੀ ਹੈ ਤੇ ਘਰ ਵਿਚ ਦੁੱਧ-ਘਿਉ ਦੀ ਵੀ ਕਦੇ ਘਾਟ ਨਹੀਂ ਰਹਿੰਦੀ। ਉਂ ਤਾਂ ਸਾਡਾ ਗੁਜ਼ਾਰਾ ਕਈ ਜੱਟਾਂ ਨਾਲੋਂ ਚੰਗਾ ਹੈ ਪਰ ਥੋਨੂੰ ਪਤਾ ਹੀ ਐ ਜੀ, ਪਿੰਡਾਂ ਦੇ ਲੋਕ ਜਾਤ-ਪਾਤ ਦੀ ਬਾਹਲੀ ਨਿਰਖ ਕਰਦੇ ਹਨ।"

ਜਗਸੀਰ ਲਗਾਤਾਰ ਮੇਰੇ ਹਰ ਟਿਊਟੋਰੀਅਲ ਗਰੁੱਪ ਵਿਚ ਹਾਜ਼ਰ ਹੁੰਦਾ ਤੇ ਆਪਣੀ ਉਮਰ ਨਾਲੋਂ ਵੱਧ ਸਿਆਣੀਆਂ ਗੱਲਾਂ ਕਰਦਾ। ਪੇਂਡੂ ਸਮਾਜ ਦੇ ਚੰਗੇ-ਮਾੜੇ ਪਹਿਲੂਆਂ ਬਾਰੇ ਮੈਂ ਦੱਸਦਾ। ਵਿਦਿਆਰਥੀਆਂ ਦੀਆਂ ਮੁਸ਼ਕਲਾਂ ਤੇ ਉਨ੍ਹਾਂ ਵਿਚਲੇ ਚੰਗੇ-ਬੁਰੇ ਰੁਝਾਨਾਂ ਬਾਰੇ ਗੱਲ ਕਰਦਾ। ਇਹ ਵੀ ਦੱਸਦਾ ਕਿ ਉਸ ਦੇ ਮਾਂ-ਬਾਪ ਤੇ ਭਰਾ-ਭਰਜਾਈਆਂ ਉਸ ਦਾ ਬਹੁਤ ਖ਼ਿਆਲ ਰੱਖਦੇ ਹਨ ਤੇ ਚਾਹੁੰਦੇ ਹਨ ਕਿ ਪੜ੍ਹ-ਲਿਖ ਕੇ ਉਹ ਵੱਡਾ ਅਫ਼ਸਰ ਬਣੇ। ਇਕ ਦਿਨ ਉਹ ਮੇਰੀ ਕਲਾਸ ਵਿਚ ਇਕੱਲਾ ਹੀ ਸੀ। ਮੈਂ ਉਸ ਨੂੰ ਕਿਸੇ ਪੁਰਾਣੇ ਵਿਦਿਆਰਥੀ ਕੋਲੋਂ ਪੁਰਾਣੀਆਂ ਕਿਤਾਬਾਂ ਲੈ ਕੇ ਦੇਣ ਬਾਰੇ ਗੱਲ ਕਰ ਰਿਹਾ ਸਾਂ ਤਾਂ ਜੋ ਉਸ ਦਾ ਖਰਚਾ ਬਚ ਜਾਵੇ। ਉਸੇ ਵੇਲੇ ਇਸੇ ਸਾਲ ਗਿਆਰ੍ਹਵੀਂ ਪਾਸ ਕਰ ਕੇ ਬਾਰ੍ਹਵੀਂ ਜਮਾਤ ਵਿਚ ਹੋਈ ਸਾਡੇ ਕਾਲਜ ਦੀ ਬੜੀ ਸੁਸ਼ੀਲ ਤੇ ਹੁਸ਼ਿਆਰ ਖੱਤਰੀ ਪਰਿਵਾਰ ਦੀ ਇਕਲੌਤੀ ਲੜਕੀ ਨਿਧੀ ਮੇਰੇ ਕਮਰੇ ਦੇ ਅੱਗੋਂ ਲੰਘ ਰਹੀ ਸੀ। ਮੈਂ ਉਸ ਨੂੰ ਆਵਾਜ਼ ਦੇ ਕੇ ਅੰਦਰ ਬੁਲਾਇਆ ਤੇ ਕਿਹਾ ਕਿ ਜੋ ਪਿਛਲੇ ਸਾਲ ਦੀਆਂ ਕਿਤਾਬਾਂ ਉਸ ਕੋਲ ਹਨ ਤਾਂ ਜਗਸੀਰ ਲਈ ਲਿਆ ਕੇ ਮੈਨੂੰ ਦੇ ਦੇਵੇ। ਉਸ ਨੇ ਪਲ ਦੀ ਪਲ ਜਗਸੀਰ ਵੱਲ ਵੇਖਿਆ ਤੇ ਜਲਦੀ ਹੀ ਕਿਤਾਬਾਂ ਲਿਆ ਕੇ ਦੇਣ ਲਈ ਕਹਿ ਕੇ ਚਲੀ ਗਈ। ਅਗਲੇ ਹਫ਼ਤੇ ਮੈਨੂੰ ਜਗਸੀਰ ਤੋਂ ਹੀ ਪਤਾ ਲੱਗਾ ਕਿ ਉਹ ਸਾਰੀਆਂ ਕਿਤਾਬਾਂ ਅਤੇ ਨੋਟਸ ਜਗਸੀਰ ਨੂੰ ਲਿਆ ਕੇ ਦੇ ਗਈ ਸੀ ਤੇ ਨਾਲ ਹੀ ਇਹ ਵੀ ਕਹਿ ਗਈ ਸੀ ਕਿ ਜੇ ਉਸ ਨੂੰ ਕਿਸੇ ਨੋਟਸ ਦੀ ਸਮਝ ਨਾ ਆਵੇ ਤਾਂ ਬੇਝਿਜਕ ਉਸ ਕੋਲੋਂ ਸਮਝ ਸਕਦਾ ਹੈ।

ਪੰਜਾਬ ਯੂਨੀਵਰਸਿਟੀ ਦੇ ਕਬੱਡੀ ਦੇ ਜ਼ੋਨਲ ਮੈਚਾਂ ਦੀਆਂ ਤਾਰੀਖ਼ਾਂ ਆ ਗਈਆਂ ਸਨ ਤੇ ਖਿਡਾਰੀ ਹਰ ਰੋਜ਼ ਸ਼ਾਮ ਨੂੰ ਪ੍ਰੈਕਟਿਸ ਕਰਦੇ। ਪ੍ਰੈਕਟਿਸ ਦੇਖਣ ਵਾਲੇ ਵਿਦਿਆਰਥੀ ਤੇ ਅਧਿਆਪਕ ਜਗਸੀਰ ਦੀ ਖੇਡ ਦੀ ਤਾਰੀਫ਼ ਕਰਦੇ। ਉਦੋਂ ਹੀ ਸਾਨੂੰ ਪਤਾ ਲੱਗਾ ਕਿ ਜ਼ਿਆਦਾ ਲੋਕ ਜਗਸੀਰ ਨੂੰ 'ਜੱਗੇ' ਵਜੋਂ ਜਾਣਦੇ ਸਨ। ਇਹ ਉਸ ਦਾ ਘਰ ਦਾ ਨਾਂ ਸੀ। ਜ਼ੋਨ ਦੇ ਮੈਚਾਂ ਦੇ ਫ਼ਾਈਨਲ ਮੁਕਾਬਲੇ ਗੁਰੂ ਨਾਨਕ ਕਾਲਜ ਮੋਗਾ ਵਿਖੇ ਹੋਏ ਅਤੇ ਸਾਡਾ ਕਾਲਜ ਜ਼ੋਨ ਵਿਚ ਅੱਵਲ ਰਿਹਾ। ਇਸ ਦਾ ਸਿਹਰਾ ਜੱਗੇ ਸਿਰ ਬੱਝਾ ਕਿਉਂਕਿ ਬਹੁਤੇ ਪੁਆਇੰਟ ਉਸੇ ਨੇ ਬਣਾਏ ਸਨ। ਫਿਰ ਉਹ ਇੰਟਰ ਯੂਨੀਵਰਸਿਟੀ ਖੇਡਣ ਵਾਲੀ ਪੰਜਾਬ ਯੂਨੀਵਰਸਿਟੀ ਦੀ ਟੀਮ ਵਿਚ ਵੀ ਚੁਣਿਆ ਗਿਆ। ਟੀਮ ਤਾਂ ਭਾਵੇਂ ਟਰਾਫ਼ੀ ਨਹੀਂ ਜਿੱਤ ਸਕੀ ਪਰ ਜੱਗੇ ਨੂੰ ਵਧੀਆ ਖਿਡਾਰੀ ਦਾ ਵਿਅਕਤੀਗਤ ਇਨਾਮ ਜ਼ਰੂਰ ਮਿਲਿਆ।

ਉਸ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਦੇ ਫ਼ਿਰੋਜ਼ਪੁਰ ਜ਼ੋਨ ਦੇ ਯੂਥ ਫ਼ੈਸਟੀਵਲ ਵਾਸਤੇ ਕਲਾਕਾਰਾਂ ਦੀ ਚੋਣ ਹੋਈ ਤਾਂ ਜੱਗਾ ਲੋਕ-ਗੀਤ ਮੁਕਾਬਲਿਆਂ ਵਿਚ ਕਾਲਜ ਦੀ ਪ੍ਰਤੀਨਿਧਤਾ ਕਰਨ ਲਈ ਚੁਣਿਆ ਗਿਆ ਤੇ ਉਸ ਵੱਲੋਂ ਗਾਇਆ 'ਜਿੰਦੂਆ' ਜ਼ੋਨ ਵਿਚੋਂ ਅੱਵਲ ਆਇਆ। ਫ਼ਰਵਰੀ ਦੇ ਮਹੀਨੇ ਕਾਲਜ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਹੋਇਆ ਤਾਂ ਪੰਜਾਬ ਯੂਨੀਵਰਸਿਟੀ ਦੇ ਕਲਰ ਵਾਲਾ ਬਲੇਜ਼ਰ ਪਾ ਕੇ ਵਾਰ-ਵਾਰ ਜੱਗਾ ਸਟੇਜ 'ਤੇ ਆਉਂਦਾ ਤੇ ਇਨਾਮ ਲੈ ਜਾਂਦਾ। ਜੱਗੇ ਨੇ ਭਾਵੇਂ ਪਹਿਲੇ ਸਾਲ ਹੀ ਕਾਲਜ ਦੇ ਵਿਦਿਆਰਥੀ ਤੇ ਅਧਿਆਪਕਾਂ ਵਿਚ ਨਾਇਕ ਵਾਲੀ ਥਾਂ ਹਾਸਲ ਕਰ ਲਈ ਸੀ ਪਰ ਉਹ ਪਹਿਲਾਂ ਵਾਂਗ ਹੀ ਹਲੀਮ ਤੇ ਆਗਿਆਕਾਰੀ ਸੀ, ਭਾਵੇਂ ਪਹਿਰਾਵੇ ਪੱਖੋਂ ਥੋੜ੍ਹਾ ਬਣ-ਫ਼ੱਬ ਕੇ ਰਹਿਣ ਲੱਗ ਪਿਆ ਸੀ।

ਸਾਲਾਨਾ ਇਮਤਿਹਾਨ ਹੋਏ। ਕਾਲਜਾਂ ਵਿਚ ਦੋ ਮਹੀਨਿਆਂ ਦੀਆਂ ਛੁੱਟੀਆਂ ਹੋ ਗਈਆਂ। ਰਿਜ਼ਲਟ ਆਏ ਤੇ ਫਿਰ ਅਗਲੇ ਸਾਲ ਲਈ ਵਿਦਿਆਰਥੀਆਂ ਦਾ ਦਾਖਲਾ ਸ਼ੁਰੂ ਹੋ ਗਿਆ। ਪਰ ਜੱਗੇ ਵਿਚ ਕਾਫ਼ੀ ਤਬਦੀਲੀ ਆ ਗਈ ਲੱਗਦੀ ਸੀ। ਹੁਣ ਉਹ ਕਾਲਜ ਵਿਚ ਕਮੀਜ਼-ਪਜਾਮਾ ਪਹਿਨ ਕੇ ਆਉਣ ਲੱਗ ਪਿਆ ਸੀ। ਜੋ ਬਾਕੀ ਵਿਦਿਆਰਥੀ ਇਕ-ਅੱਧੀ ਕਿਤਾਬ ਹੱਥ ਵਿਚ ਲੈ ਕੇ ਆਉਂਦੇ ਸਨ ਤਾਂ ਜੱਗਾ ਮੋਢੇ 'ਤੇ ਲੰਮੀ ਤਣੀ ਵਾਲਾ ਝੋਲਾ ਲਟਕਾ ਕੇ ਆਉਂਦਾ ਜਿਸ ਵਿਚ ਕਲਾਸ ਲਈ ਕਾਪੀਆਂ-ਕਿਤਾਬਾਂ ਤੋਂ ਇਲਾਵਾ ਕੁਝ ਅਖ਼ਬਾਰ ਤੇ ਰਸਾਲੇ ਹੁੰਦੇ। ਲੰਘੇ ਦੋ ਮਹੀਨਿਆਂ ਵਿਚ ਹੀ ਉਹ ਕਾਫ਼ੀ ਮੈਚਿਓਰ ਹੋ ਗਿਆ ਲੱਗਦਾ ਸੀ। ਉਹ ਹਰ ਸਵਾਲ ਦਾ ਬਾ-ਦਲੀਲ ਜਵਾਬ ਦੇਣ ਲੱਗ ਪਿਆ ਸੀ।

ਹਾਲਾਂਕਿ ਇਸ ਇਲਾਕੇ ਵਿਚ ਅਕਾਲੀ ਤੇ ਕਾਂਗਰਸ ਸਿਆਸਤ ਹੀ ਭਾਰੂ ਰਹੀ ਹੈ ਤੇ ਖੱਬੀ ਸਿਆਸਤ ਦਾ ਕਦੇ ਵੀ ਬੋਲਬਾਲਾ ਨਹੀਂ ਸੀ ਰਿਹਾ, ਪਰ ਜੱਗੇ ਨੇ ਕਾਲਜ ਵਿਚ ਪੰਜਾਬ ਸਟੂਡੈਂਟਸ ਯੂਨੀਅਨ (ਪੀ.ਐਸ.ਯੂ.) ਦਾ ਯੂਨਿਟ ਕਾਇਮ ਕਰ ਲਿਆ ਸੀ। ਉਹ ਵਿਦਿਆਰਥੀਆਂ ਦੀਆਂ ਮੀਟਿੰਗਾਂ ਕਰਦਾ ਕਦੇ-ਕਦੇ ਛੋਟੀਆਂ-ਛੋਟੀਆਂ ਰੈਲੀਆਂ ਵੀ ਕਰਦਾ। ਪੀ.ਐਸ.ਯੂ. ਦੇ ਪੈਡ 'ਤੇ ਉਸ ਦੀ ਖ਼ੁਸ਼-ਖ਼ਤ ਲਿਖਾਵਟ ਵਿਚ ਲਿਖੇ ਨੋਟਿਸ ਆਮ ਹੀ ਕਾਲਜ ਦੇ ਵਿਦਿਆਰਥੀ ਨੋਟਿਸ-ਬੋਰਡ 'ਤੇ ਨਜ਼ਰ ਆਉਣ ਲੱਗੇ।

ਉਹ ਕਾਲਜ ਵਿਚ ਪੀ.ਐਸ.ਯੂ. ਦਾ ਰਸਾਲਾ 'ਵਿਦਿਆਰਥੀ' ਵੰਡਦਾ। ਉਸ ਵਿਚ ਛਪੇ ਲੇਖਾਂ ਬਾਰੇ ਆਪਣੇ ਸਾਥੀ ਵਿਦਿਆਰਥੀਆਂ ਨਾਲ ਵਿਚਾਰ-ਵਟਾਂਦਰਾ ਕਰਦਾ। ਇਕ ਦਿਨ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਨਿਧੀ ਨੂੰ ਇਹ ਪਰਚਾ ਕੁੜੀਆਂ ਵਿਚ ਵੰਡਦੇ ਵੇਖਿਆ। ਮੈਂ ਅਗਲੇ ਹੀ ਦਿਨ ਉਸ ਨੂੰ ਬੁਲਾ ਕੇ ਜਦੋਂ ਇਹ ਪੁੱਛਿਆ ਕਿ ਕੀ ਉਹ ਵੀ ਇਸ ਜਥੇਬੰਦੀ ਦੀ ਮੈਂਬਰ ਬਣ ਗਈ ਹੈ ਤਾਂ ਉਸ ਦਾ ਸਪਸ਼ਟ ਜਵਾਬ ਸੀ ਕਿ ਉਹ ਕੋਈ ਮੈਂਬਰ-ਛੈਂਬਰ ਨਹੀਂ। ਬਸ ਜੱਗੇ ਨੇ ਇਕ ਦਿਨ ਕਿਹਾ ਸੀ ਕਿ ਕਾਲਜ ਦਾ ਮਾਹੌਲ ਐਸਾ ਨਹੀਂ ਹੈ ਕਿ ਉਹ ਹਰ ਕੁੜੀ ਕੋਲ ਜਾ ਕੇ ਰਸਾਲਾ ਦੇਵੇ। ਉਹ ਤਾਂ ਸਿਰਫ਼ ਉਸ ਦੀ ਮਦਦ ਕਰ ਰਹੀ ਸੀ।

ਪ੍ਰਿੰਸੀਪਲ ਵੀ ਜੱਗੇ ਦੀਆਂ ਕਾਰਵਾਈਆਂ ਤੋਂ ਕਾਫ਼ੀ ਨਾਰਾਜ਼ ਸੀ। ਇਕ ਦਿਨ ਜੱਗੇ ਨੂੰ ਦਫ਼ਤਰ ਬੁਲਾ ਕੇ ਉਸ ਨੇ ਸਾਫ਼ ਕਿਹਾ ਕਿ ਜਾਂ ਤਾਂ ਇਹ ਯੂਨੀਅਨ ਦਾ ਕੰਮ ਕਾਲਜ ਵਿਚ ਬੰਦ ਕਰੇ, ਨਹੀਂ ਤਾਂ ਮਾਈਗ੍ਰੇਸ਼ਨ ਲੈ ਕੇ ਇਥੋਂ ਕਿਸੇ ਹੋਰ ਕਾਲਜ ਚਲਾ ਜਾਵੇ। ਜੱਗੇ ਨੇ ਪ੍ਰਿੰਸੀਪਲ ਕੋਲ ਅੱਧਾ ਘੰਟਾ ਬਹਿ ਕੇ ਉਸ ਨੂੰ ਜਚਾ ਦਿੱਤਾ ਕਿ ਉਹ ਕੁਝ ਵੀ ਅਜਿਹਾ ਨਹੀਂ ਕਰੇਗਾ ਜਿਸ ਨਾਲ ਕਾਲਜ ਵਿਚ ਕੋਈ ਸਮੱਸਿਆ ਪੈਦਾ ਹੋਵੇ। ਜੱਗੇ ਵਿਚ ਆਈ ਤਬਦੀਲੀ ਦਾ ਕਾਰਨ ਜਾਣਨ ਲਈ ਇਕ ਦਿਨ ਮੈਂ ਉਸ ਨੂੰ ਪੁੱਛਿਆ ਕਿ ਉਹ ਪਿੰਡ ਜਾ ਕੇ ਕਰਦਾ ਕੀ ਹੈ, ਉਥੇ ਉਸ ਦੀ ਸੰਗਤ ਕਿਹੋ ਜਿਹੀ ਹੈ? ਕਹਿਣ ਲੱਗਾ ਕਿ ਉਹ ਤੇ ਉਸ ਦੇ ਪਿੰਡ ਦੇ ਹੋਰ ਪੜ੍ਹੇ-ਲਿਖੇ ਮੁੰਡੇ ਜ਼ਿਆਦਾ ਸਮਾਂ ਇਕ ਸਕੂਲ ਅਧਿਆਪਕ ਕੋਲ ਗੁਜ਼ਾਰਦੇ ਹਨ ਜਿਹੜਾ ਪਹਿਲਾਂ ਇਨ੍ਹਾਂ ਦੇ ਪਿੰਡ ਵਿਚ ਹੀ ਪੜ੍ਹਾਉਂਦਾ ਸੀ। ਹੁਣ ਭਾਵੇਂ ਉਸ ਦੀ ਬਦਲੀ ਨਾਲ ਲੱਗਦੇ ਪਿੰਡ ਵਿਚ ਹੋ ਗਈ ਹੈ ਪਰ ਉਹ ਰਹਿੰਦਾ ਉਸ ਦੇ ਪਿੰਡ ਵਿਚ ਹੀ ਹੈ ਜਿਥੇ ਉਹ ਦੋ-ਤਿੰਨ ਕਮਰਿਆਂ ਵਾਲੇ ਘਰ ਵਿਚ ਇਕੱਲਾ ਰਹਿੰਦਾ ਹੈ। ਉਸ ਦੇ ਬੱਚੇ ਲੁਧਿਆਣਾ ਨੇੜੇ ਉਸ ਦੇ ਪਿੰਡ ਰਹਿੰਦੇ ਹਨ। ਜੱਗੇ ਨੇ ਦੱਸਿਆ ਕਿ ਸਾਰਾ ਪਿੰਡ ਮਾਸਟਰ ਜੀ ਦੀ ਬਹੁਤ ਇੱਜ਼ਤ ਕਰਦਾ ਹੈ। ਉਹ ਸਾਂਝੇ ਕੰਮਾਂ ਵਿਚ ਬਹੁਤ ਦਿਲਚਸਪੀ ਲੈਂਦੇ ਹਨ। ਨਿੱਕੇ-ਮੋਟੇ ਝਗੜੇ ਨਜਿੱਠਣ ਵਿਚ ਵੀ ਪੰਚਾਇਤ ਦੀ ਮਦਦ ਕਰਦੇ ਹਨ। ਪਿੰਡ ਵਿਚ ਭਾਰਤ ਨੌਜਵਾਨ ਸਭਾ ਵੀ ਉਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਹੋਂਦ ਵਿਚ ਆਈ ਹੈ ਜਿਹੜੀ ਪਿੰਡ ਵਿਚ ਬੜੇ ਚੰਗੇ ਕੰਮ ਕਰ ਰਹੀ ਹੈ। ਪਿੰਡ ਵਿਚ ਲੱਚਰ ਗੀਤ ਵੱਜਣੋਂ ਬਿਲਕੁਲ ਬੰਦ ਹੋ ਗਏ ਹਨ। ਹੁਣ ਉਨ੍ਹਾਂ ਨੇ ਪੰਜਾਬ ਵਿਚ ਬਣੀ ਵਾਹੀਕਾਰ ਯੂਨੀਅਨ ਦਾ ਯੂਨਿਟ ਵੀ ਪਿੰਡ ਵਿਚ ਬਣਵਾਇਆ ਹੈ। ਉਨ੍ਹਾਂ ਕੋਲੋਂ ਕਾਫ਼ੀ ਅਖ਼ਬਾਰ ਤੇ ਰਸਾਲੇ ਵੀ ਪੜ੍ਹਨ ਨੂੰ ਮਿਲ ਜਾਂਦੇ ਹਨ। ਉਨ੍ਹਾਂ ਕੋਲ ਉਨ੍ਹਾਂ ਦੇ ਬੜੇ ਸੁਲਝਵਾਨ ਦੋਸਤ ਆਉਂਦੇ ਰਹਿੰਦੇ ਹਨ ਜਿਹੜੇ ਮੁੰਡਿਆਂ ਨੂੰ ਬੜੇ ਕੰਮ ਦੀਆਂ ਗੱਲਾਂ ਦੱਸਦੇ ਹਨ। ਜੱਗੇ ਦੀਆਂ ਗੱਲਾਂ ਤੋਂ ਮੈਨੂੰ ਉਸ ਵਿਚ ਆਈ ਤਬਦੀਲੀ ਦਾ ਕਾਰਨ ਲੱਭ ਪਿਆ ਸੀ।

ਫਿਰ ਇਕ ਦਿਨ ਖ਼ਬਰ ਆਈ ਕਿ ਮੋਗਾ ਵਿਚ ਵਿਦਿਆਰਥੀਆਂ ਅਤੇ ਸਿਨੇਮਾ ਮਾਲਕਾਂ ਵਿਚ ਹੋਏ ਝਗੜੇ ਵਿਚ ਪੁਲਿਸ ਦੀ ਗੋਲੀ ਨਾਲ ਕੁਝ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ। ਪੰਜਾਬ ਦੀਆਂ ਵਿਦਿਆਰਥੀ ਜਥੇਬੰਦੀਆਂ ਵੱਲੋਂ ਇਸ ਘਟਨਾ ਦਾ ਬੜਾ ਤਿੱਖਾ ਪ੍ਰਤੀਕਰਮ ਹੋਇਆ। ਥਾਂ-ਥਾਂ 'ਤੇ ਰੋਹ ਭਰੇ ਮੁਜ਼ਾਹਰੇ ਹੋਣ ਲੱਗੇ। ਸਾੜ-ਫੂਕ ਸ਼ੁਰੂ ਹੋ ਗਈ। ਸਾਰੇ ਪੰਜਾਬ ਦੇ ਕਾਲਜ ਬੰਦ ਕਰ ਦਿੱਤੇ ਗਏ। ਕਾਲਜਾਂ ਨੇੜੇ ਦਫ਼ਾ 144 ਲਾ ਦਿੱਤੀ ਗਈ। ਵਿਦਿਆਰਥੀ ਆਗੂਆਂ ਦੇ ਘਰੀਂ ਛਾਪੇ ਮਾਰੇ ਜਾਣ ਲੱਗੇ। ਬਹੁਤ ਸਾਰੇ ਆਗੂ ਗੁਪਤਵਾਸ ਚਲੇ ਗਏ ਅਤੇ ਸਾੜ-ਫੂਕ ਦੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਜੱਗਾ ਵੀ ਗੁਪਤਵਾਸ ਹੋ ਗਿਆ। ਸਾਡੇ ਕਾਲਜ ਦੇ ਇਲਾਕੇ ਵਿਚ ਵੀ ਦੋ ਸਰਕਾਰੀ ਬੱਸਾਂ ਨੂੰ ਸਾੜ ਦਿੱਤਾ ਗਿਆ ਤੇ ਇਕ ਰੇਲਵੇ ਸਟੇਸ਼ਨ ਨੂੰ ਵੀ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਸਭਨਾਂ ਵਿਚ ਜੱਗੇ ਦਾ ਨਾਂ



ਬੋਲਦਾ ਸੀ। ਉਸ ਦੇ ਪਿੰਡ ਪੁਲਿਸ ਛਾਪੇ ਮਾਰਨ ਲੱਗੀ। ਜੱਗਾ ਤਾਂ ਨਾ ਲੱਭਾ ਪਰ ਹਰ 10-15 ਦਿਨਾਂ ਬਾਅਦ ਉਸ ਦੇ ਬਾਪ ਤੇ ਭਰਾਵਾਂ ਨੂੰ ਥਾਣੇ ਬਿਠਾ ਲਿਆ ਜਾਂਦਾ ਤੇ ਪੰਚਾਇਤ ਵੱਲੋਂ ਸਫ਼ਾਈ ਦੇਣ 'ਤੇ ਛੱਡ ਦਿੱਤਾ ਜਾਂਦਾ। ਜੱਗੇ ਨਾਲ ਬੈਠਣ-ਉਠਣ ਵਾਲੇ ਸਾਧਾਰਨ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਹੌਲੀ-ਹੌਲੀ ਮਾਹੌਲ ਸ਼ਾਂਤ ਹੋਇਆ ਤਾਂ ਜਿਹੜੇ ਵਿਦਿਆਰਥੀ ਆਗੂ ਘਰੀਂ ਪਰਤ ਆਏ, ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੁਕੱਦਮੇ ਚਲਾਏ ਗਏ ਤੇ ਜਿਹੜੇ ਘਰੇ ਨਹੀਂ ਪਰਤੇ, ਉਹ ਆਪਣੇ ਆਪਣੇ ਇਨਕਲਾਬੀ ਗਰੁੱਪਾਂ ਦੇ ਕੁਲਵਕਤੀ ਗੁਪਤਵਾਸ ਕਾਰਕੁੰਨ ਬਣ ਗਏ। ਜੱਗਾ ਵੀ ਇਨ੍ਹਾਂ ਵਿਚ ਹੀ ਸ਼ੁਮਾਰ ਸੀ। ਪੁਲਿਸ ਉਸ ਨੂੰ ਪੇਸ਼ ਕਰਵਾਉਣ ਲਈ ਉਸ ਦੇ ਘਰਦਿਆਂ ਨੂੰ ਤੰਗ ਕਰਨ ਲੱਗੀ। ਆਖ਼ਰ ਉਨ੍ਹਾਂ ਬਾਕਾਇਦਾ ਅਖ਼ਬਾਰੀ ਇਸ਼ਤਿਹਾਰ ਰਾਹੀਂ ਜੱਗੇ ਨੂੰ ਪਰਿਵਾਰ ਵਿਚੋਂ ਬੇਦਖ਼ਲ ਕੀਤਾ ਤੇ ਦੋ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਇਹ ਵਾਅਦਾ ਕਰ ਕੇ ਖਹਿੜਾ ਛੁਡਾਇਆ ਕਿ ਉਨ੍ਹਾਂ ਨੂੰ ਕਿਧਰੇ ਵੀ ਜੱਗੇ ਦੀ ਭਿਣਕ ਪਈ ਤਾਂ ਉਹ ਫੌਰਨ ਪੰਚਾਇਤਾਂ ਨੂੰ ਸੂਚਿਤ ਕਰਨਗੇ। ਜਿਸ ਜੱਗੇ ਨੂੰ ਮਾਂ-ਬਾਪ, ਭਰਾ-ਭਰਜਾਈਆਂ ਨੇ ਬੜੇ ਲਾਡ-ਪਿਆਰ ਨਾਲ ਪਾਲਿਆ ਤੇ ਵੱਡਾ ਕੀਤਾ ਸੀ ਅਤੇ ਜਿਸ ਤੋਂ ਉਨ੍ਹਾਂ ਨੂੰ ਵੱਡਾ ਅਫ਼ਸਰ ਬਣ ਕੇ ਸੁਖ ਦੀ ਆਸ ਸੀ, ਉਸੇ ਜੱਗੇ ਨਾਲੋਂ ਉਨ੍ਹਾਂ ਨੂੰ ਆਪਣਾ ਰਿਸ਼ਤਾ ਤੋੜਨਾ ਪਿਆ ਸੀ!

ਨਵੰਬਰ 1974 ਦੀ ਗੱਲ ਹੈ ਕਿ ਲਗਪਗ ਰਾਤ ਦੇ ਗਿਆਰਾਂ ਵਜੇ ਮੇਰੇ ਕਮਰੇ ਦੇ ਬੂਹੇ 'ਤੇ ਦਸਤਕ ਹੋਈ। ਮੈਂ ਪੁੱਛਿਆ, "ਕੌਣ ਹੈ" ਤਾਂ ਆਵਾਜ਼ ਆਈ, "ਪ੍ਰੋਫ਼ੈਸਰ ਸ੍ਹਾਬ, ਘਰ ਦੇ ਈ ਬੰਦੇ ਆਂ, ਉਠ ਕੇ ਦਰਵਾਜ਼ਾ ਖੋਲ੍ਹੋ।" ਮੈਂ ਫਿਰ ਪੁੱਛਿਆ, "ਤਾਂ ਵੀ...ਕੌਣ ਹੈ?" ਤਾਂ ਬੜੀ ਹੌਲੀ ਜਿਹੀ ਆਵਾਜ਼ ਆਈ, "ਮੈਂ ਜੱਗਾ ਆਂ ਜੀ, ਦਰਵਾਜ਼ਾ ਖੋਲ੍ਹੋ।" ਮੈਂ ਬੂਹਾ ਖੋਲ੍ਹਿਆ ਤਾਂ ਜੱਗਾ ਪਛਾਣਿਆ ਨਹੀਂ ਸੀ ਜਾਂਦਾ। ਘੁੰਗਰਾਲੇ ਵਾਲਾਂ ਦੀ ਥਾਂ ਉਸ ਨੇ ਨਾਭੀ ਰੰਗ ਦੀ ਪੱਗ ਸਜਾਈ ਹੋਈ ਸੀ। ਦਾੜ੍ਹੀ ਵੀ ਥੋੜ੍ਹੀ ਵਧੀ ਹੋਈ ਸੀ। ਕਮੀਜ਼-ਪਜਾਮੇ ਦੀ ਜਗ੍ਹਾ ਬੜੀ ਸੁੰਦਰ ਪੈਂਟ-ਸ਼ਰਟ ਪਹਿਨੀ ਹੋਈ ਸੀ ਤੇ ਉਸ ਦੇ ਅਤੇ ਉਸ ਦੇ ਨਾਲ ਵਾਲੇ ਸਾਥੀ ਦੇ ਹੱਥਾਂ ਵਿਚ ਬ੍ਰੀਫ਼ਕੇਸ ਫੜੇ ਹੋਏ ਸਨ। ਉਸ ਨੇ ਬੈਠਦਿਆਂ ਹੀ ਕਿਹਾ, "ਪ੍ਰੋਫ਼ੈਸਰ ਸਾਹਿਬ ਭੁੱਖ ਬਹੁਤ ਲੱਗੀ ਹੋਈ ਹੈ। ਅਸੀਂ ਸਟੇਸ਼ਨ ਵਾਲੇ ਪਾਸਿਓਂ ਆਏ ਹਾਂ। ਉਧਰ ਇਕ ਹੋਟਲ ਖੁੱਲ੍ਹਾ ਹੈ। ਜਲਦੀ ਕਰੋ...ਤੁਸੀਂ ਸਾਡੇ ਲਈ 10-12 ਰੋਟੀਆਂ ਲੈ ਆਵੋ। ਫਿਰ ਕਿਧਰੇ ਬੰਦ ਹੀ ਨਾ ਹੋ ਜਾਵੇ। ਨਾਲ ਸਬਜ਼ੀ, ਦਾਲ, ਚਟਨੀ ਜੋ ਕੁਝ ਵੀ ਮਿਲੇ; ਲੈ ਆਉਣਾ। ਇਕ ਗੱਲ ਹੋਰ...ਮਿਹਰਬਾਨੀ ਕਰ ਕੇ ਇਕ ਕਿਲੋ ਦੁੱਧ ਵੀ ਲੈਂਦੇ ਆਉਣਾ ਕਿਉਂਕਿ ਅਸੀਂ ਕਾਫ਼ੀ ਲਿਖਣ-ਪੜ੍ਹਨ ਦਾ ਕੰਮ ਕਰਨਾ ਹੈ। ਕਈ ਵਾਰੀ ਚਾਹ ਬਣਾਵਾਂਗੇ।"

ਰੋਟੀ-ਪਾਣੀ ਛਕ ਕੇ ਜੱਗਾ ਕਹਿਣ ਲੱਗਾ- ਅੱਜ ਬਠਿੰਡਾ ਵਾਹੀਕਾਰ ਯੂਨੀਅਨ ਵੱਲੋਂ ਨਰਮੇ ਦੇ ਚੰਗੇ ਭਾਅ ਲੈਣ ਲਈ ਬੜਾ ਭਾਰੀ ਤੇ ਖਾੜਕੂ ਮੁਜ਼ਾਹਰਾ ਸੀ। ਕੋਈ 10 ਹਜ਼ਾਰ ਕਿਸਾਨ ਇਸ ਮੁਜ਼ਾਹਰੇ ਵਿਚ ਸ਼ਾਮਲ ਹੋਏ। ਘੰਟਾ ਭਰ ਕਿਸਾਨਾਂ ਦੀ ਪੁਲਿਸ ਨਾਲ ਸਿੱਧੀ ਟੱਕਰ ਹੋਈ। ਆਖ਼ਰ 'ਤੇ ਬਾਹਰੋਂ ਬਹੁਤ ਪੁਲਿਸ ਹੋਰ ਆ ਗਈ ਅਤੇ ਕਿਸਾਨਾਂ ਨੂੰ ਮੈਦਾਨ ਛੱਡਣਾ ਪਿਆ। ਵੇਖਿਓ...ਕੱਲ੍ਹ ਦੇਸ਼ ਭਰ ਦੇ ਅਖ਼ਬਾਰਾਂ ਵਿਚ ਇਸ ਮੁਜ਼ਾਹਰੇ ਦੀ ਮੁੱਖ ਖ਼ਬਰ ਹੋਵੇਗੀ। ਫਿਰ ਪਲ ਭਰ ਚੁੱਪ ਰਹਿਣ ਪਿੱਛੋਂ ਕਹਿਣ ਲੱਗਾ, "ਪ੍ਰੋਫ਼ੈਸਰ ਸਾਹਿਬ, ਡੇਢ-ਦੋ ਮਹੀਨੇ ਹੋ ਗਏ ਹਨ, ਮੈਨੂੰ ਨਿਧੀ ਦਾ ਸੁਨੇਹਾ ਮਿਲਿਆ ਸੀ ਕਿ ਮੈਂ ਉਸ ਨੂੰ ਜ਼ਰੂਰ ਮਿਲਾਂ। ਪਤਾ ਲੱਗਾ ਸੀ ਕਿ ਉਹ ਚੰਡੀਗੜ੍ਹ ਐਮ.ਏ. ਕਰ ਰਹੀ ਹੈ ਪਰ ਅੱਜ ਕੱਲ੍ਹ ਏਥੇ ਹੈ। ਅੱਜ ਮੈਂ ਬਠਿੰਡੇ ਆਇਆ ਸੀ। ਸੋਚਿਆ...ਚਲੋ ਗੇੜਾ ਮਾਰ ਕੇ ਵੇਖ ਲੈਂਦੇ ਹਾਂ। ਤੁਸੀਂ ਸੋਚਦੇ ਹੋਵੋਗੇ ਕਿ ਮੈਂ ਰਾਤ ਦੇ 11 ਵਜੇ ਆਇਆ ਹਾਂ, ਸਵੇਰੇ 4 ਵਜੇ ਚਲੇ ਜਾਣਾ ਹੈ ਤਾਂ ਇਸ ਗੇੜੇ ਦੇ ਕੀ ਅਰਥ ਹੋ ਸਕਦੇ ਹਨ, ਪਰ ਪ੍ਰੋਫ਼ੈਸਰ ਸਾਹਿਬ! ਕਈ ਵਾਰ ਬੰਦਾ ਸਿਰਫ਼ ਮਨ ਦੀ ਝੂਠੀ ਤਸੱਲੀ ਲਈ ਬੜੀਆਂ ਬੇਤਰਕ, ਬੇਅਰਥ ਤੇ ਹਾਸੋਹੀਣੀਆਂ ਗੱਲਾਂ ਕਰ ਜਾਂਦਾ ਹੈ।"

ਇੰਨੀ ਗੱਲ ਕਹਿ ਕੇ ਉਸ ਤੇ ਉਸ ਦੇ ਸਾਥੀ ਨੇ ਬ੍ਰੀਫ਼ਕੇਸ ਵਿਚੋਂ ਕੁਝ ਕਾਗਜ਼ ਕੱਢੇ ਤੇ ਟੇਬਲ ਲੈਂਪ ਜਗਾ ਕੇ ਕਾਗਜ਼ਾਂ ਦੀ ਫ਼ਰੋਲਾ-ਫ਼ਾਲੀ ਕਰਨੀ ਸ਼ੁਰੂ ਕੀਤੀ। ਮੈਂ ਨਾ ਹੀ ਜੱਗੇ ਤੋਂ ਉਸ ਦੇ ਸਾਥੀ ਬਾਰੇ ਪੁੱਛਿਆ ਅਤੇ ਨਾ ਹੀ ਇਹ ਪੁੱਛਿਆ ਕਿ ਉਨ੍ਹਾਂ ਨੇ ਕਦੋਂ ਤੇ ਕਿੱਥੇ ਜਾਣਾ ਹੈ। ਜਦੋਂ ਮੈਂ ਸਵੇਰੇ 6 ਵਜੇ ਉਠਿਆ ਤਾਂ ਉਹ ਜਾ ਚੁੱਕੇ ਸਨ ਤੇ ਉਨ੍ਹਾਂ ਵੱਲੋਂ ਮੇਰੇ ਸਿਰਹਾਣੇ ਰੱਖਿਆ ਚਾਹ ਦਾ ਕੱਪ ਠੰਢਾ ਹੋ ਚੁੱਕਾ ਸੀ।

ਮਾਰਚ 1975 ਦੀ ਗੱਲ ਹੈ। ਅਸੀਂ ਦੋ-

(ਬਾਕੀ ਸਫ਼ਾ 31 'ਤੇ)

# ਭਰੇ ਖਾਂਚੇ ਨਾਲ ਸੰਬੋਸਿਆਂ ਦੇ...

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਕੇਲੇ ਬਾਰੇ ਕਿਹਾ ਜਾਂਦਾ ਹੈ ਕਿ ਇਹ ਨਹੀਂ ਖਾਣਾ ਚਾਹੀਦਾ, ਅੰਦਰ ਜਾ ਕੇ ਸਿਧਾ ਹੋ ਜਾਂਦਾ ਹੈ। ਪੌਸ਼ਟਿਕ ਤੇ ਪੋਟਾਸ਼ੀਅਮ ਭਰਪੂਰ ਪੋਲਾ ਪੋਲਾ ਕੇਲਾ ਸਿਧਾ ਵੀ ਹੋ ਗਿਆ ਤਾਂ ਕੀ ਜ਼ੁਲਮ ਢਾਏਗਾ? ਸਾਨੂੰ ਚਿੰਤਾ ਕਰਨੀ ਚਾਹੀਦੀ ਹੈ ਸਮੋਸੇ ਦੀ, ਭਲਾ ਜੇ ਇਸਦੇ ਤੀਰ ਵਰਗੇ ਤਿੰਨ ਤਿੱਖੇ ਖੂੰਜੇ ਅੰਦਰ ਜਾਕੇ ਨਾ ਭੁਰਨ ਤਾਂ ਮਨੁਖ ਜਾਤੀ ਦਾ ਕੀ ਬਣੇਗਾ? ਸਮੋਸੇ ਦੇ ਇਹ ਢਿਡ-ਖੁਭਵੇਂ ਤਿਰਸੂਲ ਦਿਖਾਵੇ ਦੇ ਨਹੀਂ, ਸੱਚਮੁਚ ਅੰਦਰ ਜਾ ਕੇ ਸੂਲ ਮਚਾਉਣ ਦੇ ਸੂਚਕ ਹਨ। ਬੀ.ਬੀ.ਸੀ. ਨੇ ਬਹੁਤ ਪਹਿਲਾਂ ਐਲਾਨ ਕਰ ਦਿੱਤਾ ਸੀ ਕਿ ਬਰਤਾਨੀਆ ਦੇ ਸ਼ਹਿਰੀਆਂ ਦਾ ਨੰਬਰ ਇਕ ਹਤਿਆਰਾ ਸਮੋਸਾ ਹੈ। ਚਿੰਤਾਤੁਰ ਹੋਏ ਸਿਹਤ ਕਾਮੇ ਬਰਮਿੰਘਮ ਦੇ ਗੁਰਦੁਆਰਿਆਂ ਵਿਚ ਅਕਸਰ ਹੀ ਸੰਗਤਾਂ ਨੂੰ ਇਨ੍ਹਾਂ ਤਿਖੂੰਜਿਆਂ ਦੇ ਘਾਤਕ ਸਿੱਟਿਆਂ ਬਾਰੇ ਚਿਤਾਵਨੀਆਂ ਦੇ ਚੁਕੇ ਹਨ। ਸ਼ਹਿਰ ਦੇ ਸਿੱਖਾਂ ਵਿਚ ਸ਼ੱਕਰ ਰੋਗ (ਸ਼ੂਗਰ) ਗੋਰਿਆਂ ਨਾਲੋਂ ਤਿੰਨ ਗੁਣਾ ਵੱਧ ਹੈ ਅਤੇ ਦਿਲ ਦੀਆਂ ਬੀਮਾਰੀਆਂ ਡੇਢ ਗੁਣਾ ਵੱਧ। ਇਕ ਸਿਹਤ ਕਾਮੇ ਦਾ ਕਹਿਣਾ ਹੈ, "ਖਾਣ ਵਾਲੀਆਂ ਚੀਜ਼ਾਂ ਵਿਚੋਂ ਸਮੋਸਾ ਸਭ ਤੋਂ ਭੈੜਾ ਹੈ। ਮੇਰੀ ਕੋਸ਼ਿਸ਼ ਹੈ ਕਿ ਲੋਕ ਇਸ ਨੂੰ ਘਟ ਖਾਣ, ਬਾਹਲਾ ਚਿੱਤ ਕਰੇ ਤਾਂ ਘਿਉ ਦੀ ਥਾਂ ਜ਼ੈਤੂਨ ਦੇ ਤੇਲ ਵਿਚ ਤਲਿਆ ਸਮੋਸਾ ਖਾਣ।"

ਇਕ ਸਮੋਸੇ ਵਿਚ 25 ਗਰਾਮ ਅਰਥਾਤ ਮੱਖਣ ਦੀ ਇਕ ਬੱਤੀ ਜਿੰਨਾ ਫੈਟ ਹੁੰਦਾ ਹੈ। ਪੰਜਾਬੀ ਖਾਣ ਲੱਗੇ ਨਹੀਂ ਦੇਖਦੇ, ਢਿਡ ਤੂੜਨ ਵਿਚ ਵਿਸ਼ਵਾਸ ਰੱਖਦੇ ਹਨ। ਗੁਰਦੁਆਰਿਆਂ ਵਿਚ ਤਲੇ ਹੋਏ ਸਮੋਸਿਆਂ, ਪਕੌੜਿਆਂ ਤੇ ਭਾਂਤ-ਸੁਭਾਂਤੀਆਂ ਮਿਠਾਈਆਂ ਦੇ ਰੂਪ ਵਿਚ ਬਲੱਡ-ਪਰੈਸ਼ਰ, ਸ਼ੱਕਰ-ਰੋਗ ਤੇ ਦਿਲ-ਰੋਗ ਦੇ ਦਿਲ ਖੋਲ੍ਹ ਕੇ ਗੱਫੇ ਵਰਤਾਏ ਜਾਂਦੇ ਹਨ। ਕਈਆਂ ਦਾ ਕਹਿਣਾ ਹੈ ਕਿ ਇਕ ਦਿਨ ਤਾਂ ਮਰਨਾ ਹੀ ਹੈ, ਅਸੀਂ ਆਪਣਾ ਸਮੋਸਾ ਨਹੀਂ ਛੱਡਣਾ। ਮੇਰਾ ਵੱਸ ਚੱਲੇ ਤਾਂ ਮੈਂ ਗੁਰਦੁਆਰੇ ਦੇ ਲੰਗਰ ਹਾਲ ਤੇ ਰਸੋਈ ਵਿਚ ਥਾਂ ਥਾਂ 'ਤੇ ਸਿਰੀ ਰਾਗ ਵਿਚ ਰਚੇ ਗੁਰੂ ਨਾਨਕ ਦੇਵ ਦੇ ਇਹ ਸ਼ਬਦ ਉਕਰ ਦੇਵਾਂ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥

ਪੰਜਾਬੀਆਂ ਨੂੰ ਆਪਣੇ ਸਮੋਸੇ ਤੇ ਮਾਣ ਹੈ, ਕੌਣ ਹੈ ਸਾਡੇ ਕੌਮੀ ਸਲੂਣੇ ਨੂੰ ਨਿੰਦਣ ਵਾਲਾ ਤੇ ਇਸ ਨੂੰ ਖਾਣ ਤੋਂ ਰੋਕਣ ਵਾਲਾ? ਕੌਮਾਂ ਆਪਣੇ ਭੋਜਨ ਖਾ ਖਾ ਕੇ ਬਲਵਾਨ ਹੁੰਦੀਆਂ ਹਨ। ਮੈਂ ਕਹਿੰਦਾ ਹਾਂ, ਮੈਂ ਹਾਂ, ਇਕ ਹੋਰ ਪੰਜਾਬੀ ਤੇ ਇਹ ਅਭਿਮਾਨ ਤੋੜਨ ਵਾਲਾ ਵੀ ਕਿ ਨਾ ਤਾਂ ਸਮੋਸਾ ਪਕਵਾਨ ਪੰਜਾਬੀ ਮੂਲ ਦਾ ਹੈ ਤੇ ਨਾ ਸ਼ਬਦ। 'ਇਹ ਨਹੀਂ ਹੋ ਸਕਦਾ, ਪਿੰਡਾਂ ਦੇ ਜੱਟ ਮੋਢਿਆਂ ਤੇ ਸਮੋਸਾ ਬੰਨ੍ਹਦੇ ਹਨ, ਇਹ ਵੀ ਭਲਾ ਕੋਈ ਬਾਹਰੋਂ ਆਈ ਚੀਜ਼ ਹੈ? ਹਰ ਚੀਜ਼ ਬਾਹਰੋਂ ਆਈ, ਅਸੀਂ ਭਲਾ ਨੰਗ ਸੀ?' ਖੈਰ, ਮੈਂ ਬਹੁਤੀ ਜ਼ਿਆਦਤੀ ਤਾਂ ਨਹੀਂ ਕਰਦਾ। ਏਨੀ ਕੁ ਰਿਆਇਤ ਕਰ ਲੈਂਦਾ ਹਾਂ ਕਿ ਪੰਜਾਬ ਦੀਆਂ ਸਰਹੱਦਾਂ ਖਿਸਕਾ ਕੇ ਉਨ੍ਹਾਂ ਇਲਾਕਿਆਂ ਤੱਕ ਲੈ ਜਾਂਦਾ ਹਾਂ ਜਿਥੋਂ ਸਮੋਸਾ ਆਇਆ, ਫਿਰ ਪੰਜਾਬ ਵੀ ਵੱਡਾ ਹੋ ਜਾਵੇਗਾ ਤੇ ਸਮੋਸਾ ਵੀ ਆਪਣਾ ਰਹਿ ਜਾਵੇਗਾ; ਉਂਜ ਵੀ ਫਾਰਸ ਕਿਸੇ ਵੇਲੇ ਪੰਜਾਬ ਤੋਂ ਸ਼ੁਰੂ ਹੁੰਦਾ ਸੀ!



ਅਸਲ ਗੱਲ ਤਾਂ ਇਹ ਹੈ ਕਿ ਜਦ ਪੰਜਾਬ ਸ਼ਬਦ ਹੀ ਫਾਰਸੀ ਦਾ ਹੈ ਤਾਂ ਫਿਰ ਸਮੋਸਾ ਕਿਹੜੇ ਬਾਗ ਦੀ ਮੂਲੀ ਹੈ। ਸੱਚਾਈ ਇਹ ਹੈ ਕਿ ਸਮੋਸਾ ਵੀ ਫਾਰਸੀ ਮੂਲ ਦਾ ਸ਼ਬਦ ਹੈ ਜਿਸ ਦਾ ਮੁਢਲਾ ਰੂਪ 'ਸੰਬੋਸਾਹ' ਹੈ। ਸ਼ਬਦ ਵਿਚ ਲੁਕੇ 'ਬੋਸਾ' ਦਾ ਚੁੰਮੀ ਨਾਲ ਕੋਈ ਵਾਸਤਾ ਨਹੀਂ। (ਕਈ ਚੁੰਮੀ ਲੈਂਦੇ ਵੀ ਛੇਕ ਕਰ ਦੇਂਦੇ ਹਨ!) ਫਾਰਸੀ ਵਿਚ ਸੁੰਬ ਅਜਿਹੀ ਨੁਕੀਲੀ ਚੀਜ਼ ਅਰਥਾਤ ਛੈਣੀ, ਵਰਮਾ ਜਾਂ ਸੂਆ ਹੈ ਜੋ ਛੇਕ ਕਰ ਸਕੇ। ਪੰਜਾਬੀ ਦਾ ਸੁੰਬਾ ਇਸੇ ਦਾ ਬਦਲਿਆ ਰੂਪ ਹੈ। ਇਸ ਸ਼ਬਦ ਨੇ ਘੋੜੇ ਦੇ 'ਸੁੰਮ' ਦਾ ਰੂਪ ਵੀ ਧਾਰਿਆ ਹੋਇਆ ਹੈ ਪਰ ਇਸ ਦੇ ਖੁਰ ਫਿਰ ਕਦੇ ਨੱਪਾਂਗੇ। ਫਾਰਸੀ ਵਿਚ ਸੇਹ ਦਾ ਅਰਥ ਤਿੰਨ ਹੁੰਦਾ ਹੈ। ਸਾਰੰਗਾ, ਜਿਸ ਵਿਚ ਸੇਹ 'ਸਾ' ਰੂਪ ਵਿਚ ਹੈ, ਇਕ ਤਿੰਨ ਰੰਗੇ ਕਪੜੇ ਨੂੰ ਆਖਦੇ ਹਨ। ਸੋ ਸੰਬ+ਸੇਹ=ਸੰਬੋਸਾ ਅਰਥਾਤ ਅਜਿਹੀ ਚੀਜ਼ ਜਿਸ ਦੀਆਂ ਤਿੰਨ ਨੋਕਾਂ ਜਾਂ ਸੂਏ ਹੋਣ। ਜੇ ਪੰਜਾਬੀ ਵਿਚ ਇਸ ਦਾ ਅੱਖਰੀ ਅਨੁਵਾਦ ਕਰਨਾ ਹੋਵੇ ਤਾਂ 'ਤ੍ਰਿਸੂਲ' ਸ਼ਬਦ ਸਾਹਮਣੇ ਆਉਂਦਾ ਹੈ। ਹਾਲਾਂ ਕਿ ਇਕ ਕੋਸ਼ ਨੇ ਇਸ ਨੂੰ ਸੰਸਕ੍ਰਿਤ ਨਾਲ ਜੋੜ ਕੇ ਇਸ ਦਾ ਸੰਧੀ-ਛੇਕ ਵੀ ਕੀਤਾ ਹੈ: ਸਮੋਸਾ=ਸਮ+ਭੁਜ ਅਰਥਾਤ ਇਕੋ ਜਿਹੀਆਂ ਭੁਜਾਵਾਂ ਵਾਲਾ ਪਰ ਇਹ ਵਿਆਖਿਆ ਸਮੋਸੇ ਨੂੰ ਭਾਰਤੀ ਮੂਲ ਦੀ ਚੀਜ਼ ਦਰਸਾਉਣ ਦੀ ਬਿਰਤੀ 'ਚੋਂ ਹੀ ਪੈਦਾ ਹੋਈ ਹੈ। ਹਿੰਦੀ ਦੇ ਇਕ ਕੋਸ਼ ਵਿਚ ਤਿਕੋਣਾ ਅਤੇ ਸਿੰਘਾੜਾ ਦੇ ਅਰਥ ਸਮੋਸਾ ਦਿੱਤੇ ਹੋਏ ਹਨ। ਮੈਂ ਕਹਿ ਨਹੀਂ ਸਕਦਾ ਕਿਹੜੇ ਇਲਾਕਿਆਂ ਵਿਚ ਇਹ ਸ਼ਬਦ ਸਮੋਸੇ ਲਈ ਵਰਤੇ ਗਏ ਹੋਣਗੇ। ਬੰਗਾਲੀ ਤੇ ਉੜੀਆ ਵਿਚ ਇਸ ਨੂੰ ਸ਼ਿੰਗਾਰਾ ਤੇ ਸ਼ਿੰਗਾੜਾਵੀ ਕਿਹਾ ਜਾਂਦਾ ਹੈ।

'ਸੰਬੂਸਾ' ਸ਼ਬਦ ਤੇ ਪਕਵਾਨ ਦੇ ਕਈ ਦੇਸ਼ ਦਾਅਵੇਦਾਰ ਹਨ ਜਿਨ੍ਹਾਂ ਵਿਚ ਸੋਮਾਲੀਆ ਵੀ ਸ਼ੁਮਾਰ ਹੁੰਦਾ ਹੈ ਪਰ ਬਹੁਤੇ ਸ੍ਰੋਤ ਇਸ ਨੂੰ ਮਧ ਏਸ਼ੀਆ ਦੀ ਸ਼ੈਅ ਹੀ ਗਰਦਾਨਦੇ ਹਨ। ਭਾਰਤ ਵਿਚ ਸਮੋਸਾ ਮਧ ਪੂਰਬੀ ਏਸ਼ੀਅਨ ਸੌਦਾਗਰਾਂ ਨੇ 13ਵੀਂ-14ਵੀਂ ਸਦੀ ਵਿਚ ਪਹੁੰਚਾਇਆ। ਇਨ੍ਹਾਂ ਦੇਸ਼ਾਂ ਦੇ 'ਸੰਬੂਸਕ' ਮਾਸ, ਪਨੀਰ, ਫਲ ਆਦਿ ਬੇਅੰਤ ਤਰ੍ਹਾਂ ਦੇ ਖਾਜੇ ਪਾ ਕੇ ਤਿਲਾਂ ਦੇ ਤੇਲ ਵਿਚ ਤਲੇ ਜਾਂਦੇ ਸਨ। ਸਾਸਾਨਿਦ ਸਭਿਆਚਾਰ ਅਤੇ ਇਰਾਕ ਵਿਚ ਇਹ ਇਕ ਤਰ੍ਹਾਂ ਫਾਸਟ ਫੂਡ ਸੀ ਜੋ ਕਿਸੇ ਵੇਲੇ ਬਗਦਾਦ ਦੀਆਂ ਸਭ ਗਲੀਆਂ, ਕੂਚਿਆਂ, ਚੌਕਾਂ ਵਿਚ ਵਿਕਦਾ ਸੀ। ਊਠਾਂ 'ਤੇ ਚੜ੍ਹੇ ਤੇ ਕਾਫਲਿਆਂ ਵਿਚ ਚਲਦੇ ਸੌਦਾਗਰ ਸੰਬੂਸਕਾਂ ਨੂੰ ਖੁਰਜੀਆਂ ਵਿਚ ਭਰ ਲੈਂਦੇ। ਇਹ ਛੋਟੇ ਛੋਟੇ ਕੀਮੇ ਭਰਪੂਰ ਭੁਰਭਰੇ ਤਿਕੋਨੇ ਰਾਹ ਵਿਚ ਆਉਂਦੇ ਪੜਾਵਾਂ ਦੌਰਾਨ ਖਾਣੇ ਸੌਖੇ ਸਨ। ਔਕਸਫੋਰਡ ਦੀ ਭੋਜਨਾਂ ਬਾਰੇ ਇਕ ਕਿਤਾਬ ਵਿਚ ਭਾਰਤੀ ਸਮੋਸੇ ਨੂੰ ਹਰ ਤਰ੍ਹਾਂ ਦੇ ਭਰਵੇਂ ਸਲੂਣੇ ਨਾਲੋਂ ਬੇਹਤਰ ਮੰਨਿਆ ਗਿਆ ਹੈ ਜੋ ਕਿ ਮਿਸਰ ਤੋਂ ਜ਼ੰਜ਼ੀਬਾਰ, ਮਧ ਏਸ਼ੀਆ ਅਤੇ ਪਛਮੀ ਚੀਨ ਤੱਕ ਮਾਰ ਕਰਦਾ ਹੈ। ਨੌਵੀਂ ਸਦੀ ਦੇ ਇਕ ਕਵੀ ਇਸ਼ਾਕ ਇਬਨ ਬਿਰਾਹੀਮ-ਅਲ-ਮੌਸਿਲੀ ਦਵਾਰਾ 'ਸੰਸੁਬਾਜ' ਦੀ ਸਿਫਤ ਵਿਚ ਕਵਿਤਾ ਲਿਖੀ ਮਿਲਦੀ ਹੈ। ਚੌਦਵੀਂ ਸਦੀ ਤੱਕ ਭਾਰਤ ਵਿਚ ਆਮ ਲੋਕ ਤਾਂ ਕੀ ਰਾਜੇ ਵੀ ਇਸ ਦੇ ਸ਼ੌਕੀਨ ਹੋ ਗਏ ਸਨ। 1300 ਸੰਨ ਵਿਚ ਅਮੀਰ ਖੁਸਰੋ ਨੇ ਇਕ ਥਾਂ ਜ਼ਿਕਰ ਕੀਤਾ ਕਿ ਬਾਦਸ਼ਾਹ ਮੀਟ, ਪਿਆਜ਼ ਅਤੇ ਘਿਉ ਵਾਲੇ ਸਮੋਸੇ ਪਸੰਦ ਕਰਦਾ ਹੈ। 1334 ਵਿਚ ਇਬਨ ਬਤੂਤਾ ਕੀਮੇ, ਪਿਸਤੇ, ਬਦਾਮਾਂ, ਮਸਾਲੇ ਘਿਉ 'ਚ ਤਲੇ ਸੰਬੂਸਕ ਦਾ ਜ਼ਿਕਰ ਕਰਦਾ ਹੈ। ਆਇਨੇ ਅਕਬਰੀ ਵਿਚ 'ਸੰਬੂਸਾ' ਦਾ ਜ਼ਿਕਰ ਹੈ। ਸੋਲ੍ਹਵੀਂ ਸਦੀ ਵਿਚ ਬਗਦਾਦ ਦੇ ਖਲੀਫਿਆਂ ਦੇ ਦਰਬਾਰਾਂ ਵਿਚ ਸੰਬੂਸਕ ਜਾਂ ਸੰਬੂਸੇ ਦੇ ਕਸੀਦੇ ਲਿਖੇ ਜਾਂਦੇ ਸਨ। ਅਠਾਰਵੀਂ ਸਦੀ ਦੇ ਪੰਜਾਬੀ ਕਵੀ ਵਾਰਿਸ ਸ਼ਾਹ ਨੇ ਹੀਰ ਵਿਚ 'ਸੰਬੋਸੇ' ਦਾ ਜ਼ਿਕਰ ਕੀਤਾ ਹੈ। ਹੀਰ ਦੇ ਵਿਆਹ ਵਿਚ ਤਿਆਰ ਕੀਤੀ 'ਸ਼ੀਰਨੀ' ਵਿਚ ਸੰਬੋਸਿਆਂ ਦੇ ਖਾਂਚਿਆਂ ਦੇ ਖਾਂਚੇ ਤਿਆਰ ਕਰਵਾਏ ਗਏ ਸਨ:

ਮਿੱਠੀ ਹੋਰ ਖਜੂਰ ਪਰਾਕੜੀ ਵੀ,
ਭਰੇ ਖਾਂਚੇ ਨਾਲ ਸੰਬੋਸਿਆਂ ਦੇ।
ਅੰਦਰਸੇ, ਕਚੌਰੀਆਂ, ਲੁਚੀਆਂ, ਵੜੇ,
ਸਨ ਖੰਡ ਦੇ ਖੁਰਮਿਆਂ ਖੋਸਿਆਂ ਦੇ।

ਮੁਢਲੇ ਰੂਪ ਵਾਲੇ 'ਸੰਬੂਸਕ' ਦੇ ਤਿੰਨ ਅਵਤਾਰ ਮਿਥੇ ਗਏ ਹਨ: ਸਮੋਸਾ, ਸੰਬੂਸਕ/ਸੰਬੂਸਾ ਅਤੇ ਸਮਸਾ। ਨਿਸਚੇ ਹੀ ਸਮੋਸਾ ਮੁਖ ਤੌਰ 'ਤੇ ਭਾਰਤੀ ਪਿੰਡਾਂ/ਸ਼ਹਿਰਾਂ ਦਾ ਮਸ਼ਹੂਰ ਚੋਸਾ ਹੈ। ਹਰ ਕਸਬੇ, ਸ਼ਹਿਰ, ਸੂਬੇ ਦੀ ਆਪਣੀ ਵੰਨਗੀ ਹੈ। ਕੋਈ ਛੋਟਾ ਹੈ ਕੋਈ ਵੱਡਾ, ਕੋਈ ਆਲੂਆਂ ਮਟਰਾਂ ਨਾਲ ਭਰਿਆ, ਕੋਈ ਮੀਟ, ਕੀਮੇ, ਪਾਲਕ, ਪਨੀਰ ਨਾਲ। ਕਈ ਖੁੰਬਾਂ ਤੇ ਕਈ ਅਨਾਰ ਤੇ ਸੌਗੀ ਵਾਲੇ ਹਨ। ਕਈ ਦਮਕੜੇ ਜਿੱਡੇ ਤੇ ਕਈ ਪਸੇਰੀ ਜਿੱਡੇ। ਭਾਰਤ 'ਚ ਰਹਿ ਚੁੱਕੇ ਜਾਂ ਰਹਿੰਦੇ ਹਰ ਵਿਅਕਤੀ ਦੇ ਆਪਣੇ ਮਨਪਸੰਦ ਸਮੋਸਿਆਂ ਵਾਲੇ ਹਲਵਾਈ ਹਨ। ਕਈ ਚਟਣੀ ਨਾਲ ਖਾਂਦੇ ਹਨ, ਕਈ ਸਮੋਸੇ ਨਾਲੋਂ ਚਟਣੀ ਖਾਣੀ ਵਧੇਰੇ ਪਸੰਦ ਕਰਦੇ ਹਨ; ਕਈ ਚਟਣੀ ਨੂੰ ਦੇਖਣਾ ਵੀ ਨਹੀਂ ਚਾਹੁੰਦੇ, ਸੁੱਕਾ ਹੀ ਰਗੜਦੇ ਹਨ। ਮੈਂ ਅਜਿਹੇ ਬੰਦੇ ਵੀ ਦੇਖੇ ਹਨ ਜੋ ਸਮੋਸੇ ਨੂੰ ਉਧੇੜ ਕੇ ਆਲੂ ਆਲੂ ਹੀ ਖਾਂਦੇ ਹਨ, ਦੂਜੇ ਪਾਸੇ ਕਈ ਆਲੂਆਂ ਨੂੰ ਪਾਸੇ ਕਢ ਕੇ ਸਿਰਫ ਇਸ ਦੀ ਖੱਲ ਹੀ ਖਾ ਕੇ ਚਟਖਾਰੇ ਲੈਂਦੇ ਹਨ। ਮੈਨੂੰ ਇਕ ਵਾਰੀ ਠੰਡ ਨਾਲ ਬੁਖਾਰ ਹੋ ਗਿਆ ਤੇ ਡਾਕਟਰ ਕੋਲ ਜਾਣਾ ਪਿਆ। ਦਵਾਈ ਲੈਣ ਪਿਛੋਂ ਮੈਂ ਉਸ ਨੂੰ ਪੁਛਿਆ, "ਡਾਕਟਰ ਸਾਹਿਬ, ਮੈਂ ਸਮੋਸਾ ਖਾ ਸਕਦਾ ਹਾਂ?" ਡਾਕਟਰ ਚੌਂਕ ਗਿਆ, ਕਹਿੰਦਾ, "ਸਮੋਸਾ? ਬਿਲਕੁਲ ਨਹੀਂ!" ਡਾਕਟਰ ਤੇ ਸਮੋਸੇ ਦਾ ਇੱਟ ਕੁੱਤੇ ਦਾ ਵੈਰ ਹੈ। ਏਥੇ ਮੈਨੂੰ ਸੰਤੇ-ਬੰਤੇ ਦਾ ਚੁਟਕਲਾ ਯਾਦ ਆ ਰਿਹਾ ਹੈ। ਸੰਤਾ ਸਮੋਸਾ ਖੋਲ੍ਹ ਕੇ ਅੰਦਰ ਦਾ ਮਸਾਲਾ ਖਾ ਰਿਹਾ ਸੀ। ਬੰਤਾ ਬੋਲਿਆ, "ਪੂਰਾ ਕਿਉਂ ਨਹੀਂ ਖਾ ਰਿਹਾ?" ਸੰਤਾ ਬੋਲਿਆ, "ਡਾਕਟਰ ਨੇ ਬਾਹਰ ਦੀ ਚੀਜ਼ ਖਾਣ ਤੋਂ ਮਨ੍ਹਾਂ ਕੀਤਾ ਹੈ।"

ਮੂੰਹ ਤੋਂ ਨਾ ਲਹਿੰਦੇ ਇਹ ਜ਼ਾਇਕੇਦਾਰ ਪਕਵਾਨ ਮਿਸਰ, ਲੈਬਨਾਨ, ਜਾਰਡਨ ਤੇ ਸੀਰੀਆ ਵਿਚ ਬਹੁਤ ਪਸੰਦ ਕੀਤੇ ਜਾਂਦੇ ਹਨ। ਇਨ੍ਹਾਂ ਦੇ ਕੋਨੇ 'ਤੇ ਨਹੁੰਆਂ ਨਾਲ ਕੀਂਗਰੇ ਬਣਾਏ ਜਾਂਦੇ ਹਨ। ਸੰਬੂਸਕ ਵਿਚ ਗੋਸ਼ਤ, ਪਿਆਜ਼, ਗਿਰੀਆਂ ਤੇ ਸੌਗੀ ਪਾਈ ਜਾਂਦੀ ਹੈ। ਪਰ ਇਕ ਖਾਸ ਤਰ੍ਹਾਂ ਦੇ 'ਸੰਬੂਸਕ ਬਿਲ ਲੋਜ਼' ਵਿਚ ਬਦਾਮ, ਖੰਡ ਤੇ ਗੁਲਾਬ ਭਰੇ ਜਾਂਦੇ ਹਨ। ਇਰਾਕ ਤੇ ਅਰਬ ਦੇਸ਼ਾਂ ਦੇ ਸੰਬੂਸਕਾਂ ਵਿਚ ਖਜੂਰਾਂ ਵੀ ਪਾਈਆਂ ਜਾਂਦੀਆਂ ਹਨ।

ਸਮੋਸੇ ਨੂੰ ਅਰਬੀ ਵਿਚ ਸੰਬੂਸਕ, ਕਿਰਗਿਜ਼ ਤੇ ਕਜ਼ਾਖ ਵਿਚ ਚਮਚਾ, ਉਜ਼ਬੇਕ ਵਿਚ ਸੋਮਸਾ, ਇਰਾਨ ਵਿਚ ਸਮੂਜ਼ਾ ਅਤੇ ਬਰਮੀ ਤੇ ਕੋਂਕਣੀ ਵਿਚ ਚਮੂਚਾ ਆਖਦੇ ਹਨ। ਤੁਰਕੀ ਬੋਲਣ ਵਾਲੇ ਦੇਸ਼ਾਂ ਵਿਚ ਇਸ ਨੂੰ ਸਾਮਸਾ ਜਿਹੇ ਸ਼ਬਦਾਂ ਨਾਲ ਪੁਕਾਰਿਆ ਜਾਂਦਾ ਹੈ। ਉਜ਼ਬੇਕਿਸਤਾਨ ਤੇ ਤੁਰਕੀ ਦੇ ਲੋਕ ਸਮੋਸਿਆਂ ਨੂੰ ਤਲਣ ਦੀ ਬਜਾਏ ਤੰਦੂਰ ਵਿਚ ਭੁੰਨ ਕੇ ਪਕਾਉਂਦੇ ਹਨ ਪਰ ਖਾਨਾਬਦੋਸ਼ ਕਜ਼ਾਖ ਤਲ ਕੇ ਬਣਾਉਂਦੇ ਹਨ। ਤੁਰਕਮੇਨਿਸਤਾਨ ਦੇ ਲੋਕ ਭਾਫ ਨਾਲ ਬਣਾਉਂਦੇ ਹਨ। ਮਧ ਏਸ਼ੀਆ ਦੇ ਵੱਰਾਕੀ ਸਮਸੇ ਮੀਟ ਨਾਲ ਭਰੇ ਹੁੰਦੇ ਹਨ। ਕਈਆਂ ਵਿਚ ਕੱਦੂ, ਛੋਲੇ ਤੇ ਹੋਰ ਜੜੀ ਬੂਟੀਆਂ ਪਾਈਆਂ ਜਾਂਦੀਆਂ ਹਨ। ਅਰਬ ਤੇ ਅਫਗਾਨਿਸਤਾਨ ਵਿਚ ਇਸਲਾਮੀ ਚਿੰਨ੍ਹ, ਚੰਦ ਦੀ ਸ਼ਕਲ ਦਾ ਸਮੋਸਾ ਵੀ ਹੁੰਦਾ ਹੈ ਪਰ ਕਹਾਉਂਦਾ ਸੰਬੂਸਕ ਜਾਂ ਸੰਬੂਸਾ ਹੀ ਹੈ। ਬੰਗਾਲ ਦਾ ਮਿੱਠਾ ਸਿੰਗਾਰਾ ਖੋਏ ਅਤੇ ਚਾਸ਼ਨੀ ਨਾਲ ਭਰਿਆ ਹੁੰਦਾ ਹੈ। ਹੈਦਰਾਬਾਦ ਵਿਚ ਚੌਰਸ ਕੀਮੇ ਭਰਿਆ ਸਮੋਸਾ ਲੁਖਮੀ ਕਹਾਉਂਦਾ ਹੈ। ਗੋਆ ਦਾ ਚਮੂਚਾ ਗੋਮਾਸ ਜਾਂ ਸੂਰ ਦੇ ਮਾਸ ਦਾ ਭਰਿਆ ਹੁੰਦਾ ਹੈ। ਪੁਰਤਗਾਲ ਵਿਚ ਵੀ ਅਜਿਹੇ ਹੀ ਸਮੋਸੇ ਨੇ ਜਾ ਡੇਰੇ ਲਾਏ।



# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

## Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਸਿੱਖ ਧਰਮ ਚਿੰਤਨ ਅਤੇ ਧਾਰਮਿਕ ਸਹਿਹੋਂਦ

**ਡਾ. ਗੁਰਨਾਮ ਕੌਰ**

ਵਿਗਿਆਨਕ ਵਿਕਾਸ ਨੇ ਸੰਸਾਰ ਨੂੰ ਬਹੁਤ ਛੋਟਾ ਕਰ ਦਿੱਤਾ ਹੈ। ਆਧੁਨਿਕ ਸੰਚਾਰ ਸਾਧਨਾਂ ਨੇ ਸੰਸਾਰ ਦੇ ਵੱਖ ਵੱਖ ਮੁਲਕਾਂ ਨੂੰ ਇੱਕ ਦੂਸਰੇ ਦੇ ਬਹੁਤ ਨੇੜੇ ਲੈ ਆਂਦਾ ਹੈ ਅਤੇ ਵੱਖ ਵੱਖ ਸੰਸਕ੍ਰਿਤੀਆਂ ਅਤੇ ਸਮਾਜਾਂ ਵਿਚ ਆਦਾਨ-ਪ੍ਰਦਾਨ ਸੌਖਾ ਕਰ ਦਿੱਤਾ ਹੈ। ਇਸ ਵਿਗਿਆਨਕ ਵਿਕਾਸ ਕਾਰਨ ਹੀ ਮਨੁਖੀ ਭਾਈਚਾਰੇ ਵਿਚ ਆਰਥਿਕ ਵਿਕਾਸ ਦੇ ਨਾਲ ਨਾਲ ਸਮਾਜਿਕ ਵਿਕਾਸ ਹੋਇਆ ਹੈ। ਅੱਜ ਸੰਸਾਰ ਦਾ ਕੋਈ ਵੀ ਮੁਲਕ ਇਸ ਗੱਲ ਦਾ ਦਾਅਵਾ ਨਹੀਂ ਕਰ ਸਕਦਾ ਕਿ ਉਹ ਸਿਰਫ਼ ਕਿਸੇ ਇੱਕੋ ਭਾਈਚਾਰੇ, ਸੰਸਕ੍ਰਿਤੀ ਜਾਂ ਧਰਮ ਦਾ ਕੇਂਦਰ ਹੈ। ਵਿਗਿਆਨਕ ਉਨਤੀ ਨਾਲ ਮਨੁਖ ਰੋਜ਼ੀ

## ਗੁਰਮਤਿ ਚਿੰਤਨ

ਅਤੇ ਰੋਟੀ ਦੀ ਭਾਲ ਵਿਚ ਸੰਸਾਰ ਦੇ ਇੱਕ ਕੋਨੇ ਤੋਂ ਉਠ ਕੇ ਦੂਜੇ ਕੋਨੇ ਵਿਚ ਜਾ ਵੱਸਿਆ ਹੈ, ਜਿਸ ਨਾਲ ਸੰਸਾਰ ਦੇ ਵੱਖ ਵੱਖ ਧਰਮ ਅਤੇ ਭਾਈਚਾਰੇ, ਸੰਸਾਰ ਦੇ ਵੱਖੋ-ਵੱਖਰੇ ਮੁਲਕਾਂ ਵਿਚ ਖਿਲਰ ਗਏ ਹਨ। ਇਹ ਅਮਲ ਇਸ ਵੇਲੇ ਵਿਆਪਕ ਰੂਪ ਵਿਚ ਪ੍ਰਾਪਤ ਹੈ। ਹਿੰਦੁਸਤਾਨ ਤਾਂ ਪਹਿਲਾਂ ਹੀ ਵੱਖ ਵੱਖ ਧਰਮਾਂ ਅਤੇ ਕੌਮੀਅਤਾਂ ਦਾ ਦੇਸ਼ ਸੀ ਪਰ ਵਰਤਮਾਨ ਸਮੇਂ ਵਿਚ ਸੰਸਾਰ ਦੇ ਹੋਰ ਮੁਲਕ ਵੀ ਇਸ ਅਮਲ ਵਿਚ ਸ਼ਾਮਲ ਹੋ ਗਏ ਹਨ। ਇਸ ਸਮਾਜਿਕ ਵਿਕਾਸ ਅਤੇ ਸਮਾਜਿਕ ਤਬਦੀਲੀ ਨਾਲ ਇਸ ਵੇਲੇ ਸੰਸਾਰ ਦੇ ਵੱਖ ਵੱਖ ਭਾਈਚਾਰਿਆਂ ਨੂੰ ਜਿਸ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਹੈ ਧਾਰਮਿਕ ਸਹਿਹੋਂਦ ਅਤੇ ਆਪਸੀ ਮਿਲਵਰਤਣ। ਧਰਮ ਵਿਚ ਮਨੁਖ ਦੀਆਂ ਭਾਵਨਾਵਾਂ, ਉਸ ਦਾ ਆਪਾ ਸ਼ਾਮਲ ਹੁੰਦਾ ਹੈ। ਇਸ ਲਈ ਧਰਮ ਦੇ ਸਬੰਧ ਵਿਚ ਕੀਤੀ ਹੋਈ ਕੋਈ ਵੀ ਟਿਪਣੀ ਕਈ ਵਾਰ ਮਨੁਖ ਨੂੰ ਆਪਣੇ ਆਪ ਅਤੇ ਆਪਣੀਆਂ ਭਾਵਨਾਵਾਂ 'ਤੇ ਹਮਲਾ ਜਾਪਦੀ ਹੈ।

ਕਈ ਵਾਰ ਇੱਕ ਧਾਰਮਿਕ ਭਾਈਚਾਰੇ ਦੀ ਚੜ੍ਹਤ, ਦੂਸਰੇ ਧਾਰਮਿਕ ਭਾਈਚਾਰੇ ਨੂੰ ਆਪਣੀ ਹੋਂਦ ਲਈ ਖਤਰਾ ਜਾਪਣ ਲੱਗ ਪੈਂਦੀ ਹੈ। ਇਸ ਤਰ੍ਹਾਂ ਬਹੁਤੀ ਵਾਰ ਵੱਖ ਵੱਖ ਧਾਰਮਿਕ ਭਾਈਚਾਰਿਆਂ ਵਿਚ ਇਕੱਠੇ ਰਹਿੰਦਿਆਂ ਟਕਰਾਅ ਦੇ ਹਾਲਾਤ ਪੈਦਾ ਹੋ ਜਾਂਦੇ ਹਨ ਅਤੇ ਕਈ ਵਾਰ ਇਹ ਖ਼ਤਰਨਾਕ ਦਿਸ਼ਾ ਵੀ ਅਖ਼ਤਿਆਰ ਕਰ ਲੈਂਦੇ ਹਨ। ਇਸ ਲਈ ਅੱਜ ਸੰਸਾਰ ਦੇ ਧਾਰਮਿਕ ਸਿਆਣਿਆਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਧਾਰਮਿਕ ਸਹਿਹੋਂਦ ਲਈ ਧਾਰਮਿਕ ਸਦ-ਭਾਵਨਾ ਵਾਸਤੇ ਕਿਸ ਕਿਸਮ ਦੇ ਉਪਰਾਲੇ ਕੀਤੇ ਜਾਣ। ਬਹੁ-ਧਰਮੀ ਸਮਾਜਾਂ ਵਿਚ, ਧਾਰਮਿਕ ਸੁਮੇਲ ਵਾਸਤੇ ਸਹਿਨਸ਼ੀਲਤਾ ਨੂੰ ਸਭ ਤੋਂ ਵੱਧ ਮਹੱਤਵ ਦਿੱਤਾ ਗਿਆ ਹੈ। ਇਸ ਸਬੰਧ ਵਿਚ ਵੱਖ ਵੱਖ ਸਮਿਆਂ ਤੇ ਧਰਮ-ਸ਼ਾਸਤ੍ਰੀਆਂ, ਧਰਮ ਦੇ ਇਤਿਹਾਸਕਾਰਾਂ ਅਤੇ ਦਰਸ਼ਨਾਚਾਰੀਆਂ ਨੇ ਵੱਖ ਵੱਖ ਸੁਝਾ ਦਿੱਤੇ ਹਨ ਅਤੇ ਵੱਖ ਵੱਖ ਮਾਡਲ ਵੀ ਪੇਸ਼ ਕੀਤੇ ਹਨ। ਜਿਵੇਂ ਟਾਇਨਬੀ ਵੱਲੋਂ 'ਏ ਹਿਸਟੌਰੀਕਲ ਅਪਰੋਚ ਟੂ ਰਿਲੀਜਨ' ਦੇ ਪੰਨਾ 250 'ਤੇ ਜਾਂ ਪੱਛਮੀ ਵਿਦਵਾਨਾਂ ਵੱਲੋਂ ਧਰਮ ਦੇ ਤੁਲਨਾਤਮਿਕ ਅਧਿਐਨ ਦਾ ਸਿਧਾਂਤ ਆਦਿ। ਪਰ ਇਹ ਸਾਰੇ ਮਾਡਲ ਧਰਮ ਦੇ ਆਪਣੇ ਮਾਡਲ ਨਹੀਂ ਹਨ, ਬਾਹਰੋਂ ਸੁਝਾਏ ਗਏ ਹਨ। ਬਾਹਰੋਂ ਲੱਦਿਆ ਹੋਇਆ ਕੋਈ ਵੀ ਸਿਧਾਂਤ ਘੱਟ ਅਸਰਦਾਈ ਹੁੰਦਾ ਹੈ ਜਦ ਕਿ ਅੰਦਰੋਂ ਪੈਦਾ ਹੋਇਆ ਸਿਧਾਂਤ ਚਿਰਸਥਾਈ ਅਤੇ ਡੂੰਘੇਰੇ ਅਸਰ ਵਾਲਾ ਹੁੰਦਾ ਹੈ।

ਧਰਮ ਦਾ ਸਿੱਧਾ ਸਬੰਧ ਮਨੁੱਖ ਦੇ ਧੁਰ ਅੰਤਰ-ਆਤਮੇ, ਉਸ ਦੀਆਂ ਭਾਵਨਾਵਾਂ ਅਤੇ ਕੋਮਲ ਮਾਨਸਿਕਤਾ ਨਾਲ ਹੈ। ਇਸ ਲਈ ਧਾਰਮਿਕ ਮਾਨਸਿਕਤਾ ਨੂੰ ਠੇਸ ਵੀ ਜਲਦੀ ਪਹੁੰਚਦੀ ਹੈ ਅਤੇ ਇਸ ਦੀ ਚੋਟ ਵੀ ਗਹਿਰੀ ਹੁੰਦੀ ਹੈ। ਧਾਰਮਿਕ ਮਾਨਸਿਕਤਾ ਨੂੰ ਸੰਤੁਸ਼ਟ ਕਰਨ ਅਤੇ ਉਸ ਨੂੰ ਸਹੀ ਸੇਧ ਦੇਣ ਵਾਸਤੇ ਸਾਨੂੰ ਧਾਰਮਿਕ ਸਹਿਹੋਂਦ ਲਈ ਪ੍ਰੇਰਨਾ ਵੀ ਧਾਰਮਿਕ ਮਾਡਲ ਤੋਂ ਹੀ ਲੈਣੀ ਪਵੇਗੀ। ਇਹ ਮਾਡਲ ਪੱਛਮੀ ਮਾਡਲ ਹਨ ਅਤੇ ਇਹ ਪੱਛਮੀ ਧਰਮਾਂ ਦੇ ਇਲਹਾਮ ਦਾ ਹਿੱਸਾ ਨਹੀਂ ਹਨ ਅਤੇ ਉਹ ਸਿਧਾਂਤਕ ਅਮਲ ਵਿਚੋਂ ਪੈਦਾ ਨਹੀਂ ਹੋਏ, ਅਕਾਦਮਿਕਤਾ ਵਿਚੋਂ ਪੈਦਾ ਹੋਏ ਹਨ। ਅਮਲ ਦਾ ਹਿੱਸਾ ਬਣਨ ਲਈ ਇਨ੍ਹਾਂ ਨੂੰ ਬੜਾ ਲੰਬਾ ਸਮਾ ਲੱਗੇਗਾ। ਧਾਰਮਿਕ ਸਹਿਹੋਂਦ ਦੇ ਸੰਦਰਭ ਵਿਚ ਅਸੀਂ ਸਿੱਖ ਧਰਮ ਚਿੰਤਨ ਵਿਚ ਦਿੱਤੇ ਗਏ ਸ਼ਬਦ ਮਾਡਲ ਦੀ ਗੱਲ ਕਰਾਂਗੇ ਜੋ 'ਸਰਬੱਤ ਦੇ ਭਲੇ' ਦੀ ਗੱਲ ਸਿਧਾਂਤਕ ਪੱਧਰ 'ਤੇ ਹੀ ਨਹੀਂ ਕਰਦਾ ਸਗੋਂ ਅਮਲੀ ਪੱਧਰ 'ਤੇ ਵੀ ਕਰਦਾ ਹੈ। ਇਹ ਮਾਡਲ ਆਪਣੇ ਅਨੁਭਵ (ਇਲਹਾਮ, ਰੈਵੇਲੇਸ਼ਨ) ਅਤੇ ਅਭਿਵਿਅਕਤੀ (ਧਰਮ ਸ਼ਾਸਤ੍ਰੀ ਪਰਿਪੇਖ, ਥਿਆਲੋਜੀ) ਵਿਚ ਸਦਾ ਸੱਜਰਾ (ਫਰੈਸ਼), ਵਿਆਪਕ (ਯੂਨੀਵਰਸਲ) ਅਤੇ ਸੁਤੰਤਰ ਹੈ।

ਸਿੱਖ ਧਰਮ ਚਿੰਤਨ ਦੇ ਇਲਹਾਮ ਦਾ ਪ੍ਰਕਾਸ਼ਨ, ਇਸ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ 'ਵੇਈਂ ਨਦੀ ਪ੍ਰਵੇਸ਼' ਤੋਂ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ 'ਵੇਈਂ ਨਦੀ ਪ੍ਰਵੇਸ਼' ਤੋਂ ਬਾਅਦ ਗੁਰੂ ਨਾਨਕ ਦੇਵ ਆਪਣੇ ਵਿਸ਼ਵਾਸ ਦਾ ਪਹਿਲਾ ਐਲਾਨਨਾਮਾ ਇਹ ਕਰਦੇ ਹਨ, "ਨਾ ਕੋ ਹਿੰਦੂ ਨਾ ਮੁਸਲਮਾਨ" ਜਿਸ ਦਾ ਡੂੰਘਾ ਅਧਿਐਨ ਕੀਤਿਆਂ ਅਰਥ ਇਹ ਨਿਕਲਦਾ ਹੈ ਕਿ ਅਧਿਆਤਮਕ ਤੌਰ 'ਤੇ ਮਨੁਖ ਇੱਕ ਹੈ। ਮਨੁਖ ਧਰਮ ਦੇ ਆਧਾਰ 'ਤੇ ਵੰਡਿਆ ਨਹੀਂ ਜਾ ਸਕਦਾ। ਕਈ ਵਿਦਵਾਨ ਇਸ ਦਾ ਅਰਥ ਤੀਸਰਾ ਪੰਥ ਵੀ ਲੈਂਦੇ ਹਨ ਪਰ ਇਹ ਇਸ ਤਰ੍ਹਾਂ ਨਹੀਂ ਜਾਪਦਾ, ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚੋਂ ਮਨੁਖ ਦੇ ਅਧਿਆਤਮਕ ਤੌਰ 'ਤੇ ਇੱਕ ਹੋਣ ਦਾ ਸੁਨੇਹਾ ਹੀ ਪ੍ਰਗਟ ਹੁੰਦਾ ਹੈ। ਸਿੱਖ ਧਰਮ ਚਿੰਤਨ ਵਿਚ ਮਨੁਖ ਨੂੰ ਜਗਦੀਸ਼ੈ ਅੰਸ਼ ਪ੍ਰਵਾਨ ਕੀਤਾ ਗਿਆ ਹੈ ਅਤੇ ਇਹ ਮੰਨਿਆ ਗਿਆ ਹੈ ਕਿ ਪਰਮਾਤਮ-ਜੋਤ ਸਦਕਾ ਹੀ ਮਨੁਖ ਇਸ ਸੰਸਾਰ 'ਤੇ ਆਉਂਦਾ ਹੈ, "ਹਰਿ ਤੁਮ ਮਹਿ ਜੋਤਿ ਰਖੀ ਤਾ ਤੂੰ ਜਗ ਮਹਿ ਆਇਆ॥" ਅਤੇ ਉਸ ਇੱਕੋ ਜੋਤਿ ਦਾ ਚਾਨਣ ਸਾਰੇ ਮਨੁਖਾਂ ਵਿਚ ਵਿਆਪਕ ਹੈ, "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣੁ ਸਭਿ ਮਹਿ ਚਾਨਣੁ ਹੋਇ॥" ਮਨੁਖ ਦੇ ਸਾਹਮਣੇ ਜੋ ਉਦੇਸ਼ ਰੱਖਿਆ ਹੈ, ਉਹ ਹੈ ਆਪਣੇ ਅੰਦਰ ਬਿਰਾਜਮਾਨ ਉਸ ਰੱਬੀ ਜੋਤਿ ਦਾ ਅਨੁਭਵ ਕਰਨਾ, ਉਸ ਦਾ ਪ੍ਰਕਾਸ਼ਨ ਕਰਨਾ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥" ਮਨੁਖ ਨੂੰ ਆਪਣੇ ਮੂਲ ਨੂੰ ਪਛਾਨਣ ਦਾ, ਆਪਣੇ ਸੋਮੇ ਅਕਾਲ ਪੁਰਖ ਨਾਲ ਇੱਕ-ਸੁਰ ਹੋਣ ਦਾ ਆਦੇਸ਼ ਕੀਤਾ ਹੈ। ਇਸ ਜੋਤਿ ਦਾ ਪ੍ਰਕਾਸ਼ਨ ਜਾਂ ਅਨੁਭਵ ਗੁਰੂ ਰਾਹੀਂ ਹੀ ਸੰਭਵ ਹੈ, ਰਸਤਾ ਗੁਰੂ ਤੋਂ ਹੀ ਪਤਾ ਲਗਦਾ ਹੈ,

"ਗੁਰ ਸਾਖੀ ਜੋਤਿ ਪਰਗਟੁ ਹੋਇ॥"

ਅਤੇ ਗੁਰੂ ਸ਼ਬਦ ਗੁਰੂ ਹੈ,

"ਸਬਦਿ ਗੁਰੂ ਭਵ ਸਾਗਰੁ ਤਰੀਐ
ਇਤ ਉਤ ਏਕੋ ਜਾਣੈ॥
ਚਿਹਨੁ ਵਰਨੁ ਨਹੀ ਛਾਇਆ ਮਾਇਆ
ਨਾਨਕ ਸਬਦੁ ਪਛਾਣੈ॥"

ਇਸ ਤਰ੍ਹਾਂ ਸਿੱਖ ਧਰਮ ਚਿੰਤਨ ਅਨੁਸਾਰ ਸਾਰੇ ਬ੍ਰਹਮੰਡ ਦਾ ਸੋਮਾ ਇੱਕੋ ਰੱਬੀ ਜੋਤਿ ਹੈ। ਜਦੋਂ ਇੱਕ ਹੀ ਜੋਤਿ ਸਾਰੇ ਸੰਸਾਰ ਦੀ ਰਚਨਾ ਦਾ ਸੋਮਾ ਹੈ ਫਿਰ ਧਰਮ ਦੇ ਨਾਂ 'ਤੇ ਵੰਡੀਆਂ ਪਾਉਣਾ ਧਾਰਮਿਕ ਕਰਮ ਨਹੀਂ, ਗੈਰ-ਧਾਰਮਿਕ ਕਰਮ ਹੈ।

ਗੁਰਮਤਿ ਚਿੰਤਨ ਵਿਚ ਸੰਸਾਰ ਦੀ ਵੰਨ-ਸੁਵੰਨਤਾ, ਬਹੁ-ਰੰਗਤਾ ਨੂੰ ਪ੍ਰਵਾਨ ਕੀਤਾ ਗਿਆ ਹੈ। ਗੁਰਮਤਿ ਚਿੰਤਨ ਅਨੁਸਾਰ ਸਾਰੇ ਸਰੀਰ ਇੱਕੋ ਮਿੱਟੀ ਤੋਂ ਬਣੇ ਹਨ ਅਤੇ ਉਨ੍ਹਾਂ ਵਿਚ ਪ੍ਰਾਣ ਵੀ ਇੱਕੋ ਜਿਹੇ ਹਨ, ਸਭ ਸਰੀਰਾਂ ਵਿਚ ਪ੍ਰਕਾਸ਼ਮਾਨ ਜੋਤਿ ਵੀ ਇੱਕ ਹੀ ਹੈ, "ਏਕਾ ਮਾਈ ਏਕਾ ਜੋਤਿ॥ ਏਕੋ ਪਵਨੁ ਕਹਾ ਕਉਨੁ ਰੋਤਿ॥" ਭਾਵੇਂ ਰਚਣਹਾਰ ਵਾਹਿਗੁਰੂ ਕਰਤਾ ਪੁਰਖੁ ਇੱਕ ਹੈ ਅਤੇ ਸਾਰੇ ਸੰਸਾਰ ਦੀ ਰਚਨਾ ਉਸ ਇੱਕ ਨੇ ਹੀ ਕੀਤੀ ਹੈ, ਸਾਰੇ ਸਰੀਰ, ਸਾਰਾ ਸੰਸਾਰ ਉਸ ਇੱਕ ਜੋਤਿ ਦਾ ਹੀ ਪ੍ਰਕਾਸ਼ਨ ਹਨ ਪਰ ਉਸ ਇੱਕ ਜੋਤਿ ਦਾ ਪ੍ਰਕਾਸ਼ਨ ਹੋਣ 'ਤੇ ਵੀ ਸੰਸਾਰ ਬਹੁ-ਰੰਗਾ ਹੈ, ਸੰਸਾਰ ਦੇ ਵਿਭਿੰਨ ਰੂਪ ਹਨ। ਖ਼ਾਲਕ ਆਪਣੀ ਸ੍ਰਿਸ਼ਟੀ ਵਿਚ ਵੱਸ ਰਿਹਾ ਹੈ ਅਤੇ ਸ੍ਰਿਸ਼ਟੀ ਨੇ ਅੰਤ ਨੂੰ ਉਸੇ ਵਿਚ ਸਮਾ ਜਾਣਾ ਹੁੰਦਾ ਹੈ। ਇਸ ਤਰ੍ਹਾਂ ਸ੍ਰਿਸ਼ਟੀ ਕਰਤਾਰ ਤੋਂ ਵੱਖਰੀ ਨਹੀਂ ਹੈ, ਉਹ ਹਰ ਥਾਂ 'ਤੇ, ਜ਼ੱਰੇ ਜ਼ੱਰੇ ਵਿਚ ਵਿਆਪਕ ਹੈ। ਉਸ ਕਰਤਾਰ ਨੇ ਜੋ ਇੱਕੋ ਮਿੱਟੀ ਤੋਂ ਵੱਖਰੇ ਵੱਖਰੇ ਰੂਪ ਘੜੇ ਹਨ, ਜਿਵੇਂ ਘੁਮਿਆਰ ਇੱਕੋ ਮਿੱਟੀ ਤੋਂ ਵੱਖੋ-ਵੱਖਰੇ ਰੂਪ ਦੇ ਭਾਂਡੇ ਬਣਾਉਂਦਾ ਹੈ, ਇਸ ਨਾਲ ਨਾ ਤੇ ਘੜਨ ਵਾਲੇ ਵਿਚ ਕੋਈ ਨੁਕਸ ਹੈ ਅਤੇ ਨਾ ਹੀ ਘੜੇ ਜਾਣ ਵਾਲੇ ਭਾਂਡਿਆਂ ਵਿਚ ਕੋਈ ਨੁਕਸ ਹੈ। ਲੋੜ ਹੈ ਸਿਰਫ਼ ਇਸ ਘੜੀ ਗਈ ਵਿਭਿੰਨਤਾ ਵਿਚ ਵਿਆਪਕ ਇੱਕੋ ਜੋਤਿ ਨੂੰ ਪਛਾਨਣ ਦੀ ਅਤੇ ਉਸ ਏਕਤਾ ਨੂੰ ਅਨੁਭਵ ਕਰਨ ਦੀ। ਜੋ ਇਸ ਏਕਤਾ ਨੂੰ ਅਨੁਭਵ ਕਰ ਲੈਂਦਾ ਹੈ, ਉਸ ਦੇ ਹੁਕਮ ਦੀ ਪਛਾਣ ਕਰ ਲੈਂਦਾ ਹੈ, ਉਹ ਉਸ ਨਾਲ ਇੱਕਸੁਰ ਹੋ ਜਾਂਦਾ ਹੈ ਅਤੇ ਜੋ ਇਸ ਰਹੱਸ ਨੂੰ ਨਹੀਂ ਸਮਝਦਾ, ਉਹ ਭਰਮ ਦਾ ਸ਼ਿਕਾਰ ਹੋ ਜਾਂਦਾ ਹੈ। ਭਰਮ ਵਿਚੋਂ ਹੀ ਸਾਰੇ ਵਿਗਾੜ ਪੈਦਾ ਹੁੰਦੇ ਹਨ ਜੋ ਮਨੁਖ ਨੂੰ ਆਪਣੇ ਰਸਤੇ ਤੋਂ ਵਿਚਲਤ ਕਰਦੇ ਹਨ, "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥...ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥" ਇਹੀ ਨਹੀਂ ਸਗੋਂ 'ਬੰਦਾ' ਕਹਾਉਣ ਦਾ ਹੱਕਦਾਰ ਵੀ ਉਹੀ ਹੈ ਜਿਹੜਾ ਖੁਦਾ ਦੇ ਇਸ ਹੁਕਮ ਦੇ ਸਾਰ-ਤੱਤ ਨੂੰ ਜਾਣ ਲੈਂਦਾ ਹੈ।

ਮਨੁਖੀ ਇਤਿਹਾਸ ਨੂੰ ਫਰੋਲਿਆਂ ਧਾਰਮਿਕ ਸਹਿਹੋਂਦ ਨੂੰ ਖ਼ਤਰਾ ਆਮ ਤੌਰ 'ਤੇ ਧਾਰਮਿਕ ਕਹੇ ਜਾਣ ਵਾਲੇ ਜਾਂ ਧਾਰਮਿਕ ਲੀਡਰ ਕਹਾਉਂਦੇ ਬੰਦਿਆਂ ਵੱਲੋਂ ਹੀ ਬਹੁਤੀ ਵਾਰ ਪੈਦਾ ਕੀਤਾ ਜਾਂਦਾ ਹੈ। ਕਈ ਵਾਰ ਧਾਰਮਿਕ ਸਥਾਨ ਦੇ ਨਾਂ 'ਤੇ, ਕਈ ਵਾਰ ਧਰਮ-ਗ੍ਰੰਥਾਂ ਦੇ ਨਾਂ 'ਤੇ ਧਾਰਮਿਕ ਕਹੇ ਜਾਣ ਵਾਲੇ ਮਨੁਖਾਂ ਵੱਲੋਂ ਝਗੜੇ ਖੜ੍ਹੇ ਕੀਤੇ ਜਾਂਦੇ ਹਨ। ਬਾਣੀ ਵਿਚ ਇਸ ਬਾਰੇ ਵੀ ਸਪਸ਼ਟ ਸੰਕੇਤ ਮਿਲਦਾ ਹੈ। ਧਾਰਮਿਕ ਗ੍ਰੰਥਾਂ ਨੂੰ ਜੋਤਿ-ਸਰੂਪ ਅਕਾਲ ਪੁਰਖ਼ ਦਾ ਪ੍ਰਕਾਸ਼ਨ ਮੰਨਿਆਂ ਜਾਂਦਾ ਹੈ ਅਤੇ ਸੰਸਾਰ ਨੂੰ ਵੀ ਉਸੇ ਦਾ ਮੂਰਤ ਰੂਪ ਮੰਨਿਆ ਜਾਂਦਾ ਹੈ। ਬਾਣੀ ਵਿਚ ਸਪਸ਼ਟ ਕੀਤਾ ਹੈ ਕਿ ਸੰਸਾਰ, ਧਾਰਮਿਕ ਗ੍ਰੰਥ, ਉਸ ਅਕਾਲ ਪੁਰਖ਼ ਦਾ ਪ੍ਰਕਾਸ਼ਨ ਹੋਣ 'ਤੇ ਵੀ ਉਹ ਸਿਰਫ਼ ਇਨ੍ਹਾਂ ਵਿਚ ਹੀ ਨਹੀਂ, ਉਹ ਇਨ੍ਹਾਂ ਤੋਂ ਵੱਖ਼ਰਾ ਵੀ ਹੈ। ਉਹ ਏਨਾ ਵਿਸ਼ਾਲ ਹੈ ਕਿ ਇਨ੍ਹਾਂ ਦੇ ਮਹਿਦੂਦ ਬਿਆਨ ਤੋਂ ਟੱਪ ਕੇ, ਸ੍ਰਿਸ਼ਟੀ ਤੋਂ ਬਾਹਰ ਵੀ ਬੇਅੰਤਤਾ ਵਿਚ, ਅਸੀਮਤਾ ਵਿਚ ਵਿਆਪਕ ਹੈ,

"ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥"

ਉਸ ਦੀ ਹੋਂਦ ਨੂੰ ਪ੍ਰਤੱਖ ਅਨੁਭਵ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਕਿਸੇ ਇੱਕ ਧਰਮ ਗ੍ਰੰਥ ਨੂੰ ਝੂਠਾ ਜਾਂ ਸੱਚਾ ਕਹਿਣਾ ਝਗੜੇ ਦਾ ਕਾਰਨ ਬਣ ਸਕਦਾ ਹੈ ਅਤੇ ਤਰਕ-ਸੰਗਤ ਨਹੀਂ ਹੈ। ਧਰਮ ਗ੍ਰੰਥ ਤਾਂ ਉਸੇ ਇੱਕ ਦਾ ਪ੍ਰਕਾਸ਼ਨ ਹਨ ਅਤੇ ਆਪਣੇ ਆਪਣੇ ਸਮੇਂ ਅਨੁਸਾਰ ਸਿਧਾਂਤ ਦੀ ਸਪਿਰਿਟ ਨੂੰ ਉਜਾਗਰ ਕਰਦੇ ਹਨ। ਜਿਹੜਾ ਸਿਧਾਂਤ ਦੀ ਉਸ ਸਪਿਰਿਟ ਦੇ ਅਮਲ ਨੂੰ ਸਮਝਦਾ ਨਹੀਂ ਉਹ ਗਲਤ ਹੈ,

"ਬੇਦ ਕਤੇਬ ਕਹਹੁ ਮਤ
ਝੂਠੇ ਝੂਠਾ ਜੋ ਨ ਬਿਚਾਰੈ॥"

ਧਾਰਮਿਕ ਸਹਿਹੋਂਦ ਲਈ ਬਾਣੀ ਵਿਚ ਮਨੁਖ ਨੂੰ ਸਭ ਵੰਡੀਆਂ ਤੋਂ ਉਪਰ ਉਠ ਕੇ ਇਨਸਾਨ ਨੂੰ ਇਨਸਾਨ ਸਮਝਣ ਦਾ ਅਦੇਸ਼ ਕੀਤਾ ਗਿਆ ਹੈ। ਇਸ ਦਾ ਰਸਤਾ ਪ੍ਰੇਮ ਅਤੇ ਸੇਵਾ ਦਾ ਰਸਤਾ ਹੈ। ਇਸ ਪ੍ਰੇਮ ਦੇ ਰਾਹ 'ਤੇ ਉਹੀ ਚੱਲ ਸਕਦਾ ਹੈ ਜੋ ਉਸ ਰੱਬੀ ਜੋਤਿ ਦੀ ਵਿਆਪਕ ਹੋਂਦ ਨੂੰ ਅਨੁਭਵ ਕਰਦਾ ਹੈ। ਇਸ ਪ੍ਰੇਮ ਦੇ ਰਸਤੇ 'ਤੇ ਤੁਰਨ ਲਈ ਪੂਰਨ ਸਮਰਪਣ ਦੀ ਸ਼ਰਤ ਪ੍ਰਵਾਨ ਕਰਕੇ ਤੁਰਨਾ ਪੈਂਦਾ ਹੈ, ਤਾਂ ਹੀ ਮਨੁਖ ਇਸ ਰਾਹ ਤੇ ਤੁਰਨ ਦੇ ਯੋਗ ਹੋ ਸਕਦਾ ਹੈ,

"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥"

ਇਸ ਤਰ੍ਹਾਂ ਪ੍ਰਭੂ ਪ੍ਰੇਮ ਰਾਹੀਂ, ਜਦੋਂ ਉਸ ਦੀ ਜੋਤਿ ਦੀ ਵਿਆਪਕਤਾ ਦਾ ਅਨੁਭਵ ਮਨੁਖ ਨੂੰ ਹੋ ਜਾਂਦਾ ਹੈ ਤਾਂ ਉਸ ਦੇ ਸਾਰੇ ਸ਼ੰਕੇ ਨਵਿਰਤ ਹੋ ਜਾਂਦੇ ਹਨ ਅਤੇ ਉਸ ਨੂੰ ਕੋਈ ਵੀ ਬੁਰਾ ਨਜ਼ਰ ਨਹੀਂ ਆਉਂਦਾ। ਉਸ ਦੇ ਮਨ ਅੰਦਰੋਂ ਵੈਰ-ਵਿਰੋਧ ਦੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਸਾਰੇ ਉਸ ਨੂੰ ਆਪਣੇ ਅਧਿਆਤਮਕ ਸੰਗੀ ਨਜ਼ਰ ਆਉਂਦੇ ਹਨ, "ਨ ਕੋਈ ਸੂਰੁ ਨ ਕੋਈ ਹੀਣਾ ਸਭ ਪ੍ਰਗਟੀ ਜੋਤਿ ਤੁਮਾਰੀ॥" ਅਤੇ "ਨ ਕੋ ਵੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥" ਗੁਰਮਤਿ ਚਿੰਤਨ ਅਨੁਸਾਰ ਪਰਮਾਤਮਾ ਲਈ ਪ੍ਰੇਮ ਅਤੇ ਪਰਮਾਤਮਾ ਦੀ ਕਿਰਤ ਮਨੁਖਤਾ ਲਈ ਪ੍ਰੇਮ ਪਰਮਾਤਮ-ਅਨੁਭਵ ਲਈ ਮੁਢਲਾ ਕਦਮ ਹੈ। ਅਕਾਲ ਉਸਤਤ ਵਿਚ ਦਸਮ ਪਾਤਿਸ਼ਾਹ ਹਜ਼ੂਰ ਨੇ ਵੀ ਫੁਰਮਾਇਆ ਹੈ ਕਿ ਪ੍ਰੇਮ ਤੋਂ ਬਿਨਾ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ, "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥" ਪ੍ਰੇਮ ਉਹੀ ਕਰ ਸਕਦਾ ਹੈ ਜਿਸ ਦਾ ਪ੍ਰਭੂ ਵਿਚ ਵਿਸ਼ਵਾਸ ਹੈ। ਵਿਸ਼ਵਾਸ-ਰਹਿਤ ਮਨੁਖ ਪ੍ਰੇਮ ਨਹੀਂ ਕਰ ਸਕਦਾ, ਵਿਸ਼ਵਾਸਹੀਣ ਮਨੁਖ ਨੂੰ ਇਹ ਸਮਝ ਨਹੀਂ ਆ ਸਕਦੀ ਕਿ ਸਾਰਾ ਸੰਸਾਰ ਉਸੇ ਪਰਮਜੋਤਿ ਦਾ ਪ੍ਰਕਾਸ਼ਨ ਹੈ, "ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ, ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥... ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮ ਸ਼ਾਫੀ ਮਾਨਵ ਕੀ ਜਾਤਿ ਸਭੈ ਏਕੋ ਪਹਿਚਾਨਬੋ॥" ਧਰਮ, ਦੇਸ਼ ਅਤੇ ਨਸਲੀ ਵਖਰੇਵਿਆਂ ਦੇ ਬਾਵਜੂਦ ਮਨੁਖ ਦੀ ਜਾਤਿ ਇੱਕ ਹੈ ਕਿਉਂਕਿ ਉਹ ਉਸੇ ਇੱਕ ਅਕਾਲ ਪੁਰਖ਼ ਤੋਂ ਪੈਦਾ ਹੋਇਆ ਹੈ ਅਤੇ ਅੰਤ ਨੂੰ ਉਸੇ ਵਿਚ ਸਮਾ ਜਾਣਾ ਹੈ, "ਤੈਸੇ ਬਿਸਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾ ਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿੰਗੇ॥" ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਧਾਰਮਿਕ ਚਿੰਨ੍ਹਾਂ ਨੂੰ ਵੀ ਅਧਿਆਤਮਕ ਗੁਣਾ ਨਾਲ ਜੋੜਿਆ ਗਿਆ ਹੈ। ਜੇ ਮਨੁਖ ਅਧਿਆਤਮਕ ਗੁਣਾ ਤੋਂ ਬਿਨਾਂ ਹੈ ਤਾਂ ਬਾਹਰੀ ਧਾਰਮਿਕ ਚਿੰਨ੍ਹ ਪਹਿਨਣਾ ਬੇਅਰਥ ਹੈ,


"ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥"

ਆਸਾ ਦੀ ਵਾਰ ਸਿੱਖ ਧਰਮ ਦੇ ਚਿੰਨ੍ਹਾਂ ਦੇ ਸੰਦਰਭ ਵਿਚ ਵੀ ਉਵੇਂ ਹੀ ਲਾਗੂ ਹੁੰਦੀ ਹੈ ਕਿਉਂਕਿ ਇਸ ਵਿਚ ਸਰਬ ਵਿਆਪਕ ਸਿਧਾਂਤ ਪ੍ਰਗਟ ਹੈ। ਸਿੱਖ ਦੇ ਪੰਜ ਕਕਾਰਾਂ ਵਿਚ ਸ਼ਾਮਲ 'ਕ੍ਰਿਪਾਨ' ਇੱਕ ਸਾਧਾਰਨ ਤਲਵਾਰ ਨਹੀਂ ਹੈ, ਉਸ ਵਿਚ ਕਿਰਪਾ ਸ਼ਾਮਲ ਹੈ ਅਤੇ ਉਸ ਨੇ ਕਿਸੇ ਮਜ਼ਲੂਮ 'ਤੇ ਨਹੀਂ ਉਠਣਾ। ਦਇਆ ਅਤੇ ਸੰਤੋਖ ਧਰਮ ਦੇ ਦੋ ਮਜ਼ਬੂਤ ਥੰਮ ਹਨ ਜਿਸ 'ਤੇ ਧਰਤੀ ਖੜ੍ਹੀ ਹੈ। ਦਇਆ ਅਤੇ ਸੰਤੋਖ ਤੋਂ ਵਿਹੂਣਾ ਧਰਮ ਧਰਮ ਕਹਾਉਣ ਦਾ ਹੱਕਦਾਰ ਨਹੀਂ ਹੈ,

"ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥"

ਧਾਰਮਿਕ ਸਹਿਹੋਂਦ ਵਾਸਤੇ ਦੂਸਰਿਆਂ ਦੇ ਧਰਮ ਨੂੰ ਸਮਝਣ ਲਈ, ਆਪਸੀ ਸਹਿਣਸ਼ੀਲਤਾ ਅਤੇ ਮਨੁਖੀ ਭਾਈਚਾਰੇ ਵਿਚ ਆਪਸੀ ਸਤਿਕਾਰ ਅਤੇ ਆਦਰ ਵਾਸਤੇ ਗੁਰਬਾਣੀ ਵਿਚ ਜੋ ਇਹ ਮਾਡਲ ਦਿੱਤਾ ਗਿਆ ਹੈ ਇਸ ਨੂੰ ਉਪਰ ਦੱਸੀਆਂ ਪੰਕਤੀਆਂ ਵਿਚ ਦਸਮ ਪਾਤਿਸ਼ਾਹ ਹਜ਼ੂਰ ਨੇ ਅਕਾਲ ਉਸਤਤ ਵਿਚ ਬਹੁਤ ਹੀ ਵਿਸਥਾਰ ਵਿਚ ਸਮਝਾਇਆ ਹੈ। ਇਸ ਮਾਡਲ ਦਾ ਰਹਿੰਦਾ ਜ਼ਿਕਰ ਅਗਲੀ ਵਾਰ ਕਰਾਂਗੇ।

*(ਚਲਦਾ...)*



## ਸਿਆਣਿਆਂ ਦਾ ਕਿਹਾ

(1) ਜਦੋਂ ਅਖੌਤੀ ਅਕਾਲੀ ਦਲ ਵਿਚ ਪੰਥ ਹੀ ਨਹੀਂ ਤਾਂ ਫਿਰ ਪੰਥ ਦਰਦ ਕਾਹਦਾ?

(2) ਇਤਿਹਾਸ ਕੀ ਹੈ? ਜੋ ਘਟਨਾਵਾਂ ਅੱਜ ਵਾਪਰ ਰਹੀਆਂ ਹਨ ਉਹ ਕੱਲ ਦਾ ਇਤਿਹਾਸ ਹੋਣਗੀਆਂ ਜਾਂ ਦੂਜੇ ਅੱਖਰਾਂ ਵਿਚ ਇਤਿਹਾਸ ਉਹ ਸੱਚ ਹੁੰਦਾ ਹੈ ਜੋ ਉਸ ਵੇਲੇ ਦੇ ਲੋਕਾਂ ਨੇ ਆਪਣੀਆਂ ਅੱਖਾਂ ਨਾਲ ਵੇਖਿਆ ਹੁੰਦਾ ਹੈ।

(3) ਜੇ ਅੱਜ ਦੇ ਸਾਹਿਤਕਾਰ ਵੀ ਅੱਜ ਬਾਰੇ ਕੁੱਝ ਨਹੀਂ ਲਿਖਦੇ ਤੇ ਅੱਖਾਂ ਮੀਟ ਛੱਡਣਗੇ ਤਾਂ ਉਹ ਲੋਕ-ਅਦਾਲਤ ਵਿਚ ਬੜੇ ਸ਼ਰਮਸਾਰ ਹੋਣਗੇ। ਉਨ੍ਹਾਂ ਦੀ ਵਿਦਵਤਾ ਨੂੰ ਲੋਕਾਂ ਨੇ ਰਗੜ ਕੇ ਫੋੜੇ 'ਤੇ ਲਾਉਣਾ ਹੈ?

(4) ਜਾਗਦੀਆਂ ਕੌਮਾਂ ਨਿੱਤ ਨਵਾਂ ਇਤਿਹਾਸ ਸਿਰਜਦੀਆਂ ਹਨ।

(5) ਬੀਤੇ ਦੀਆਂ ਗੱਲਾਂ ਕਰਕੇ ਉਹ ਕੌਮਾਂ ਆਪਣਾ ਚਿੱਤ ਪਰਚਾਉਂਦੀਆਂ ਹਨ, ਜੋ ਵਰਤਮਾਨ ਵਿਚ ਨਕਾਰਾ ਹੋ ਚੁਕੀਆਂ ਹੋਣ, ਨਹੀਂ ਤਾਂ ਬੀਤੀਆਂ ਗੱਲਾਂ ਲਈ ਵਕਤ ਕਿਸ ਕੋਲ ਹੈ।

(6) ਹਿੰਦੋਸਤਾਨੀ, ਸਾਨੂੰ ਸਿੱਖਾਂ ਨੂੰ ਤਾਂ ਕਹਿੰਦਾ ਹੈ ਕਿ ਜਿਹੜਾ ਅਸਾਂ ਤੁਹਾਡਾ ਅਕਾਲ ਤਖਤ ਢਾਹਿਆ ਹੈ ਉਸ ਨੂੰ ਭੁੱਲ ਜਾਉ ਪਰ ਹਿੰਦੋਸਤਾਨੀ ਆਪ ਨਾ ਤਾਂ ਰਾਵਣ ਨੂੰ ਭੁਲਿਆ ਹੈ ਤੇ ਨਾ ਹੀ ਬਾਬਰ ਨੂੰ।

(7) ਜੇ ਭਾਰਤ ਵਿਚ ਅੰਗਰੇਜ਼ ਨਾ ਆਉਂਦੇ ਤਾਂ ਭਾਰਤ ਵਿਚ ਹੁਣ ਤੱਕ ਦੀਵੇ ਤੇ ਲਾਲਟੈਣਾਂ ਜਗਦੀਆਂ ਹੁੰਦੀਆਂ।

(8) ਹਿੰਦੂ ਰਾਸ਼ਟਰਵਾਦੀ ਹਰ ਵੇਲੇ ਕਹਿੰਦਾ ਹੈ ਕਿ ਭਾਰਤ ਲੋਕਤੰਤਰੀ ਦੇਸ਼ ਹੈ ਪਰ ਆਪ ਕਦੇ ਵੀ ਲੋਕਤੰਤਰੀ ਨਹੀਂ ਰਿਹਾ। ਪਹਿਲਾਂ ਆਪ ਜ਼ੁਲਮ ਸਹਿੰਦਾ ਰਿਹਾ ਹੈ ਅਤੇ ਹੁਣ ਆਪ ਜ਼ੁਲਮ ਕਰਦਾ ਆ ਰਿਹਾ ਹੈ।

(9) ਭਾਰਤ ਸਰਕਾਰ ਦੀ ਫੌਜ ਸਿੱਖਾਂ ਦਾ ਅਕਾਲ ਤਖਤ ਢਾਹ ਚੁਕੀ ਹੈ ਤੇ ਹਰਿਮੰਦਰ ਸਾਹਿਬ ਛੱਲਣੀ ਕਰ ਚੁੱਕੀ ਹੈ। ਦੂਸਰਾ ਵਾਕਿਆ ਬਾਬਰੀ ਮਸਜਦ ਦਾ ਹੋਇਆ ਹੈ। ਕੋਈ ਵੀ ਘੱਟਗਿਣਤੀ ਛਾਤੀ 'ਤੇ ਹੱਥ ਰੱਖ ਕੇ ਇਹ ਨਹੀਂ ਕਹਿ ਸਕਦੀ ਕਿ ਭਵਿੱਖ ਵਿਚ ਉਸ ਨਾਲ ਇਸ ਤਰ੍ਹਾਂ ਦਾ ਕੁੱਝ ਨਹੀਂ ਵਾਪਰੇਗਾ?

(10) ਭਾਰਤੀ ਅਖੌਤੀ ਹੀਰੋ ਗਾਂਧੀ ਰੇਲਵੇ ਦਾ ਬਹੁਤ ਵਿਰੋਧ ਕਰਦਾ ਸੀ ਪਰ ਸਭ ਤੋਂ ਜ਼ਿਆਦਾ ਸਫਰ ਵੀ ਉਸ ਨੇ ਰੇਲ ਗੱਡੀ ਵਿਚ ਹੀ ਕੀਤਾ ਸੀ। ਗਾਂਧੀ ਡਾਕ ਤਾਰ ਦਾ ਵੀ ਸਖਤ ਵਿਰੋਧੀ ਸੀ ਪਰ ਜਿੰਨੇ ਪੱਤਰ ਗਾਂਧੀ ਨੇ ਲਿਖੇ ਇਨੇ ਸ਼ਾਇਦ ਦੁਨੀਆਂ ਵਿਚ ਹੋਰ ਕਿਸੇ ਸਿਆਸੀ ਲੀਡਰ ਨੇ ਆਪਣੀ ਸਾਰੀ ਜ਼ਿੰਦਗੀ ਵਿਚ ਨਹੀਂ ਲਿਖੇ ਹੋਣੇ। ਗਾਂਧੀ ਦੇ ਖੱਤ ਡਾਕ ਰਾਹੀਂ ਹੀ ਆਉਂਦੇ ਜਾਂਦੇ ਸੀ।

(11) ਗਾਂਧੀ ਅੰਗਰੇਜੀ ਦਵਾਈਆਂ ਦਾ ਵਿਰੋਧੀ ਸੀ ਪਰ ਜਿੰਨੀ ਵਾਰ ਵੀ ਬਿਮਾਰ ਹੋਇਆ ਅੰਗਰੇਜ਼ ਡਾਕਟਰ ਦੀ ਦਿੱਤੀ ਅੰਗਰੇਜੀ ਦਵਾਈ ਨਾਲ ਹੀ ਠੀਕ ਹੋ ਸਕਿਆ ਸੀ।

(12) ਗਾਂਧੀ ਦੇ ਪੁੱਤਰ ਦਾ ਨਾਮ ਹਰੀ ਦਾਸ ਸੀ ਉਹ ਗਾਂਧੀ ਦੇ ਬਹੁਤ ਵਿਰੁਧ ਸੀ। ਗਾਂਧੀ ਦਾ ਸਤਾਇਆ ਹੀ ਹਰੀ ਦਾਸ ਤੋਂ ਅਬਦੁੱਲਾ ਬਣ ਗਿਆ, ਚਾਰ ਸ਼ਾਦੀਆਂ ਕੀਤੀਆਂ, ਸ਼ਰਾਬ ਤੇ ਮਾਸ ਦਾ ਵੱਡਾ ਸ਼ੌਕੀਨ ਸੀ।

(13) ਗਾਂਧੀ ਇਸ ਕਰਕੇ ਲੰਗੋਟੀ ਬੰਨਦਾ ਸੀ ਕਿ ਸਾਰੇ ਹਿੰਦੂਸਤਾਨੀਆਂ ਕੋਲ ਤਨ ਢਕਣ ਲਈ ਕੱਪੜਾ ਨਹੀਂ ਸੀ। ਗਾਂਧੀ ਗਰੀਬਾਂ ਦਾ ਬਹੁਤ ਹਮਦਰਦ ਬਣਦਾ ਸੀ ਪਰ ਕਦੀ ਵੀ ਉਹ ਰਾਤ ਨੂੰ ਕਿਸੇ ਗਰੀਬ ਦੀ ਝੌਂਪੜੀ ਵਿਚ ਨਹੀਂ ਸੀ ਠਹਿਰਿਆ।

(14) 1947 'ਚ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਸਿੱਖ ਫੁੱਟਬਾਲ ਹੀ ਬਣੇ ਰਹੇ ਆਪਣੇ ਪੈਰਾਂ 'ਤੇ ਖਲੋ ਕੇ ਆਪਣੇ ਬਲਬੂਤੇ ਵਖਰਾ ਮੁਲਕ ਖਾਲਿਸਤਾਨ ਨਹੀਂ ਬਣਾਇਆ।

(15) ਪਿੰਡਾਂ ਦੀਆਂ ਔਰਤਾਂ ਜੇ ਵਰਤ ਨਹੀਂ ਰੱਖਦੀਆਂ ਤਾਂ ਸਾਧਾਂ ਦੇ ਡੇਰਿਆਂ 'ਤੇ ਧੱਕੇ ਖਾਂਦੀਆਂ ਫਿਰਦੀਆਂ ਹਨ।

(16) ਜਿੰਨਾ ਖਤਰਾ ਅੱਜ ਭਾਰਤ ਵਿਚ ਸਿੱਖ ਧਰਮ ਨੂੰ ਹੈ ਉਨਾ ਇਸਲਾਮ ਨੂੰ ਨਹੀਂ ਹੈ ਤੇ ਨਾ ਹੀ ਹਿੰਦੂ ਧਰਮ ਨੂੰ ਇਸਾਈ ਧਰਮ ਤੋਂ।

(17) ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ, ਅੱਖਾਂ ਮੀਚ ਕੇ ਉਚੀ ਉਚੀ ਦੋਹਾ ਪੜ੍ਹਨ ਵਾਲੇ ਸਿੱਖ ਭਰਾਵੋ, ਯੂ ਪੀ, ਬਿਹਾਰ ਤੋਂ ਭਈਆ ਵੀ ਪੰਜਾਬ ਆ ਕੇ ਆਪਾਂ ਨੂੰ ਰਗਾਂ ਤੋਂ ਫੜਨ ਤਾਂਈ ਜਾਂਦਾ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਮਾਣਕ ਬਨਾਮ ਚਮਕੀਲਾ: 'ਜੀਜਾ ਲੱਕ ਮਿਣ ਲੈ...'

*ਜੇ ਇਹ ਕਹਿੰਦੇ ਹਨ ਕਿ ਨਖ਼ਰੇ ਬਿਨਾਂ ਔਰਤ ਸੋਹਣੀ ਨੀਂ ਲੱਗਦੀ ਤਾਂ ਯਕੀਨਨ ਇਹ ਔਰਤ ਦਾ ਗਹਿਣਾ ਤੇ ਗੁਣ ਹੈ ਪਰ ਇਹ ਨਖ਼ਰਾ ਮਰਦ ਦੀ ਕਮਜ਼ੋਰੀ ਹੁੰਦੀ ਆ, ਕਿਉਂਕਿ ਕਈਆਂ ਦੇ ਵੱਸਦੇ ਘਰ ਨਖ਼ਰੇ ਕਰਕੇ ਹੀ ਉਜੜ ਗਏ। ਕਈ ਲੋਕ ਤੀਰਥਾਂ 'ਤੇ ਤਾਂ ਨਿਕਲੇ ਸੀ ਪਰ ਜਦੋਂ ਪਰਤੇ ਤਾਂ ਜੋ ਪੱਲੇ ਸੀ, ਉਹ ਵੀ ਰਾਹ ਵਿਚ ਸੁੱਟ ਆਏ। ਇਸ ਕਰਕੇ ਕਿ ਸ਼ਰਧਾ ਤੇ ਵਿਸ਼ਵਾਸ ਤਾਂ ਘਰੇ ਹੀ ਛੱਡ ਗਏ ਸਨ। ਚੰਗੇ-ਮਾੜੇ ਦਾ ਅਰਥ ਬਹੁਤਾ ਕਰਕੇ ਔਰਤ ਜਾਣਦੀ ਹੈ, ਇਖ਼ਲਾਕੀ ਵਿਰੋਧ ਹਮੇਸ਼ਾ ਔਰਤ ਨੇ ਕੀਤੇ ਹਨ। ਹਾਲੇ ਤੀਕਰ ਔਰਤ ਦੇ ਪਹਿਲਾਂ ਚੁੰਮਣ 'ਤੇ ਕਿਸੇ ਵੀ ਮਰਦ ਨੇ ਬੁਰਾ ਨਹੀਂ ਮਨਾਇਆ ਪਰ ਮਰਦ ਨੇ ਕਈ ਵਾਰ ਪਹਿਲਾਂ ਅਜਿਹਾ ਕਰ ਕੇ ਛਿੱਤਰ ਬੜੇ ਖਾਧੇ ਨੇ। ਅਸਲ ਵਿਚ ਪਿਆਰ ਤੇ ਵਿਸ਼ਵਾਸ ਜਿਥੇ ਸੂਈ-ਧਾਗੇ ਵਾਂਗ ਵਿਚਰਦੇ ਹਨ, ਉਥੇ ਗਲਵਕੜੀਆਂ ਪਾਉਣ ਲਈ ਬਾਂਹਵਾਂ ਸੱਦੇ ਪਾਉਂਦੀਆਂ ਹੀ ਰਹਿੰਦੀਆਂ ਹਨ। ਦੁਸ਼ਮਣ ਤੋਂ ਇੰਨਾ ਨਾ ਡਰੋ ਤੇ ਚਾਪਲੂਸਾਂ ਤੋਂ ਬਚਣ ਦਾ ਹਰ ਹੀਲਾ-ਵਸੀਲਾ ਵਰਤੋ। ਆਪਣੇ ਕੰਮ ਦੀ ਪੱਧਰ ਬਣਾ ਕੇ ਵੇਖੋ; ਚਾਪਲੂਸ ਪੈਰਾਂ ਵਿਚ ਡਿੱਗਣਗੇ। ਗਲ ਵਿਚ ਹਾਰ ਸਿਰਫ਼ ਪ੍ਰਸ਼ੰਸਕਾਂ ਤੇ ਕਦਰਦਾਨਾਂ ਨੇ ਪਾਉਣੇ ਹੁੰਦੇ ਹਨ। ਚਾਪਲੂਸ ਬੰਦਾ ਸਹੀ ਅਰਥਾਂ ਵਿਚ ਆਪਣੇ ਲਾਲਚਾਂ, ਸੁਆਰਥ ਕਰਕੇ ਤੁਹਾਡੇ ਰਾਹ ਵਿਚ ਲੰਮਾ ਪੈਣ ਲਈ ਵਿਆਕੁਲ ਹੁੰਦਾ ਹੈ। ਕਹਿ ਕੇ ਵਜਾਈਆਂ ਤਾੜੀਆਂ ਵਿਚ ਤਾਲ ਦੀ ਇਕਸੁਰਤਾ ਨਹੀਂ ਹੁੰਦੀ। ਇਹ ਨਾ ਵੀ ਵੱਜਣ, ਕੋਈ ਹਰਜ ਨਹੀਂ। ਇਹ ਜਾਣਨ ਦੀ ਕੋਸ਼ਿਸ਼ ਕਰੋ ਕਿ ਤੁਹਾਡੀ ਉਡੀਕ ਕਿੰਨੀ ਬੇਸਬਰੀ ਨਾਲ ਹੋ ਰਹੀ ਹੈ। ਲੀਡਰਾਂ ਦੇ ਜਲਸਿਆਂ ਵਿਚ ਪ੍ਰਸ਼ੰਸਕ ਘੱਟ, ਤੇ ਚਾਪਲੂਸ ਵੱਧ ਹੋਣ ਕਰਕੇ ਤਾੜੀਆਂ ਵੀ ਭੀੜ ਦੇ ਰੌਲੇ ਵਰਗੀਆਂ ਹੁੰਦੀਆਂ ਹਨ। ਹਰ ਕੋਈ ਯਤਨ ਕਰਦਾ ਹੈ ਕਿ ਦੁਨੀਆਂ ਉਸ ਨੂੰ ਯਾਦ ਕਰਦੀ ਰਹੇ। ਯਾਦ ਕਰਾਉਣ ਲਈ ਲੋਕਾਂ ਦੇ ਨੇੜੇ ਹੋਣਾ ਪਵੇਗਾ, ਨੇੜੇ ਹੋਣ ਲਈ ਸੰਗੀਤ ਵੱਡਾ ਸਾਧਨ ਹੈ। ਪੰਜਾਬੀ ਗਾਇਕੀ ਦੀਆਂ ਹਜ਼ਾਰਾਂ ਯਾਦਾਂ ਨੂੰ ਚੋਰੀ ਦੇ ਅਸਲੇ ਵਾਂਗ ਲੁਕੋ-ਲੁਕੋ ਕੇ ਰੱਖਣ ਦੀ ਕੋਸ਼ਿਸ਼ ਇਸ ਕਰਕੇ ਕਰਦਾ ਹਾਂ ਕਿ ਇਹ ਵੀ ਕਿਤੇ ਮਾਲਾ ਦੇ ਮਣਕਿਆਂ ਵਾਂਗ 'ਕੱਠੇ ਹੀ ਪਰੋਵਾਂ, ਪਰ ਦਾਦੀ ਜਾਂ ਨਾਨੀ ਤੋਂ ਕਹਾਣੀਆਂ ਸੁਣਨ ਦਾ ਮਤਲਬ ਪੁਰਾਣਾ ਜ਼ਮਾਨਾ ਚੇਤੇ ਕਰਨਾ ਹੀ ਹੁੰਦਾ ਹੈ। ਇਸੇ ਲਈ ਐਤਕੀਂ...*

ਜੇ ਪੰਜਾਬ ਦਾ ਅੰਨ-ਦਾਤਾ ਕਹਾਉਣ ਵਾਲਾ ਕਿਸਾਨ ਫਾਹਾ ਲੈਣ ਲਈ ਮਜਬੂਰ ਹੋ ਰਿਹੈ ਤਾਂ ਨਿਸ਼ਚੇ ਉਹਨੂੰ ਲੱਗਣ ਲੱਗ ਪਿਆ ਹੈ ਕਿ ਅਨਾਜ ਦੇ ਢੇਰ ਕੂੜਾ-ਕਰਕਟ ਹਨ ਤੇ ਉਹ ਦਾਤਾ ਨਹੀਂ, ਫ਼ਕੀਰ ਬਣ ਕੇ ਰਹਿ ਗਿਆ ਹੈ। ਜਿਹੜੇ ਇਹ ਸੋਚਦੇ ਹਨ ਕਿ ਗਾਉਣਾ ਆਉਂਦਾ ਜਾਂ ਨਹੀਂ, ਕੋਈ ਫ਼ਰਕ ਨਹੀਂ ਪੈਂਦਾ, ਰੀਲਾਂ ਭਰਵਾ ਕੇ ਗਾਇਕ ਬਣਿਆ ਜਾ ਸਕਦਾ ਹੈ ਤਾਂ ਇਨ੍ਹਾਂ ਬਾਰੇ ਇਹ ਵੀ ਕਿਹਾ ਜਾ ਸਕਦੈ ਕਿ ਸਮਾਂ ਆਇਆ ਤਾਂ ਉਹ ਆਤਮ-ਹੱਤਿਆ ਇਸ ਕਰਕੇ ਕਰ ਲੈਣਗੇ ਕਿਉਂਕਿ ਕਰਜ਼ੇ ਦੀਆਂ ਕਿਸ਼ਤਾਂ ਵਿਹਲੇ ਬੰਦਿਆਂ ਤੋਂ ਮੋੜ ਹੀ ਨਹੀਂ ਹੁੰਦੀਆਂ। ਧਿਆਨ ਨਾਲ ਵੇਖਿਓ, ਅੱਜ ਕੱਲ੍ਹ ਪੰਜਾਬੀ ਗਾਇਕੀ ਦੀ ਹਾਲਤ ਇਹ ਹੈ ਕਿ ਜਿਹੜੇ ਕੁਝ ਵੀ ਨਹੀਂ ਕਰ ਸਕੇ, ਉਹ ਗਾਇਕ ਬਣਨ ਦੇ ਸਫ਼ਲਤਾ ਵਾਲੇ ਸੁਫ਼ਨੇ ਵੇਖ ਰਹੇ ਹਨ।

ਪਹਿਲਾਂ ਚਾਬੀ ਭਰ ਕੇ ਤਵੇ ਚਲਾਉਣ ਵਾਲੀਆਂ ਮਸ਼ੀਨਾਂ ਆਈਆਂ, ਫਿਰ ਰੀਲਾਂ ਚਲਾਉਣ ਵਾਲੀਆਂ ਟੇਪਾਂ ਬਰਾਸਤਾ ਅਰਬ ਮੁਲਕ ਧੜਾਧੜ ਵਿਹੜੇ ਆ ਵੜੀਆਂ, ਬਾਅਦ ਵਿਚ ਸੀ.ਡੀ./ਡੀ.ਵੀ.ਡੀ., ਅਤੇ ਹੁਣ ਪੈਨ ਡਰਾਈਵ। ਜਾਪਾਨ ਇਸੇ ਵਰ੍ਹੇ ਦੇ ਅੰਤ ਤਕ ਇਹ ਕ੍ਰਿਸ਼ਮਾ ਵੀ ਕਰਨ ਵਾਲਾ ਹੈ ਕਿ ਦੁਨੀਆਂ ਦਾ ਹਰ ਬੰਦਾ ਜਾਂ ਔਰਤ ਬਿਨਾਂ ਸੁਰ ਤੇ ਤਾਲ ਦੇ ਗਿਆਨ ਤੋਂ, ਸੁਰੀਲਾ ਗਾਇਕ ਬਣ ਸਕਦਾ ਹੈ, ਯਾਨਿ ਇਕ ਅਜਿਹਾ ਯੰਤਰ ਕਿ ਤੁਸੀਂ ਤਰੰਨੁਮ ਵਿਚ ਗੀਤ ਭਰੋ ਤੇ ਕੁਝ ਮਿੰਟਾਂ ਵਿਚ ਸਣੇ ਸੰਗੀਤ ਦੇ ਸੁਰੀਲੀ ਤੇ ਮਿਠਾਸ ਭਰੀ ਆਵਾਜ਼ ਵਿਚ ਸੁਣ ਸਕੋਗੇ। ਫਿਰ ਕੌਣ ਚੇਤੇ ਰੱਖੇਗਾ ਕਿ ਕੋਈ ਲਤਾ ਮੰਗੇਸ਼ਕਰ ਵੀ ਹੁੰਦੀ ਸੀ, ਸੁਰਿੰਦਰ ਕੌਰ ਵੀ, ਯਮਲਾ, ਮਾਣਕ ਜਾਂ ਗੁਰਦਾਸ ਵੀ! ਅਸਲ ਵਿਚ ਪੰਜਾਬੀ ਗਾਇਕੀ ਵਿਚ ਜਿੰਨੇ ਕ੍ਰਿਸ਼ਮੇ ਥੋੜ੍ਹੇ ਸਮੇਂ ਵਿਚ ਹੋਏ ਹਨ, ਉਨ੍ਹਾਂ ਦਾ ਜਵਾਬ ਨਹੀਂ ਤੇ ਇਸ ਤਰ੍ਹਾਂ ਇਲੈਕਟ੍ਰਾਨਿਕਸ ਤੇ ਇੰਟਰਨੈਟ ਦੀ ਘੁਸਪੈਠ ਨੇ ਦੱਸ ਦਿੱਤਾ ਹੈ ਕਿ ਚੋਰੀ ਕਰਨਾ ਨਾ ਪਾਪ ਹੁੰਦਾ, ਨਾ ਮਹਾਂਪਾਪ ਕਿਉਂਕਿ ਸਮੁੱਚੀ ਗਾਇਕੀ ਦੀ ਹਾਲਤ ਇਹ ਬਣੀ ਹੋਈ ਹੈ ਜਿਵੇਂ ਕੋਈ ਮਰ ਰਹੇ ਬੰਦੇ ਨੂੰ ਕਹੇ, "ਜ਼ਰਾ ਨੱਚ ਕੇ ਵਿਖਾ!"

ਠੀਕ ਹੈ, ਯੁੱਗਾਂ ਨੇ ਬਦਲ ਜਾਣਾ ਹੁੰਦਾ ਹੈ ਤੇ ਸਮੇਂ ਦੀ ਚਾਲ ਵੀ ਇਕੋ ਜਿਹੀ ਨਹੀਂ ਰਹਿੰਦੀ ਪਰ ਗਾਇਕੀ ਦਾ ਜਨਾਜ਼ਾ ਹਾਲ ਹੀ ਵਿਚ ਅੱਖਾਂ ਨਾਲ ਵੇਖਿਆ ਹੈ ਜਦੋਂ ਲੁਧਿਆਣਾ ਦੇ ਇਕ ਥੋਕ ਵਿਕਰੇਤਾ ਨੇ ਕੈਸੇਟਾਂ ਜਾਂ ਰੀਲਾਂ ਦੇ ਤਿੰਨ ਟਰੱਕ, ਚਾਰ ਰੁਪਏ ਕਿਲੋ ਦੇ ਹਿਸਾਬ ਨਾਲ ਕਬਾੜੀਆਂ ਨੂੰ ਵੇਚੇ। ਇਨ੍ਹਾਂ ਰੀਲਾਂ ਵਿਚ ਉਹ ਆਵਾਜ਼ਾਂ ਵੀ ਸਨ ਜੋ ਆਪਣੇ ਸਮੇਂ ਦੀਆਂ ਮਹਾਨ ਸੁਰਾਂ ਹੀ ਨਹੀਂ ਸਗੋਂ ਗਾਇਕੀ ਦਾ ਇਤਿਹਾਸ ਮੰਨੇ ਜਾਂਦੇ ਹਨ। ਟੋਟਕਾ ਇਹ ਹੈ ਕਿ ਐਚ.ਐਮ.ਵੀ. ਵਰਗੀ ਕੰਪਨੀ ਨੂੰ ਛੱਡ ਕੇ ਬਾਕੀ ਦੀਆਂ ਬਹੁਤੀਆਂ ਕੰਪਨੀਆਂ ਨੇ ਪੁਰਾਣਾ ਇਤਿਹਾਸ ਵਿਗਿਆਨ ਦੇ ਨਵੇਂ ਯੰਤਰਾਂ ਵਿਚ ਸੰਭਾਲਿਆ ਹੀ ਨਹੀਂ।

ਉਪਰਲੇ ਸਿਰਲੇਖ ਤੋਂ ਲੱਗਦਾ ਹੈ ਜਿਵੇਂ ਕੋਈ ਕਵੀ ਇਕ ਲੱਤ ਕਸ਼ਮੀਰ ਵਿਚ ਤੇ ਦੂਜੀ ਕੰਨਿਆ ਕੁਮਾਰੀ ਦੀ ਹਿੱਕ 'ਤੇ ਰੱਖ ਰਿਹਾ ਹੋਵੇ, ਪਰ ਜਗਤ ਤਮਾਸ਼ੇ ਦੇ ਦੌਰ ਵਿਚ ਗੱਲਾਂ ਤਾਂ ਭਾਵੇਂ ਹਲਕੀਆਂ-ਫੁਲਕੀਆਂ ਲੱਗਣ ਪਰ ਇਹ ਹੁੰਦੀਆਂ ਬੜੀਆਂ ਵਜ਼ਨਦਾਰ ਹਨ। ਸਾਧਾਂ ਨੇ ਪਹਿਲਾਂ ਭੰਗ ਪੀਣ ਦੀ ਆਦਤ ਤਾਂ ਇਸ ਕਰਕੇ ਪਾਈ ਸੀ ਕਿ ਰੱਬ ਨਾਲ ਇਕ-ਮਿਕ ਛੇਤੀ ਹੋਇਆ ਜਾ ਸਕੇ ਪਰ ਅੱਜ ਦੇ ਹਾਲਾਤ ਇਹ ਹਨ ਕਿ ਸਾਧ ਭੰਗ ਬਿਨਾਂ ਰਹਿ ਨਹੀਂ ਸਕਦੇ। ਗਾਇਕੀ ਦੇ ਦੋ ਅਲੱਗ-ਅਲੱਗ ਰਾਹਾਂ ਦੇ ਨਾਂ ਹਨ-ਮਾਣਕ ਤੇ ਚਮਕੀਲਾ, ਪਰ ਸਰੋਤਿਆਂ ਦੀ ਸੰਗਤ ਨਾਲ ਦੋਹਾਂ ਦਾ ਮੇਲ-ਮਿਲਾਪ ਮੈਂ ਆਪਣੇ ਢੰਗ ਨਾਲ ਕਰਵਾਉਣ ਲੱਗਾ ਹਾਂ। ਪੰਜਾਬੀ ਗਾਇਕੀ ਦਾ ਇਹ ਵੀ ਅੰਕੜਾ ਹੈ ਕਿ ਚਮਕੀਲੇ ਯਾਨਿ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਨੂੰ ਤੁਰ ਗਿਆਂ ਨੂੰ 23 ਸਾਲ ਹੋ ਗਏ ਹਨ ਪਰ ਉਨ੍ਹਾਂ ਨੂੰ ਸੁਣਨ ਵਾਲਿਆਂ ਦੀ ਗਿਣਤੀ ਘਟੀ ਨਹੀਂ, ਸਗੋਂ ਵਧੀ ਹੀ ਹੈ। ਜੇ ਸਤਿਸੰਗ, ਕਥਾ, ਪ੍ਰਵਚਨ ਜਾਂ ਕੀਰਤਨ ਕਰ ਕੇ ਆਥਣੇ ਲੋਕ ਕਈ ਵਾਰ ਕਹਿੰਦੇ ਹਨ ਕਿ ਜ਼ਰਾ ਫਰੈਸ਼ ਹੋਣ ਲਈ ਦੋ ਬੋਲ ਚਮਕੀਲੇ ਦੇ ਹੀ ਸੁਣ ਲਈਏ ਜਾਂ ਵਿਦੇਸ਼ਾਂ ਵਿਚ ਜੰਮੀ ਪੰਜਾਬੀ ਪੀੜ੍ਹੀ ਇਸ ਜੋੜੀ ਦੇ ਗੀਤਾਂ ਦੀ ਦੀਵਾਨੀ ਹੈ, ਤੇ ਜਾਂ ਫਿਰ ਸੁਣਦੇ ਆਪਣੀਆਂ ਗੱਡੀਆਂ ਵਿਚ ਉਹ ਵੀ ਚਮਕੀਲਾ ਹਨ ਜਿਹੜੇ ਬਾਹਰ ਉਹਦੇ ਗੀਤਾਂ ਨੂੰ 'ਲੁੱਚ-ਪਹੁ' ਦੱਸਦੇ ਹਨ ਤਾਂ ਲੱਗਦਾ ਨਹੀਂ ਖੰਭ ਹੋਣਗੇ ਤਾਂ ਡਾਰਾਂ ਬਣਨਗੀਆਂ!



ਅਮਰ ਸਿੰਘ ਚਮਕੀਲਾ ਅਤੇ ਅਮਰਜੋਤ



ਕੁਲਦੀਪ ਮਾਣਕ

ਚਮਕੀਲਾ ਪਹਿਲਾਂ ਲੁਧਿਆਣਾ ਦੇ ਭਰਤ ਨਗਰ ਚੌਂਕ ਵਿਚ ਪੱਗਾਂ ਰੰਗਦਾ ਸੀ। ਫਿਰ ਕੋਟੀਆਂ-ਸਵੈਟਰ ਬੁਣਦਾ ਰਿਹਾ ਤੇ ਫਿਰ ਜਦੋਂ ਸੁਰਿੰਦਰ ਸ਼ਿੰਦੇ ਦਾ ਸ਼ਾਗਿਰਦ ਬਣਿਆ ਤਾਂ ਉਹਦੇ ਨਾਲ ਪ੍ਰੋਗਰਾਮਾਂ 'ਤੇ ਜਾਣ ਲੱਗ ਪਿਆ ਪਰ ਸਿਰਫ਼ ਗੁਰੂਘਰ ਵਿਚ ਹੀ ਗੀਤ ਗਾਉਣ ਦਾ ਮੌਕਾ ਮਿਲਦਾ ਸੀ। 1982 ਵਿਚ ਉਹਦਾ ਪਹਿਲਾ ਈ.ਪੀ. ਰਿਕਾਰਡ ਸੁਰਿੰਦਰ ਸੋਨੀਆ ਨਾਲ ਆਇਆ ਸੀ 'ਟਕੂਏ 'ਤੇ ਟਕੂਆ'।

ਤੇ ਫਿਰ ਨਾਲ ਲੱਗਦੇ ਹੀ ਅਗਲੇ ਵਰ੍ਹੇ ਚਰਨਜੀਤ ਆਹੂਜਾ ਦੇ ਸੰਗੀਤ ਹੇਠ 'ਜੀਜਾ ਲੱਕ ਮਿਣ ਲੈ' ਤੇ ਇਸ ਐਲ.ਪੀ. ਰਿਕਾਰਡ ਨਾਲ ਚਮਕੀਲੇ ਨੇ ਦੋ-ਗਾਣੇ ਗਾਉਣ ਵਾਲੀਆਂ ਤਕਰੀਬਨ ਸਾਰੀਆਂ ਜੋੜੀਆਂ ਨੂੰ ਧੱਕਾ ਦੇ ਕੇ ਨੰਬਰ ਦੋ ਜਾਂ ਤਿੰਨ 'ਤੇ ਕਰ ਦਿੱਤਾ। ਉਦੋਂ ਕੰਪਨੀਆਂ ਨੇ ਨਵੀਂ-ਨਵੀਂ ਪਿਰਤ ਪਾਈ ਸੀ ਕਿ ਤਵੇ ਤੋਂ ਪਹਿਲਾਂ ਕੈਸੇਟ ਵੀ ਮਾਰਕੀਟ ਵਿਚ ਦਿੱਤੀ ਜਾਵੇ। ਚਮਕੀਲਾ ਲੁਧਿਆਣਾ ਦੇ ਬੱਸ ਅੱਡੇ ਦੇ ਸਾਹਮਣੇ ਦਫ਼ਤਰਾਂ ਵਿਚ ਮੈਨੂੰ ਤੇ ਸੁਖਵਿੰਦਰ ਪੰਛੀ ਨੂੰ ਟੱਕਰ ਪਿਆ। 'ਜੀਜਾ ਲੱਕ ਮਿਣ ਲੈ' ਵਾਲੀ ਟੇਪ ਵਿਖਾ ਕੇ ਕਹਿਣ ਲੱਗਾ, "ਯਾਰ, ਟੇਪ ਆਈ ਐ। ਅੱਜ ਸੁਣਨ ਨੂੰ ਟੇਪ ਰਿਕਾਰਡਰ ਨ੍ਹੀਂ ਲੱਭਦੀ।" ਦੋ-ਤਿੰਨ ਘੰਟੇ ਲੱਭਦੇ ਰਹੇ, ਗੱਲ ਨਾ ਬਣੀ। ਫਿਰ ਪਤਾ ਲੱਗਾ ਕਿ ਦੀਦਾਰ ਸੰਧੂ ਨੇ ਗੱਡੀ ਵਿਚ ਨਵੀਂ ਟੇਪ ਰਿਕਾਰਡਰ ਫਿੱਟ ਕਰਾਈ ਐ। ਉਹ ਬੈਠਾ ਮਾਣਕ ਦੇ ਦਫ਼ਤਰ ਪੈਗ ਲਾਵੇ।

ਪੰਛੀ ਨੇ ਦੀਦਾਰ ਦੇ ਬੁਕਿੰਗ ਕਲਰਕ ਹਰਜੀਤ ਬਿੱਲੇ ਨੂੰ ਕਿਹਾ, 'ਘੰਟਾ ਕੁ ਚਾਬੀ ਦੇ ਦੇਹ...।' ਉਹ ਕਹਿਣ ਲੱਗਾ, "ਚਮਕੀਲੇ ਦੀ ਰੀਲ ਸੁਣਨ ਲਈ ਚਾਬੀ ਨ੍ਹੀਂ ਦੇਣੀ, ਇਹਨੇ ਤਾਂ ਦੀਦਾਰ ਦੇ ਪ੍ਰੋਗਰਾਮਾਂ ਨੂੰ ਸੰਨ੍ਹ ਲਾਈ ਐ!"

ਮੈਂ ਕਿਹਾ, "ਬਿੱਲਿਆ ਦੇ ਦੇਹ, ਕਿਹੜਾ ਜਲੰਧਰ ਦੂਰਦਰਸ਼ਨੋਂ ਗੀਤ ਚਲਾਉਣ ਲੱਗੇ ਆਂ, ਅਸੀਂ ਤਿੰਨਾਂ ਨੇ ਸੁਣਨੇ ਐ।"

"ਤੁਹਾਡੇ ਕਹੇ 'ਤੇ ਚਾਬੀ ਦੇ ਦੇਨੈਂ ਪਰ ਇਕ ਸ਼ਰਤ ਐ ਕਿ ਬੋਤਲ ਲੱਗੂ।" ਤੇ ਚਮਕੀਲੇ ਨੇ ਵੀਹਾਂ ਦਾ ਨੋਟ ਉਹਦੇ ਹੱਥਾਂ 'ਤੇ ਧਰ'ਤਾ। ਉਦੋਂ ਦੇਸੀ ਦੀ ਬੋਤਲ ਅਠਾਰਾਂ ਦੀ ਈ ਆਉਂਦੀ ਸੀ।

ਖ਼ੈਰ! ਟੇਪ ਸੁਣ ਕੇ ਮੈਂ ਚਮਕੀਲੇ ਨੂੰ ਕਿਹਾ, "ਲੱਗਦੈ ਹਵਾ ਤੇਰੇ ਹੱਕ 'ਚ ਹੋ ਜੂ!" ਤੇ ਫਿਰ ਇਹ ਹਵਾ 'ਨ੍ਹੇਰੀ ਵਿਚ ਬਦਲ ਗਈ।

ਪੰਛੀ ਨੇ ਦਾਰੂ ਪੀਂਦੇ ਮਾਣਕ ਨੂੰ ਕਿਹਾ, "ਉਸਤਾਦ ਜੀ, ਚਮਕੀਲੇ ਦੀ ਟੇਪ ਆਈ ਐ। ਕਿਆ ਕਮਾਲ ਕੀਤਾ ਉਹਨੇ ਚਰਨਜੀਤ ਆਹੂਜਾ ਨਾਲ ਰਲ ਕੇ!"

"ਕਿਹੜੀ ਟੇਪ?"

"ਜੀਜਾ ਲੱਕ ਮਿਣ ਲੈ।"

"ਜੀਜਾ ਸਾਲਾ ਟੇਲਰ ਮਾਸਟਰ ਐ...ਪਈ ਫੀਤਾ ਲੈ ਕੇ ਖੜ੍ਹੈ!!" ਮਾਣਕ ਆਪਣੇ ਟਿੱਚਰੀ ਸੁਭਾਅ ਵਿਚ ਖਿੱਝ ਕੇ ਬੋਲਿਆ। ਇਸ ਕਰਕੇ ਵੀ ਕਿ ਮਾਣਕ ਨਾਲ 'ਇਕ ਤੂੰ ਹੋਵੇਂ' ਗਾਉਣ ਵਾਲੀ ਅਮਰਜੋਤ ਹੁਣ ਚਮਕੀਲੇ ਦੀ ਵਹੁਟੀ ਵੀ ਬਣ ਗਈ ਸੀ ਯਾਨਿ ਗੁਰਮੇਲ ਕੌਰ ਦੀ ਸੌਕਣ।

ਉਸ ਦਿਨ ਮੈਂ ਮਾਣਕ ਕੋਲ ਥਰੀਕੇ ਹੀ ਰੁਕ ਗਿਆ। ਤੇ ਅਗਲੇ ਦਿਨ ਉਹਦੇ ਚਮਕੌਰ ਸਾਹਿਬ ਵਾਲੇ ਪ੍ਰੋਗਰਾਮ 'ਤੇ ਵੀ ਨਾਲੇ ਚੱਲ ਪਿਆ। ਉਹਦੇ ਨਾਲ ਕਾਰ ਵਿਚ ਸੁਖਵਿੰਦਰ ਪੰਛੀ ਵੀ ਬੈਠਾ ਸੀ। ਚੇਲਾ ਬਣ ਕੇ ਤੀਹ ਰੁਪਏ ਨੂੰ ਪਿੱਛੇ ਕੋਰਸ ਬੋਲਣ ਜਾਂਦਾ ਸੀ। ਨੀਲੋਂ ਵਾਲੀ ਨਹਿਰ 'ਤੇ ਤੂੜੀ ਵਾਲੇ ਟਰੱਕ ਨੇ ਟਰੈਫ਼ਿਕ ਜਾਮ ਕੀਤਾ ਹੋਇਆ ਸੀ। ਹੋਰ ਰਸਤਿਓਂ ਗੱਡੀ ਕੱਢੀ ਤਾਂ ਇਕ ਪਿੰਡ ਵਿਚ ਉਹੀ ਗੀਤ ਵੱਜੇ, "ਗੜਬੇ ਵਰਗੀ ਰੰਨ ਵੇ, ਜੀਜਾ ਲੱਕ ਮਿਣ ਲੈ...।"

ਪੰਛੀ ਤੋਂ ਫਿਰ ਨਾ ਰਿਹਾ ਗਿਆ, ਆਖਣ ਲੱਗਾ, "ਉਸਤਾਦ ਜੀ, ਆਹ ਗਾਣਾ ਐ ਜਿਹਦੀ ਮੈਂ ਕੱਲ੍ਹ ਗੱਲ ਕਰਦਾ ਸੀ।"

ਮਾਣਕ ਨੇ ਫਿਰ ਤਾੜ੍ਹ ਕਰਦਾ ਥੱਪੜ ਪੰਛੀ ਦੇ ਮੂੰਹ 'ਤੇ ਠੋਕ'ਤਾ, "ਮੈਂ ਨ੍ਹੀਂ ਏਦਾਂ ਦੇ ਗੀਤ ਸੁਣਦਾ। ਗੰਦਖਾਨਾ!" ਫਿਰ ਗੱਡੀ ਵਿਚ ਚੁੱਪ ਪਸਰ ਗਈ।

ਨੀਲੋਂ ਵਾਲੇ ਪੁਲ 'ਤੇ ਫਿਰ ਇਹੋ ਗੀਤ ਵੱਜੇ। ਮਾਣਕ ਚੁੱਪ ਤੋੜਦਿਆਂ ਕਹਿਣ ਲੱਗਾ ਕਿ 'ਏਦਾਂ' ਦੇ ਗੀਤ ਢਾਈ ਦਿਨ ਹੀ ਚੱਲਦੇ ਨੇ।

ਚਮਕੌਰ ਸਾਹਿਬ ਵੜਦਿਆਂ ਫਿਰ ਰੀਲਾਂ ਦੀ ਦੁਕਾਨ 'ਤੇ ਵੱਜੇ, "ਜੀਜਾ ਲੱਕ ਮਿਣ ਲੈ।"

ਮਾਣਕ ਨੇ ਪੰਛੀ ਵੱਲ ਅੱਖ ਘੁੰਮਾਈ ਤਾਂ ਉਹ ਹੱਸ ਪਿਆ, ਕਹਿਣ ਲੱਗਾ, "ਉਸਤਾਦ...ਹੁਣ ਕੀ ਪਤੈ ਜੀਜਾ ਦਰਜੀ ਐ ਕਿ ਕੁਛ ਹੋਰ...।"

"ਐਵੇਂ ਸਾਲੀ ਵਾਵਰੋਲੇ ਵਾਂਗੂੰ ਹਵਾ ਹੀ ਹੁੰਦੀ ਐ, ਗੰਦ-ਗੁੰਦ ਹੂੰਝ ਕੇ ਲੈ ਜਾਂਦੀ ਆ।"

ਤੇ ਫਿਰ ਸਾਰੇ ਹੀ ਹੱਸ ਪਏ।

ਪਿੱਛੋਂ ਤੁਰਦਿਆਂ ਫਿਰ ਗੱਲ ਸ਼ੁਰੂ ਕਰ ਲਈ, ਬਾਈ, ਗੱਲ ਦੀ ਸਮਝ ਨ੍ਹੀਂ ਪੈਂਦੀ...ਪਈ ਲੁਧਿਆਣੇ ਤੋਂ ਭੌਰੇ ਤਕ ਵੀਹ ਕੁ ਥਾਈਂ ਸਾਲਾ ਮੈਨੂੰ ਇਕੋ ਗੀਤ ਵੱਜਦਾ ਸੁਣਿਐ:

ਉਡ ਜਾ ਕਬੂਤੀਏ<br>
ਡਾਰ ਕਾਂਵਾਂ ਦੀ ਆਉਂਦੀ ...ਤੇ<br>
ਗੜਬੇ ਵਰਗੀ ਰੰਨ ਵੇ<br>
ਜੀਜਾ ਲੱਕ ਮਿਣ ਲੈ...

"ਤੈਨੂੰ ਲੱਗਦੈ ਕਿ ਕੋਈ ਗੱਲ ਬਣਦੀ ਐ? ਨਾ ਬੋਲ, ਨਾ ਸਾਲੀ 'ਵਾਜ਼। ਪਤੰਦਰ ਚਮਕੀਲੇ ਨੇ ਸ਼ੁਦਾਈ ਕੀਤੇ ਪਏ ਐ ਲੋਕ।"

"ਤੈਨੂੰ ਕੀ? ਇਸ ਗੱਲ ਦਾ ਫ਼ਿਕਰ ਸਦੀਕ-ਰਣਜੀਤ ਕਰਨ! ਕਰਤਾਰ ਕਰੇ ਜਾਂ ਫਿਰ ਦੀਦਾਰ ਸੰਧੂ। ਤੂੰ ਕਿਹੜਾ ਦੋ-ਗਾਣੇ ਗਾਉਂਣੇ ਆਂ! ਤੇਰੀਆਂ ਕਲੀਆਂ ਜਾਂ ਲੋਕ-ਗਾਥਾਵਾਂ ਨ੍ਹੀਂ ਫਿੱਕੀਆਂ ਪੈਣੀਆਂ।"

"ਮੈਂ ਤਾਂ ਸਾਧਾਰਣ ਗੱਲ ਕਰਦਾਂ, ਉਂ ਮਾਣਕ ਨੂੰ ਕੀ ਪ੍ਰਵਾਹ ਆ!!" ਤੇ ਨਾਲ ਹੀ ਨਿੱਕਾ ਜਿਹਾ ਪੈਗ ਵੀ ਖਿੱਚ ਲਿਆ।

ਚੰਨਿਆਣੀ ਪਹੁੰਚੇ ਤਾਂ ਉਸੇ ਘਰ ਵਿਚ ਪਹਿਲਾਂ ਹੀ ਚਮਕੀਲਾ ਤੇ ਅਮਰਜੋਤ ਪੁੱਜੇ ਹੋਏ ਸਨ। ਅਮਰਜੋਤ ਨੂੰ ਵੇਖ ਕੇ ਮਾਣਕ ਫਿਰ ਖਿਝ ਗਿਆ। ਘਰਦਿਆਂ ਨੂੰ ਕਹਿਣ ਲੱਗਾ, "ਸਾਨੂੰ ਕਿਤੇ ਹੋਰ ਬਿਠਾ ਦਿਓ।"

ਖ਼ੈਰ! ਮੇਰੇ ਲਈ ਤਾਂ ਦੋਵੇਂ ਸਾਂਝੇ ਯਾਰ ਸਨ। ਮਾਣਕ ਨੂੰ ਹੋਰ ਘਰੇ ਬਿਠਾ 'ਤਾ ਅਤੇ ਮੈਂ ਚਮਕੀਲੇ ਨਾਲ ਉਹਦੀ ਚੜ੍ਹਦੀ ਗੁੱਡੀ ਦੀ ਮਜ਼ਬੂਤ ਡੋਰ ਦੀ ਗੱਲ ਕਰਨ ਲੱਗ ਪਿਆ। ਮਾਣਕ ਦੀ ਬਾਕੀ ਟੀਮ ਸਣੇ ਸੁਖਵਿੰਦਰ ਪੰਛੀ, ਕੇਵਲ ਜਲਾਲ ਤੇ ਅਵਤਾਰ

(ਬਾਕੀ ਸਫਾ 35 'ਤੇ)

## ਦਾਸ ਤੋਂ ਨਾ ਸਿਫਤਾਂ ਸੁਣਾਈਆਂ ਜਾਂਦੀਆਂ

ਧੁੱਪੇ ਬੈਠੀਆਂ ਯਾਦਾਂ

ਸਾਡੀਆਂ ਲੋਕ ਬੋਲੀਆਂ 'ਚ ਆਉਂਦੈ ਬੰਗਿਆਂ ਕੋਲ ਮਜ਼ਾਰੀ। ਬੰਗੇ ਤੋਂ ਥੋੜ੍ਹੀ ਦੂਰ ਪਰ ਫਗਵਾੜੇ ਦੇ ਨੇੜੇ ਇਕ ਪਿੰਡ ਹੈ ਮੇਹਲੀ। ਇਸ ਪਿੰਡ ਨੂੰ ਕਾਮਰੇਡ ਇਸ ਕਰਕੇ ਜਾਣਦੇ ਹਨ ਕਿ ਇਹ ਮਰਹੂਮ ਮਲਕੀਤ ਰਾਮ ਦਾ ਪਿੰਡ ਹੈ ਤੇ ਇਥੇ ਹੀ ਰਹਿੰਦੈ ਕੁਲਦੀਪ ਮਾਣਕ ਦਾ ਸ਼ਾਗਿਰਦ ਗੁਰਮੇਜ ਮੇਹਲੀ। ਉਹ ਰਾਜ ਮਿਸਤਰੀ ਤੋਂ ਗਾਇਕ ਬਣਿਆ ਹੈ, ਦੇਖਣ 'ਚ ਭਲਵਾਨ ਲਗਦੈ ਤੇ ਕਈ ਵਾਰ ਪ੍ਰੋਗਰਾਮ ਤੋਂ ਪਹਿਲਾਂ ਜਦੋਂ ਉਹ ਚਾਦਰਾ ਤੇ ਝਾਲਰਾਂ ਵਾਲਾ ਕੁੜਤਾ ਪਾ ਰਿਹਾ ਹੁੰਦੈ ਤਾਂ ਮਾਣਕ ਕਹੇਗਾ 'ਰਾਵਣ ਤਿਆਰ ਹੋ ਰਿਹੈ।' ਬੜੇ ਅਮਰੀਕਾ, ਕੈਨੇਡਾ ਦੇ ਟੂਰ ਕੀਤੇ ਨੇ। ਪੰਜ ਸੱਤ ਟੇਪਾਂ ਵੀ ਆਈਆਂ ਤੇ ਮਾਣਕ ਨਾਲ ਮੇਰੀ ਯਾਰੀ ਕਰਕੇ ਉਹਨੂੰ ਮੈਂ ਵੀ ਚੰਗੀ ਤਰ੍ਹਾਂ ਡੇਢ ਦਹਾਕੇ ਤੋਂ ਜਾਣਦਾਂ।

ਜੂਨ ਮਹੀਨੇ ਦੀ ਗੱਲ ਹੈ ਕਿ ਇਕ ਪਿੰਡ 'ਚ ਮੈਂ ਵੀ ਵਿਆਹ ਦੇ ਸਮਾਗਮ 'ਚ ਸ਼ਾਮਲ ਹੋਣ ਗਿਆ ਤਾਂ ਸਬੱਬੀਂ ਗੁਰਮੇਜ ਮੇਹਲੀ ਗਾਉਣ ਲਈ ਆਇਆ ਹੋਇਆ ਸੀ। ਸਾਰਾ ਟੱਬਰ, ਰਿਸ਼ਤੇਦਾਰ, ਜਾਂਜੀ ਅਖਾੜੇ ਵਾਲੀ ਥਾਂ ਚਲੇ ਗਏ। ਧੁਨਾਂ ਵੱਜੀਆਂ, ਤਿਆਰ ਹੋਏ ਮੇਹਲੀ ਨੇ ਸੋਚਿਆ ਪਤਾ ਨਹੀਂ ਕਿੰਨਾ ਟਾਈਮ ਲੱਗੇ, ਬਾਥਰੂਮ ਈ ਜਾ ਆਉਨੇ ਆਂ। ਬਦਕਿਸਮਤੀ, ਕਿਸੇ ਨੇ ਸ਼ਰਾਰਤ ਕੀਤੀ ਜਾਂ ਸਹਿਜ ਸੁਭਾਅ ਹੋ ਗਿਆ ਕਿ ਬਾਹਰੋਂ ਕਿਸੇ ਬਾਥਰੂਮ ਦੀ ਕੁੰਡੀ ਲਾ'ਤੀ। ਸਟੇਜ ਸਕੱਤਰ ਨੇ ਅਨਾਊਂਸ ਕੀਤਾ, ਲਓ ਜੀ ਪੇਸ਼ ਨੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਲਾਡਲੇ ਸ਼ਾਗਿਰਦ ਗੁਰਮੇਜ ਮੇਹਲੀ। ਐਂਟਰੀ ਧੁਨ ਵੱਜੀ ਤੇ ਪੰਦਰਾਂ ਮਿੰਟ ਵੱਜਦੀ ਰਹੀ ਪਰ ਮੇਹਲੀ ਨਾ ਆਇਆ। ਇੰਜ ਦੋ ਤਿੰਨ ਵਾਰ ਹੋਇਆ। ਸਟੇਜ ਸਕੱਤਰ ਨੇ ਅੰਦਰ ਜਾ ਕੇ ਵੇਖਿਆ ਤਾਂ ਮੇਹਲੀ ਕਮਰੇ 'ਚ ਵੀ ਨਹੀਂ ਸੀ। ਉਹ ਬਾਹਰ ਕਾਰ 'ਚ ਵੇਖਣ ਚਲੇ ਗਿਆ। ਚੰਗੀ ਕਿਸਮਤ ਇਕ ਔਰਤ ਬਾਥਰੂਮ ਵੱਲ ਗਈ ਤਾਂ ਦਰਵਾਜ਼ਾ ਜ਼ੋਰ ਜ਼ੋਰ ਨਾਲ ਖੜਕੇ, ਕੁੰਡਾ ਖੋਲ੍ਹੋ, ਕੁੰਡਾ ਖੋਲ੍ਹੋ, ਮੈਂ ਮੇਹਲੀ ਆਂ। ਕੁੰਡਾ ਖੁੱਲ੍ਹਿਆ ਤਾਂ ਗਰਮੀ ਨਾਲ ਹਾਲੋਂ ਬੇਹਾਲ, ਕੱਪੜੇ ਪਸੀਨੇ ਨਾਲ ਨੁਚੜਨ ਤੇ ਮੇਹਲੀ ਨੂੰ ਸਟੇਜ ਵੱਲ ਭੱਜਾ ਆਉਂਦਾ ਵੇਖ ਸਟੇਜ ਸਕੱਤਰ ਨੇ ਫਿਰ ਕਿਹਾ, ਇੰਤਜ਼ਾਰ ਦੀਆਂ ਘੜੀਆਂ ਖਤਮ, ਪੇਸ਼ ਕਰ ਰਿਹਾਂ ਗੁਰਮੇਲ ਮੇਹਲੀ...। ਤੇ ਆਉਂਦਿਆਂ ਹੀ ਉਹਨੇ ਮਾਈਕ ਫੜ੍ਹ ਕੇ ਝਿੜਕਦਿਆਂ ਬੋਲਿਆ, ਮੈਂ ਆਪੇ ਹੋ ਜੂੰ ਪੇਸ਼, ਜੇ ਕਿਤੇ ਬੁੜੀ ਨੂੰ ਬਾਥਰੂਮ ਨਾ ਆਉਂਦਾ ਤਾਂ ਮੇਹਲੀ ਬਾਥਰੂਮ 'ਚ ਹੀ ਬੇਸੁਰਤ ਹੋਣਾ ਸੀ। ...ਤੇ ਇੰਜ ਧਾਰਮਿਕ ਗੀਤ ਤੋਂ ਪਹਿਲਾਂ ਹੀ ਲੋਕਾਂ ਨੂੰ ਹੱਸਣ ਲਈ ਲਤੀਫਾ ਮਿਲ ਗਿਆ।

-ਐਸ. ਅਸ਼ੋਕ ਭੌਰਾ



ਲੇਖਕ ਅਸ਼ੋਕ ਭੌਰਾ, ਯੁਧਵੀਰ ਮਾਣਕ ਅਤੇ ਗੁਰਮੇਜ ਮੇਹਲੀ

ਵਿਚਾਰ-ਚਰਚਾ

# ਮਸਲਾ ਗੁਲਾਮੀ ਤੇ ਆਜ਼ਾਦੀ ਦਾ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਚੱਲ ਰਹੀ ਬਹਿਸ ਜਾਰੀ ਹੈ। ਦੋਹਾਂ ਧਿਰਾਂ ਵਲੋਂ ਆਪੋ ਆਪਣੇ ਪੱਖ ਵਿਚ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬੀ ਚਿੰਤਨਧਾਰਾ ਵਿਚ ਇਕ ਅਹਿਮ ਸ਼ਖਸੀਅਤ ਸ. ਅਭੈ ਸਿੰਘ ਨੇ ਵੀ ਹਥਲੇ ਲੇਖ ਵਿਚ ਆਪਣੇ ਨਿਵੇਕਲੇ ਅੰਦਾਜ਼ ਨਾਲ ਇਸ ਬਹਿਸ ਵਿਚ ਟਿੱਪਣੀ ਕੀਤੀ ਹੈ। ਅਸੀਂ ਇਹ ਲੇਖ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਬਹਿਸ ਵਿਚ ਆਉਣ ਵਾਲੇ ਹੋਰ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਏਗੀ। -ਸੰਪਾਦਕ***

**ਅਭੈ ਸਿੰਘ**

ਪਿਛਲੇ ਕੁਝ ਸਮੇਂ ਤੋਂ 'ਪੰਜਾਬ ਟਾਈਮਜ਼' ਵਿਚ ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਬਹੁਤ ਦਿਲਚਸਪ ਬਹਿਸ ਚਲ ਰਹੀ ਹੈ। ਬਹਿਸ ਵਿਚ ਹਿੱਸਾ ਲੈਣ ਵਾਲਿਆਂ ਦੇ ਨਾਲ ਨਾਲ ਸ. ਅਜਮੇਰ ਸਿੰਘ ਵੀ ਵਧਾਈ ਦੇ ਹੱਕਦਾਰ ਹਨ ਤੇ ਸਭ ਤੋਂ ਵੱਧ ਵਧਾਈ ਦਾ ਹੱਕਦਾਰ ਉਹ ਅਖ਼ਬਾਰ ਹੈ ਜੋ ਵੱਖ ਵੱਖ ਤਰ੍ਹਾਂ ਦੇ ਖਿਆਲਾਂ ਨੂੰ ਜਗ੍ਹਾ ਦੇ ਰਿਹਾ ਹੈ। ਅਜਿਹੀਆਂ ਬਹਿਸਾਂ ਨਾਲ ਹੀ ਤਰਕ ਦਾ ਮਹੱਤਵ ਵਧਦਾ ਹੈ ਜੋ ਦੁਨੀਆਂ ਦੇ ਅਨੇਕਾਂ ਦੁੱਖਾਂ ਦਾ ਦਾਰੂ ਹੈ।

ਕਦੇ ਮਾਓ ਜ਼ੇ ਤੁੰਗ ਦੀ ਇਕ ਤੁਕ ਦਾ ਬਹੁਤ ਇਸਤੇਮਾਲ ਹੋਇਆ ਕਿ 'ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ' ਲੇਕਿਨ ਅੱਜ ਸਪੱਸ਼ਟ ਹੋ ਗਿਆ ਹੈ ਕਿ ਬੰਦੂਕ ਦੀ ਨਾਲੀ ਵਿਚੋਂ ਮੌਤ ਤੋਂ ਸਿਵਾ ਕੁਝ ਵੀ ਨਹੀਂ ਨਿਕਲ ਸਕਦਾ ਤੇ ਮੌਤ ਤੋਂ ਵੱਡਾ ਦੁਖਾਂਤ ਅਜੇ ਤੱਕ ਪੈਦਾ ਹੀ ਨਹੀਂ ਹੋਇਆ। ਅੱਜ ਹਰ ਇਨਕਲਾਬ ਤਰਕ ਵਿਚੋਂ ਨਿਕਲੇਗਾ। ਇਨਕਲਾਬ ਦੀ ਲੋੜ ਤੇ ਉਸ ਦੀ ਕਿਸਮ ਦਾ ਨਿਪਟਾਰਾ ਤਰਕ ਕਰਨਗੇ। ਦੁਨੀਆਂ ਕਿਧਰ ਜਾਵੇਗੀ ਤਰਕਾਂ ਦੀ ਕਾਇਲ ਕਰਨ ਦੀ ਸ਼ਕਤੀ ਉਪਰ ਮੁਨੱਸ. ਹੈ।

ਮੈਂ ਇਨ੍ਹਾਂ ਤਿੰਨ ਕਿਤਾਬਾਂ ਵਿਚੋਂ ਸਿਰਫ ਇਕ ਹੀ 'ਕਿਸ ਬਿਧ ਰੁਲੀ ਪਾਤਸ਼ਾਹੀ' ਪੜ੍ਹ ਸਕਿਆ ਹਾਂ। ਕਿਤਾਬ ਉਪਰ ਲਿਖੇ ਲੇਖਕ ਦੇ ਪਤੇ ਉਪਰ ਖਤ ਲਿਖ ਦਿੱਤਾ ਸੀ। ਕੋਈ ਜਵਾਬ ਨਾ ਆਉਣ ਕਰਕੇ ਦੋਸਤਾਂ ਨਾਲ ਸਾਂਝਾ ਕੀਤਾ ਤੇ ਅਖੀਰ 'ਪੰਜਾਬ ਟਾਈਮਜ਼' ਕੋਲ ਪਹੁੰਚ ਗਿਆ ਤੇ ਛਪ ਵੀ ਗਿਆ। ਮੈਨੂੰ ਇਸ ਕੀਮਤੀ ਬਹਿਸ ਵਿਚ ਆਪਣੀ ਸ਼ਮੂਲੀਅਤ ਚੰਗੀ ਲੱਗੀ ਹੈ। ਮੈਨੂੰ ਦੱਸਿਆ ਗਿਆ ਹੈ ਕਿ ਅਮਰੀਕਾ ਵਿਚ ਹੀ ਛਪਦੇ ਇਕ ਹੋਰ ਅਖ਼ਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਵੀ ਇਸੇ ਮੁੱਦੇ ਉਪਰ ਬਹਿਸ ਚੱਲ ਰਹੀ ਹੈ। ਚੰਗੀ ਗੱਲ ਹੈ। ਇਸ ਕਰਕੇ ਮੈਂ ਕੁਝ ਤਾਜ਼ਾ ਲੇਖ ਵੀ ਵੇਖੇ ਅਤੇ ਜੀਅ ਕੀਤਾ ਕਿ ਕੁਝ ਹੋਰ ਗੱਲਾਂ ਵੀ ਕਰਾਂ।

ਸਭ ਤੋਂ ਪਹਿਲਾਂ ਮੈਂ ਇਕ ਗੱਲ ਜ਼ਰੂਰ ਨਿਮਰਤਾ ਨਾਲ ਸਪਸ਼ਟ ਕਰਾਂ। ਹੁਣ ਦੇ ਲੇਖਾਂ ਵਿਚ ਕਰਮਜੀਤ ਸਿੰਘ ਚੰਡੀਗੜ੍ਹ ਦੇ ਇਕ ਲੇਖ ਵਿਚ ਉਨ੍ਹਾਂ ਲੋਕਾਂ ਦੀ ਲਿਸਟ ਪੜ੍ਹੀ ਜਿਨ੍ਹਾਂ ਨੇ ਸ. ਅਜਮੇਰ ਸਿੰਘ ਦੇ ਹੱਕ ਵਿਚ ਲਿਖਿਆ ਹੈ ਤੇ ਇਕ ਲਿਸਟ ਉਨ੍ਹਾਂ ਦੀ ਜਿਨ੍ਹਾਂ ਨੇ ਵਿਰੋਧ ਵਿਚ ਲਿਖਿਆ ਹੈ। ਮੇਰਾ ਡਰ ਇਹ ਹੈ ਕਿ ਕਿਤੇ ਮੈਨੂੰ ਵੀ ਇਨ੍ਹਾਂ ਵਿਚੋਂ ਕਿਸੇ ਇਕ ਲਿਸਟ ਵਿਚ ਨਾ ਪਾ ਲਿਆ ਜਾਵੇ। ਮੈਂ ਕਿਸੇ ਦੇ ਵਿਰੋਧ ਜਾਂ ਹੱਕ ਵਿਚ ਨਹੀਂ ਲਿਖਣ ਵਾਲਾ। ਮੇਰਾ ਮਕਸਦ ਕਿਸੇ ਦਾ 'ਜਵਾਬ ਦੇਣਾ' ਵੀ ਨਹੀਂ ਹੈ ਤੇ ਨਾ ਹੀ ਮੈਂ ਹਰੇਕ ਵਾਕ ਦਾ ਮੁਆਇਨਾ ਕਰ ਸਕਦਾ ਹਾਂ। ਮੈ ਆਪਣੀ ਗੱਲ ਵਾਸਤੇ ਗੁਰਬਾਣੀ ਜਾਂ ਕਾਰਲ ਮਾਰਕਸ, ਨੀਟਸੇ ਤੇ ਬਰਨਾਰਡ ਸ਼ਾਅ ਜਿਹੇ ਚਿੰਤਕਾਂ ਦੀਆਂ ਟੂਕਾਂ ਵੀ ਨਹੀਂ ਦੇ ਸਕਦਾ ਕਿਉਂਕਿ ਮੈਨੂੰ ਇਨ੍ਹਾਂ ਦਾ ਗਿਆਨ ਬਹੁਤ ਹੀ ਸੀਮਤ ਹੈ।

ਜਿਹੜੀ ਚਿੱਠੀ ਮੈਂ ਸ. ਅਜਮੇਰ ਸਿੰਘ ਹੋਰਾਂ ਨੂੰ ਲਿਖੀ ਸੀ, ਉਹ ਇਕ ਤਰ੍ਹਾਂ ਨਾਲ ਜਾਤੀ ਚਿੱਠੀ ਸੀ ਪਰ ਹੁੰਗਾਰਾ ਨਾ ਮਿਲਣ ਕਰਕੇ ਤੇ ਐਧਰ ਵਾਲੀ ਬਹਿਸ ਦਾ ਪਤਾ ਲੱਗਣ ਬਾਅਦ ਮੈਂ ਇਸ ਵਿਚ ਸ਼ਾਮਲ ਕਰਨ ਵਾਸਤੇ ਭੇਜ ਦਿੱਤੀ। ਮੈਂ ਦਿਲ ਦੀ ਸੱਚਾਈ ਨਾਲ ਕਹਿਣਾ ਚਾਹੁੰਦਾ ਹਾਂ ਕਿ ਜੋ ਸਵਾਲ ਮੈਂ ਪੁੱਛੇ, ਉਹ ਮੇਰੇ ਵੱਲੋਂ ਕੋਈ ਚੈਲੰਜ ਨਹੀਂ ਹੈ ਸਿਰਫ਼ ਸਮਝਣ ਦੀ ਉਤਸੁਕਤਾ ਹੈ।

ਕਿਉਂਕਿ ਅਜਮੇਰ ਸਿੰਘ ਹੋਰਾਂ ਇਸ ਕਿਤਾਬ ਵਿਚ ਗੁਲਾਮੀ ਤੇ ਆਜ਼ਾਦੀ ਦੀ ਚਰਚਾ ਕਈ ਵਾਰ ਕੀਤੀ ਹੈ, ਇਸ ਵਾਸਤੇ ਉਨ੍ਹਾਂ ਤੋਂ ਹੀ ਛੋਟੀ ਜਿਹੀ ਵਜ਼ਾਹਤ ਲੈਣੀ ਮੈਂ ਜ਼ਰੂਰੀ ਸਮਝੀ ਸੀ। ਹੁਣ ਇਨ੍ਹਾਂ ਕਿਤਾਬਾਂ ਦੇ ਪ੍ਰਤੀਕਰਮਾਂ ਵਿਚ ਵੀ ਗੁਲਾਮੀ ਤੇ ਆਜ਼ਾਦੀ ਦੀਆਂ ਗੱਲਾਂ ਹੋਈਆਂ ਹਨ। ਜਿਤਨਾ ਚੰਗਾ ਲਫ਼ਜ਼ ਆਜ਼ਾਦੀ ਹੈ, ਉਤਨਾ ਹੀ ਭੈੜਾ ਲਫ਼ਜ਼ ਗੁਲਾਮੀ ਹੈ ਪਰ ਦੋਹਾਂ ਦਾ ਤਸੱਵਰ ਇਕ ਦੂਜੇ ਨੂੰ ਸਮਝਣ ਵਾਸਤੇ ਜ਼ਰੂਰੀ ਹੈ। ਦੋਹਾਂ ਦੇ ਅਰਥ ਇਕ ਦੂਜੇ ਦੇ ਅਰਥਾਂ ਤੋਂ ਬਿਨਾਂ ਅਧੂਰੇ ਹਨ। ਆਖਰ ਜੋ ਗੁਲਾਮੀ ਹੈ, ਉਹ ਆਜ਼ਾਦੀ ਨਹੀਂ ਤੇ ਜੋ ਆਜ਼ਾਦੀ ਹੈ ਉਹ ਗੁਲਾਮੀ ਨਹੀਂ।

ਪਹਿਲਾਂ ਗੁਲਾਮੀ ਦੀ ਗੱਲ ਕਰੀਏ। ਮਨੁੱਖੀ ਸਭਿਅਤਾ ਦਾ ਸਦੀਆਂ ਲੰਮਾ ਇਤਿਹਾਸ ਗੁਲਾਮੀਆਂ ਦਾ ਹੀ ਇਤਿਹਾਸ ਹੈ। ਬਾਦਸ਼ਾਹੀ ਰਾਜਾਂ ਵਿਚ ਆਜ਼ਾਦੀ ਦਾ ਨਾਮ ਤੱਕ ਨਹੀਂ ਸੁਣਿਆ ਜਾਂਦਾ ਸੀ। ਆਜ਼ਾਦੀ ਦਾ ਤਸੱਵਰ ਸਿਰਫ ਬੀਤੀ ਸਦੀ ਦੀ ਹੀ ਪੈਦਾਵਾਰ ਹੈ। ਇਸੇ ਤਰਜ਼ ਵਿਚ ਸ. ਅਜਮੇਰ ਸਿੰਘ ਦੀ ਇਸ ਖੋਜ ਬਾਰੇ ਵਿਚਾਰ ਕਰਨੀ ਬਣਦੀ ਹੈ ਕਿ ਇਸ ਮੁਲਕ ਵਿਚ ਸਿੱਖ ਹਿੰਦੂਆਂ ਦੇ ਗੁਲਾਮ ਹਨ। ਆਮ ਤੌਰ 'ਤੇ ਗੁਲਾਮੀ ਦਾ ਤਸੱਵਰ ਕਿਸੇ ਮੁਲਕ, ਸਰਕਾਰ, ਬਾਦਸ਼ਾਹ ਜਾਂ ਡਿਕਟੇਟਰ ਵੱਲੋਂ ਹੋ ਸਕਦਾ ਹੈ। ਇਕ ਮਜ਼ਹਬ ਦੇ ਲੋਕ ਦੂਸਰੇ ਮਜ਼ਹਬ ਦੇ ਲੋਕਾਂ ਦੇ ਗੁਲਾਮ ਹੋਣਗੇ, ਇਹ ਗੱਲ ਜਚਦੀ ਨਹੀਂ। ਹੁਣ ਜਿਹੇ ਛਪੇ ਲੇਖਾਂ ਵਿਚ ਕਿਧਰੇ ਡਾ. ਜਸਵੀਰ ਸਿੰਘ ਨੇ ਡਾ. ਬਲਕਾਰ ਸਿੰਘ ਨੂੰ ਕਿਹਾ ਹੈ ਕਿ ਉਹ ਇਨ੍ਹਾਂ ਸਵਾਲਾਂ ਉਪਰ ਅਕਾਦਮਿਕ ਬਹਿਸ ਸ਼ੁਰੂ ਕਰਨ ਪਰ ਮੈਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਅਕਾਦਮਿਕ ਬਹਿਸ ਕਾਫੀ ਹੋ ਗਈ ਹੈ, ਵਿਹਾਰੀ ਬਹਿਸ ਦਾ ਵਕਤ ਆ ਗਿਆ ਹੈ, ਅਮਲੀ ਕੰਮ ਵਿਚਾਰਨ ਦਾ।

ਧਰਤੀ ਦੇ ਕਿਸੇ ਵੀ ਖਿੱਤੇ ਜਾਂ ਮੁਲਕ ਵਿਚ ਇਨਸਾਫ ਅਧਾਰਤ ਸਮਾਜ ਜ਼ਰੂਰੀ ਹੈ। ਕਿਸੇ ਮਜ਼ਹਬ, ਜਾਤ, ਫਿਰਕੇ ਜਾਂ ਖਿਆਲਾਤ ਦੇ ਲੋਕਾਂ ਨਾਲ ਵਿਤਕਰਾ ਅੱਜ ਦੀ ਸਭਿਅਤਾ ਵਿਚ ਅਨਰਥ ਸਮਝਿਆ ਗਿਆ ਹੈ। ਇਸ ਹਿਸਾਬ ਨਾਲ ਸਾਡੇ ਵਾਸਤੇ ਸਹੀ ਸਵਾਲ ਇਹ ਬਣੇਗਾ ਕਿ ਕੀ ਸਾਡੇ ਮੁਲਕ ਵਿਚ ਨਾਗਰਿਕਾਂ ਨਾਲ ਮਜ਼ਹਬ ਦੇ ਲਿਹਾਜ਼ ਨਾਲ ਵਿਤਕਰਾ ਹੁੰਦਾ ਹੈ? ਕੀ ਬੇਇਨਸਾਫੀਆਂ ਹੁੰਦੀਆਂ ਹਨ, ਕੀ ਸਰਕਾਰੀ ਜਬਰ ਹੁੰਦਾ ਹੈ?

ਜਿਥੋਂ ਤੱਕ ਸਮੁੱਚੇ ਤੌਰ 'ਤੇ ਬੇਇਨਸਾਫ਼ੀਆਂ ਦੀ ਗੱਲ ਹੈ, ਸਰਕਾਰੀ ਜਾਂ ਸਮਾਜੀ ਜਬਰ ਦੀ ਗੱਲ ਹੈ ਤੇ ਵਿਤਕਿਰਿਆਂ ਦੀ ਵੀ, ਤਾਂ ਵੱਡੇ ਦੁੱਖ ਨਾਲ ਕਹਿਣਾ ਪਵੇਗਾ ਕਿ ਇਸ ਦੀ ਇਸ ਮੁਲਕ ਵਿਚ ਬਹੁਤਾਤ ਹੈ। ਕਿਹਾ ਜਾਂਦਾ ਹੈ ਕਿ ਅੰਦੋਲਨਾਂ ਵਿਚ ਜਿਤਨੇ ਲੋਕ ਅੰਗਰੇਜ਼ ਦੀ ਗੋਲੀ ਨਾਲ ਮਰੇ ਸਨ, ਆਜ਼ਾਦੀ ਤੋਂ ਬਾਅਦ ਉਸ ਤੋ ਵੱਧ ਮਰੇ ਹਨ। ਅੱਜ ਵੀ ਹਰ ਦਿਨ ਕਿਸੇ ਨਾ ਕਿਸੇ ਸ਼ਹਿਰ ਵਿਚ ਪੁਲਿਸ ਦੀ ਗੋਲੀ ਚੱਲਦੀ ਹੈ, ਲੋਕ ਮਰਦੇ ਹਨ। ਹਰ ਰੋਜ਼ ਥਾਣਿਆਂ ਵਿਚ ਹਿਰਾਸਤੀਆਂ ਦੀ ਮੌਤ ਹੁੰਦੀ ਹੈ। ਕਚਹਿਰੀਆਂ ਵਿਚ ਇਨਸਾਫ ਰੁਲਦਾ ਹੈ। ਨੌਕਰੀਆਂ ਤੇ ਹੋਰ ਧੰਦਿਆਂ ਵਿਚ ਰਿਸ਼ਵਤ ਦਾ ਬੋਲ ਬਾਲਾ ਹੈ। ਦੁਨੀਆਂ ਵਿਚ ਸਭ ਤੋਂ ਵੱਧ ਵਿਅਕਤੀਗਤ ਕਤਲ ਅਤੇ ਜਬਰ-ਜਿਨਾਹ ਇਸ ਮੁਲਕ ਵਿਚ ਹੁੰਦੇ ਹਨ।

ਦੂਸਰੀ ਤਰਫ਼ ਇਹ ਵੀ ਨੋਟ ਕਰਦੇ ਹਾਂ ਕਿ ਲੋਕ ਰਾਜੀ ਕਦਰਾਂ ਕੀਮਤਾਂ, ਧਰਮ ਨਿਰਪੱਖਤਾ ਦੇ ਅਸੂਲਾਂ ਅਤੇ ਮਨੁੱਖੀ ਅਧਿਕਾਰਾਂ ਦੇ ਮਾਮਲੇ ਵਿਚ ਬਹੁਤ ਕਮੀਆਂ ਦੇ ਬਾਵਜੂਦ ਸਾਡੇ ਮੁਲਕ ਦੀ ਤਸਵੀਰ ਦੁਨੀਆਂ ਦੇ ਕਈ ਵਿਕਸਤ ਲੋਕਤੰਤਰਾਂ ਅਤੇ ਪੜੌਸੀ ਦੇਸ਼ਾਂ ਨਾਲੋਂ ਜ਼ਰੂਰ ਕਾਫ਼ੀ ਬਿਹਤਰ ਹੈ। ਅਮਰੀਕਾ ਵਿਚ ਸਿਰਫ ਜਨਮ ਤੋਂ ਨਾਗਰਿਕ ਬਣਿਆ ਹੀ ਕੋਈ ਵਿਅਕਤੀ ਰਾਸ਼ਟਰਪਤੀ ਦੀ ਚੋਣ ਲੜ ਸਕਦਾ ਹੈ, ਸਾਡੇ ਸੰਵਿਧਾਨ ਵਿਚ ਅਜਿਹੀ ਕੋਈ ਸ਼ਰਤ ਨਹੀਂ। ਪਾਕਿਸਤਾਨ ਦੇ ਸੰਵਿਧਾਨ ਮੁਤਾਬਕ ਉਥੋਂ ਦਾ ਸਦਰ, ਪ੍ਰਧਾਨ ਮੰਤਰੀ ਅਤੇ ਫੌਜਾਂ ਦਾ ਮੁਖੀ ਸਿਰਫ ਮੁਸਲਮਾਨ ਹੀ ਹੋ ਸਕਦਾ ਹੈ। ਪਾਰਲੀਮੈਂਟ ਜਾਂ ਸੂਬਿਆਂ ਦੀਆਂ ਅਸੰਬਲੀਆਂ ਵਿਚ ਲਗਭਗ ਸਭ ਸੀਟਾਂ ਨੂੰ ਮੁਸਲਿਮ ਸੀਟਾਂ ਕਿਹਾ ਜਾਂਦਾ ਹੈ। ਇਨ੍ਹਾਂ ਸੀਟਾਂ ਉਪਰ ਦੂਜੇ ਧਰਮਾਂ ਦਾ ਬੰਦਾ ਨਹੀਂ ਖੜਾ ਹੋ ਸਕਦਾ। ਉਹ ਸਿਰਫ ਘੱਟਗਿਣਤੀ ਵਾਸਤੇ ਰਿਜ਼ਰਵ ਸੀਟਾਂ ਉਪਰ ਹੀ ਖੜਾ ਹੋ ਸਕਦਾ ਹੈ।

ਸਾਡੇ ਮੁਲਕ ਵਿਚ ਜਾਤੀ ਆਧਾਰਤ ਰਿਜ਼ਰਵੇਸ਼ਨ ਹੈ ਜੋ ਅਸੂਲ ਬਣਾ ਕੇ ਨਹੀਂ ਸਾਫ਼ ਤੌਰ 'ਤੇ ਵਕਤੀ ਮਜਬੂਰੀ ਦੱਸ ਕੇ ਕੀਤੀ ਗਈ ਸੀ। ਇਹ ਗੱਲ ਵੱਖਰੀ ਹੈ ਕਿ ਅਸੀਂ ਅਜੇ ਤੱਕ ਵੀ ਇਸ ਨੂੰ ਖ਼ਤਮ ਨਹੀਂ ਕਰ ਸਕੇ। ਲੇਕਿਨ ਜਨਰਲ ਸੀਟਾਂ ਉਪਰ ਇਸ ਮੁਲਕ ਵਿਚ ਕੋਈ ਵੀ ਬੰਦਾ ਖੜਾ ਹੋ ਸਕਦਾ ਹੈ ਤੇ ਸਾਰੇ ਮੁਲਕ ਜਾਂ ਸੂਬੇ ਵਿਚ ਕਿਧਰੇ ਵੀ। ਉਮੀਦਵਾਰੀ ਦੇ ਫਾਰਮ ਉਪਰ ਧਰਮ ਦਾ ਕੋਈ ਖਾਨਾ ਨਹੀਂ ਤੇ ਜਾਤਾਂ ਦਾ ਖਾਨਾ ਵੀ ਸਿਰਫ ਰਿਜ਼ਰਵ ਹਲਕਿਆਂ ਵਾਸਤੇ ਹੈ। ਇਥੇ ਸਰਕਾਰੀ ਮਹਿਕਮਿਆਂ ਵਿਚ ਕਰਮਚਾਰੀਆਂ ਤੇ ਅਫਸਰਾਂ ਵਿਚ ਸਭ ਧਰਮਾਂ ਤੇ ਫਿਰਕਿਆਂ ਦੇ ਲੋਕ ਹਨ। ਘੱਟਗਿਣਤੀ ਕਹੇ ਜਾਂਦੇ ਲੋਕਾਂ ਵਿਚੋਂ ਵੀ ਭਾਰੀ ਗਿਣਤੀ ਵਿਚ ਲੋਕ ਚੰਗੇ ਆਹੁਦਿਆਂ 'ਤੇ ਹਨ। ਉਧਰ 50 ਸਾਲਾਂ ਬਾਅਦ ਪਾਕਿਸਤਾਨ ਵਿਚ ਕੋਈ ਸਿੱਖ ਫੌਜੀ ਅਫਸਰ ਤੇ ਪੁਲਿਸ ਅਫਸਰ ਬਣਿਆ ਤਾਂ ਅਖ਼ਬਾਰਾਂ ਵਿਚ ਵੱਡੀਆਂ ਸੁਰਖੀਆਂ ਲੱਗ ਗਈਆਂ। ਸਿੱਖ ਪੁਲਿਸ ਅਫਸਰ ਨੇ ਤਾਂ ਬਾਅਦ ਵਿਚ ਜ਼ਲਾਲਤ ਦਾ ਦੋਸ਼ ਲਗਾ ਕੇ ਅਸਤੀਫ਼ਾ ਵੀ ਦੇ ਦਿੱਤਾ ਸੀ।

ਇਹ ਠੀਕ ਹੈ ਕਿ ਡਾ. ਮਨਮੋਹਨ ਸਿੰਘ ਨੂੰ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਸਿੱਖ ਹੋਣ ਕਰਕੇ ਨਹੀਂ ਬਣਾਇਆ ਗਿਆ ਸੀ ਪਰ ਉਸ ਦਾ ਸਿੱਖ ਹੋਣਾ ਇਸ ਪਦਵੀ ਵਾਸਤੇ ਰੁਕਾਵਟ ਨਹੀਂ ਬਣਿਆ, ਇਹ ਅਹਿਮ ਗੱਲ ਹੈ। ਉਸ ਦੇ ਗੁਣ ਜਾਂ ਦੋਸ਼ ਤਾਂ ਵਿਚਾਰੇ ਗਏ ਪਰ ਉਸ ਦਾ ਸਿੱਖ ਹੋਣਾ ਗੌਲਿਆ ਵੀ ਨਾ ਜਾਣਾ ਮਹਾਨ ਗੱਲ ਹੈ। ਜਦੋਂ ਅਬਦੁਲ ਕਲਾਮ ਰਾਸ਼ਟਰਪਤੀ ਅਤੇ ਜੇ ਜੇ ਸਿੰਘ ਫੌਜਾਂ ਦਾ ਮੁਖੀ ਸੀ ਤਾਂ ਕਿਸੇ ਨੇ ਨਹੀਂ ਗੌਲਿਆ ਕਿ ਇਸ 'ਹਿੰਦੂ ਮੁਲਕ' ਵਿਚ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਫੌਜਾਂ ਦਾ ਜਰਨੈਲ ਕੋਈ ਵੀ ਹਿੰਦੂ ਨਹੀਂ ਹੈ। ਸਾਡੇ ਮੁਲਕ ਵਾਸਤੇ ਇਹ ਗੱਲ ਮਾਮੂਲੀ ਹੈ, ਹੋਣੀ ਵੀ ਮਾਮੂਲੀ ਚਾਹੀਦੀ ਹੈ ਪਰ ਪਾਕਿਸਤਾਨ ਵਿਚ ਇਨ੍ਹਾਂ ਵਿਚੋਂ ਕਿਸੇ ਅਹੁਦੇ ਉਪਰ ਹਿੰਦੂ, ਸਿੱਖ ਜਾਂ ਇਸਾਈ ਦੇ ਬਣਨ ਦੀ ਤਾਂ ਗੱਲ ਛੱਡੋ ਕੋਈ ਅਹਿਮਦੀ ਮੁਸਲਮਾਨ ਵੀ ਸੋਚ ਨਹੀਂ ਸਕਦਾ।

ਉਧਰ ਬੇਸ਼ੱਕ ਇਹ ਸਿਰਫ ਇਕ ਇਤਫਾਕ ਹੀ ਹੋਵੇ ਪਰ ਯੂਰਪ ਦੇ ਵਿਕਸਿਤ ਮੁਲਕਾਂ ਸਮੇਤ, ਜਿੱਥੇ ਧਰਮ ਕੋਈ ਮੁੱਦਾ ਨਹੀਂ, ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਉਥੋਂ ਦੀ ਸਰਕਾਰ ਦਾ ਮੁਖੀ ਬਹੁਗਿਣਤੀ ਧਰਮ ਤੋਂ ਬਾਹਰਲਾ ਬੰਦਾ ਨਹੀਂ ਬਣਿਆ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਵੀ ਸਫਾਈਆਂ ਦੇਣੀਆਂ ਪਈਆਂ ਹਨ ਕਿ ਉਹ ਮੁਸਲਮਾਨ ਨਹੀਂ ਹੈ। ਰੂਸ, ਬੁਲਗਾਰੀਆ ਅਤੇ ਯੂਗੋਸਲਾਵੀਆ ਵਿਚ ਵੱਡੀ ਅਬਾਦੀ ਮੁਸਲਮਾਨਾਂ ਦੀ ਹੈ ਪਰ ਕਮਿਊਨਿਸਟ ਰਾਜਾਂ ਵੇਲੇ ਵੀ ਇਨ੍ਹਾਂ ਪਦਵੀਆਂ ਉਪਰ ਕੋਈ ਮੁਸਲਮਾਨ ਕਦੇ ਨਹੀਂ ਸੀ ਪਹੁੰਚ ਸਕਿਆ।

ਵੱਡੇ ਸਿਆਸੀ ਅਹੁਦਿਆਂ ਤੋਂ ਇਲਾਵਾ ਸਰਕਾਰੀ ਨੌਕਰੀਆਂ, ਕਾਰੋਬਾਰਾਂ ਤੇ ਹੋਰ ਤਰੱਕੀਆਂ ਦੇ ਰਸਤੇ ਵਿਚ ਰਿਸ਼ਵਤ ਅਤੇ ਸਿਫ਼ਾਰਸ਼ਾਂ ਵਗੈਰਾ ਦੀਆਂ ਅਨੇਕਾਂ ਰੁਕਾਵਟਾਂ ਹੋਣਗੀਆਂ ਪਰ ਧਰਮ ਦੀ ਰੁਕਾਵਟ ਨਹੀਂ ਹੈ ਤੇ ਨਾ ਹੀ ਕਦੇ ਅਜਿਹੀਆਂ ਸ਼ਿਕਾਇਤਾਂ ਆਈਆਂ ਹਨ। ਸ. ਅਜਮੇਰ ਸਿੰਘ ਵੀ ਆਪਣੀ ਕਿਤਾਬ ਵਿਚ ਕਿਧਰੇ ਲਿਖਦੇ ਹਨ ਕਿ ਸਰਕਾਰੀ ਨੌਕਰੀਆਂ ਪਾਉਣ ਅਤੇ ਕਾਰੋਬਾਰਾਂ ਰਾਹੀਂ ਤਰੱਕੀਆਂ ਕਰਨ ਵਾਸਤੇ ਸਿੱਖਾਂ ਦੇ ਰਸਤੇ ਵਿਚ ਰੁਕਾਵਟਾਂ ਨਹੀਂ ਹਨ ਤੇ ਉਹ ਉਚੇ ਮੁਕਾਮਾਂ 'ਤੇ ਪਹੁੰਚੇ ਹਨ।

ਇਨ੍ਹਾਂ ਹੀ ਹਾਲਤਾਂ ਵਿਚ ਮੇਰੇ ਵਾਸਤੇ ਇਹ ਸਵਾਲ ਉਲਝਣ ਬਣਦਾ ਹੈ ਕਿ ਫਿਰ ਉਹ ਕੀ ਕਾਰਨ ਹੋਣਗੇ ਕਿ ਕਿਹਾ ਜਾ ਸਕੇ ਕਿ ਸਿੱਖ ਗੁਲਾਮੀ ਦਾ ਸੰਤਾਪ ਭੋਗ ਰਹੇ ਹਨ। ਮੈਂ ਦੁਹਰਾਉਂਦਾ ਹਾਂ ਕਿ ਇਹ ਮੇਰਾ ਚੈਲੰਜ ਨਹੀਂ ਬਲਕਿ ਮੈਂ ਮੰਨ ਕੇ ਚੱਲਦਾ ਹਾਂ ਕਿ ਜੇ ਸਿਆਣੇ ਕਹਿੰਦੇ ਹਨ ਤਾਂ ਇਹੋ ਜਿਹੀ ਗੱਲ ਜ਼ਰੂਰ ਹੋਵੇਗੀ। ਸਿਰਫ ਅਮਲੀ ਕੰਮ ਵਾਸਤੇ ਮੇਰਾ ਕਹਿਣਾ ਹੈ ਕਿ ਅਜਿਹੇ ਕੁਝ ਮੁੱਖ ਨੁਕਤੇ ਕਾਗਜ਼ ਦੇ ਇਕ ਟੁਕੜੇ ਉਪਰ ਲਿਖ ਲਈਏ ਤੇ ਵਿਚਾਰੀਏ। ਸਿਰਫ ਵਿਚਾਰਨਾ ਹੀ ਨਹੀਂ ਉਸ ਨੂੰ ਦੂਰ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਜੇ ਇਹ ਸਪਸ਼ਟ ਹੋਵੇ ਕਿ ਇਹ ਸ਼ਿਕਾਇਤਾਂ ਇਸ ਮੁਲਕ ਦੇ ਦਾਇਰੇ ਵਿਚ ਦੂਰ ਨਹੀਂ ਹੋ ਸਕਦੀਆਂ ਅਤੇ ਇਸ ਦੀ ਵੀ ਜਾਮਨੀ ਹੋ ਜਾਵੇ ਕਿ ਵੱਖਰਾ ਮੁਲਕ ਬਣਾਉਣ ਨਾਲ ਦੂਰ ਹੋ ਸਕਦੀਆਂ ਹਨ ਤਾਂ ਮੈਂ ਵੀ ਸਿੱਖਾਂ ਵਾਸਤੇ ਵੱਖਰੇ ਮੁਲਕ ਦੀ ਮੰਗ ਵਿਚ ਆਪਣਾ ਹਿੱਸਾ ਪਾਵਾਂਗਾ।

ਬਲਕਿ ਫਿਰ ਅਸੀਂ ਹੋਰਨਾਂ ਤੋਂ ਵੀ ਪੁੱਛ ਸਕਦੇ ਹਾਂ ਕਿ ਹੈ ਕੋਈ ਧਰਮ, ਜਾਂ ਫਿਰਕਾ ਜੋ ਕਿਸੇ ਹੋਰ ਧਰਮ ਜਾਂ ਫਿਰਕੇ ਵਾਲਿਆਂ ਦਾ ਗੁਲਾਮ ਹੋਵੇ। ਘੱਟਗਿਣਤੀਆਂ ਅੰਦਰਲੀਆਂ ਘੱਟਗਿਣਤੀਆਂ ਨੂੰ ਵੀ ਪੁੱਛਿਆ ਜਾ ਸਕਦਾ ਹੈ। ਰਾਧਾ ਸੁਆਮੀ, ਨਿਰੰਕਾਰੀ ਅਤੇ ਸੱਚਾ ਸੌਦਾ ਪ੍ਰੇਮੀਆਂ ਤੱਕ ਵੀ ਪਹੁੰਚ ਕੀਤੀ ਜਾ ਸਕਦੀ ਹੈ ਕਿ ਕਿਸੇ ਨੂੰ ਗੁਲਾਮੀ ਦਾ ਅਹਿਸਾਸ ਤਾਂ ਨਹੀਂ। ਕਿਸੇ ਨੂੰ ਵੱਖਰਾ ਮੁਲਕ ਤਾਂ ਨਹੀਂ ਚਾਹੀਦਾ। ਜੇ ਵੱਖਰੇ ਮੁਲਕ ਬਣਾ ਕੇ ਲੋਕਾਂ ਦਾ ਭਲਾ ਹੋ ਸਕਦਾ ਹੋਵੇ ਤਾਂ ਕਿਉਂ ਇਤਰਾਜ਼ ਕੀਤਾ ਜਾਵੇ। ਸੱਚਮੁਚ ਕਿਸੇ ਦਾ ਢਿੱਡ ਨਹੀਂ ਦੁਖਣਾ ਚਾਹੀਦਾ।

ਚਰਚਾ ਅਧੀਨ ਕਿਤਾਬਾਂ ਅਤੇ ਇਨ੍ਹਾਂ ਉਪਰ ਚਲਦੀ ਬਹਿਸ ਵਿਚ ਬਹੁਤ ਜਗ੍ਹਾ 'ਸਿੱਖ ਇਕ ਕੌਮ' ਦੇ ਚਰਚੇ ਚੱਲੇ ਹਨ। ਕਈ ਇਸ ਨੂੰ ਵਾਰ ਵਾਰ ਦੁਹਰਾਉਂਦੇ ਹਨ ਤੇ ਕਈ ਇਸ ਧਾਰਨਾ ਨੂੰ ਪਸੰਦ ਨਹੀਂ ਕਰਦੇ। ਕੌਮਾਂ ਦੀ ਪਰਿਭਾਸ਼ਾ ਕੀ ਹੈ? ਇਸ ਵਿਚ ਧਰਮਾਂ ਦਾ ਕੀ ਰੋਲ ਹੈ ਤੇ ਹੋਰ ਚੀਜ਼ਾ ਦਾ ਕੀ? ਇਹ ਗੱਲ ਵਿਦਵਾਨਾਂ ਦੇ ਕਰਨ ਵਾਲੀ ਹੈ। ਮੈਨੂੰ ਸਿਰਫ ਇਤਨਾ ਪਤਾ ਹੈ ਕਿ ਇਸ ਦੁਨੀਆਂ ਵਿਚ ਆਬਾਦੀ ਦਾ ਇਕ ਹਿੱਸਾ ਹੈ ਜੋ ਸਿੱਖ ਹਨ। ਇਨ੍ਹਾਂ ਦਾ ਵੱਡਾ ਹਿੱਸਾ ਹਿੰਦੁਸਤਾਨ ਵਿਚ ਰਹਿੰਦਾ ਹੈ ਅਤੇ ਇਹ ਦੁਨੀਆਂ ਦੇ ਕਈ ਹੋਰ ਦੇਸ਼ਾਂ ਵਿਚ ਵੀ ਵੱਸਦੇ ਹਨ। ਹਿੰਦੁਸਤਾਨ ਵਿਚ ਵੀ ਬੇਸ਼ੱਕ ਵੱਡੀ ਆਬਾਦੀ ਪੰਜਾਬ ਵਿਚ ਹੈ ਜਿੱਥੇ ਕਰੀਬ 55 ਫੀਸਦੀ ਸਿੱਖ ਹਨ ਲੇਕਿਨ ਸਾਰੇ ਹਿੰਦੁਸਤਾਨ ਦੇ ਹਰ ਵੱਡੇ-ਛੋਟੇ ਸ਼ਹਿਰ ਵਿਚ ਸਿੱਖ ਆਬਾਦੀ ਹੈ। ਪੰਜਾਬ ਤੋਂ ਬਾਹਰਲੀ ਇਨ੍ਹਾਂ ਦੀ ਵਸੋਂ ਆਮ ਤੌਰ 'ਤੇ ਚੰਗੇ ਕਾਰੋਬਾਰਾਂ ਤੇ ਵੱਡੀਆਂ ਜਾਇਦਾਦਾਂ ਵਾਲੀ ਹੈ ਅਤੇ ਇਹ ਲੋਕ ਬਹੁਤ ਉਚੇ ਸਰਕਾਰੀ ਅਹੁਦਿਆਂ 'ਤੇ ਵੀ ਹਨ। ਪੰਜਾਬ ਤੋਂ ਬਾਹਰ ਹਰਿਆਣਾ, ਹਿਮਾਚਲ, ਦਿੱਲੀ, ਯੂ ਪੀ, ਉਤਰਾਖੰਡ, ਬਿਹਾਰ, ਝਾਰਖੰਡ ਅਤੇ ਮੱਧ ਪ੍ਰਦੇਸ਼ ਦੀਆਂ ਅਸੰਬਲੀਆਂ ਵਿਚ ਵੀ ਆਮ ਤੌਰ 'ਤੇ ਸਿੱਖ ਐਮ ਐਲ ਏ ਤੇ ਵਜ਼ੀਰ ਵੀ ਜ਼ਰੂਰ ਹੁੰਦੇ ਹਨ ਅਤੇ ਇਨ੍ਹਾਂ ਵਿਚੋਂ ਬਹੁਤੇ ਚੁਣੇ ਵੀ ਉਨ੍ਹਾਂ ਹਲਕਿਆਂ ਵਿਚੋਂ ਜਾਂਦੇ ਹਨ ਜਿੱਥੇ ਬਹੁਗਿਣਤੀ ਵੋਟਰ ਗੈਰ ਸਿੱਖ ਹਨ।

ਇਨ੍ਹਾਂ ਲੋਕਾਂ ਨੂੰ ਕੌਮ ਕਹੋ ਜਾਂ ਧਰਮ ਜਾਂ ਫਿਰਕਾ ਤੇ ਜਾਂ ਕੁਝ ਹੋਰ, ਮੈਨੂੰ ਫ਼ਰਕ ਨਹੀਂ ਪੈਂਦਾ। ਮੇਰੀ ਤਮੰਨਾ ਸਿਰਫ ਇਹ ਹੈ ਕਿ ਇਹ ਲੋਕ ਖੁਸ਼ ਰਹਿਣੇ ਚਾਹੀਦੇ ਹਨ। ਇਹ ਚੰਗਾ ਖਾਣ ਪੀਣ ਤੇ ਚੰਗਾ ਹੰਢਾਉਣ, ਚੰਗੇ ਰੋਜ਼ਗਾਰ ਹੋਣ, ਚੰਗੀਆਂ ਸਿਹਤਾਂ ਤੇ ਸਹੂਲਤਾਂ ਹੋਣ। ਸਭ ਤੋਂ ਵੱਡੀ ਗੱਲ ਆਜ਼ਾਦੀਆਂ ਹੋਣ, ਜਿਧਰ ਜਾਣਾ ਚਾਹੁਣ ਅੰਧੇਰ ਸਵੇਰ ਦੇ ਖੌਫ਼ ਤੋਂ ਬਿਨਾ ਜਾ ਸਕਣ। ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ। ਜਿਸ ਤਰ੍ਹਾਂ ਦੀ ਧਾਰਮਿਕ ਜਾਂ ਸਮਾਜੀ ਰਸਮ ਕੋਈ ਨਿਭਾਉਣਾ ਚਾਹੇ ਨਿਭਾ ਸਕੇ, ਜੇ ਨਾ ਨਿਭਾਣਾ ਚਾਹੇ ਤਾਂ ਬੇਸ਼ੱਕ ਨਾ ਨਿਭਾਏ। ਕੋਈ ਸਖ਼ਤੀਆਂ ਨਾ ਹੋਣ, ਵਿਚਾਰਾਂ ਉਪਰ ਕੋਈ ਰੋਕ ਨਾ ਹੋਵੇ। ਇਸ ਤੋਂ ਇਲਾਵਾ ਇੱਜ਼ਤ ਮਾਣ ਹੋਵੇ ਤੇ ਜਿਸ ਵੀ ਮੁਲਕ, ਸੂਬੇ, ਸ਼ਹਿਰ ਜਾਂ ਪਿੰਡ ਤੇ ਬਸਤੀ ਵਿਚ ਇਹ ਰਹਿੰਦੇ ਹਨ, ਵੋਟ ਪਾਉਣ ਦੇ ਹੱਕ ਸਮੇਤ ਸਭ ਹੱਕ ਬਾਕੀ ਸਭ ਨਾਗਰਿਕਾਂ ਦੇ ਬਰਾਬਰ ਹੋਣ।

ਮੇਰਾ ਇਹੀ ਸੁਪਨਾ ਹੋਰ ਲੋਕਾਂ ਵਾਸਤੇ ਵੀ ਹੈ। ਇਸ ਸੁਪਨੇ ਵਿਚ ਕੁਝ ਹੋਰ ਵੀ ਜੋੜਨਾ ਹੋਵੇ ਤਾਂ ਜੋੜਿਆ ਜਾ ਸਕਦਾ ਹੈ। ਮੇਰੇ ਖਿਆਲ ਵਿਚ ਇਹੀ ਆਜ਼ਾਦੀ ਹੋਵੇਗੀ। ਲੇਕਿਨ ਜੇ ਉਸ ਦੇ ਅਰਥ ਕੁਝ ਹੋਰ ਨਿਕਲਦੇ ਹੋਣ ਤਾਂ ਸਿਆਣਿਆਂ ਦੀ ਗੱਲ ਮੰਨਣਾ ਮੇਰਾ ਫਰਜ਼ ਹੋਵੇਗਾ।

ਜਿੱਥੋਂ ਤੱਕ 'ਸਿੱਖ ਰਾਜ ਦੇ ਸੁਪਨੇ' ਦੀ ਗੱਲ ਹੈ, ਇਹ ਕਿਸੇ ਨੂੰ ਵੀ ਡਰਾਉਣਾ ਨਹੀਂ ਲੱਗਣਾ ਚਾਹੀਦਾ ਸਿਰਫ ਵਿਚਾਰਨ ਦੀ ਲੋੜ ਹੈ। ਇਸ ਵਿਚ ਅਹਿਮ ਸਵਾਲ ਇਹ ਹੈ ਕਿ ਕੀ ਹਰ ਧਰਮ ਵਾਲੇ ਲੋਕਾਂ ਨੂੰ ਆਪਣਾ ਆਪਣਾ ਇਕ ਮੁਲਕ ਚਾਹੀਦਾ ਹੈ? ਧਰਮ ਦੀ ਥਾਂ 'ਤੇ ਕੌਮ ਵੀ ਕਹਿ ਲਵੋ, ਕੋਈ ਫਰਕ ਨਹੀਂ ਕਿਉਂਕਿ ਹੋਰ ਵਿਦਵਾਨਾਂ ਦੇ ਨਾਲ ਨਾਲ ਸ. ਅਜਮੇਰ ਸਿੰਘ ਨੇ ਵੀ ਧਰਮ ਤੇ ਕੌਮ ਨੂੰ ਸਮਾਨ-ਅਰਥ ਸ਼ਬਦਾਂ ਦੇ ਤੌਰ 'ਤੇ ਵਰਤਿਆ ਹੈ। ਜਿਵੇਂ ਸਿੱਖ ਕੌਮ, ਹਿੰਦੂ ਕੌਮ, ਮੁਸਲਿਮ ਕੌਮ ਵਗੈਰਾ। ਇਸ ਮੁੱਦੇ ਉਪਰ ਵੀ ਅਕਾਦਮਿਕ ਦੀ ਬਜਾਏ ਵਿਹਾਰੀ ਚਰਚਾ ਜ਼ਿਆਦਾ ਮੁਫੀਦ ਰਹੇਗੀ।

ਏਧਰ ਜਦੋਂ ਇਕ ਮਜ਼ਹਬ ਵਾਲਿਆਂ ਦੇ ਵੱਖਰੇ ਰਾਜ ਦੀ ਗੱਲ ਚੱਲਦੀ ਹੈ ਤਾਂ ਮੇਰੇ ਜ਼ਿਹਨ ਵਿਚ ਇਕ ਹੋਰ ਗੱਲ ਹੈਰਾਨੀ ਨਾਲ ਆ ਰਹੀ ਹੈ। ਇਸ ਦੁਨੀਆਂ ਵਿਚ ਇਕ ਮੁਲਕ ਹਿੰਦੂ ਮੁਲਕ ਵੀ ਸੀ। ਉਸ ਨੂੰ 'ਹਿੰਦੂ ਕਿੰਗਡਮ' ਜਾਂ 'ਹਿੰਦੂ ਸਲਤਨਤ' ਕਿਹਾ ਜਾਂਦਾ ਸੀ ਅਤੇ ਅਸੀਂ ਆਪਣੇ ਸ਼ਬਦਾਂ ਵਿਚ ਉਸ ਨੂੰ ਹਿੰਦੂ ਪਾਤਸ਼ਾਹੀ ਕਹਿ ਸਕਦੇ ਹਾਂ। ਉਥੋਂ ਦੀ ਪਾਰਲੀਮੈਂਟ ਵਿਚ 90 ਫੀਸਦੀ ਹਿੰਦੂ ਹਨ ਤੇ ਉਨ੍ਹਾਂ ਹੱਥ ਖੜੇ ਕਰ ਕੇ ਸੰਵਿਧਾਨ ਬਣਾਇਆ ਤੇ ਮਤਾ ਪਾਸ ਕੀਤਾ ਕਿ ਹੁਣ ਇਸ ਮੁਲਕ ਨੂੰ ਹਿੰਦੂ ਦੇਸ਼ ਨਾ ਕਿਹਾ ਜਾਵੇ। ਹੈਰਾਨੀ ਵਾਲੀ ਗੱਲ ਹੈ ਕੁਝ ਲੋਕ ਧਰਮ ਆਧਾਰਤ ਰਾਜ ਦੀ ਗੱਲ ਕਰਦੇ ਹਨ ਤੇ ਕੁਝ ਬਣੇ ਬਣਾਏ ਰਾਜ ਨੂੰ ਫੂਕ ਮਾਰ ਦਿੰਦੇ ਹਨ। ਸਾਡੇ ਵਿਹੰਦੇ-ਵਿਹੰਦੇ ਹੀ ਨਿਪਾਲ ਦੀ ਪਾਤਸ਼ਾਹੀ ਕਿਸ ਬਿਧ ਰੁਲੀ, ਕਿਸੇ ਨੂੰ ਪਤਾ ਹੀ ਨਹੀਂ ਲੱਗਾ।

ਇਸੇ ਤਰ੍ਹਾਂ ਦੁਨੀਆਂ ਵਿਚ ਦਰਜਨ ਕੁ ਬਚੀਆਂ ਪਾਤਸ਼ਾਹੀਆਂ ਵੀ ਇਕ ਦਿਨ ਰੁਲਣਗੀਆਂ। ਆਮੀਨ। ਇੰਗਲੈਂਡ, ਅਸਟ੍ਰੇਲੀਆ ਤੇ ਜਪਾਨ ਵਰਗੀਆਂ ਨਾਮ-ਨਿਹਾਦ ਪਾਤਸ਼ਾਹੀਆਂ, ਜਿਨ੍ਹਾਂ ਕਦੇ ਇਕ ਦਸਤਖਤ ਵੀ ਨਹੀਂ ਕਰਨੇ ਹੁੰਦੇ, ਇਕ ਦਿਨ ਰੁਲਣਗੀਆਂ। ਤਖਤੋ-ਤਾਜ ਸਿਰਫ ਤਸਵੀਰਾਂ ਵਿਚ ਹੀ ਰਹਿਣੇ ਹਨ। ਲੋਕਸ਼ਾਹੀ ਦੇ ਯੁੱਗ ਦਾ ਬੇਸ਼ੱਕ ਅਜੇ ਬਚਪਨਾ ਹੈ ਪਰ ਇਸੇ ਨੇ ਵਧਣਾ ਫੁੱਲਣਾ ਹੈ।

ਜਿਸ ਤਰ੍ਹਾਂ ਗੁਲਾਮੀ ਦਾ ਖਾਕਾ ਬਣਾਉਣ ਉਪਰ ਮੈਂ ਜ਼ੋਰ ਦੇ ਰਿਹਾ ਸਾਂ, ਆਜ਼ਾਦੀ ਦੇ ਵੀ ਇਕ ਖਾਕੇ ਦੀ ਹੀ ਦਰਖਾਸਤ ਕਰਾਂਗਾ। ਹੋ ਸਕਦਾ ਹੈ ਕਿ ਇਹ ਅਕਾਦਮਿਕ ਕੰਮ ਨਾ ਹੋਵੇ ਪਰ ਵਿਹਾਰੀ ਗੱਲ ਇਹੀ ਹੈ। ਕਹਿੰਦੇ ਨੇ ਕਾਗਜ਼ 'ਤੇ ਨਕਸ਼ਾ ਬਣਾਉਣਾ ਤਾਂ ਖੱਬੇ ਹੱਥ ਦਾ ਕੰਮ ਹੈ, ਕੋਈ ਵੀ ਬਣਾ ਲਵੇ। ਉਸ ਨਕਸ਼ੇ ਮੁਤਾਬਕ ਇਮਾਰਤ ਬਣਾਉਣੀ ਬਹੁਤ ਔਖੀ ਹੈ। ਲੇਕਿਨ ਜਿਥੋਂ ਤੱਕ ਸਿੱਖ ਰਾਜ ਦਾ ਸਵਾਲ ਹੈ ਅਜੇ ਤੱਕ ਕਿਸੇ ਨੇ ਕਾਗਜ਼ 'ਤੇ ਵੀ ਨਕਸ਼ਾ ਬਣਾ ਕੇ ਨਹੀਂ ਦਿੱਤਾ। ਇਮਾਰਤ ਦੀ ਤਾਂ ਗੱਲ ਹੀ ਵੱਖਰੀ ਹੈ। ਦੂਜੀ ਗੱਲ ਇਹ ਵੀ ਸੁਣੀ ਕਿ ਆਪਣਾ ਨਕਸ਼ਾ ਬਣਾਉਣਾ ਵੀ ਕੁਝ ਔਖਾ ਹੋ ਸਕਦਾ ਹੈ, ਬਣੇ ਨਕਸ਼ੇ ਉਪਰ ਤਾਂ ਲਕੀਰਾਂ ਮਾਰੀਆਂ ਹੀ ਜਾ ਸਕਦੀਆਂ ਹਨ। ਦੁਨੀਆਂ ਦਾ ਨਕਸ਼ਾ 20 ਰੁਪਏ ਵਿਚ ਮਿਲਦਾ ਹੈ। ਕੋਈ ਪੈਨਸਿਲ ਨਾਲ ਨਿਸ਼ਾਨ ਤਾਂ ਲਗਾਵੇ ਕਿ ਫਲਾਣੇ ਮੁਲਕ ਦੇ ਫਲਾਣੇ ਇਲਾਕੇ ਵਿਚ ਇਥੋਂ ਲੈ ਕੇ ਓਥੋਂ ਤੱਕ ਸਿੱਖ ਰਾਜ ਬਣਾਉਣਾ ਹੈ।

ਮੈਂ ਸਿੱਖ ਰਾਜ ਹੀ ਨਹੀਂ, ਖਾਲਿਸਤਾਨ ਬਾਰੇ ਵੀ ਕਈ ਲੇਖ ਪੜ੍ਹੇ। ਇਕ ਦੁਕਾਨ 'ਤੇ ਮੋਟੀ ਜਿਹੀ ਕਿਤਾਬ 'ਖਾਲਿਸਤਾਨ ਦਾ ਰੂਪ' ਵੇਖੀ। ਕਿਤਾਬ

> **ਜੇ ਸਾਡਾ ਲੇਖਕ ਵਰਗ, ਜਿਸ ਨੂੰ ਸਮਾਜ ਦੀਆਂ ਅੱਖਾਂ ਕਿਹਾ ਜਾਂਦਾ ਹੈ, ਲੋਕਰਾਜੀ ਕਦਰਾਂ ਕੀਮਤਾਂ ਦੀ ਰਾਖੀ ਵਾਸਤੇ ਡਟਵੀ ਦੁਹਾਈ ਨਹੀਂ ਪਾਉਂਦਾ, ਸਭ ਤਰ੍ਹਾਂ ਦੀ ਹਿੰਸਾ ਦੀ ਡਟਵੀਂ ਨਿੰਦਾ ਕਰਕੇ ਤਰਕਾਂ ਦੀ ਚੜ੍ਹਤ ਵਾਸਤੇ ਕਮਰ ਕੱਸੇ ਨਹੀਂ ਕੱਸਦਾ ਤਾਂ ਮੈਂ ਕਹਾਂਗਾ ਕਿ ਅਗਲੀ ਸੰਤਾਲੀ ਜਾਂ ਚੁਰਾਸੀ ਵਾਸਤੇ ਪਹਿਲੇ ਗੁਨਾਹਗਾਰ ਅਸੀਂ ਹੋਵਾਂਗੇ।**

ਫਰੋਲੀ। ਉਸ ਵਿਚ ਨਕਸ਼ਾ ਕਿਧਰੇ ਨਹੀਂ ਸੀ ਕਿ ਫਲਾਣੇ ਫਲਾਣੇ ਇਲਾਕੇ ਜਾਂ ਸ਼ਹਿਰਾਂ, ਪਿੰਡਾਂ ਨੂੰ ਮਿਲਾ ਕੇ ਖਾਲਿਸਤਾਨ ਬਣਾਉਣਾ ਹੈ। ਕਿਤਾਬ ਦਾ ਰੇਟ ਜ਼ਿਆਦਾ ਸੀ ਪਰ ਮੈਂ ਅੱਧੇ ਮੁੱਲ 'ਤੇ ਵੀ ਨਹੀਂ ਖਰੀਦੀ। ਸੋਚਿਆ ਜਦੋਂ ਨਕਸ਼ਾ ਹੀ ਹੈ ਨਹੀਂ ਕੋਈ ਵਿਹਾਰਕ ਤਜਵੀਜ਼ ਹੀ ਨਹੀਂ ਤਾਂ ਮੈਂ ਕਾਹਨੂੰ ਪੈਸੇ ਵੀ ਬਰਬਾਦ ਕਰਾਂ ਤੇ ਅੱਖਾਂ ਦੀ ਜੋਤ ਵੀ।

ਇਸੇ ਤਰ੍ਹਾਂ ਸ. ਅਜਮੇਰ ਸਿੰਘ ਦੀਆਂ ਵੀ ਤਿੰਨ ਕਿਤਾਬਾਂ ਹਨ। ਮੈਂ ਇਕ ਹੀ ਪੜ੍ਹੀ ਹੈ। ਮੈਨੂੰ ਮੇਰੇ ਦੋਸਤ ਜ਼ੋਰ ਦੇ ਰਹੇ ਹਨ ਕਿ ਦੂਜੀਆਂ ਦੋ ਵੀ ਪੜ੍ਹਾਂ। ਮੈਂ ਸਾਫ਼ ਕਹਿ ਦਿੱਤਾ ਕਿ ਮੈਂ ਨਹੀਂ ਪੜਨੀਆਂ। ਹੁਣ ਮੈਂ ਕਹਿ ਸਕਦਾ ਹਾਂ ਕਿ ਫਿਲਹਾਲ ਅਜੇ ਤਾਂ ਲੋੜ ਨਹੀਂ। ਇਕ ਕਿਤਾਬ ਪੜ੍ਹ ਕੇ ਤੇ ਫਿਰ ਹੁਣ ਇਸ ਬਹਿਸ ਨੂੰ ਪੜ੍ਹ ਕੇ ਵੱਡਾ ਆਈਡੀਆ ਮਿਲ ਗਿਆ ਹੈ। ਕਰਮ ਬਰਸਟ ਨੇ ਇਕ ਕਿਤਾਬ ਦੀਆਂ ਟੂਕਾਂ ਦਿੱਤੀਆਂ ਹਨ, "ਆਓ ਬਈ ਸਿੰਘੋ, ਬਾਹਮਣੀ ਹਿੰਦੂ ਹਾਕਮਾਂ ਦੇ ਗਲ ਗੂਠਾ ਦੇ ਕੇ ਰਾਜ ਖੋਹ ਲਈਏ। ਜੇਕਰ 47 ਵਿਚ ਖੁੰਝ ਗਏ ਤਾਂ ਕੀ ਹੋਇਆ। ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ।"

ਇਹਦਾ ਜਵਾਬ ਜੋ ਕਰਮ ਬਰਸਟ ਨੇ ਦਿੱਤਾ ਮੇਰਾ ਉਹ ਨਹੀਂ। ਮੇਰਾ ਕਹਿਣਾ ਹੈ ਕਿ ਜਿਨ੍ਹਾਂ ਨੂੰ ਅਜਮੇਰ ਸਿੰਘ ਜੀ ਗੂਠਾ ਦੇਣ ਵਾਸਤੇ ਬੁਲਾ ਰਹੇ ਹਨ, ਉਨ੍ਹਾਂ ਨੇ ਹੀ ਤਾਂ ਇਹ ਹਾਕਮ ਚੁਣੇ ਹਨ। ਵਿਹਾਰੀ ਗੱਲ ਇਹ ਹੈ ਕਿ ਪੰਜਾਬ ਵਿਚ ਤਾਂ ਮੰਨ ਸਕਦੇ ਹਾਂ ਕਿ ਸਿੱਖ ਵੋਟਰ ਕਾਂਗਰਸੀਆਂ ਤੇ ਅਕਾਲੀਆਂ ਵਿਚ ਅੱਧੋ ਅੱਧ ਹਨ ਪਰ ਪੰਜਾਬ ਤੋਂ ਬਾਹਰ ਦਾ 80 ਫੀਸਦੀ ਸਿੱਖ, ਸਮੇਤ ਦਿੱਲੀ, ਕਾਂਗਰਸ ਦਾ ਵੋਟਰ ਹੈ, ਮੇਰਾ ਦਾਅਵਾ ਹੈ। ਜੇ ਸਿੰਘਾਂ ਨੇ ਗੂਠਾ ਦੇਣਾ ਹੁੰਦਾ ਤਾਂ ਓਦੋਂ ਹੀ ਦੇ ਦਿੰਦੇ ਜਦੋਂ ਚੋਣ ਮਸ਼ੀਨ ਦੀ ਗਰਦਨ ਦਾ ਬਟਨ ਇਨ੍ਹਾਂ ਦੇ ਹੱਥ ਵਿਚ ਫੜਾ ਦਿੱਤਾ ਗਿਆ ਸੀ। ਸਿੰਘਾਂ ਨੂੰ ਇਹ ਵੀ ਪਤਾ ਹੈ ਕਿ ਦਿੱਲੀ ਦੇ ਹਾਕਮ ਦਿੱਲੀ ਵਿਚ ਨਹੀਂ ਬੈਠੇ, ਇਸ ਮੁਲਕ ਦੇ ਹਰ ਸ਼ਹਿਰ ਤੇ ਪਿੰਡ ਵਿਚ ਹਨ ਜਿਨ੍ਹਾਂ ਨੇ ਵੋਟਾਂ ਨਾਲ ਇਨ੍ਹਾਂ ਨੂੰ ਦਿੱਲੀ ਦੀ ਸੇਵਾ ਦਿੱਤੀ ਹੈ। ਸਿੰਘਾਂ ਨੂੰ ਸ਼ਾਇਦ ਇਹ ਵੀ ਪਤਾ ਹੈ ਕਿ 'ਬਾਹਮਣੀ ਹਿੰਦੂ ਹਕੂਮਤ' ਦੇ ਮੁਖੀ ਦੇ ਨਾਂ ਦੇ ਪਿੱਛੇ ਵੀ ਸਿੰਘ ਲੱਗਦਾ ਹੈ।

ਰਾਸ਼ਟਰੀ ਸੰਘ ਵਾਲੇ ਰਾਤ ਦਿਨ ਦੁਹਾਈਆਂ ਦਿੰਦੇ ਹਨ ਕਿ ਕਾਂਗਰਸ ਦਾ ਵੋਟ ਬੈਂਕ ਘੱਟਗਿਣਤੀਆਂ ਹਨ। ਹੋਵੇਗਾ ਪਰ ਸਿਰਫ ਘੱਟਗਿਣਤੀ ਵੋਟਾਂ ਨਾਲ ਸਰਕਾਰ ਨਹੀਂ ਬਣ ਸਕਦੀ ਹੈ। ਕਾਂਗਰਸ ਨੂੰ ਬਹੁਗਿਣਤੀ ਦੀਆਂ ਵੋਟਾਂ ਵੀ ਮਿਲਦੀਆਂ ਹਨ ਤੇ ਸ਼ਾਇਦ ਬਹੁਤੀਆਂ ਵੋਟਾਂ ਉਨ੍ਹਾਂ ਦੀਆਂ ਹਨ ਜੋ ਘੱਟਗਿਣਤੀ ਤੇ ਬਹੁਗਿਣਤੀ ਦੀ ਜਿੱਲਣ ਤੋਂ ਮੁਕਤ ਹਨ ਜਿਨ੍ਹਾਂ ਦੀਆਂ ਸੋਚਾਂ ਅਕਾਦਮਿਕ ਨਹੀਂ, ਵਿਹਾਰੀ ਹਨ, ਰੋਟੀ ਰੋਜ਼ੀ, ਅਮਨ-ਅਮਾਨ ਤੇ ਵਿਕਾਸ ਦੀਆਂ। ਜਿਥੋਂ ਤੱਕ ਹਕੂਮਤ ਦੇ ਨਾਲ 'ਬਾਹਮਣੀ ਹਿੰਦੂ' ਦਾ ਵਿਸ਼ੇਸ਼ਣ ਲੱਗਾ ਹੈ ਮੈਨੂੰ ਜਾਪਦਾ ਹੈ ਕਿ ਕਰਮ ਬਰਸਟ ਨੇ ਇਹ ਤੁਕਾਂ ਕਿਸੇ ਹੋਰ ਦੀ ਕਿਤਾਬ ਵਿਚੋਂ ਪੜ੍ਹੀਆਂ ਹੋਣਗੀਆਂ ਕਿਉਂਕਿ ਸ. ਅਜਮੇਰ ਸਿੰਘ ਸ਼ਰਧਾਵਾਨ ਸਿੱਖ ਹਨ ਤੇ ਜੋ ਮੈਂ ਪੜ੍ਹਿਆ ਹੈ ਉਸ ਮੁਤਾਬਕ ਸਿੱਖ ਵਾਸਤੇ ਜਾਤਾਂ ਦਾ ਨਾਂ ਲੈਣਾ ਮਨ੍ਹਾ ਹੈ ਤੇ ਉਸ ਵਾਸਤੇ ਹਿੰਦੂ ਤੁਰਕ ਸਭ ਸਮਾਨ ਹਨ।

ਮੇਰੇ ਖਿਆਲ ਵਿਚ ਰਾਜ ਖੋਹਣ ਦਾ ਕੰਮ ਹੁਣ ਨਾ ਬੰਦੂਕ ਕਰ ਸਕਦੀ ਹੈ ਨਾ ਗਲ ਵਿਚ ਗੂਠਾ। ਇਹ ਕੰਮ ਸਿਰਫ ਤਰਕ ਕਰ ਸਕਦੇ ਹਨ, ਤਰਕਾਂ ਦੀ ਕਾਇਲ ਕਰਨ ਦੀ ਸ਼ਕਤੀ। ਅਗਰ ਇਹ ਤਰਕ ਕਾਇਲ ਕਰਦੇ ਹੋਣ ਕਿ ਸਿੱਖ ਰਾਜ ਜਾਂ ਹਰ ਮਜ਼ਹਬ ਦਾ ਇਕ ਇਕ ਰਾਜ ਚੰਗਾ ਇੰਤਜ਼ਾਮ ਹੋਵੇਗਾ, ਇਹਦੇ ਨਾਲ ਸੁਖ-ਸੁਵਿਧਾ ਤੇ ਖ਼ੁਸ਼ੀਆਂ ਮਿਲਣਗੀਆਂ ਤਾਂ ਇਹ ਬਣੇ ਹੀ ਲਵੋ।

ਇਸ ਵਿਚੋਂ ਨਿਕਲਦੀ ਹੈ ਕਥਿਤ ਸਿੱਖ ਰਾਜ ਦੇ ਸੰਕਲਪ ਦੀ ਅਸਲੀ ਮੁਸ਼ਕਿਲ। ਡਾ. ਜਸਵੀਰ ਸਿੰਘ ਲਿਖਦੇ ਹਨ ਕਿ 'ਸਿੱਖਾਂ ਨੂੰ ਰਾਜ ਦੇ ਸੁਪਨੇ ਲੈਣ ਤੋਂ ਰੋਕਣ ਲਈ...' ਪਰ ਰੋਕਣਾ ਕਿਸ ਨੇ ਹੈ? ਉਹ ਤਾਂ ਕੋਈ ਅਜਿਹਾ ਸੁਪਨਾ ਲੈ ਹੀ ਨਹੀਂ ਰਹੇ, ਉਨ੍ਹਾਂ ਨੂੰ ਤਾਂ ਹੋਰ ਬਹੁਤ ਸਾਰੇ ਜ਼ਰੂਰੀ ਤੇ ਲਾਭਕਾਰੀ ਸੁਪਨਿਆਂ ਤੋਂ ਵਿਹਲ ਹੀ ਨਹੀਂ। ਸ. ਅਜਮੇਰ ਸਿੰਘ ਲਿਖਦੇ ਹਨ ਕਿ ਸਿੱਖਾਂ ਦੇ ਵੱਡੇ ਵਰਗ ਨੂੰ ਅਜਿਹੀ ਕੋਈ ਚਿੰਤਾ ਹੀ ਨਹੀਂ। ਸ. ਕਰਮਜੀਤ ਸਿੰਘ, ਚੰਡੀਗੜ੍ਹ ਸ. ਅਜਮੇਰ ਸਿੰਘ ਹੋਰਾਂ ਦੇ ਜਤਨ ਬਾਰੇ ਲਿਖਦੇ ਹਨ ਕਿ 'ਉਹ ਕੰਮਾਂ ਧੰਦਿਆਂ ਦੀ ਰਾਜਨੀਤੀ ਵਿਚ ਗਲ ਗਲ ਡੁੱਬੀ ਕੌਮ ਨੂੰ ਬਾਹਰ ਕੱਢਣ ਲਈ ਯਤਨ ਕਰਦਾ ਹੈ ਤਾਂ ਜੋ ਇਹ ਕੌਮ ਦਰਿਆ ਬਣ ਕੇ ਤਰਜ਼ੇ ਜ਼ਿੰਦਗੀ ਵਿਚ ਰਵਾਨਗੀ ਦਾ ਪੈਗਾਮ ਲੈ ਕੇ ਆਵੇ।' ਇਸ ਹਿਸਾਬ ਨਾਲ ਕੁੱਲ ਮਸਲਾ ਇਥੇ ਹੀ ਖੜਾ ਹੈ। ਇਸ ਵਾਸਤੇ ਕੰਮਾਂ-ਧੰਦਿਆਂ ਵਿਚ ਗਲ ਗਲ ਫਸੇ ਲੋਕਾਂ ਦੇ ਦਰਿਆ ਬਣਨ ਦੇ ਇੰਤਜ਼ਾਰ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਜਿਸ ਦਿਨ ਜਾਂ ਜੇ ਕਦੇ ਇਹ ਦਰਿਆ ਬਣੇ ਤਾਂ ਨਾ ਅੰਗੂਠਿਆਂ ਦੀ ਲੋੜ ਹੈ ਨਾ ਬੰਦੂਕਾਂ ਦੀ, ਦਰਿਆਵਾਂ ਆਪੇ ਰਾਹ ਬਣਾਉਣੇ ਨੇ ਤੇ ਬੜੇ ਆਰਾਮ ਨਾਲ ਬਣਾ ਲੈਣੇ ਨੇ। ਅਤੇ ਜੇ ਉਨ੍ਹਾਂ ਦਾ ਦਰਿਆ ਬਣਨ ਦਾ ਮੂਡ ਨਹੀਂ ਤਾਂ ਜਿਹੜੇ ਕੰਮ-ਧੰਦੇ ਕਰਦੇ ਹਨ ਸੁੱਖੀਂ ਸੁਖਾਂਦੀ ਕਰਨ।

ਮੇਰੇ ਖਿਆਲ ਵਿਚ ਦਰਿਆ ਬਣਨ ਦੇ ਰਾਹ ਵਿਚ ਵੱਡੀ ਰੁਕਾਵਟ ਨਕਸ਼ੇ ਦਾ ਨਾ ਹੋਣਾ ਹੈ। ਜੇ ਨਕਸ਼ਾ ਹੋਵੇ ਤੇ ਫਿਰ ਇਹ ਦਰਸਾਇਆ ਗਿਆ ਹੋਵੇ ਕਿ ਉਹ ਰਾਜ ਕਿਸ ਤਰ੍ਹਾਂ ਦਾ ਹੋਵੇਗਾ? ਉਸ ਦੇ ਸੰਵਿਧਾਨ ਵਿਚ ਕਿਸ ਤਰ੍ਹਾਂ ਸ਼ਹਿਰੀਆਂ ਨੂੰ ਵੱਡੀਆਂ ਸ਼ਖ਼ਸੀ ਆਜ਼ਾਦੀਆਂ ਦਿੱਤੀਆਂ ਜਾ ਸਕਦੀਆਂ ਹਨ? ਜੇ ਅਜਿਹਾ ਮਨਮੋਹਦਾ ਖਾਕਾ ਬਣੇ ਤਾਂ ਇਕ ਦੋ ਹੀ ਕਿਉਂ ਕੀ ਪਤਾ ਦੁਨੀਆਂ ਵਿਚ ਕਈ ਦਰਿਆ ਵਗ ਤੁਰਨ। ਭਾਵੇਂ ਦੇਰ ਹੀ ਲੱਗੇ।

ਓਨੀ ਦੇਰ ਤੱਕ ਵੀ ਸਾਡੇ ਕਰਨ ਵਾਲੇ ਬਹੁਤ ਜ਼ਰੂਰੀ ਕੰਮ ਹਨ। ਖਾਸ ਕਰਕੇ ਇਹ ਸਾਰੇ ਸੱਜਣ ਜਿਨ੍ਹਾਂ ਵਰਤਮਾਨ ਬਹਿਸ ਵਿਚ ਸ਼ਮੂਲੀਅਤ ਕੀਤੀ ਹੈ, ਉਨ੍ਹਾਂ ਅੱਗੇ ਇਕ ਖਾਸ ਬੇਨਤੀ ਕਰਨੀ ਚਾਹੁੰਦਾ ਹਾਂ। ਜਿਸ ਤਰ੍ਹਾਂ ਡਾਕਟਰ ਪਹਿਲਾਂ ਐਮਰਜੈਂਸੀ ਮਰੀਜ਼ਾਂ ਨੂੰ ਵੇਖਦੇ ਹਨ, ਆਪਾਂ ਵੀ ਕੁਝ ਅਜਿਹਾ ਹੀ ਕਰੀਏ। ਇਸ ਬਹਿਸ ਦੇ ਜਿਹੜੇ ਪ੍ਰਿੰਟ ਮੇਰੇ ਕੋਲ ਪਏ ਹਨ, ਇਸ ਮਰੀਜ਼ ਦੀ ਪਹਿਚਾਣ ਇਥੋਂ ਹੀ ਹੋ ਰਹੀ ਹੈ।

ਇਸ ਵਾਸਤੇ ਫਿਰ ਇਕ ਵਾਰ ਮੈਨੂੰ ਡਾ. ਜਸਵੀਰ ਸਿੰਘ ਦੇ ਲੇਖ ਵੱਲ ਜਾਣਾ ਪੈ ਰਿਹਾ ਹੈ। ਇਸ ਲੇਖ ਦੀ ਭੂਮਿਕਾ ਵਿਚ ਸੰਪਾਦਕ ਦੀ ਟਿੱਪਣੀ ਹੈ ਕਿ ਜੋ ਲੋਕ ਸ. ਅਜਮੇਰ ਸਿੰਘ ਦੇ ਵਿਚਾਰਾਂ ਨਾਲ ਅਸਹਿਮਤੀ ਪ੍ਰਗਟ ਕਰ ਰਹੇ ਹਨ, ਉਨ੍ਹਾਂ ਦਾ ਕੁਝ ਇਸ ਤਰ੍ਹਾਂ ਦਾ ਕਹਿਣਾ ਹੈ ਕਿ 'ਜੂਨ 84 ਦੇ ਨੀਲਾ ਤਾਰਾ ਤੇ ਨਵੰਬਰ 84 ਦੇ ਕਤਲਾਂ ਵਾਲਾ ਕਾਰਾ ਫਿਰ ਕਦੇ ਨਹੀਂ ਹੋ ਸਕਦਾ ਕਿਉਂਕਿ ਇਹ ਅਪਵਾਦ ਹਨ।' ਉਨ੍ਹਾਂ ਦੀਆਂ ਲਿਖਤਾਂ ਵਿਚ ਕਿਧਰੇ ਮੈਨੂੰ ਇਹ ਲੱਭਿਆ ਤਾਂ ਨਹੀਂ ਪਰ ਮੈਂ ਆਪਣੀ ਤਰਫੋਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੁਖਾਤਾਂ ਦੇ ਦੁਹਰਾਏ ਜਾਣ ਨੂੰ ਰੂਲ ਆਊਟ ਨਹੀਂ ਕੀਤਾ ਜਾ ਸਕਦਾ। ਬਲਕਿ ਮੈਥੋਂ ਪੁੱਛੋ ਤਾਂ ਮੈਂ ਕਹਾਂਗਾ ਕਿ ਇਨ੍ਹਾਂ ਖਤਰਿਆਂ ਦੀਆਂ ਤਲਵਾਰਾਂ ਕੱਚੇ ਧਾਗੇ ਨਾਲ ਲਗਾਤਾਰ ਸਾਡੇ ਸਿਰਾਂ 'ਤੇ ਲਟਕ ਰਹੀਆਂ ਹਨ।

> ***ਢਾਕਾ ਵਿਚ ਇਕ ਨੌਜਵਾਨ ਵਿਦਿਆਰਥੀ ਨੇ ਆਪਣੀ ਭੈਣ ਦੀ ਜਮਾਤਣ, ਹਿੰਦੂ ਸਹੇਲੀ ਦਾ ਇਹ ਕਹਿ ਕੇ ਰੇਪ ਕੀਤਾ ਕਿ ਬਾਬਰੀ ਮਸਜਿਦ ਹਿੰਦੂਆਂ ਨੇ ਢਾਹੀ। ਹੋ ਸਕਦਾ ਹੈ ਕਿ ਇਕ ਦਿਨ ਪਹਿਲਾਂ ਤੱਕ ਉਹ ਲੜਕਾ ਆਪਣੀ ਭੈਣ ਦੀ ਸਹੇਲੀ ਨੂੰ ਵੀ ਭੈਣ ਹੀ ਸਮਝਦਾ ਹੋਵੇ। ਇਕੇ ਦਿਨ ਵਿਚ ਇਹ ਵਹਿਸ਼ਤ ਕਿੱਥੋਂ ਆਈ? ਮਹੀਨਾ ਭਰ ਬੰਗਲਾ ਦੇਸ਼ ਵਿਚ ਉਨ੍ਹਾਂ ਲੋਕਾਂ ਉਪਰ ਬਾਬਰੀ ਮਸਜਿਦ ਢਾਹੁਣ ਦੇ ਇਲਜ਼ਾਮ ਵਿਚ ਕਤਲਾਂ ਤੇ ਜਬਰ ਜਿਨਾਹਾਂ ਦੇ ਕਹਿਰ ਵਰਸਾਏ ਗਏ ਜਿਨ੍ਹਾਂ ਕਦੇ ਅਯੁੱਧਿਆ ਵੇਖਿਆ ਤੱਕ ਨਹੀਂ ਸੀ।***

1947 ਤੋਂ ਬਾਅਦ ਵੀ ਕੁਝ ਲੋਕਾਂ ਨੇ ਸੋਚਿਆ ਹੋਵੇਗਾ ਕਿ ਮੌਤਾਂ ਦੀ ਕਾਲੀ ਬੋਲੀ ਹਨੇਰੀ ਨਿਕਲ ਗਈ ਹੈ ਪਰ ਨਵੰਬਰ 1984 ਵਿਚ ਦਿੱਲੀ ਦੀਆਂ ਗਲੀਆਂ ਵਿਚ ਇਹ ਫਿਰ ਦੁਹਰਾਈ ਗਈ। ਸਵਾਲ ਇਹ ਨਹੀਂ ਕਿ ਓਦੋਂ ਮੌਤਾਂ ਲੱਖਾਂ ਵਿਚ ਸਨ ਤੇ ਹੁਣ ਹਜ਼ਾਰਾਂ ਵਿਚ ਲੇਕਿਨ ਜ਼ਹਿਨੀਅਤ ਉਹੀ ਸੀ। ਓਦੋਂ ਵੀ ਇਹੀ ਨਾਹਰੇ ਸਨ ਕਿ ਫਲਾਣਾ ਕੰਮ ਫਲਾਣੇ ਮਜ਼ਹਬ ਵਾਲਿਆਂ ਕਰ ਦਿੱਤਾ ਤੇ ਗੁਨਾਹਗਾਰਾਂ ਦਾ ਬਦਲਾ ਮਾਸੂਮਾਂ ਤੋਂ ਲਿਆ ਗਿਆ ਸੀ। ਇਹੀ ਨਾਹਰੇ '84 ਵਿਚ ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿਚ ਗੂੰਜੇ। ਫਿਰ ਨਵੰਬਰ '84 ਵੀ ਦੁਹਰਾਇਆ ਗਿਆ ਹੈ, 1992 ਵਿਚ ਬਾਬਰੀ ਮਸਜਿਦ ਗਿਰਾਈ ਗਈ ਤਾਂ ਕਸ਼ਮੀਰ, ਲਖਨਊ, ਹੈਦਰਾਬਾਦ, ਬੰਗਲਾ ਦੇਸ਼ ਅਤੇ ਪਾਕਿਸਤਾਨ ਵਿਚ ਇਹੀ ਨਾਹਰਾ ਗੂੰਜਿਆ, 30 ਮੰਦਰ ਫੂਕੇ ਗਏ।

ਢਾਕਾ ਵਿਚ ਇਕ ਨੌਜਵਾਨ ਵਿਦਿਆਰਥੀ ਨੇ ਆਪਣੀ ਭੈਣ ਦੀ ਜਮਾਤਣ, ਹਿੰਦੂ ਸਹੇਲੀ ਦਾ ਇਹ ਕਹਿ ਕੇ ਰੇਪ ਕੀਤਾ ਕਿ ਬਾਬਰੀ ਮਸਜਿਦ ਹਿੰਦੂਆਂ ਨੇ ਢਾਹੀ। ਹੋ ਸਕਦਾ ਹੈ ਕਿ ਇਕ ਦਿਨ ਪਹਿਲਾਂ ਤੱਕ ਉਹ ਲੜਕਾ ਆਪਣੀ ਭੈਣ ਦੀ ਸਹੇਲੀ ਨੂੰ ਵੀ ਭੈਣ ਹੀ ਸਮਝਦਾ ਹੋਵੇ। ਇਕੇ ਦਿਨ ਵਿਚ ਇਹ ਵਹਿਸ਼ਤ ਕਿੱਥੋਂ ਆਈ? ਮਹੀਨਾ ਭਰ ਬੰਗਲਾ ਦੇਸ਼ ਵਿਚ ਉਨ੍ਹਾਂ ਲੋਕਾਂ ਉਪਰ ਬਾਬਰੀ ਮਸਜਿਦ ਢਾਹੁਣ ਦੇ ਇਲਜ਼ਾਮ ਵਿਚ ਕਤਲਾਂ ਤੇ ਜਬਰ ਜਿਨਾਹਾਂ ਦੇ ਕਹਿਰ ਵਰਸਾਏ ਗਏ ਜਿਨ੍ਹਾਂ ਕਦੇ ਅਯੁੱਧਿਆ ਵੇਖਿਆ ਤੱਕ ਨਹੀਂ ਸੀ।

ਫਿਰ ਇਹੀ ਕੁਝ ਗੋਦਰਾ ਦੇ ਸਟੇਸ਼ਨ ਤੋਂ ਥੋੜੀ ਦੂਰ 2002 ਵਿਚ ਦੁਹਰਾਇਆ ਗਿਆ। ਕੁਝ ਸੁੱਤੇ, ਕੁਝ ਜਾਗਦੇ ਇਨਸਾਨਾਂ ਦੇ ਭਰੇ ਰੇਲ ਦੇ ਪੂਰੇ ਡੱਬੇ ਨੂੰ ਅੱਗ ਲਾ ਦਿੱਤੀ ਗਈ। ਪਤਾ ਨਹੀਂ ਜਿਉਂਦੇ ਬੰਦਿਆਂ ਨੂੰ ਸਾੜਨ ਦੀ ਜ਼ਹਿਨੀਅਤ ਕਿਦਾਂ ਆਉਂਦੀ ਹੈ? ਇਸ ਤੋਂ ਬਾਅਦ ਇਹੀ ਕਤਲਾਂ ਦੀ ਹਨੇਰੀ ਅਹਿਮਦਾਬਾਦ, ਬੜੌਦਾ ਤੇ ਗੁਜਰਾਤ ਦੇ ਕਈ ਸ਼ਹਿਰਾਂ ਵਿਚ ਵਗਦੀ ਰਹੀ। ਇਨ੍ਹਾਂ ਸੰਤਾਲੀਆਂ ਜਾਂ ਨਵੰਬਰ ਚੌਰਾਸੀਆਂ ਦੀ ਲਿਸਟ ਬਦਕਿਸਮਤੀ ਨਾਲ ਲੰਮੀ ਹੈ। ਛੋਟੀਆਂ ਵੱਡੀਆਂ ਘਟਨਾਵਾਂ ਵੀ ਬਹੁਤ ਹੋਈਆਂ। ਪੰਜਾਬ ਵਿਚ ਬੱਸਾਂ ਵਿਚੋਂ ਉਤਾਰ ਕੇ ਕੰਮਾਂ-ਕਾਜਾਂ 'ਤੇ ਜਾਣ ਵਾਲੇ ਬੰਦੇ ਮੌਤ ਦਾ ਸ਼ਿਕਾਰ ਹੋਏ, ਲਿੰਕ ਨਹਿਰ 'ਤੇ ਕੰਮ ਕਰਦੇ ਮਜ਼ਦੂਰ, ਔਰਤਾਂ ਅਤੇ ਬੱਚਿਆਂ ਸਮੇਤ ਮਾਰੇ ਗਏ। ਕਸ਼ਮੀਰ ਦੇ ਇਕ ਪਿੰਡ ਚਿੱਟੀ ਸਿੰਘਪੁਰਾ ਦੇ ਅੱਧੇ ਮਰਦ ਬਿਨਾ ਕੋਈ ਕਸੂਰ ਦੱਸੇ ਜਾਨੋਂ ਮਾਰ ਦਿੱਤੇ ਗਏ। ਸਮਝੌਤਾ ਐਕਸਪ੍ਰੈਸ ਵਿਚ ਘਰਾਂ ਨੂੰ ਜਾਂਦੇ ਮੌਤ ਦੇ ਘਰ ਪਹੁੰਚੇ। ਹੁਣੇ ਜਿਹੇ 26-11 ਨੂੰ ਮੁੰਬਈ ਵਿਚ ਸੈਂਕੜੇ ਨਿਰਦੋਸ਼ ਯਾਤਰੀ ਗੋਲੀਆਂ ਨਾਲ ਭੁੰਨੇ ਗਏ।

ਇਹ ਗੱਲਾਂ ਸਿਰਫ ਇਹ ਦੱਸਣ ਵਾਸਤੇ ਦੁਹਰਾਈਆਂ ਹਨ ਕਿ 'ਨਵੰਬਰ 84' ਉਸ ਤੋਂ ਪਹਿਲਾਂ ਵੀ ਵਾਪਰਿਆ ਸੀ ਤੇ ਬਾਅਦ ਵਿਚ ਕਈ ਵਾਰ ਵਾਪਰ ਚੁਕਾ ਹੈ ਤੇ ਭਵਿੱਖ ਵਿਚ ਨਾ ਵਾਪਰਨ ਦੀ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਹਾਂ, ਕਦੇ ਨਾ ਹੋਣ ਦੀ ਕਾਮਨਾ ਜ਼ਰੂਰ ਕੀਤੀ ਜਾ ਸਕਦੀ ਹੈ ਤੇ ਕੋਸ਼ਿਸ਼ ਵੀ, ਜੋ ਅਜੇ ਤੱਕ ਨਹੀਂ ਹੋ ਰਹੀ। ਬਲਕਿ ਕੋਸ਼ਿਸ਼ ਦੀ ਸ਼ੁਰੂਆਤ ਵੀ ਨਹੀਂ ਹੋ ਰਹੀ ਜਿਸ ਦਾ ਵੱਡਾ ਕਾਰਨ ਇਹ ਹੈ ਕਿ ਅਜੇ ਵੀ ਸਾਡੇ ਕਈ ਬੰਦੇ, ਬਲਕਿ ਸਿਆਣੇ-ਬਿਆਣੇ ਬੰਦੇ ਵੀ, ਕਹਿੰਦੇ ਨੇ ਫਲਾਣੇ ਕਤਲ ਅਮਕੇ ਧਰਮ ਵਾਲਿਆਂ ਨੇ ਕੀਤੇ ਤੇ ਅਮਕੇ ਕਤਲ ਫਲਾਣੇ ਧਰਮ ਵਾਲਿਆਂ ਨੇ। ਅੱਜ ਦੇ ਯੁੱਗ ਵਿਚ ਜੇ ਜਿਉਂਦੇ ਬੰਦੇ ਨੂੰ ਜਾਨੋਂ ਮਾਰਨ ਵਾਲੇ ਦਾ ਵੀ ਧਰਮ ਹੋ ਸਕਦਾ ਹੈ ਤਾਂ ਅਧਰਮ ਕਿੱਥੇ ਜਾਊ? ਜਦ ਤੱਕ ਅਸੀਂ ਧਰਮਾਂ, ਜਾਤਾਂ, ਕੌਮਾਂ ਵਗੈਰਾ ਦੀਆਂ ਵੰਡੀਆਂ ਵਿਚੋਂ ਨਿਕਲ ਕੇ ਬੰਦੇ ਵਿਚਲੇ ਵਹਿਸ਼ੀਪੁਣੇ ਦਾ ਨਾਸ ਕਰਨ ਵਾਸਤੇ ਮਿਲ ਕੇ ਹੰਭਲਾ ਨਹੀਂ ਮਾਰਦੇ, ਸਮਝੋ ਸੰਤਾਲੀਆਂ/ ਚੁਰਾਸੀਆਂ ਨੂੰ ਰੋਕਣ ਦੀ ਦਿਸ਼ਾ ਵਿਚ ਉਲਾਂਘ ਵੀ ਨਹੀਂ ਪੁੱਟੀ ਗਈ।

ਜਦੋਂ ਮੈਂ ਸਿਆਣੇ-ਸਿਆਣੇ ਬੰਦਿਆਂ ਦੀ ਗੱਲ ਕਰਦਾ ਹਾਂ ਤਾਂ ਦੁਖ ਹੁੰਦਾ ਹੈ ਅਜੇ ਸਾਡੇ ਮੁਲਕ ਦਾ ਗ੍ਰਹਿ ਮੰਤਰੀ ਵੀ 'ਭਗਵੇਂ ਆਤੰਕਵਾਦ' ਦੀ ਗੱਲ ਕਰਦਾ ਹੈ। ਜਦੋਂ ਕਿ ਦੁਨੀਆਂ ਕਹਿ ਰਹੀ ਹੈ ਕਿ ਆਤੰਕਵਾਦ ਦਾ ਕੋਈ ਰੰਗ ਨਹੀਂ।

ਇਸੇ ਤਰ੍ਹਾਂ ਨੀਲਾ ਤਾਰਾ ਵੀ ਦੁਹਰਾਇਆ ਗਿਆ ਹੈ। ਸਮਝਦੇ ਹੋਏ ਵੀ ਕੁਝ ਲੋਕ ਕਹਿਣਗੇ ਕਿ ਇਸਲਾਮਾਬਾਦ ਦੀ ਲਾਲ ਮਸਜਿਦ ਦੀ ਗੱਲ ਨਾ ਕਰ। ਉਹ ਵੱਖਰੇ ਮੁਲਕ ਹੈ ਤੇ ਉਥੇ ਮਰਨ ਵਾਲੇ ਬੰਦੇ ਵੱਖਰੇ ਸਨ। ਹੋਰਨਾਂ ਵਾਸਤੇ ਹੋਣਗੇ, ਮੇਰੇ ਵਾਸਤੇ ਉਹ ਵੱਖਰੇ ਨਹੀਂ। ਅੰਮ੍ਰਿਤਸਰ ਹੋਵੇ ਜਾਂ ਇਸਲਾਮਾਬਾਦ, ਹਿੰਦੁਸਤਾਨੀ ਹੋਣ ਜਾਂ ਪਾਕਿਸਤਾਨੀ, ਦੋਹਾਂ ਜਗ੍ਹਾ ਇਨਸਾਨਾਂ ਦਾ ਖੂਨ ਡੁੱਲ੍ਹਿਆ ਹੈ। ਦੋਵੇਂ ਦਰਦ ਬਰਾਬਰ ਨੇ। ਇਸ ਤਰ੍ਹਾਂ ਨੀਲਾ ਤਾਰਾ ਜੇ ਦੋ ਵਾਰ ਹੋ ਗਿਆ ਹੈ ਤਾਂ ਤੀਜੀ ਵਾਰ ਵੀ ਹੋ ਸਕਦਾ ਹੈ। ਇਸ ਦੀ ਰੋਕਥਾਮ ਦੇ ਵੀ ਉਹ ਉਪਰਾਲੇ ਨਹੀਂ ਹੋ ਰਹੇ ਜੋ ਹੋਣੇ ਚਾਹੀਦੇ ਹਨ। ਸੰਸਾਰੀ ਝਗੜਿਆਂ ਤੋਂ ਨਿਰਲੇਪ ਧਾਰਮਿਕ ਸਥਾਨ ਸਿਰਫ ਧਰਮਾਂ ਦੇ ਸਥਾਨ ਰਹਿਣ ਇਸ ਦੀ ਸਖ਼ਤਾਈ ਅਜੇ ਵੀ ਨਹੀਂ ਹੋ ਰਹੀ।

ਧਰਮ ਅਸਥਾਨਾਂ ਦਾ ਅਧਰਮ ਵਾਸਤੇ ਇਸਤੇਮਾਲ ਅਜੇ ਵੀ ਜਾਰੀ ਹੈ। ਹੁਣੇ ਸਵਾਮੀ ਅਸੀਮਾਨੰਦ ਦੇ ਡੇਰੇ ਵਿਚੋਂ ਬੰਬ ਬਣਾਉਣ ਦੇ ਧੰਦੇ ਪੁਲਿਸ ਨੇ ਪਕੜੇ। ਧਰਮਸਾਲਾ ਵਿਚ ਤਿੱਬਤੀ ਬੋਧੀ ਦੇ ਡੇਰੇ ਵਿਚੋਂ ਵਿਦੇਸ਼ੀ ਨੋਟਾਂ ਦੇ ਬੰਡਲ ਮਿਲੇ। ਮਦਰਾਸ ਦੇ ਸੰਕਰਾਚਾਰੀਆ ਦੇ ਡੇਰੇ ਕਤਲਾਂ ਦੇ ਸਮਾਨ। ਬਾਪੂ ਆਸਾ ਰਾਮ ਤੇ ਸਿਰਸਾ ਸਾਧ ਦੇ ਡੇਰੇ ਜਿਸਮਾਨੀ ਤਸੀਹੇ ਦੇ ਸਮਾਨ ਮਿਲੇ। ਹੋਰ ਪਤਾ ਨਹੀਂ ਕਿੱਥੇ-ਕਿੱਥੇ ਕੀ ਲੁਕਾਇਆ ਹੈ, ਕੀ ਦੱਬਿਆ ਹੈ? ਧਰਮ ਅਸਥਾਨਾਂ ਦੀ ਕਾਨੂੰਨ ਦੀ ਪਹੁੰਚ ਤੋਂ ਦੂਰ ਦੀ ਕਿਲੇਬੰਦੀ ਘਾਤਕ ਹੈ।

ਦੁੱਖ ਦੀ ਗੱਲ ਹੈ ਕਿ ਡੇਰੇਦਾਰਾਂ ਉਪਰ ਕੋਈ ਗੈਰਕਾਨੂੰਨੀ ਕਾਰਵਾਈ ਦਾ ਕੇਸ ਚੱਲੇ ਤਾਂ 'ਝੂਠੇ ਮੁਕਦਮੇ ਵਾਪਸ ਲਵੋ' ਦੇ ਨਾਹਰਿਆਂ ਨਾਲ ਸੜਕਾਂ ਜਾਮ ਹੁੰਦੀਆਂ ਹਨ, ਕਚਹਿਰੀਆਂ ਤੱਕ ਲੰਮੇ ਜਲੂਸ ਜਾਂਦੇ ਹਨ। ਮੁਕਦਮਿਆਂ ਦਾ ਫੈਸਲਾ ਸੜਕਾਂ ਉਪਰ ਕਰਨ ਦਾ ਜ਼ੋਰ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਦੀ ਜ਼ਹਿਨੀਅਤ ਬਣਦੀ ਜਾ ਰਹੀ ਹੈ ਕਿ ਵੱਡੇ ਬਾਬਿਆਂ ਜਾਂ ਸੰਤਾਂ ਨੂੰ ਪੁਲਿਸ ਨੇ ਹੱਥ ਹੀ ਕਿਉਂ ਲਗਾਇਆ। ਸਭ ਸਾਧ, ਬਾਬੇ, ਪੀਰ, ਫਕੀਰ ਤੇ ਆਪਣੇ ਆਪ ਨੂੰ ਪੈਗੰਬਰ ਸਮਝੀ ਬੈਠੇ ਲੋਕ ਵੀ ਨਾਗਰਿਕ ਹਨ ਤੇ ਕਾਨੂੰਨ ਤੋਂ ਉਪਰ ਨਹੀਂ। ਜੇ ਸੰਕਰਾਚਾਰੀਆ ਆਪਣੇ ਮੈਨੇਜਰ ਦਾ ਕਤਲ ਕਰੇਗਾ ਤਾਂ ਕਿਉਂ ਪੁਲਿਸ ਨਹੀਂ ਫੜੇਗੀ ਪਰ ਉਸ ਦੀ ਗ੍ਰਿਫਤਾਰੀ ਦੇ ਖਿਲਾਫ ਜੰਤਰ ਮੰਤਰ ਦੇ ਧਰਨੇ ਉਪਰ ਮੁਲਕ ਦੇ ਸਾਬਕਾ ਗ੍ਰਹਿ ਮੰਤਰੀ ਪਹੁੰਚਦੇ ਹਨ। ਚਾਹੇ ਹੁਣ ਵਾਲਾ ਮੁਲਕ ਹੈ, ਚਾਹੇ ਬਾਅਦ ਵਿਚ ਕੋਈ ਹੋਰ ਵੀ ਬਣਾਉਣਾ ਹੋਵੇ, ਕਾਨੂੰਨ ਦੇ ਸਤਿਕਾਰ ਤੋਂ ਬਿਨਾ ਕੋਈ ਨਹੀਂ ਚੱਲ ਸਕੇਗਾ।

ਪੰਜਾਬ ਵਿਚ ਕੁਝ ਅਲਾਮਤਾਂ ਬਹੁਤ ਖਤਰਨਾਕ ਹਨ। ਇਕ ਪਾਸੇ ਅੱਧਿਓਂ ਵੱਧ ਪੰਜਾਬ ਵੱਖ ਵੱਖ ਡੇਰਿਆਂ ਉਪਰ ਨੱਕ ਰਗੜਦਾ ਹੈ ਤੇ ਦੂਜੇ ਪਾਸੇ ਨਾਮ ਚਰਚਾਵਾਂ ਡਾਂਗਾਂ ਨਾਲ ਰੋਕਣ ਦੀਆਂ ਦੁਖਦਾਈ ਵਾਰਦਾਤਾਂ ਹੋ ਰਹੀਆਂ। ਇਸ ਵਿਚ ਕੀਮਤੀ ਇਨਸਾਨੀ ਜਾਨਾਂ ਵੀ ਜਾ ਚੁੱਕੀਆਂ ਹਨ ਤੇ ਕਾਰੋਬਾਰ ਵੀ ਤਬਾਹ ਹੋਏ ਹਨ। ਕੀ ਅਜੇ ਤੱਕ ਪੜ੍ਹੇ ਲਿਖੇ ਵਿਦਵਾਨ ਲੋਕਾਂ ਵਿਚ ਇਹ ਦੁਹਾਈ ਨਹੀਂ ਪਾ ਸਕੇ ਕਿ ਘੱਟ ਤੋਂ ਘੱਟ ਗਿਣਤੀ ਨੂੰ ਵੀ ਆਪਣੇ ਸਮੇਲਨ ਜਾਂ ਇਕੱਠ ਕਰਨ ਦੇ ਹੱਕ ਹਨ? ਕੀ ਅਜਿਹੀਆਂ ਸ਼ਖ਼ਸੀ ਆਜ਼ਾਦੀਆਂ ਦੇਣ ਵਾਸਤੇ ਸਾਨੂੰ ਵੱਖਰਾ ਮੁਲਕ ਬਣਾਉਣਾ ਪਵੇਗਾ? ਅੱਜ ਜੇ ਸਾਡਾ ਲੇਖਕ ਵਰਗ, ਜਿਸ ਨੂੰ ਸਮਾਜ ਦੀਆਂ ਅੱਖਾਂ ਕਿਹਾ ਜਾਂਦਾ ਹੈ, ਲੋਕਰਾਜੀ ਕਦਰਾਂ ਕੀਮਤਾਂ ਦੀ ਰਾਖੀ ਵਾਸਤੇ ਡਟਵੀਂ ਦੁਹਾਈ ਨਹੀਂ ਪਾਉਂਦਾ, ਸਭ ਤਰ੍ਹਾਂ ਦੀ ਹਿੰਸਾ ਦੀ ਡਟਵੀਂ ਨਿੰਦਾ ਕਰਕੇ ਤਰਕਾਂ ਦੀ ਚੜ੍ਹਤ ਵਾਸਤੇ ਕਮਰ ਕੱਸੇ ਨਹੀਂ ਕੱਸਦਾ ਤਾਂ ਮੈਂ ਕਹਾਂਗਾ ਕਿ ਅਗਲੀ ਸੰਤਾਲੀ ਜਾਂ ਚੁਰਾਸੀ ਵਾਸਤੇ ਪਹਿਲੇ ਗੁਨਾਹਗਾਰ ਅਸੀਂ ਹੋਵਾਂਗੇ।

ਇਨ੍ਹਾਂ ਹੀ ਹਾਲਤਾਂ ਵਿਚ ਕਹਿਣਾ ਚਾਹੁੰਦਾ ਹਾਂ ਕਿ ਵਿਦਵਾਨ ਭਰਾਵੋ ਤੇ ਭੈਣੋ ਤੁਹਾਡਾ ਐਮਰਜੈਂਸੀ ਕੇਸ ਇਹ ਜੇ। ਪਾਤਸ਼ਾਹੀਆਂ ਦੇ ਰੁਲਣ ਦੀ ਟੈਂਸ਼ਨ ਜੇ ਡੇਢ ਸੌ ਸਾਲ ਨਹੀਂ ਲਈ ਤਾਂ ਹੋਰ 20 ਸਾਲ ਰਹਿਣ ਦਿਓ। ਪਹਿਲਾਂ ਇਹ ਖੋਜ ਕਰੀਏ ਕਿ ਬੰਦਾ ਏਨਾ ਵਹਿਸ਼ੀ ਕਿਉਂ ਹੁੰਦਾ ਹੈ ਜਿੰਨਾ ਸੰਤਾਲੀ, ਚਰਾਸੀ, ਬਾਨਵੇਂ, ਦੋ ਹਜ਼ਾਰ ਦੋ ਤੇ ਹੋਰ ਵੀ ਕਈ ਵਾਰ ਹੋ ਚੁਕਾ ਹੈ। ਹੁਣ ਸਿੱਖਿਆ ਦਾ ਵੀ ਕਾਫ਼ੀ ਪ੍ਰਸਾਰ ਹੋ ਗਿਆ ਹੈ ਤੇ ਸੰਚਾਰ ਦੇ ਵਸੀਲੇ ਵੀ ਤੇਜ਼ ਹੋ ਗਏ ਤਾਂ ਫਿਰ ਕੀ ਅਸੀਂ ਇਤਨੇ ਜਣੇ ਜਿਨ੍ਹਾਂ ਦੇ ਸਬੱਬੀਂ ਮੇਲੇ ਇਸ ਬਹਿਸ ਵਿਚ ਹੋਏ ਹਨ ਇਹ ਬੀੜਾ ਨਹੀਂ ਚੁੱਕ ਸਕਦੇ ਕਿ ਸੰਤਾਲੀ-ਚਰਾਸੀ ਹੁਣ ਨਹੀਂ ਹੋਣ ਦੇਣੇ, ਦੁਨੀਆਂ ਵਿਚ ਕਿਧਰੇ ਵੀ। ਆਓ ਕਰਨ ਵਾਲਾ ਕੰਮ ਕਰੀਏ।

# ਨੀਂਦਾਂ ਵਿਚ ਜਾਗਦੀ ਖ਼ਾਮੋਸ਼ ਕਹਾਣੀ

*(ਸਫਾ 26 ਦੀ ਬਾਕੀ)*

ਤਿੰਨ ਅਧਿਆਪਕ ਬਾਹਰ ਕੁਰਸੀਆਂ 'ਤੇ ਬੈਠੇ ਧੁੱਪ ਸੇਕ ਰਹੇ ਸਾਂ ਕਿ ਸਾਈਕਲ ਸ਼ੈਡ ਵੱਲੋਂ ਤੇਜ਼ ਕਦਮਾਂ ਨਾਲ ਨਿਧੀ ਸਾਡੇ ਵੱਲ ਆਉਂਦੀ ਦਿਸੀ। ਸਾਡੇ ਕੋਲ ਆ ਕੇ ਆਪਣੇ ਹੱਥ ਵਿਚਲਾ ਪੰਜਾਬੀ ਅਖ਼ਬਾਰ ਮੈਨੂੰ ਫੜਾਉਂਦੀ ਹੋਈ ਉਭੜਵਾਹੇ ਬੋਲੀ: "ਪ੍ਰੋਫ਼ੈਸਰ ਸਾਬ, ਜੱਗਾ ਮਾਰ ਦਿਤਾ ਹੈ...!" ਫਿਰ ਜ਼ਰਾ ਰੁਕ ਕੇ ਬੋਲੀ, "ਪੁਲਿਸ ਨੇ..." ਤੇ ਪਲ ਦੋ ਪਲ ਲਈ ਟਿਕਟਿਕੀ ਲਾ ਕੇ ਸਾਡੇ ਵੱਲ ਵੇਖਦੀ ਰਹੀ, ਜਿਵੇਂ ਸਾਡਾ ਪ੍ਰਤੀਕਰਮ ਜਾਣਨਾ ਚਾਹੁੰਦੀ ਹੋਵੇ। ਫਿਰ ਉਨ੍ਹੀਂ ਪੈਰੀਂ ਵਾਪਸ ਮੁੜ ਗਈ। ਦੂਰੋਂ ਸਾਨੂੰ ਸਿਸਕੀਆਂ ਦੀ ਮੱਧਮ ਜਿਹੀ ਆਵਾਜ਼ ਸੁਣਾਈ ਦਿੱਤੀ। ਮੈਂ ਨਿਧੀ ਵੱਲੋਂ ਲਾਲ ਸਿਆਹੀ ਨਾਲ ਅੰਡਰਲਾਈਨ ਕੀਤੀ ਹੋਈ ਖ਼ਬਰ ਬੋਲ ਕੇ ਪੜ੍ਹਨੀ ਸ਼ੁਰੂ ਕਰ ਦਿੱਤੀ। ਮੋਟੇ ਅੱਖਰਾਂ ਵਿਚ ਸੁਰਖ਼ੀ ਸੀ: "ਦੋ ਖ਼ਤਰਨਾਕ ਨਕਸਲਬਾੜੀ ਪੁਲਿਸ ਮੁਕਾਬਲੇ ਵਿਚ ਹਲਾਕ...!" ਅੱਗੇ ਲਿਖਿਆ ਸੀ ਕਿ ਪਿਛਲੀ ਰਾਤ ਕੋਈ ਸਵੇਰ ਦੇ ਚਾਰ ਵਜੇ ਪੁਲਿਸ ਨਾਕੇ 'ਤੇ ਤਾਇਨਾਤ ਜਵਾਨਾਂ ਨੇ ਤਿੰਨ ਸ਼ੱਕੀ ਬੰਦਿਆਂ ਨੂੰ ਰੁਕਣ ਲਈ ਕਿਹਾ ਤਾਂ ਅੱਗੋਂ ਉਨ੍ਹਾਂ ਨੇ ਪੁਲਿਸ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਪੁਲਿਸ ਵਾਲਿਆਂ ਨੇ ਪੁਜ਼ੀਸ਼ਨਾਂ ਲੈ ਕੇ ਗੋਲੀ ਦਾ ਜਵਾਬ ਦਿੱਤਾ। ਕੋਈ ਅੱਧਾ ਘੰਟਾ ਚਲੇ ਮੁਕਾਬਲੇ ਵਿਚ ਦੋ ਸ਼ੱਕੀ ਵਿਅਕਤੀ ਮਾਰੇ ਗਏ ਤੇ ਤੀਜਾ ਹਨ੍ਹੇਰੇ ਦਾ ਫ਼ਾਇਦਾ ਉਠਾ ਕੇ ਫ਼ਰਾਰ ਹੋ ਗਿਆ। ਮ੍ਰਿਤਕਾਂ ਦੀ ਪਛਾਣ 'ਸਹਿਗਲ' ਉਰਫ਼ ਜੱਗਾ ਉਰਫ਼ ਜਗਸੀਰ ਸਿੰਘ ਅਤੇ ਸਾਬਕਾ ਸਕੂਲ ਅਧਿਆਪਕ ਜੈਦੇਵ ਸਿੰਘ ਵਜੋਂ ਹੋਈ ਹੈ।

ਬਾਅਦ ਵਿਚ ਪਤਾ ਲੱਗਿਆ ਕਿ ਜੱਗੇ ਨੇ ਆਪਣੀ ਮਰਜ਼ੀ ਨਾਲ ਆਪਣਾ ਗੁਪਤਵਾਸੀ ਨਾਂ ਸਹਿਗਲ ਰੱਖਿਆ ਸੀ ਜੋ ਖੱਤਰੀ ਬਰਾਦਰੀ ਦਾ ਗੋਤ ਹੈ। ਮੈਂ ਖ਼ਬਰ ਸੁਣਾ ਕੇ ਅਖ਼ਬਾਰ ਕੋਲ ਬੈਠੇ ਡੀ.ਪੀ.ਈ. ਸਾਹਿਬ ਨੂੰ ਦੇ ਦਿੱਤਾ ਜੋ ਝੱਟ ਉਸ ਨੇ ਪਰ੍ਹਾਂ ਵਗਾਹ ਮਾਰਿਆ ਤੇ ਕਹਿਣ ਲੱਗਾ, "ਕੰਜਰ ਨੂੰ ਬੜਾ ਸਮਝਾਇਆ ਸੀ ਪਰ ਉਸ ਨੇ ਮੇਰੀ ਇਕ ਨਾ ਸੁਣੀ। ਹੀਰੇ ਵਰਗਾ ਮੁੰਡਾ ਸੀ ਜੋ ਭੰਗ ਦੇ ਭਾੜੇ ਤੁਰ ਗਿਆ!"

# ਅੰਮ੍ਰਿਤ ਨਾਮੁ ਮਨਹਿ ਆਧਾਰੋ

ੴ ਸਤਿਗੁਰ ਪ੍ਰਸਾਦਿ॥
ਸਾਰੰਗ ਮਹਲਾ 5
ਅੰਮ੍ਰਿਤ ਨਾਮੁ ਮਨਹਿ ਆਧਾਰੋ॥
ਜਿਨਿ ਦੀਆ ਤਿਸ ਕੈ ਕੁਰਬਾਨ
ਗੁਰ ਪੂਰੇ ਨਮਸਕਾਰੋ॥
ਬੂਝੀ ਤ੍ਰਿਸਨਾ ਸਹਿਜ ਸੁਹੇਲਾ
ਕਾਮੁ ਕ੍ਰੋਧੁ ਬਿਖੁ ਜਾਰੋ॥
ਆਇ ਨ ਜਾਇ ਬਸੈ ਇਹ ਠਾਹਰ
ਜਹ ਆਸਨ ਨਿਰੰਕਾਰੋ॥
ਏਕੈ ਪਰਗਟੁ ਏਕੈ
ਗੁਪਤਾ ਏਕੈ ਧੁੰਧੂਕਾਰੋ॥
ਆਦਿ ਮਧਿ ਅੰਤਿ ਪ੍ਰਭੁ ਸੋਈ
ਕਹੁ ਨਾਨਕ ਸਾਚੁ ਬੀਚਾਰੋ॥

ਇਸ ਪਾਵਨ ਸ਼ਬਦ ਅੰਦਰ ਸਤਿਗੁਰੁ ਅਰਜਨ ਦੇਵ ਉਪਦੇਸ਼ ਕਰਦੇ ਹਨ, ਹੇ ਭਾਈ! ਇਹ ਜੋ ਪ੍ਰਮੇਸ਼ਵਰ ਦੇ ਨਾਮ ਦੀ ਦਾਤ ਹੈ, ਇਹ ਵੀ ਪੂਰੇ ਗੁਰੂ ਦੀ ਮਿਹਰ ਸਦਕਾ ਹੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਉਚਾਰਨ ਕਰਦੇ ਹਨ ਕਿ ਹੇ ਭਾਈ! ਉਸ ਅਕਾਲ ਪੁਰਖ ਦਾ ਨਾਮ ਰੂਪੀ ਅੰਮ੍ਰਿਤ ਜੋ ਜੀਵਾਂ ਨੂੰ ਆਤਮਿਕ ਬਲ ਦਿੰਦਾ ਹੈ, ਉਹ ਨਾਮ ਹੁਣ ਸਾਡੇ ਜੀਵਨ ਦਾ ਆਧਾਰ ਬਣ ਗਿਆ ਹੈ ਅਤੇ ਜਿਸ ਪੂਰੇ ਗੁਰੂ ਦੀ ਬਖ਼ਸ਼ਿਸ਼ ਸਦਕਾ ਇਹ ਨਾਮ ਦੀ ਦਾਤ ਸਾਨੂੰ ਪ੍ਰਾਪਤ ਹੋਈ ਹੈ, ਉਸ ਸੋਹਣੇ ਅਤੇ ਪੂਰੇ ਗੁਰੂ ਤੋਂ ਅਸੀਂ ਬਲਿਹਾਰੇ ਜਾਂਦੇ ਹਾਂ ਅਤੇ ਉਸ ਗੁਰੂ ਦੇ ਚਰਨਾਂ 'ਤੇ ਆਪਣਾ ਸਿਰ ਵੀ ਝੁਕਾਉਂਦੇ ਹਾਂ।

ਬੂਝੀ ਤ੍ਰਿਸਨਾ ਸਹਿਜ ਸੁਹੇਲਾ
ਕਾਮੁ ਕ੍ਰੋਧੁ ਬਿਖੁ ਜਾਰੋ॥
ਆਇ ਨ ਜਾਇ ਬਸੈ ਇਹ ਠਾਹਰ
ਜਹ ਆਸਨ ਨਿਰੰਕਾਰੋ॥

ਹੇ ਭਾਈ! ਉਸ ਪ੍ਰਭੂ ਦੇ ਨਾਮ ਦੀ ਬਖ਼ਸ਼ਿਸ਼ ਸਦਕਾ ਹੀ ਹੁਣ ਅੰਦਰੋਂ ਤ੍ਰਿਸਨਾ ਵੀ ਮੁਕ ਗਈ

## ਗੁਰਬਾਣੀ ਗਿਆਨ

ਹੈ ਅਤੇ ਸੁਖ ਦੇਣ ਲਈ ਸਹਿਜ ਅਵਸਥਾ ਵੀ ਪ੍ਰਾਪਤ ਹੋ ਗਈ ਹੈ ਜਿਸ ਨਾਲ ਕਾਮ, ਕ੍ਰੋਧ ਦਾ ਜ਼ਹਿਰ ਵੀ ਸੜ ਕੇ ਸਵਾਹ ਹੋ ਗਿਆ ਹੈ। ਹੇ ਭਾਈ, ਹੁਣ ਮਨ ਦੀ ਭਟਕਣਾ ਵੀ ਮੁੱਕ ਗਈ ਹੈ ਅਤੇ ਇਹ ਮਨ ਹੁਣ ਕਿਤੇ ਭਟਕਦਾ-ਦੌੜਦਾ ਵੀ ਨਹੀਂ ਹੈ। ਬਸ ਉਥੇ ਇਕੋ ਹੀ ਥਾਂ 'ਤੇ ਟਿਕ ਗਿਆ ਹੈ ਜਿਥੇ ਅਕਾਲ ਪੁਰਖ ਦਾ ਨਿਵਾਸ ਹੈ।

ਏਕੈ ਪਰਗਟੁ ਏਕੈ
ਗੁਪਤਾ ਏਕੈ ਧੁੰਧੂਕਾਰੋ॥
ਆਦਿ ਮਧਿ ਅੰਤਿ ਪ੍ਰਭੁ ਸੋਈ
ਕਹੁ ਨਾਨਕ ਸਾਚੁ ਬੀਚਾਰੋ॥

ਹੇ ਭਾਈ, ਪ੍ਰਭੂ ਦਾ ਨਾਮ ਸਿਮਰਨ ਕਰ ਕੇ ਹੁਣ ਸਾਨੂੰ ਪੂਰਨ ਵਿਸ਼ਵਾਸ ਹੋ ਗਿਆ ਹੈ ਕਿ ਸੰਸਾਰ ਦੇ ਰਾਹੀਂ ਜੋ ਦਿਖਾਈ ਦੇ ਰਿਹਾ ਹੈ, ਉਹ ਵੀ ਪ੍ਰਭੂ ਆਪ ਹੈ ਅਤੇ ਜੋ ਦਿਖਾਈ ਨਹੀਂ ਦਿੰਦਾ, ਉਹ ਆਤਮਾ ਵੀ ਪ੍ਰਭੂ ਆਪ ਹੀ ਹੈ। ਜਦੋਂ ਇਹ ਸੰਸਾਰ ਨਹੀਂ ਸੀ, ਉਦੋਂ ਧੁੰਦਕਾਰ ਘੁੱਪ ਹਨ੍ਹੇਰਾ ਵੀ ਉਹ ਆਪ ਹੀ ਸੀ। ਸੋ, ਹੇ ਨਾਨਕ! ਇਸ ਸੰਸਾਰ ਤੋਂ ਪਹਿਲਾਂ ਵੀ, ਹੁਣ ਵੀ ਅਤੇ ਅਖ਼ੀਰ ਵਿਚ ਵੀ ਉਹ ਪ੍ਰਭੂ ਆਪ ਹੀ ਬਣਿਆ ਰਹੇਗਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ,*
*ਫੋਨ: 916-687-3536*

ਕਹਾਣੀ

# ਪੈੜ-ਚਾਲ

## ਜਸਬੀਰ ਰਾਣਾ

ਦੀਵੇ ਦੇ ਚਾਨਣ ਵਿਚ ਪ੍ਰਕਾਸ਼ ਦਾ ਚਿਹਰਾ ਬੜਾ ਡਰਾਉਣਾ ਲੱਗ ਰਿਹੈ। ਖਿੜਕੀ ਵਿਚ ਰੱਖੇ ਦੀਵੇ ਦਾ ਅੱਧਾ ਚਾਨਣ ਬੈਠਕ ਅੰਦਰ ਆ ਰਿਹੈ। ਅੱਧਾ ਬਾਹਰ ਡਿਓਢੀ ਵਿਚ ਆ ਰਿਹੈ। ਮੈਂ ਡਿਓਢੀ ਵਿਚ ਮੰਜੇ 'ਤੇ ਪਿਆ ਹਾਂ। ਨੀਂਦ ਨੂੰ ਤਾਂ ਅਸੀਂ ਜਿਵੇਂ ਭੁੱਲ ਹੀ ਗਏ ਹਾਂ। ਨਾ ਮੇਰੀ ਅੱਖ ਲੱਗੀ ਹੈ, ਨਾ ਕੱਲ੍ਹ ਦੀ ਪ੍ਰਕਾਸ਼ ਸੁੱਤੀ ਹੈ। ਸੌਣਾ ਤਾਂ ਦੂਰ, ਉਹ ਤਾਂ ਕੱਲ੍ਹ ਦੀ ਬੈਠੀ ਵੀ ਨਹੀਂ। ਬਿੰਦ ਕੁ ਪਿੱਛੋਂ ਖਿੜਕੀ ਕੋਲ ਆ ਕੇ ਮੇਰੇ ਵਲ ਝਾਕਣ ਲੱਗ ਪੈਂਦੀ ਹੈ। ਮੈਥੋਂ ਉਹਦੀ ਹਾਲਤ ਵੇਖੀ ਨਹੀਂ ਜਾਂਦੀ। ਉਂਜ ਤਾਂ ਜਿੱਦਣ ਦੀ ਮੇਰੇ ਮਗਰ ਲੱਗੀ ਹੈ, ਉਹਨੇ ਕੋਈ ਸੁੱਖ ਦਾ ਦਿਨ ਨਹੀਂ ਵੇਖਿਆ। ਪਰ ਆਹ ਬੁੜ੍ਹੇ-ਵਾਰੇ ਆ ਕੇ ਜਿਹੜਾ ਕੁਸ਼ ਵੇਖ ਲਿਆ.. ਸੋਚ ਕੇ ਕੰਬਣੀ ਚੜ੍ਹ ਜਾਂਦੀ ਹੈ। ਪ੍ਰਕਾਸ਼ ਵੀ ਸਰੀਏ ਫੜ ਕੇ ਖਿੜਕੀ ਵਿਚ ਚੜ੍ਹ ਜਾਂਦੀ ਹੈ। ਹੁਣ ਵੀ ਉਹ ਖਿੜਕੀ ਵਿਚ ਚੜ੍ਹੀ ਖੜ੍ਹੀ ਹੈ। ਸਲਵਾਰ ਲਾਹ ਕੇ ਉਹਨੇ ਹੱਥ ਵਿਚ ਫੜੀ ਹੋਈ ਹੈ। ਦੀਵੇ ਦੇ ਚਾਨਣ ਵਿਚ ਉਹਦੀਆਂ ਨੰਗੀਆਂ ਲੱਤਾਂ ਦਿਸ ਰਹੀਆਂ ਨੇ। ਉਹ ਫਿਰ ਬੋਲਣ ਲੱਗ ਪਈ ਹੈ, "ਹੈਂਅ! ਔਹ ਕੌਣ ਤੁਰਿਆ ਆਉਂਦੈ! ਵੇ ਤੂੰ ਬੋਲਦਾ ਕਿਉਂ ਨੀ, ਹੈਂਅ? ਵੇ ਆਹ ਕੀ....ਆਹ ਕੀ ਕਰਦੈਂ ਤੂੰ! ਵੇ ਤੂੰ!!"

ਪ੍ਰਕਾਸ਼ ਦੀ ਆਵਾਜ਼ ਕੰਬਣ ਲੱਗ ਪਈ ਹੈ। ਸਰੀਏ ਛੱਡ ਉਹ ਹੇਠਾਂ ਗਈ ਹੈ। ਉਚੀ-ਉਚੀ ਬੋਲਦੀ ਬੈਠਕ ਅੰਦਰ ਗੇੜੇ ਕੱਢਣ ਲੱਗ ਪਈ ਹੈ। ਉਹਦਾ ਹਰ ਬੋਲ ਮੇਰੇ ਜ਼ਖਮਾਂ 'ਤੇ ਲੂਣ ਭੁੱਕ ਰਿਹਾ। ਮੇਰਾ ਸਾਰਾ ਸਰੀਰ ਥਾਂ-ਥਾਂ ਤੋਂ ਜਲਿਆ ਪਿਆ ਹੈ। ਹਰ ਜ਼ਖਮ ਟੱਸ-ਟੱਸ ਕਰਦਾ। ਲੋਹੜੇ ਦੀ ਜਲਣ ਹੋ ਰਹੀ ਹੈ। ਜਦੋਂ ਪ੍ਰਕਾਸ਼ ਬੋਲਦੀ ਹੈ ਤਾਂ ਗਰਦਨ ਖਿੜਕੀ ਵਲ ਭੁਆ ਲੈਂਦਾ ਹਾਂ। ਮਨ ਕਾਹਲਾ ਪੈ ਰਿਹਾ। ਭੋਰਾ ਵੀ ਟੇਕ ਨਹੀਂ ਆ ਰਹੀ।

ਪਹਿਲਾਂ ਗੁਰਦੁਆਰੇ ਜਾ ਕੇ ਮਨ ਨੂੰ ਟੇਕ ਰਹਿੰਦੀ ਸੀ। ਪਰ ਹੁਣ ਤਾਂ ਕਿੰਨੇ ਹੀ ਚਿਰ ਤੋਂ ਗੁਰਦੁਆਰੇ ਵੀ ਨਹੀਂ ਗਿਆ। ਕਦੇ ਮਨ ਹੀ ਨਹੀਂ ਕੀਤਾ। ਜਿਵੇਂ ਵਿਸ਼ਵਾਸ ਟੁੱਟ ਗਿਆ ਹੁੰਦੈ। ਨਹੀਂ ਮੈਂ ਤਾਂ ਮੀਂਹ ਜਾਵੇ ਹਨ੍ਹੇਰੀ ਜਾਵੇ, ਕਦੇ ਗੁਰਦੁਆਰੇ ਤੋਂ ਨਾਗਾ ਨਹੀਂ ਸੀ ਪਾਇਆ, ਹਮੇਸ਼ਾ ਸਵੇਰੇ ਤਿੰਨ ਵਜੇ ਉਠਦਾ। ਇਸ਼ਨਾਨ ਕਰਕੇ ਸਹੀ ਸਾਢੇ ਤਿੰਨ ਵਜੇ ਗੁਰਦੁਆਰੇ ਸਪੀਕਰ ਵਿਚ ਜਾ ਬੋਲਦਾ, 'ਸਤਨਾਮ ਵਾਹਿਗੁਰੂ! ਉਠੋ ਨਗਰ ਨਿਵਾਸੀਓ! ਸਾਡੇ ਤਿੰਨ ਵੱਜ ਚੁੱਕੇ ਨੇ! ਉਠ ਕੇ ਇਸ਼ਨਾਨ ਕਰੋ! ਨਾਮ ਜਪੋ ਭਾਈ!'

ਸਪੀਕਰ ਵਿਚ ਬੋਲ ਕੇ ਮੈਂ ਮਹਾਰਾਜ ਦੀ ਹਜ਼ੂਰੀ ਮੂਹਰੇ ਆ ਬੈਠਦਾ। ਹਾਲ ਵਿਚ ਫੈਲਰੀ ਸ਼ਾਂਤੀ ਨੂੰ ਮਨ ਵਿਚ ਉਤਾਰਨ ਲਗਦਾ। ਭਾਈ ਜੀ ਮੇਰੇ ਜਾਣ ਪਿੱਛੋਂ ਚਾਰ ਵਜੇ ਆ ਕੇ ਸਪੀਕਰ ਵਿਚ ਬੋਲਦਾ ਸੀ। ਕਈ ਵਾਰੀ ਚਾਰ ਦੇ ਵੀ ਸਾਢੇ ਚਾਰ ਜਾਂ ਪੰਜ ਹੀ ਵਜਾ ਦਿੰਦਾ। ਹੁਣ ਵੀ ਉਹ ਇਸੇ ਤਰ੍ਹਾਂ ਕਰਦਾ ਹੈ। ਪਰ ਪਿੰਡ ਵਿਚੋਂ ਕਿਸੇ ਨੂੰ ਪਰਵਾਹ ਨਹੀਂ। ਪਹਿਲਾਂ ਜਦੋਂ ਮੈਂ ਕਈ ਬੰਦਿਆਂ ਨੂੰ ਕਿਹਾ ਵੀ ਤਾਂ ਹਰੇਕ ਹੀ ਆਖਦਾ, 'ਚੱਲ ਤੈਂ ਛੁਣਛੁਣਾ ਲੈਣੈ! ਤੂੰ ਆਵਦਾ ਰਾਮ ਰਾਮ ਕਰਿਆ ਕਰ!'

ਸਰਪੰਚ ਨੇ ਵੀ ਮੈਨੂੰ ਇਸੇ ਤਰ੍ਹਾਂ ਆਖਿਆ ਸੀ। ਭਾਈ ਜੀ ਦੀ ਸ਼ਿਕਾਇਤ ਸੁਣ ਕੇ ਉਹ ਤਾਂ ਮੈਨੂੰ ਖਾਸਾ ਮੰਦਾ-ਚੰਗਾ ਬੋਲਿਆ ਸੀ। ਭਾਈ ਜੀ ਉਹਦਾ ਹੱਥ ਠੋਕਾ ਹੈ। ਮੈਨੂੰ ਸਭ ਪਤੈ ਗੁਰਦੁਆਰੇ ਵਿਚ ਇਹ ਕੀ-ਕੀ ਕੁਕਰਮ ਕਰਦੇ ਨੇ। ਛੀਂਬਿਆਂ ਦੀ ਤੇਜ ਕੁਰ ਨੂੰ ਲੰਗਰ ਵਾਲੇ ਕਮਰੇ ਵਿਚ ਲਈ ਖੜ੍ਹਾ ਭਾਈ ਜੀ ਮੈਂ ਕਈ ਵਾਰੀ ਵੇਖਿਐ। ਪਰ ਮੇਰੀ ਕੋਈ ਸੁਣਦਾ ਹੀ ਨਹੀਂ। ਜਦੋਂ ਸਰਪੰਚ ਨੇ ਪਿੰਡ ਦੀ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਾਇਆ। ਉਦੋਂ ਵੀ ਮੇਰੀ ਕਿਸੇ ਨੇ ਨਹੀਂ ਸੁਣੀ ਸੀ। ਸੰਗਰਾਂਦ ਦਾ ਦਿਨ ਸੀ ਓਦਣ। ਗੁਰਦੁਆਰੇ ਭਰਵਾਂ ਇਕੱਠ। ਭੋਗ ਤੋਂ ਬਾਅਦ ਸਰਪੰਚ ਨੇ ਐਲਾਨ ਕੀਤਾ ਸੀ, 'ਵਾਹਿਗੁਰੂ ਜੀ ਕਾ ਖਾਲਸਾ! ਵਾਹਿਗੁਰੂ ਜੀ ਕੀ ਫਤਿਹ! ਸਾਧ ਸੰਗਤ ਜੀ! ਜੇਕਰ ਤੁਹਾਡੀ ਮਰਜ਼ੀ ਹੈ ਤਾਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵਾਸਤੇ ਮੈਂ ਸ. ਨਗਿੰਦਰ ਸਿੰਘ ਦਾ ਨਾਂ ਪੇਸ਼ ਕਰਦਾ ਹਾਂ!'

ਸਰਪੰਚ ਦੇ ਚੁੱਪ ਕਰਦਿਆਂ ਹੀ ਸਾਰੇ ਲੋਕਾਂ ਨੇ ਬਾਹਾਂ ਖੜ੍ਹੀਆਂ ਕਰ ਦਿੱਤੀਆਂ ਸਨ। ਪਰ ਮੈਂ ਨਹੀਂ ਸੀ ਕਰੀ। ਜਦੋਂ ਲੋਕਾਂ ਦੀਆਂ ਬਾਹਾਂ ਹੇਠਾਂ ਹੋਈਆਂ। ਮੇਰੀ ਬਾਂਹ ਉਠ ਖੜ੍ਹੀ ਸੀ। ਮੈਂ ਖੜਾ ਹੋ ਕੇ ਬੋਲ ਪਿਆ, 'ਨਗਿੰਦਰ ਬਣੂ ਗੁਰਦੁਆਰੇ ਦਾ ਪ੍ਰਧਾਨ? ਓਏ ਇਹਨੂੰ ਦਸਾਂ ਗੁਰੂਆਂ ਦੇ ਨਾਉਂ ਤਾਂ ਆਉਂਦੇ ਨੀਂ ਹੋਣੇ! ਭਾਮੇਂ ਪੁੱਛ ਕੇ ਦੇਖ ਲੋ!'

'ਬੋਲੇ ਸੋ ਨਿਹਾਲ! ਸਾਅ ਸਰੀ ਕਾਲ!' ਮੈਨੂੰ ਖੜ੍ਹਾ ਵੇਖ ਕੇ ਸਰਪੰਚ ਨੇ ਜੈਕਾਰਾ ਛੱਡ ਦਿੱਤਾ। ਮੇਰੀ ਆਵਾਜ਼ ਜੈਕਾਰਿਆਂ ਦੀ ਗੂੰਜ ਹੇਠਾਂ ਦੱਬ ਗਈ ਸੀ।

'ਏਹਨੂੰ ਕੋਈ ਭੁੱਲ ਲੱਗੀ ਹੋਈ ਐ! ਜਿਹੜਾ ਐਂ ਗੁਰੂ ਘਰ ਵਿਚ ਵੀ ਪੁੱਠਾ ਈ ਬੋਲਦੈ! ਪਾਗਲ ਨੀ ਤਾਂ ਹੋਰ ਕੀ ਐ?' ਮੇਰੇ ਬਾਰੇ ਲੋਕਾਂ ਦੀ ਰਾਇ ਸੁਣ ਕੇ ਮੈਂ ਸੁੰਨ ਹੋ ਗਿਆ ਸੀ।

ਸੁੰਨ ਤਾਂ ਮੈਂ ਓਦਣ ਵੀ ਹੋ ਗਿਆ ਸੀ ਜਿੱਦਣ ਸਰਪੰਚ ਪੈਸਿਆਂ ਤੋਂ ਮੁੱਕਰਿਆ। ਮੈਂ ਉਹਦੇ ਨਾਲ ਸੀਰਪੁਣਾ ਕੀਤਾ। ਕੋਈ ਵੈਲ-ਐਬ ਮੈਨੂੰ ਨਹੀਂ। ਫਜ਼ੂਲ ਖਰਚ ਮੈਂ ਨੀ ਕਰਦਾ। ਪਰ ਘਰ ਦਾ ਗੱਡਾ ਫਿਰ ਵੀ ਪੂਰਾ ਜ਼ੋਰ ਲਾ ਕੇ ਹੀ ਰੁੜ੍ਹਦਾ। ਜਦੋਂ ਮੈਂ ਸਰਪੰਚ ਨਾਲੋਂ ਹਟਿਆ, ਉਹਦੇ ਵਲ ਮੇਰਾ ਸੱਤ ਹਜ਼ਾਰ ਵਧਦਾ ਸੀ। ਉਹਨੇ ਵੀ ਕਿਹਾ ਸੀ, 'ਕੋਈ ਨੀ ਸੰਤੋਖ ਸਿਆਂ! ਤੇਰਾ ਇਹ ਸੱਤ ਹਜ਼ਾਰ ਮੇਰੇ ਵਲ ਨਿਕਲਦਾ! ਕੋਈ ਨੀ ਪੰਜ-ਚਾਰ ਦਿਨਾਂ 'ਚ ਲੈ ਜੀਂ!'

ਹਫਤੇ ਬਾਅਦ ਜਦੋਂ ਮੈਂ ਪੈਸੇ ਲੈਣ ਗਿਆ। ਸਰਪੰਚ ਨੇ ਫਿਰ ਹਫਤੇ ਦੀ ਤਰੀਕ ਪਾ ਦਿੱਤੀ ਸੀ। ਕਈ ਵਾਰੀ ਐਕਣੇ ਹੋਇਆ। ਮੈਂ ਜਦੋਂ ਵੀ ਜਾਂਦਾ ਉਹ ਲਾਰਾ ਲਾ ਦਿੰਦਾ। ਜਦੋਂ ਦੋ ਮਹੀਨੇ ਟੱਪ ਗਏ ਮੈਨੂੰ ਖਿਝ ਚੜ੍ਹਨ ਲੱਗ ਪੀ। ਮੇਰਾ ਦਵਾਈਆਂ ਦਾ ਖਰਚਾ ਵਧਦਾ ਜਾ ਰਿਹਾ ਸੀ। ਟੀ.ਬੀ. ਦੀ ਦਵਾਈ ਵੀ ਬੜੀ ਮਹਿੰਗੀ ਸੀ। ਭਾਵੇਂ ਮੈਂ ਹਸਪਤਾਲ ਵਿਚੋਂ ਰੈਡ ਕਰਾਸ ਦੀ ਦੁਕਾਨ ਤੋਂ ਲੈਂਦਾ। ਪਰ ਦਵਾਈ ਫਿਰ ਵੀ ਮਹਿੰਗੀ ਪੈਂਦੀ। ਮਹਿੰਗਾ ਤਾਂ ਮੈਨੂੰ ਸਰਪੰਚ ਨਾਲ ਸੀਰਪੁਣਾ ਵੀ ਪੈਂਦਾ ਸੀ। ਜਦੋਂ ਦੀ ਮੈਨੂੰ ਟੀ.ਬੀ. ਹੋਈ ਤੇ ਮੈਂ ਦਵਾਈ ਖਾਣ ਲੱਗਿਆ। ਸਰੀਰ ਝੂਠਾ ਪੈਣ ਲੱਗ ਪਿਆ ਸੀ। ਦਵਾਈ ਬਹੁਤ ਤਿੱਖੀ ਸੀ ਤੇ ਖੁਰਾਕ ਮੇਰੀ ਮਾੜੀ। ਮੈਂ ਕਮਜ਼ੋਰ ਪੈ ਰਿਹਾ ਸੀ। ਦੱਸਣ ਜੋਗਾ ਵੀ ਨਹੀਂ ਸੀ। ਨਹੀਂ ਤਾਂ ਸਰਪੰਚ ਟੀ.ਬੀ. ਦਾ ਨਾਂ ਸੁਣਨਸਾਰ ਹਟਾ ਦਿੰਦਾ। ਦਵਾਈ ਵੀ ਮੈਂ ਚੋਰੀ ਖਾਂਦਾ ਸੀ। ਕੰਮ ਕਰਨ ਦੀ ਰਫਤਾਰ ਵੀ ਘਟ ਗਈ ਸੀ। ਜਦੋਂ ਸਰੀਰ ਬਹੁਤਾ ਹੀ ਡਾਊਨ ਹੁੰਦਾ, ਮੈਂ ਛੁੱਟੀ ਲੈ ਲੈਂਦਾ। ਮੇਰਾ ਮੁੰਡਾ ਭਿੰਡਰ ਲਫੈਂਡ ਨਿਕਲ ਗਿਆ। ਉਹਨੇ ਕਦੇ ਡੱਕਾ ਦੂਹਰਾ ਨਹੀਂ ਕਰਿਆ। ਮੇਰੀ ਕਦੇ ਇਕ ਨਹੀਂ ਮੰਨੀ। ਨਹੀਂ ਤਾਂ ਆਪਣੀ ਥਾਂ ਮੈਂ ਉਹਨੂੰ ਭੇਜ ਦਿੰਦਾ। ਛੁੱਟੀ ਦੀ ਸਰਪੰਚ ਦਿਹਾੜੀ ਕੱਟ ਲੈਂਦਾ। ਓਨਾ ਦੁੱਖ ਮੈਨੂੰ ਦਿਹਾੜੀਆਂ ਕੱਟਣ ਦਾ ਨਹੀਂ ਸੀ ਹੁੰਦਾ, ਜਿੰਨਾ ਸਰਪੰਚ ਦੇ ਮੁੰਡੇ ਸ਼ੈਂਟੀ ਦੀ ਕਰਤੂਤ ਵੇਖ ਕੇ ਹੋਇਆ ਸੀ।

ਸ਼ੈਂਟੀ ਦਾ ਖਿਆਲ ਆਉਂਦਿਆਂ ਹੀ ਮੈਨੂੰ ਖਿਝ ਚੜ੍ਹਨ ਲੱਗ ਪਈ ਹੈ। ਜ਼ਖਮਾਂ ਦੀ ਜਲਣ ਵਧ ਗਈ ਹੈ। ਬੈਠਕ ਅੰਦਰ ਪ੍ਰਕਾਸ਼ ਅਜੀਬ ਜਿਹੀਆਂ ਆਵਾਜ਼ਾਂ ਕੱਢ ਰਹੀ ਹੈ। ਮੰਜੇ 'ਤੇ ਪਿਆ ਮੈਂ ਦੀਵੇ ਦੀ ਲੋਅ ਵਲ ਵੇਖ ਰਿਹਾ ਹਾਂ। ਵੇਖਣ ਤੋਂ ਸਿਵਾ ਮੈਂ ਕਰ ਵੀ ਕੀ ਸਕਦਾਂ? ਹੁਣ ਤੱਕ ਮੈਂ ਕਰ ਵੀ ਕੀ ਲਿਆ? ਵੇਖਦੇ ਹੀ ਵੇਖਦੇ ਸਾਰਾ ਪਿੰਡ ਮੈਨੂੰ ਪਾਗਲ ਸਮਝਣ ਲੱਗ ਪਿਆ। ਪਰ ਮੈਂ ਕਿਸੇ ਨੂੰ ਨਹੀਂ ਸਮਝਾ ਸਕਿਆ। ਉਂਜ ਕੋਈ ਮੇਰੀ ਗੱਲ ਸੁਣਦਾ ਵੀ ਨਹੀਂ। ਹੋਰ ਤਾਂ ਕਿਸ ਨੇ ਸੁਣਨੀ ਹੈ। ਮੇਰੇ ਸਕੇ ਭਾਈ ਨੇ ਨਹੀਂ ਸੁਣੀ ਸੀ ਜਦੋਂ ਮੈਂ ਉਹਨੂੰ ਆਖਿਆ, "ਗੁਰਪ੍ਰੀਤ ਨੂੰ ਡਾਕਟਰ ਦੇ ਹਸਪਤਾਲ 'ਚੋਂ ਹਟਾ ਲੈ ਬਾਈ! ਵਿਆਹ ਕਰਦੇ ਉਹਦਾ! ਮੈਂ ਉਹਨੂੰ...!'

'ਢਕਿਆ ਰਹਿ ਓਏ ਸੰਤੋਖ! ਦਿਮਾਗ ਹਿੱਲ ਗਿਆ ਤੇਰਾ! ਇਹ ਤਾਂ ਤੂੰ ਹੈ ਈ ਮੇਰਾ ਭਾਈ! ਜੇ ਕੋਈ ਹੋਰ ਕਹਿੰਦਾ ਮੈਂ ਦੁਫਾੜ ਕਰ ਦਿੰਦਾ ਸਾਲੇ ਨੂੰ... ਨਾਲੇ ਐਂ ਕਹਿ ਬਈ ਸਾਡੇ ਘਰੇ ਆਉਂਦੇ ਚਾਰ ਪੈਸੇ ਤੈਥੋਂ ਜਰ ਨੀ ਹੁੰਦੇ!' ਮੇਰੀ ਗੱਲ ਸੁਣ ਕੇ ਉਹ ਮੇਰੇ ਹੀ ਮਗਰ ਪੈ ਗਿਆ ਸੀ।

ਮੈਂ ਮਸਾਂ ਖਹਿੜਾ ਛੁਡਾਇਆ, ਮੇਰਾ ਭਾਈ ਸਰਪੰਚ ਦਾ ਚਮਚਾ ਹੈ ਤੇ ਸਰਪੰਚ ਚਾਂਦੀ ਦਾ ਚਮਚਾ। ਜਿਹੜਾ ਵੀ ਉਹਦੇ ਨਾਲ ਖਾਣ ਲੱਗ ਪਿਆ ਉਹਨੂੰ ਦਿਸਣੋਂ ਹਟ ਜਾਂਦਾ। ਇਹੋ ਹਾਲ ਮੇਰੇ ਭਾਈ ਦਾ ਹੈ। ਉਹ ਵੀ ਅੰਨ੍ਹਾ ਹੋਇਆ ਪਿਐ। ਪਰ ਓਦਣ ਜੋ ਕੁਝ ਮੈਂ ਵੇਖਿਆ, ਉਹ ਅੱਜ ਤੱਕ ਨਹੀਂ ਭੁੱਲਦਾ। ਸਰੀਰ ਬਹੁਤਾ ਹੀ ਡਾਊਨ ਹੋਣ ਕਾਰਨ ਮੈਂ ਛੁੱਟੀ ਲਈ ਹੋਈ ਸੀ। ਦਿਨ ਤਾਂ ਔਖਾ-ਸੌਖਾ ਨਿਕਲ ਗਿਆ ਪਰ ਰਾਤ ਨੂੰ ਮੈਂ ਬਹੁਤਾ ਔਖਾ ਹੋ ਗਿਆ। ਦਿਮਾਗ ਨੂੰ ਚੱਕਰ ਜਿਹਾ ਚੜ੍ਹ ਗਿਆ। ਰਾਤ ਨੂੰ ਗਿਆਰਾਂ ਕੁ ਵਜੇ ਜਦੋਂ ਸਰੀਰ ਬਹੁਤਾ ਹੀ ਟੁੱਟਣ ਲੱਗ ਪਿਆ ਤਾਂ ਮੈਂ ਘਰੋਂ ਨਿਕਲ ਕੇ ਖੇਤਾਂ ਵਲ ਨੂੰ ਤੁਰ ਪਿਆ। ਤੁਰਦਾ-ਤੁਰਦਾ ਜਦੋਂ ਮੈਂ ਸਰਪੰਚ ਦੀ ਮੋਟਰ ਕੋਲ ਪਹੁੰਚਿਆ। ਮੇਰਾ ਮੱਥਾ ਠਣਕਿਆ। ਮੋਟਰ 'ਤੇ ਮਰੂਤੀ ਕਾਰ ਖੜੀ ਸੀ। ਕੌਣ ਹੈ? ਵੇਖਣ ਲਈ ਮੈਂ ਖੱਤੇ ਵਿਚ ਇਕ ਵੱਟ 'ਤੇ ਬੈਠ ਗਿਆ। ਖਾਸੇ ਚਿਰ ਬਾਅਦ ਜਦੋਂ ਕਾਰ ਦੀ ਟਾਕੀ ਖੁੱਲ੍ਹੀ। ਵਿਚੋਂ ਸ਼ੈਂਟੀ ਬਾਹਰ ਨਿਕਲਿਆ। ਉਹਦੇ ਮਗਰੇ ਮੇਰੀ ਭਤੀਜੀ ਗੁਰਪ੍ਰੀਤ ਕੱਪੜੇ ਸੁਆਰਦੀ ਨਿਕਲੀ। ਔਲੂ ਤੋਂ ਹੱਥ ਧੋ ਕੇ ਦੋਵੇਂ ਫਿਰ ਕਾਰ ਵਿਚ ਬੈਠ ਗਏ। ਵੱਟ 'ਤੇ ਬੈਠਾ ਹੀ ਮੈਂ ਜਿਵੇਂ ਧਰਤੀ ਵਿਚ ਗੱਡਿਆ ਗਿਆ ਹੋਵਾਂ। ਮੈਨੂੰ ਦੰਦਲ ਪੈਣ ਵਾਲੀ ਹੋ ਗਈ। ਕਾਰ ਚਲੀ ਗਈ। ਮੇਰੀਆਂ ਲੱਤਾਂ ਵਿਚੋਂ ਜਾਨ ਨਿਕਲ ਗਈ ਸੀ। ਪੂਰਾ ਘੰਟਾ ਮੈਨੂੰ ਉਠਣ ਲਈ ਲੱਗਿਆ ਹੋਣਾ।

ਇਸੇ ਗੱਲ ਕਰਕੇ ਮੈਂ ਸਰਪੰਚ ਦਾ ਸੀਰਪੁਣਾ ਛੱਡਿਆ। ਬਿਮਾਰੀ ਤਾਂ ਦੂਜੇ ਨੰਬਰ ਦੀ ਗੱਲ ਹੈ। ਗੁਰਪ੍ਰੀਤ ਤੇ ਸ਼ੈਂਟੀ ਵਾਲੀ ਘਟਨਾ ਮੇਰੇ ਦਿਮਾਗ ਨੂੰ ਚੰਬੜ ਗਈ ਸੀ। ਉਸੇ ਕਾਰਨ ਮੈਨੂੰ ਹਰ ਵਕਤ ਖਿਝ ਚੜ੍ਹੀ ਰਹਿੰਦੀ। ਉਸ ਖਿਝ ਦਾ ਮਾਰਿਆ ਹੀ ਮੈਂ ਸਰਪੰਚ ਮੂਹਰੇ ਬੋਲ ਪਿਆ ਸੀ, 'ਬਥੇਰੀ ਅੱਗ ਲਗਦੀ ਐ ਪੈਸਿਆਂ ਦੀ! ਚੌਥਾ ਮਹੀਨਾ ਚਲਦੈ! ਹੁਣ ਤਾਂ ਮੇਰੇ ਪੈਸੇ ਦੇ ਦੇਹ!"

'ਬੋਲਦਾ ਕਿਮੇਂ ਐਂ ਓਏ ਤੂੰ ਢੇਡਾ! ਜਾਹ ਮੈਂ ਨੀ ਦਿੰਦਾ ਪੈਸੇ! ਕੱਢ ਲੈ ਜਿਹੜਾ ਸੱਪ ਕੱਢਣੈ! ਮੈਂ ਤਾਂ ਕਹੂੰ ਤੂੰ ਮੈਥੋਂ ਪੈਸੇ ਲੈ ਗਿਆ ਤੀ! ਹੋਰ ਬੋਲ?' ਗਾਲ੍ਹਾਂ ਕੱਢਦਾ ਹੋਇਆ ਸਰਪੰਚ ਸਾਫ ਹੀ ਮੁੱਕਰ ਗਿਆ ਸੀ।


ਸਰਪੰਚ ਬੰਦਾ ਨਹੀਂ ਪੈਸਿਆਂ 'ਤੇ ਬੈਠਣ ਵਾਲਾ ਸੱਪ ਹੈ। ਜਿੱਧਰ ਵੀ ਇਹ ਪੈਸਾ ਵੇਖਦੈ, ਫਰਾਟਾ ਮਾਰ ਕੇ ਫਨ ਹੇਠਾਂ ਕਰ ਲੈਂਦੈ। ਚਾਰ ਪੈਸੇ ਵੀ ਇਹ ਉਥੇ ਖਰਚਦੈ ਜਿਥੋਂ ਦਸ ਬਣ ਕੇ ਮੁੜਨ ਦੀ ਆਸ ਹੁੰਦੀ ਹੈ। ਕਿੰਨੇ ਹੀ ਚਿਰ ਤੋਂ ਸਰਪੰਚੀ ਇਹਦੇ ਹੱਥ ਵਿਚ ਹੈ। ਸਾਰਾ ਪਿੰਡ ਇਹਦਾ ਪਾਣੀ ਭਰਦੈ। ਲੋਕਾਂ ਦੀ ਅਕਲ 'ਤੇ ਕੋਈ ਪੜ੍ਹਦਾ ਪੈ ਗਿਆ ਹੈ। ਕਿਸੇ ਨੂੰ ਕੁਝ ਦਿਸਦਾ ਹੀ ਨਹੀਂ। ਪਤਾ ਨਹੀਂ ਕੋਈ ਕੁਝ ਵੇਖਣਾ ਹੀ ਨਹੀਂ ਚਾਹੁੰਦਾ।

'ਦੇਖ! ਐਧਰ ਦੇਖ! ਦੱਸ ਮੈਂ ਤੈਨੂੰ ਦਿਸਦੀ ਆਂ ਕਿ ਨਹੀਂ!' ਬੈਠਕ ਵਿਚ ਖਿੜਕੀ ਕੋਲ ਖੜ੍ਹੀ ਪ੍ਰਕਾਸ਼ ਮੈਨੂੰ ਪੁੱਛ ਰਹੀ ਹੈ।

ਸਮਝ ਨਹੀਂ ਆਉਂਦੀ ਇਹਨੂੰ ਕੀ ਜਵਾਬ ਦੇਵਾਂ। ਸਰੀਆਂ ਵਿਚ ਦੀ ਹੱਥ ਕੱਢ ਕੇ ਬੈਠਕ ਦੇ ਦਰਵਾਜ਼ੇ ਵਲ ਇਸ਼ਾਰਾ ਕਰ ਰਹੀ ਹੈ। ਦਰਵਾਜ਼ੇ ਨੂੰ ਬਾਹਰੋਂ ਕੁੰਡਾ ਲੱਗਿਆ ਹੋਇਐ। ਕੱਲ੍ਹ ਦੀ ਇਹ ਅੰਦਰ ਬੰਦ ਹੈ। ਮੈਂ ਚਾਹ ਕੇ ਵੀ ਕੁੰਡਾ ਨਹੀਂ ਖੋਲ੍ਹ ਸਕਦਾ। ਚੰਦਰੀ ਨੇ ਇਹ ਦਿਨ ਵੀ ਵੇਖਣੇ ਸਨ। ਸੋਚ ਕੇ ਕਾਲਜਾ ਬਾਹਰ ਨੂੰ ਆਉਂਦੈ। ਮੇਰੇ ਅੰਦਰ ਕੁਝ ਹੈ। ਇਹ ਜੋ ਕੁਝ ਵੀ ਹੈ, ਖਾਸੇ ਚਿਰਾਂ ਤੋਂ ਇਕੱਠਾ ਹੁੰਦਾ ਆ ਰਿਹੈ। ਪਰ ਇਹ ਕੀ ਹੈ? ਮੈਨੂੰ ਸਮਝ ਨਹੀਂ ਆ ਰਹੀ। ਕਦੋਂ ਦਾ ਮਨ ਬਾਹਰ ਜਾਣ ਲਈ ਕਾਹਲਾ ਪੈ ਰਿਹੈ। ਬਿੰਦ ਕੁ ਪਿੱਛੋਂ ਗੁਰਦੁਆਰੇ ਕਿਉਂ ਜਾਣਾ ਚਾਹੁੰਨਾਂ? ਐਨੇ ਚਿਰ ਤੋਂ ਛੱਡੀ-ਛੁਡਾਈ ਗੱਲ ਫਿਰ ਕਿਉਂ? ਅੱਖਾਂ ਬੰਦ ਕਰ ਜਦੋਂ ਦਿਮਾਗ 'ਤੇ ਜ਼ੋਰ ਪਾਉਨਾਂ। ਚੇਤਿਆਂ ਵਿਚ ਗੁਰਦੁਆਰੇ ਲੱਗੀ ਉਹ ਫੋਟੋ ਆ ਜਾਂਦੀ ਹੈ। ਉਸ ਫੋਟੋ ਵਿਚ ਪਤਾ ਨਹੀਂ ਕੀ ਹੈ, ਜਿਹੜਾ ਮੈਨੂੰ ਆਪਣੇ ਵਲ ਖਿੱਚ ਰਿਹੈ। ਫੋਟੋ 'ਤੇ ਸੁਰਤੀ ਟਿਕਦਿਆਂ ਹੀ ਬਾਕੀ ਗੁਰਦੁਆਰਾ ਗੈਰਹਾਜ਼ਰ ਹੋ ਜਾਂਦਾ ਹੈ।

ਅੱਖਾਂ ਮੂਹਰੇ ਬੱਸ ਉਹ ਫੋਟੋ ਘੁੰਮਣ ਲੱਗ ਪੈਂਦੀ ਹੈ। ਅੱਖਾਂ ਮੂਹਰੇ ਤਾਂ ਮੇਰੇ ਜੱਸੀ ਵੀ ਘੁੰਮਦੀ ਰਹਿੰਦੀ ਹੈ। ਜਿਸ ਰਾਤ ਮੈਂ ਸ਼ੈਂਟੀ ਨੂੰ ਗੁਰਪ੍ਰੀਤ ਨਾਲ ਵੇਖਿਆ। ਮੈਨੂੰ ਜੱਸੀ ਦਾ ਫਿਕਰ ਪੈ ਗਿਆ ਸੀ। ਮਨ ਹੀ ਮਨ ਮੈਂ ਉਹਦੇ ਵਿਆਹ ਦਾ ਢਾਣਸ ਕਰਨ ਬਾਰੇ ਸੋਚਣ ਲੱਗ ਪਿਆ ਸੀ। ਪਰ ਕਿਵੇਂ ਕਰਦਾ? ਸਰਪੰਚ ਪੈਸਿਆਂ ਤੋਂ ਮੁੱਕਰ ਗਿਆ ਸੀ। ਮੈਨੂੰ ਹੀ ਪਤਾ ਮੈਂ ਕਿਵੇਂ ਉਹਦੀ ਡੋਲੀ ਵਿਦਾ ਕੀਤੀ। ਮਿੰਨਤ ਤਰਲਾ ਕਰਕੇ ਕੁਝ ਪੈਸਾ ਰਿਸ਼ਤੇਦਾਰਾਂ ਤੋਂ ਉਧਾਰਾ ਫੜਿਆ। ਕੁਝ ਦਿਨ-ਰਾਤ ਦਿਹਾੜੀ ਕੀਤੀ। ਪਰ ਵਿਆਹ ਤੋਂ ਮਹੀਨਾ ਕੁ ਪਹਿਲਾਂ ਮੁੰਡੇ ਵਾਲਿਆਂ ਨੇ ਐਸੇ ਪੈਰ ਫੈਲਾਏ ਕਿ ਚਾਦਰ ਛੋਟੀ ਰਹਿ ਗਈ ਸੀ। ਜੇ ਵਿਆਹ ਉਨ੍ਹਾਂ ਅਨੁਸਾਰ ਨਾ ਕਰਦਾ, ਉਹ ਰਿਸ਼ਤਾ ਛੱਡਦੇ ਸਨ। ਮੈਂ ਕਸੂਤਾ ਫਸ ਗਿਆ ਸੀ। ਉਹ ਤਾਂ ਭਲਾ ਹੋਵੇ ਉਸ ਬੰਦੇ ਦਾ ਜਿਸ ਨੇ ਮੇਰਾ ਭਲਾ ਕਰਿਆ। ਉਸ ਬੰਦੇ ਬਾਰੇ ਮੈਂ ਇਕ ਦਿਨ ਅਖਬਾਰ ਵਿਚ ਪੜ੍ਹਿਆ। ਉਹ ਕੋਈ ਅਮੀਰ ਬੰਦਾ ਸੀ। ਸ਼ਹਿਰ ਜਿਨ੍ਹਾਂ ਦੇ ਮੈਂ ਦਿਹਾੜੀ ਗਿਆ ਸੀ। ਉਨ੍ਹਾਂ ਦੇ ਅਖਬਾਰ ਵਿਚ ਮੈਂ ਪੜ੍ਹਿਆ ਕਿ ਉਸ ਬੰਦੇ ਨੂੰ ਗੁਰਦੇ ਦੀ ਲੋੜ ਸੀ। ਗੁਰਦਾ ਲੈ ਕੇ ਉਹਨੇ ਤੀਹ ਹਜ਼ਾਰ ਦੇਣਾ ਸੀ। ਮੈਂ ਉਹਨੂੰ ਗੁਰਦਾ ਵੇਚ ਕੇ ਉਹਦੀ ਜਾਨ ਬਚਾਈ, ਉਹਨੇ ਤੀਹ ਹਜ਼ਾਰ ਦੇ ਕੇ ਮੇਰੀ ਇੱਜ਼ਤ ਬਚਾਈ ਸੀ।

ਜਦੋਂ ਜੱਸੀ ਦੇ ਪਹਿਲੀ ਕੁੜੀ ਹੋਈ ਤਾਂ ਉਹਦੇ ਸਹੁਰੇ ਬੜਾ ਪਿੱਟੇ ਸਨ। ਜਦੋਂ ਜੱਸੀ ਦੇ ਦੂਜਾ ਬੱਚਾ ਹੋਣਾ ਸੀ ਤਾਂ ਉਹਦੇ ਪ੍ਰਾਹੁਣੇ ਨੇ ਟੈਸਟ ਕਰਵਾ ਲਿਆ। ਗਰਭ ਵਿਚ ਕੁੜੀ ਸੀ। ਉਹਨੇ ਧੱਕੇ ਨਾਲ ਹੀ ਗਰਭਪਾਤ ਕਰਵਾ ਦਿੱਤਾ। ਉਸ ਤੋਂ ਬਾਅਦ ਇਕ ਵਾਰੀ ਫਿਰ ਜੱਸੀ ਦੀ ਕੁੱਖ ਖਾਲੀ ਕਰਵਾ ਦਿੱਤੀ। ਜਦੋਂ ਅਗਲੀ ਵਾਰੀ ਜੱਸੀ ਨੂੰ ਹਮਲ ਹੋਇਆ। ਉਹਦੇ ਪ੍ਰਾਹੁਣੇ ਦਾ ਸੁਭਾਅ ਬਦਲ ਗਿਆ ਸੀ। ਅਚਨਚੇਤ ਹੀ ਉਹ ਕੁੜੀ ਮਾਰ ਲੋਕਾਂ ਦੇ ਖਿਲਾਫ ਹੋ ਗਿਆ ਸੀ। ਜੱਸੀ ਨੂੰ ਵੀ ਉਹ ਖਾਸਾ ਮੋਹ ਜਿਹਾ ਕਰਨ ਲੱਗ ਪਿਆ। ਜੱਸੀ ਹੀ ਦੱਸਦੀ ਸੀ। ਕਹਿੰਦੀ ਇਕ ਦਿਨ ਉਹ ਕਹਿੰਦਾ, 'ਮੇਰਾ ਤਾਂ ਜੀਅ ਕਰਦਾ ਕੁੜੀਆਂ ਮਾਰਨ ਆਲਿਆਂ ਨੂੰ ਫੜ-ਫੜ ਜੇਲ੍ਹ ਵਿਚ ਸਿੱਟ ਦਿਆਂ!'



ਜੱਸੀ ਉਹਦੇ ਪ੍ਰਭਾਵ ਹੇਠਾਂ ਆ ਗਈ ਸੀ। ਉਸ ਪ੍ਰਭਾਵ ਵਿਚ ਹੀ ਉਹ ਮੁਹੱਲੇ ਦੀ ਇਕ ਗੁਆਂਢਣ ਬਾਰੇ ਦੱਸ ਬੈਠੀ। ਉਸ ਗੁਆਂਢਣ ਨੇ ਟੈਸਟ ਕਰਵਾਇਆ ਕਿ ਕੁੜੀ ਸੀ। ਜੱਸੀ ਦੇ ਪ੍ਰਾਹੁਣੇ ਨੇ ਉਸ ਰਾਹੀਂ ਦਿਨ, ਤਰੀਕ ਤੇ ਦੁਕਾਨ ਪੁੱਛ ਲਈ। ਜਿੱਥੇ ਗੁਆਂਢਣ ਨੇ ਗਰਭਪਾਤ ਕਰਵਾਉਣਾ ਸੀ, ਜੱਸੀ ਦੇ ਪ੍ਰਾਹੁਣੇ ਨੇ ਛਾਪਾ ਮਾਰਨ ਵਾਲਿਆਂ ਨਾਲ ਜਾ ਗੱਲ ਕੀਤੀ। ਗਰਭਪਾਤ ਕਰਨਾ-ਕਰਵਾਉਣਾ ਸਰਕਾਰ ਵਲੋਂ ਕਾਨੂੰਨੀ ਜੁਰਮ ਸੀ। ਜੱਸੀ ਦੇ ਪ੍ਰਾਹੁਣੇ ਨੇ ਛਾਪਾ ਮਾਰਨ ਵਾਲਿਆਂ ਨਾਲ ਪਤਾ ਨਹੀਂ ਕਿਹੜੇ ਤਰੀਕੇ ਨਾਲ ਗੱਲ ਕੀਤੀ। ਗੁਆਂਢਣ ਦਾ ਕੇਸ ਫੜਵਾ ਕੇ ਕਹਿੰਦੇ ਉਹਨੇ ਪੈਸੇ ਲੈ ਲਏ। ਜਦੋਂ ਜੱਸੀ ਨੂੰ ਪਤਾ ਲੱਗਿਆ ਤਾਂ ਉਹ ਬੋਲੀ ਸੀ, 'ਇਹ ਕੀ ਕੀਤਾ ਤੁਸੀਂ...?'

'ਮੈਂ ਤਾਂ ਪੁੰਨ ਦਾ ਕੰਮ ਕੀਤਾ! ਇਕ ਰੱਬ ਦੇ ਜੀਅ ਦੀ ਜਾਨ ਬਚਾਈ ਐ! ਉਪਰੋਂ ਦੇਖ ਪੈਸਾ ਡੁੱਕ ਲਿਆ! ਇਨ੍ਹਾਂ ਪੈਸਿਆਂ ਨਾਲ ਹੁਣ ਆਪਾਂ ਘੁੰਮਾਂਗੇ, ਫਿਰਾਂਗੇ, ਐਸ਼ ਕਰਾਂਗੇ!' ਇਕ ਦਿਨ ਉਹ ਜੱਸੀ ਨੂੰ ਕਿਸੇ ਦੂਰ ਸ਼ਹਿਰ ਘੁਮਾਉਣ ਲੈ ਗਿਆ।

ਹੱਡੀਆਂ ਦੀ ਮੁੱਠ ਸੀ ਚੰਦਰੀ। ਸ਼ਹਿਰ ਵਿਚ ਜੱਸੀ ਨੂੰ ਸੋਡੇ ਵਿਚ ਬੇਹੋਸ਼ੀ ਦੀ ਦਵਾਈ ਪਿਲਾ ਪ੍ਰਾਹੁਣਾ ਡਾਕਟਰ ਦੇ ਲੈ ਗਿਆ ਸੀ। ਗਰਭਪਾਤ ਤੋਂ ਤੀਜੇ ਦਿਨ ਹੀ ਘਰੇ ਆ ਕੇ ਜੱਸੀ ਮਰ ਗਈ ਸੀ। ਇਹ ਤਾਂ ਬਾਅਦ ਵਿਚ ਪਤਾ ਲੱਗਿਆ। ਉਹਦੇ ਪ੍ਰਾਹੁਣੇ ਕੋਲ ਗਰਭਪਾਤ ਖਾਤਰ ਪੈਸੇ ਨਹੀਂ ਸਨ। ਬੜੀ ਜੁਗਤ ਨਾਲ ਉਹਨੇ ਪੈਸਿਆਂ ਦਾ ਹੱਥ ਮਾਰਿਆ ਸੀ।

ਪ੍ਰਕਾਸ਼ ਨੇ ਹੱਥ ਅੰਦਰ ਖਿੱਚ ਲਿਆ ਹੈ। ਉਹ ਖਿੜਕੀ ਤੋਂ ਥੋੜ੍ਹਾ ਜਿਹਾ ਪਿਛਾਂਹ ਨੂੰ ਖੜ੍ਹੀ ਹੈ। ਦੋਵੇਂ ਹੱਥਾਂ ਦੀਆਂ ਹਥੇਲੀਆਂ ਅੱਖਾਂ ਕੋਲ ਕਰੀਂ ਧਿਆਨ ਨਾਲ ਵੇਖ ਰਹੀ ਹੈ। ਇਸ ਵਕਤ ਉਹਨੇ ਸਲਵਾਰ ਪਾ ਲਈ ਹੈ। ਜਦੋਂ ਮਨ ਵਿਚ ਆਉਂਦੀ ਹੈ, ਲਾਹ ਕੇ ਹੱਥ ਵਿਚ ਫੜ ਲੈਂਦੀ ਹੈ। ਕੋਈ ਵੀ ਗੱਲ ਉਹਦੇ ਹੱਥ ਵਿਚ ਨਹੀਂ ਰਹੀ।

ਮੰਜੇ ਦੀ ਬਾਹੀ ਨੂੰ ਹੱਥ ਪਾ ਕੇ ਉਠਣ ਦੇ ਆਹਰ ਵਿਚ ਹਾਂ। ਦੀਵੇ ਦੀ ਬੱਤੀ ਹੇਠਾਂ ਨੂੰ ਜਾ ਰਹੀ ਹੈ। ਮੇਰੇ ਅੰਦਰੋਂ ਕੁਝ ਉਪਰ ਨੂੰ ਆ ਰਿਹੈ। ਜਲੇ ਹੋਏ ਮਾਸ ਨਾਲ ਬਰਨੌਲ ਦੀ ਗੰਧ ਆ ਰਹੀ ਹੈ। ਖੱਬੇ ਹੱਥ ਨਾਲ ਸਰੀਰ 'ਤੇ ਤਾਣੀ ਪੱਗ ਲਾਹ ਕੇ ਮਸਾਂ ਉਠਿਆ ਹਾਂ। ਨੇੜੇ ਹੋ ਕੇ ਦੀਵੇ ਦੀ ਬੱਤੀ ਉਚੀ ਕਰ ਦਿੱਤੀ ਹੈ। ਪ੍ਰਕਾਸ਼ ਮੇਰੇ ਵਲ ਝਾਕੀ ਹੈ। ਮੈਂ ਬਾਹਰ ਫੈਲਰੇ ਹਨੇਰੇ ਵਲ ਝਾਕਣ ਲੱਗ ਪਿਆ ਹਾਂ। ਮੇਰਾ ਧਿਆਨ ਬਲਬ ਵਲ ਚਲਿਆ ਗਿਆ ਹੈ। ਹੌਲੀ-ਹੌਲੀ ਲੱਤਾਂ ਘੜੀਸਦਾ ਆਪਣੀ ਜਾਣ ਵਿਚ ਮੈਂ ਸੁੱਚ ਦੱਬਣ ਲੱਗਿਆ ਹਾਂ ਪਰ...!

ਕਿੱਡੀ ਵੱਡੀ ਭੁੱਲ ਕਰ ਗਿਆ ਹਾਂ। ਖੱਬੇ ਹੱਥ ਦੀ ਥਾਂ ਮੈਂ ਸੱਜੀ ਬਾਂਹ ਉਪਰ ਚੁੱਕੀ ਖੜ੍ਹਾਂ। ਸੱਜਾ ਹੱਥ ਤਾਂ ਮੇਰੇ ਹੈ ਹੀ ਨਹੀਂ। ਕੂਹਣੀ ਤੋਂ ਅਗਾਂਹ ਗੁੱਟ ਕੋਲ ਸਿਰਫ ਟੁੰਡ ਹੈ। ਹੱਥ ਤੋਂ ਬਗੈਰ। ਜੇ ਹੱਥ ਵੀ ਹੁੰਦਾ ਤਾਂ ਕਿਹੜਾ ਬਲਬ ਨੇ ਜਗਣਾ ਸੀ। ਬਿਜਲੀ ਦਾ ਕੁਨੈਕਸ਼ਨ ਕੱਟੇ ਨੂੰ ਤਾਂ ਕਿੰਨਾ ਹੀ ਚਿਰ ਹੋ ਗਿਆ ਹੈ। ਮੈਥੋਂ ਲਗਾਤਾਰ ਕਈ ਬਿਲ ਨਹੀਂ ਸੀ ਭਰ ਹੋਏ। ਬਿਜਲੀ ਵਾਲੇ ਤਾਰ ਕੱਟ ਗਏ ਸਨ। ਮੁੜ ਕੇ ਲਵਾ ਨਹੀਂ ਹੋਈ। ਓਦੋਂ ਦਾ ਘਰ ਵਿਚ ਦੀਵਾ ਹੀ ਜਗਦਾ ਹੈ।

'ਦੀਵਾ ਜਗਦੈ ਫੇਰ ਮੈਂ ਕੀ ਕਰਾਂ?' ਇਹਦਾ ਤਾਂ ਦਿਮਾਗ ਹਿੱਲਿਆ ਹੋਇਆ, ਜੋ ਵੀ ਮਨ 'ਚ ਆਉਂਦੀ ਐ ਕੱਢ ਮਾਰਦਾ! ਪਰ ਤੁਸੀਂ ਤਾਂ ਯਾਰ ਸਿਆਣੇ ਓਂ ਸਾਰੇ! ਕਿਉਂ ਐਮੇਂ ਪਾਗਲ ਦੀਆਂ ਗੱਲਾਂ 'ਚ ਆ ਕੇ ਪਾਗਲ ਬਣਦੇ ਓਂ।' ਮੈਨੂੰ ਸਰਪੰਚ ਦੀ ਆਖੀ ਗੱਲ ਕਦੇ ਵੀ ਨਹੀਂ ਭੁੱਲਦੀ।

ਬਿਜਲੀ ਦਾ ਕੁਨੈਕਸਨ ਕੱਟ ਜਾਣ ਵੇਲੇ ਮੈਂ ਕਈ ਬੰਦਿਆਂ ਨੂੰ ਗੱਲ ਦੱਸੀ ਸੀ ਪਰ ਕਿਸੇ ਨੇ ਮੇਰੀ ਇਕ ਨਾ ਸੁਣੀ। ਮੈਂ ਮਸਾਂ ਦੋ ਬੰਦੇ ਆਪਣੇ ਹੱਕ ਵਿਚ ਖੜ੍ਹੇ ਕਰੇ ਸਨ। ਪਰ ਸਰਪੰਚ ਦੀ ਗੱਲ ਸੁਣ ਕੇ ਉਹ ਵੀ ਝੱਗ ਵਾਂਗ ਬੈਠ ਗਏ ਸਨ।

'ਮੇਰੇ ਨਾਲ ਇਨਸਾਫ ਕਰੋ ਸਰਦਾਰ ਜੀ! ਇਹਨੇ ਮੈਨੂੰ ਪੈਸੇ ਨੀ ਦਿੱਤੇ ਭੋਰਾ ਵੀ! ਮੇਰੇ ਪੈਸੇ ਦਿਵਾਓ ਜੀ ਗਰੀਬ ਬੰਦਾਂ! ਕੋਰਾ ਝੂਠ ਬੋਲਦੈ ਸਰਪੰਚ' ਜਦੋਂ ਮੈਂ ਬੰਦਿਆਂ ਦੀ ਮਿੰਨਤ ਕੀਤੀ ਤਾਂ ਸਰਪੰਚ ਅੰਦਰੋਂ ਕਾਗਜ਼ ਕੱਢ ਲਿਆਇਆ ਸੀ, 'ਆਹ ਦੇਖੋ ਕਾਗਜ਼ 'ਤੇ ਲਿਖਿਆ ਹੋਇਆ ਬਈ ਇਹ ਪੈਸੇ ਲੈ ਗਿਆ ਤੀ! ਦੇਖੋ ਦਿਨ, ਤਰੀਕ ਸਭ ਲਿਖੀ ਹੋਈ ਐ! ਆਹ ਦੇਖੋ ਹੇਠਾਂ ਇਹਦੇ ਦਸਖਤ ਕੀਤੇ ਹੋਏ! ਦੁਬਾਰਾ ਪੈਸੇ ਹੁਣ ਝਾੜਾਂ ਨੂੰ ਲਗਦੇ ਨੇ ਐਥੇ! ਇਹ ਤਾਂ ਕੱਲ੍ਹ ਨੂੰ ਧੋਤੋਂ ਵੀ ਮੰਗ ਸਕਦੈ! ਪਾਗਲਪਣ ਦੇ ਦੌਰੇ ਪੈਂਦੇ ਨੇ ਇਹਨੂੰ! ਮੈਂ ਸਹੁੰ ਖਾ ਕੇ ਕਹਿਨਾਂ!"

'ਨ... ਹੀਂ...! ਸੌਹਾਂ ਤਾਂ ਝੂਠੇ ਖਾਂਦੇ ਹੁੰਦੇ ਨੇ?' ਸਰਪੰਚ ਦੀਆਂ ਗੱਲਾਂ ਸੁਣ ਕੇ ਨਾਲ ਗਏ ਬੰਦੇ ਵੀ ਮੈਨੂੰ ਪਾਗਲ ਸਮਝਣ ਲੱਗ ਪਏ ਸਨ। ਉਨ੍ਹਾਂ ਮੇਰੀ ਇਕ ਨਾ ਸੁਣੀ।

ਮੈਂ ਸਾਰੀ ਗੱਲ ਸਮਝ ਗਿਆ ਸੀ। ਓਦਣ ਮੈਨੂੰ ਪਹਿਲੀ ਵਾਰੀ ਚਾਰ ਅੱਖਰ ਪੜ੍ਹੇ ਹੋਣ ਦਾ

ਅਫਸੋਸ ਹੋਇਆ। ਸਰਪੰਚ ਦੇ ਮੁੰਡੇ ਸ਼ੈਂਟੀ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਉਹ ਕਿਸੇ ਦੇ ਵੀ ਜਾਅਲੀ ਦਸਤਖਤ ਕਰਨ ਵਿਚ ਮਾਹਿਰ ਹੈ। ਮੇਰੇ ਵੀ ਉਹਨੇ ਹੀ ਕਰ ਦਿੱਤੇ ਸਨ। ਮੈਂ ਕੁਝ ਨਹੀਂ ਸੀ ਕਰ ਸਕਿਆ। ਹੋਰ ਬੋਲਣ ਵਿਚ ਸਰਪੰਚ ਨੇ ਮੈਨੂੰ ਹੀ ਪਾਗਲ ਸਾਬਤ ਕਰਨਾ ਸੀ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੀ ਚੋਣ ਮੌਕੇ ਵੀ ਮੈਂ ਹੀ ਪਾਗਲ ਸਿੱਧ ਹੋਇਆ ਸੀ। ਪਰ ਜੱਸੀ ਦੇ ਸੰਸਕਾਰ ਵੇਲੇ ਤਾਂ...।

ਮੈਨੂੰ ਬਾਅਦ ਵਿਚ ਗੱਲ ਸਮਝ ਆਈ।

ਦੋ-ਚਾਰ ਬੰਦੇ ਲੈ ਕੇ ਮੈਂ ਜੱਸੀ ਦੀ ਲਾਸ਼ ਪਿੰਡ ਲਿਆਇਆ ਸੀ। ਮੇਰਾ ਮੁੰਡਾ ਭਿੰਦਰ ਹਰਖ ਵਿਚ ਅੰਨ੍ਹਾ ਹੋਇਆ ਪਿਆ ਸੀ। ਮੈਂ ਉਹਨੂੰ ਮਸਾਂ ਟਿਕਾ ਕੇ ਰੱਖਿਆ। ਜੱਸੀ ਦੀ ਲਾਸ਼ ਲਿਜਾ ਕੇ ਘਰੇ ਰੱਖ ਲਈ, ਸਾਡੇ ਆਉਂਦਿਆਂ ਨੂੰ ਭਿੰਦਰ ਘਰੋਂ ਭੱਜ ਗਿਆ ਸੀ। ਜੱਗ ਦਿਖਾਵੇ ਲਈ ਲੋਕ ਅਫਸੋਸ ਕਰਨ ਆ ਰਹੇ ਸਨ। ਜਦੋਂ ਨੁਹਾ-ਧੁਹਾ ਕੇ ਜੱਸੀ ਦੀ ਲਾਸ਼ ਅਰਥੀ 'ਤੇ ਰੱਖੀ। ਪ੍ਰਕਾਸ਼ ਰੋਂਦੀ-ਰੋਂਦੀ ਬੇਹੋਸ਼ ਹੋ ਗਈ ਸੀ। ਤੀਵੀਆਂ ਉਹਨੂੰ ਸੁਰਤ ਵਿਚ ਲਿਆਉਣ ਲੱਗ ਪਈਆਂ। ਮੈਂ ਬੰਦਿਆਂ ਵਿਚ ਨੀਵੀਂ ਪਾਈ ਬੈਠਾ ਸੀ ਜਦੋਂ ਸਰਪੰਚ ਆਇਆ। ਉਹਨੇ ਵੀ ਪਹਿਲਾਂ ਤਾਂ ਰਸਮੀ ਜਿਹਾ ਅਫਸੋਸ ਕੀਤਾ। ਫਿਰ ਮੈਨੂੰ ਉਠਾਲ ਕੇ ਪਰ੍ਹਾਂ ਨੂੰ ਲੈ ਗਿਆ। ਜਦੋਂ ਲੋਕ ਜੱਸੀ ਦੀ ਲਾਸ਼ 'ਤੇ ਚਿੱਟੀ ਚਾਦਰ ਦੇ ਰਹੇ ਸਨ ਸਰਪੰਚ ਮੇਰੇ ਕੰਨ ਕੋਲ ਮੂੰਹ ਕਰਕੇ ਕਹਿੰਦਾ, 'ਸੰਤੋਖ ਸਿਆਂ! ਔਹ ਮੜ੍ਹੀਆਂ ਵੀ ਮੇਰੀਆਂ ਬਣਵਾਈਆਂ ਹੋਈਆਂ ਨੇ! ਜੇ ਪਿਉ ਦਾ ਪੁੱਤ ਐਂ ਪਹਿਲਾਂ ਚਮਾਰਾਂ ਨੂੰ ਕਹਿ ਕੇ ਅੱਡ ਮੜ੍ਹੀਆਂ ਬਣਵਾ! ਫੇਰ ਉਥੇ ਕੁੜੀ ਦਾ ਸਸਕਾਰ ਕਰੀਂ!'

ਮੇਰੇ ਕੰਨਾਂ ਵਿਚ ਲਾਵਾ ਡੋਲ੍ਹ ਕੇ ਸਰਪੰਚ ਬਾਹਰ ਚਲਿਆ ਗਿਆ ਸੀ। ਲੋਕਾਂ ਨੂੰ ਆਖ ਗਿਆ ਕਿ ਜ਼ਰੂਰੀ ਕੰਮ ਹੈ, ਨਹੀਂ ਤਾਂ ਰੁਕਦਾ। ਸਰਪੰਚ ਦੀ ਗੱਲ ਸੁਣ ਕੇ ਇਕ ਚੀਕ ਬਾਹਰ ਨੂੰ ਆਉਣ ਦੀ ਥਾਂ ਮੇਰੇ ਅੰਦਰ ਨੂੰ ਉਤਰ ਗਈ। ਮੇਰੇ ਮਨ ਵਿਚ ਕਈ ਵਿਚਾਰ ਉਠੇ ਸਨ। ਪਹਿਲਾਂ ਤਾਂ ਮਨ ਵਿਚ ਆਈ ਕਿ ਭੱਜ ਕੇ ਸਰਪੰਚ ਨੂੰ ਆਖਾਂ, 'ਮੜ੍ਹੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ! ਤੂੰ ਕੌਣ ਹੁੰਨਾਂ ਰੋਕਣ ਆਲਾ?'

ਫਿਰ ਜੀਅ ਕੀਤਾ ਕਿ ਗੱਲ ਲੋਕਾਂ ਨੂੰ ਦੱਸ ਦੇਵਾਂ। ਪਰ ਦੋਵਾਂ ਵਿਚੋਂ ਕੋਈ ਵੀ ਗੱਲ ਨਹੀਂ ਕਰ ਸਕਿਆ ਸੀ। ਮੈਨੂੰ ਮੋਈ ਕੁੜੀ ਦੀ ਮਿੱਟੀ ਖਰਾਬ ਹੋ ਜਾਣ ਦਾ ਡਰ ਚਿੰਬੜ ਗਿਆ ਸੀ। ਮੈਂ ਗੱਲ ਨੂੰ ਅੰਦਰੋ-ਅੰਦਰੀ ਪੀ ਗਿਆ। ਕੁਝ ਚਿਰ ਤਾਂ ਢਿੱਡ ਵਿਚ ਵੱਟ ਜਿਹਾ ਉਠਿਆ। ਫਿਰ ਮੈਨੂੰ ਤੀਵੀਆਂ ਦਾ ਚੀਕ-ਚਿਹਾੜਾ ਸੁਣਨੋਂ ਹਟ ਗਿਆ ਸੀ। ਸੱਥਰ 'ਤੇ ਬੈਠੇ ਲੋਕ ਕੀੜੇ-ਮਕੌੜਿਆਂ ਵਰਗੇ ਜਾਪੇ। ਇਸ ਤਰ੍ਹਾਂ ਜਾਪਿਆ ਜਿਵੇਂ ਸਾਰਿਆਂ ਦੇ ਮੂੰਹਾਂ ਵਿਚ ਕੁਝ ਨਾ ਕੁਝ ਹੁੰਦੈ। ਮੂੰਹ ਬੰਦ ਕਰੀ ਸਾਰੇ ਆਪੋ-ਆਪਣੀਆਂ ਖੱਡਾਂ ਵਲ ਨੂੰ ਰੀਂਗ ਰਹੇ ਸਨ।

'ਚੱਲ ਸੰਤੋਖ ਸਿਆਂ... ਮਿੱਟੀ ਕਿਉਂਟੀਏ ਚੰਦਰੀ ਦੀ! ਸੋਚਣ ਨਾਲ ਭਾਈ ਹੁਣ ਕੀ ਬਣਨਾ!' ਸੋਚੀਂ ਪਏ ਕਈ ਜਣੇ ਮੇਰੀ ਬਾਂਹ ਹਲੂਣ ਰਹੇ ਸਨ।

ਉਹ ਪਤਾ ਨਹੀਂ ਕੀ ਸੋਚ ਰਹੇ ਸਨ। ਪਰ ਜੋ ਮੈਂ ਸੋਚ ਰਿਹਾ ਸੀ, ਉਹ ਕੋਈ ਨਹੀਂ ਸੀ ਸੋਚ ਰਿਹਾ। ਮੈਨੂੰ ਨਹੀਂ ਸੁਰਤ ਕਦੋਂ ਅਰਥੀ ਤਿਆਰ ਹੋਈ। ਕਦੋਂ ਮੈਂ ਅਰਥੀ ਹੇਠਾਂ ਮੋਢਾ ਦੇ ਕੇ ਮੂਹਰੇ ਲੱਗ ਲਿਆ। ਬਰਾਬਰ ਮੋਢਾ ਦੇਈ ਮੇਰਾ ਭਾਈ ਤੁਰ ਰਿਹਾ ਸੀ। ਮੇਰੇ ਨਾਲ-ਨਾਲ ਸਰਪੰਚ ਦੀ ਆਖੀ ਗੱਲ ਤੁਰ ਰਹੀ ਸੀ। ਪਲੋ-ਪਲ ਇਕ ਘੁਮੇਰ ਜਿਹੀ ਸਿਰ ਵਲ ਨੂੰ ਵਧ ਰਹੀ ਸੀ। ਮੜ੍ਹੀਆਂ ਤੋਂ ਥੋੜ੍ਹਾ ਜਿਹਾ ਉਰ੍ਹਾਂ ਜਦੋਂ ਮੋਢਾ ਬਦਲਣ ਲਈ ਅਰਥੀ ਹੇਠਾਂ ਰੱਖੀ। ਮੇਰਾ ਦਿਮਾਗ ਘੁੰਮਣ ਲੱਗ ਪਿਆ ਸੀ।

ਜਦੋਂ ਮੈਂ ਚਿਖਾ ਨੂੰ ਅੱਗ ਦਿੱਤੀ। ਸਿਵਾ ਧੂੰ-ਧੂੰ ਕਰਕੇ ਮੱਚ ਉਠਿਆ। ਸਾਰੇ ਲੋਕ ਮੇਰੇ ਮੂੰਹ ਵਲ ਵੇਖ ਰਹੇ ਸਨ। ਮੈਂ ਸਿਵੇ ਦੀ ਅੱਗ ਵਿਚ ਦੀ ਮੜ੍ਹੀਆਂ ਵਲ ਵੇਖ ਰਿਹਾ ਸੀ। ਮੜ੍ਹੀਆਂ ਦਾ ਉਚਾ-ਲੰਮਾ ਕੀਮਤੀ ਗੇਟ। ਚਾਰ ਦੀਵਾਰੀ ਵਿਚ ਫੁੱਲਾਂ-ਬੂਟਿਆਂ ਦੀਆਂ ਕਿਆਰੀਆਂ, ਸੀਮਿੰਟ ਦੇ ਥੜ੍ਹਿਆਂ ਉਪਰ ਟੀਨ ਦੇ ਸ਼ੈਡ, ਥਾਂ-ਥਾਂ 'ਤੇ ਲੋਕਾਂ ਦੇ ਬੈਠਣ ਲਈ ਸੀਮਿੰਟ ਦੇ ਥੜ੍ਹੇ। ਪੱਕੀਆਂ ਇੱਟਾਂ ਦਾ ਰਸਤਾ। ਪਰ ਪੱਕੀਆਂ ਮੜ੍ਹੀਆਂ ਵਿਚ ਆਉਣ ਵਾਲੇ ਲੋਕ ਕਿੰਨੇ ਕੱਚੇ ਹੋ ਗਏ ਸਨ। ਮੈਨੂੰ ਸਭ ਕੁਝ ਦਿਸ ਰਿਹਾ ਸੀ।

'ਚਲੋ ਬਸ ਹੁਣ! ਕੀ ਦੇਖੀ ਜਾਨੈ ਸੰਤੋਖ ਸਿਆਂ, ਹੁਣ ਕੀ ਐ ਐਥੇ ਭਾਈ! ਚੱਲ ਘਰੇ ਚੱਲ ਹੁਣ!' ਲੋਕਾਂ ਦੇ ਕਹਿਣ 'ਤੇ ਮੈਂ ਘਰੇ ਤਾਂ ਆ ਗਿਆ ਸੀ। ਪਰ ਸਾਰੀ ਰਾਤ ਮੈਨੂੰ ਸਰਪੰਚ ਦੀ ਆਖੀ ਗੱਲ ਹੀ ਦਿਸਦੀ ਰਹੀ।

'ਓਧਰ ਨੂੰ ਕੀ ਦੇਖਦੈਂ? ਐਧਰ ਦੇਖ, ਐਧਰ!' ਮੇਰੀ ਪਿੱਠ ਪਿੱਛੋਂ ਪ੍ਰਕਾਸ਼ ਦੀ ਆਵਾਜ਼ ਆ ਰਹੀ ਹੈ।

ਸਿਰ ਭੁਆ ਕੇ ਮੈਂ ਬੈਠਕ ਦੀ ਖਿੜਕੀ ਵਲ ਵੇਖਦਾ ਹਾਂ। ਪ੍ਰਕਾਸ਼ ਖਿੜਕੀ ਦੇ ਸਰੀਆਂ ਨਾਲ ਸਿਰ ਜੋੜੀ ਖੜ੍ਹੀ ਹੈ। ਉਹਦੇ ਸਿਰ ਦੇ ਵਾਲ ਖੁੱਲ੍ਹੇ ਨੇ। ਅੱਧੇ ਵਾਲ ਪਿਛਾਂਹ ਨੂੰ, ਅੱਧੇ ਮੂਹਰੇ ਮੱਥੇ 'ਤੇ ਲਟਕ ਰਹੇ ਨੇ। ਉਹਦਾ ਹੇਠਲਾ ਬੁੱਲ੍ਹ ਹੇਠਾਂ ਨੂੰ ਤੇ ਉਪਰਲਾ ਉਪਰ ਨੂੰ ਚੜ੍ਹਿਆ ਹੋਇਆ ਹੈ। ਵਿਚਕਾਰ ਘਸਮੈਲੇ ਜਿਹੇ ਦੰਦ ਚਮਕ ਰਹੇ ਨੇ। ਉਹ ਹੱਸ ਰਹੀ ਹੈ ਪਤਾ ਨਹੀਂ ਕਚੀਚੀ ਕੱਟ ਰਹੀ ਹੈ। ਦੀਵੇ ਦਾ ਚਾਨਣ ਉਹਦੇ ਚਿਹਰੇ 'ਤੇ ਪੈ ਰਿਹਾ ਹੈ। ਪ੍ਰਕਾਸ਼ ਦੀ ਹਾਲਤ ਵੇਖ ਕੇ ਮਨ ਕਾਹਲਾ ਪੈ ਰਿਹੈ। ਬੇਚੈਨੀ ਵਧਦੀ ਜਾ ਰਹੀ ਹੈ। ਧਿਆਨ ਹਟਾ ਕੇ ਮੈਂ ਨਲਕੇ ਕੋਲ ਜਾ ਖੜ੍ਹਿਆ ਹਾਂ। ਅੱਧਾ ਸਰੀਰ ਤਾਂ ਜਲਿਆ ਪਿਆ। ਫਿਰ ਆਪਣੇ ਆਪ ਨੂੰ ਸੁੱਚਾ ਕਿਵੇਂ ਕਰਾਂ? ਉਂਜ ਜਦੋਂ ਮਨ ਸੁੱਚਾ ਹੋਵੇ ਤਾਂ ਤਨ ਦਾ ਸੁੱਚਾ ਕੀ ਕਰਨਾ। ਸੋਚ ਕੇ ਪਾਣੀ ਦੀ ਚੂਲੀ ਨਾਲ ਕੁਰਲੀ ਕਰ ਡਿਓਢੀ ਵੱਲ ਨੂੰ ਤੁਰ ਪਿਆ ਹਾਂ। ਮੰਜੇ ਕੋਲ ਮਸਾਂ ਪਹੁੰਚਿਆ ਹਾਂ। ਮੰਜੇ 'ਤੇ ਪਈ ਪੱਗ ਚੁੱਕ ਕੇ ਹੌਲੀ-ਹੌਲੀ ਸਰੀਰ ਦੁਆਲੇ ਬੁੱਕਲ ਮਾਰੀ ਹੈ। ਕੰਧ ਵਿਚ ਗੱਡੀ ਮੇਖ ਤੋਂ ਚਾਬੀ ਲਾਹ ਕੇ ਬਾਹਰ ਨੂੰ ਤੁਰ ਪਿਆ ਹਾਂ। ਪਿੱਛੋਂ ਪ੍ਰਕਾਸ਼ ਕੁਝ ਬੋਲ ਰਹੀ ਹੈ। ਉਹਨੂੰ ਅਣਸੁਣੀ ਕਰ, ਕੁੰਡਾ ਖੋਲ੍ਹ ਕੇ ਬੀਹੀ ਵਿਚ ਆ ਗਿਆ ਹਾਂ।

ਬੀਹੀ ਵਿਚ ਹਨ੍ਹੇਰਾ ਹੈ। ਬਿੜਕ ਸੁਣ ਕੇ ਕੰਧ ਕੋਲ ਬੈਠਾ ਕੁੱਤਾ ਭੌਂਕਣ ਲੱਗ ਪਿਆ ਹੈ। ਦਰਵਾਜ਼ਾ ਭੇੜ ਕੇ ਮੈਂ ਕੁੱਤੇ ਵਲ ਨੂੰ ਹੀ ਤੁਰ ਪਿਆ ਹਾਂ। ਮੇਰੇ ਪੈਰ ਮੈਨੂੰ ਧੂਹੀ ਜਾ ਰਹੇ ਨੇ। ਪੰਚਾਇਤੀ ਟਿਊਬ ਦੇ ਚਾਨਣ ਵਿਚ ਵੇਖ ਕੇ ਕੁੱਤਾ ਹੋਰ ਉਚੀ ਭੌਂਕਣ ਲੱਗ ਪਿਆ ਹੈ। ਉਹਦੇ ਨਾਲ ਹੋਰ ਵੀ ਕਈ ਕੁੱਤੇ ਆ ਰਲੇ ਨੇ। ਸ਼ਾਇਦ ਇਹ ਵੀ ਮੈਨੂੰ ਪਾਗਲ ਸਮਝ ਰਹੇ ਹਨ।

'ਇਹ ਤਾਂ ਵਾਕਿਆ ਈ ਪਾਗਲ ਹੋ ਗਿਆ ਯਾਰ! ਸਰਪੰਚ ਠੀਕ ਈ ਕਹਿੰਦਾ, ਇੱਕੀਵੀਂ ਸਦੀ ਐ! ਗੱਲਾਂ ਤਾਂ ਦੇਖੋ ਇਹ ਕੀ ਕਰਦੈ! ਕਹਿੰਦਾ, ਅਖੇ ਸਰਪੰਚ ਨੇ ਮੈਨੂੰ ਮੜ੍ਹੀਆਂ 'ਚ ਸੰਸਕਾਰ ਕਰਨ ਤੋਂ ਰੋਕਿਆ ਤੀ! ਇਹਨੂੰ ਕੋਈ ਪੁੱਛੇ ਬਈ ਹੁਣ ਤਾਂ ਜਾਤ-ਪਾਤ ਦਾ ਉਈਂ ਨੀ ਕੋਈ ਫਰਕ ਰਿਹਾ। ਭਗਤ ਬੰਦਾ ਤੀ ਵਿਚਾਰਾ ਪਤਾ ਨੀ ਕਿਮੇਂ ਹਿੱਲ ਗਿਆ?' ਜੱਸੀ ਦੇ ਸੰਸਕਾਰ ਤੋਂ ਕਈ ਦਿਨ ਪਿੱਛੋਂ ਜਦੋਂ ਮੈਂ ਲੋਕਾਂ ਨੂੰ ਸਰਪੰਚ ਦੀ ਆਖੀ ਗੱਲ ਦੱਸੀ। ਲੋਕ ਮੇਰੇ ਬਾਰੇ ਹੋਰੇ ਘੁਸਰ-ਮੁਸਰ ਕਰਨ ਲੱਗ ਪਏ ਸਨ। ਸਾਰੇ ਪਿੰਡ ਵਿਚ ਮੇਰੇ ਪਾਗਲ ਹੋਣ ਦੀ ਚਰਚਾ ਸੀ। ਇਹ ਤਾਂ ਮੈਨੂੰ ਵੀ ਪਤੈ ਕਿ ਇੱਕੀਵੀਂ ਸਦੀ ਹੈ। ਜਾਤ ਪਾਤ ਦਾ ਫਰਕ ਨੀ ਰਿਹਾ। ਪਰ ਸਰਪੰਚ ਦੀ ਮੈਨੂੰ ਪਾਗਲ ਸਾਬਤ ਕਰਨ ਵਾਲੀ ਚਾਲ ਕੋਈ ਨਹੀਂ ਸੀ ਸਮਝ ਰਿਹਾ। ਮੈਂ ਬਥੇਰਾ ਆਖਿਆ, 'ਓਏ ਸਰਪੰਚ ਨੇ ਮੈਨੂੰ ਆਖਿਆ ਤੀ! ਮੜ੍ਹੀਆਂ 'ਚ ਲੋਥ ਫੂਕਣ ਤੋਂ ਰੋਕਿਆ ਤੀ!''

'ਇਹ ਗੱਲ ਤੂੰ ਪਹਿਲਾਂ ਦੱਸਦਾ।' ਅੱਗੋਂ ਸੁਣਨ ਵਾਲਾ ਆਖਦਾ।

'ਚੱਲ ਛੱਡ ਯਾਰ! ਕੀ ਪਾਗਲ ਨਾਲ ਮੱਥਾ ਮਾਰਦੈਂ!' ਕੋਈ ਹੋਰ ਜਣਾ ਸਲਾਹ ਦਿੰਦਾ।

ਪਿੰਡ ਦੀ ਹਵਾ ਵੇਖ ਕੇ ਸਾਰੀ ਗੱਲ ਮੇਰੇ ਦਿਮਾਗ ਵਿਚ ਬੈਠ ਗਈ ਸੀ ਭਾਵੇਂ ਮੈਂ ਸਰਪੰਚ ਵਾਲੀ ਗੱਲ ਲੋਕਾਂ ਨੂੰ ਪਹਿਲਾਂ ਦੱਸ ਲੈਂਦਾ ਤਾਂ ਵੀ ਮੈਂ ਹੀ ਪਾਗਲ ਵੱਜਣਾ ਸੀ। ਬਾਅਦ ਵਿਚ ਦੱਸ ਕੇ ਵੀ ਮੈਂ ਪਾਗਲ ਵੱਜਿਆ। ਸਰਪੰਚ ਆਪਣੀ ਚਾਲ ਖੇਡ ਗਿਆ ਸੀ। ਬੜਾ ਚਾਲਬਾਜ਼ ਹੈ ਉਹ। ਮੈਂ ਉਹਦੀ ਹਰ ਚਾਲ ਸਮਝਦਾ ਹਾਂ। ਪਰ ਕਦੇ ਕੁਝ ਕਰ ਨਹੀਂ ਸਕਿਆ। ਲੋਕਾਂ ਦਾ ਸੀਰਪੁਣਾ ਕਰ-ਕਰ ਕੇ ਘਸਿਆ ਪਿਆ ਹਾਂ। ਘਸਿਆ ਹੋਇਆ ਬੰਦਾ ਸਾਬਤੇ ਬੰਦੇ ਦਾ ਕੀ ਕਰ ਸਕਦੈ? ਮੇਰੇ ਵਾਂਗ ਖਿਝ-ਖਪ ਹੀ ਸਕਦੈ ਜਾਂ ਫਿਰ ਚੀਕਾਂ ਮਾਰ ਸਕਦੈ। ਪਰ ਮੇਰੀਆਂ ਤਾਂ ਕੋਈ ਚੀਕਾਂ ਵੀ ਨਹੀਂ ਸੁਣਦਾ, ਹੋਰ ਤਾਂ ਕਿਸ ਨੇ ਸੁਣਨੀਆਂ ਨੇ। ਮੇਰਾ ਕੋਈ ਜਾਤ-ਭਾਈ ਵੀ ਨਹੀਂ ਸੁਣਦਾ। ਪਿੰਡ ਵਿਚ ਸਾਡੇ ਵਿਹੜੇ ਵਾਲਿਆਂ ਦੇ ਗਿਣਵੇਂ ਹੀ ਘਰ ਹਨ। ਇਨ੍ਹਾਂ ਵਿਚੋਂ ਵੀ ਅੱਧੇ ਵੱਡੇ-ਵੱਡੇ ਘਰ ਪਾ ਕੇ ਆਪਣੇ-ਆਪ ਨੂੰ ਵੱਡੇ ਸਮਝ ਰਹੇ ਨੇ। ਨੌਕਰੀਆਂ 'ਤੇ ਲੱਗੇ ਹੋਏ ਨੇ। ਬਹੁਤਿਆਂ ਦੀ ਕੁਰਸੀ ਸਰਪੰਚ ਦੇ ਬਰਾਬਰ ਡਹਿੰਦੀ ਹੈ। ਬਾਕੀ ਵਿਹੜਾ ਹਰੇ ਚਾਰੇ ਜਾਂ ਦਾਰੂ ਭੁੱਕੀ ਦੀ ਮਾਰ ਹੇਠ ਹੈ। ਸਾਰਾ ਵਿਹੜਾ ਆਪਣੇ ਰੰਗਾਂ ਵਿਚ ਮਸਤ ਹੈ। ਮੈਂ ਕਿਸੇ ਦੀ ਨਜ਼ਰ ਵਿਚ ਨਹੀਂ। ਤਿੰਨ ਵਿਚ ਤਾਂ ਮੈਨੂੰ ਕਿਸੇ ਨੇ ਗਿਣਨਾ ਹੀ ਕੀ ਹੈ, ਕੋਈ ਮੈਨੂੰ ਤੇਰ੍ਹਾਂ ਵਿਚ ਵੀ ਨਹੀਂ ਗਿਣਦਾ। ਪਰ ਜਿਹੜੀ ਗਿਣਤੀ-ਮਿਣਤੀ ਨਾਲ ਸਰਪੰਚ ਪਿੰਡ ਨਾਲ ਚਾਲਾਂ ਖੇਡ ਰਿਹੈ, ਉਹ ਕਿਸੇ ਨੂੰ ਨਹੀਂ ਆਉਂਦੀਆਂ।

ਪਰ ਲੋਕਾਂ ਦੇ ਜਿਸਮਾਂ ਅੰਦਰ ਤਾਂ ਸ਼ਾਇਦ ਰੂਹ ਹੀ ਨਹੀਂ ਤਾਂ ਹੀ ਤਾਂ ਕਿਸੇ ਨੂੰ ਕਾਂਬਾ ਨਹੀਂ ਚੜ੍ਹਦਾ। ਪਰ ਮੈਂ ਤਾਂ ਉਸ ਰਾਤ ਧੁਰ ਤੱਕ ਹਿੱਲ ਗਿਆ ਸੀ। ਜਦੋਂ ਅਜੀਬ ਜਿਹੀ ਗੜਗੜਾਹਟ ਨਾਲ ਮੇਰੀ ਅੱਖ ਖੁੱਲ੍ਹ ਗਈ। ਦਿਮਾਗ ਵਿਚ ਭੈਅ ਛਾ ਗਿਆ। ਕਿਤੇ ਜਹਾਜ਼ ਨੇ ਬੰਬ ਤਾਂ ਨਹੀਂ! ਉਨੀਂ ਦਿਨੀਂ ਕਾਰਗਿਲ ਦੀ ਲੜਾਈ ਵੀ ਸਿਖਰ 'ਤੇ ਸੀ। ਦੋਵੇਂ ਫੌਜਾਂ ਅੱਗ ਉਗਲ ਰਹੀਆਂ ਸਨ। ਦਿਨ ਵਕਤ ਅਸਮਾਨ ਵਿਚ ਭਾਰਤੀ ਲੜਾਕੂ ਗਰਜਦੇ ਰਹਿੰਦੇ। ਕਦੇ ਵੀ ਕੁਝ ਹੋ ਸਕਦਾ ਸੀ। ਮੰਜੇ 'ਤੇ ਪਿਆ ਮੈਂ ਅਜੇ ਸੋਚ ਹੀ ਰਿਹਾ ਸੀ ਕਿ ਪਿਛਲੇ ਪਾਸੇ ਜੁਲਾਹਿਆਂ ਦੇ ਵਿਹੜੇ ਭੰਗੜੇ ਵਾਲਾ ਢੋਲ ਵੱਜਣ ਲੱਗ ਪਿਆ। ਨਾਲ ਦੀ ਨਾਲ ਕੂਕਾਂ ਪੈਣ ਲੱਗ ਪਈਆਂ, 'ਬਾਹਰ ਨਿਕਲੋ ਓਏ ਮੁਸਲਮਾਨੋ!' ਸਿੱਖਾਂ ਦੇ ਮੁੰਡੇ ਗੋਲਡੀ ਦੀ ਆਵਾਜ਼ ਮੈਂ ਲੱਖਾਂ 'ਚੋਂ ਪਛਾਣ ਸਕਦਾ ਸੀ।

ਸੁਣ ਕੇ ਬੁਰੀ ਤਰ੍ਹਾਂ ਦਹਿਲ ਗਿਆ। ਕੀ ਹੋ ਰਿਹਾ ਸੀ ਇਹ? ਜੁਲਾਹਿਆਂ ਦੇ ਵਿਹੜੇ ਮੁਸਲਮਾਨਾਂ ਦੇ ਘਰ ਸਨ। ਉਨ੍ਹਾਂ ਦੇ ਮੁੰਡੇ ਆਪਣਾ ਅੱਡ ਕਲੱਬ ਬਣਾਈ ਫਿਰਦੇ ਸਨ। ਸਾਡੇ ਵਿਹੜੇ ਵਾਲੇ ਮੁੰਡੇ ਆਪਣਾ ਅੱਡ ਕਲੱਬ ਬਣਾਈ ਫਿਰਦੇ ਸਨ। ਗੋਲਡੀ ਹੋਰਾਂ ਦਾ ਕ੍ਰਿਕਟ ਕਲੱਬ ਅਲੱਗ ਸੀ। ਸਾਰਿਆਂ ਨੂੰ ਸਰਪੰਚ ਦੀ ਸਪੋਰਟ ਹੈ।

'ਆਹ ਦੇਖੋ ਓਏ ਮੁਸਲਮਾਨੋ! ਇੰਡੀਆ ਜਿੱਤ ਗਿਆ ਇੰਡੀਆ! ਥੋਡਾ ਪਾਕਿਸਤਾਨ ਹਰਾ'ਤਾ ਓਏ! ਜਿਮੇ ਮੈਚ 'ਚ ਹਰਾਇਐ ਓਕਣੇ ਕਾਰਗਿਲ 'ਚ ਹਰਾਮਾਂਗੇ, ਬਾਹਰ ਨਿਕਲੋ ਥੋਡੀ...!' ਸ਼ਰਾਬੀ ਹੋਏ ਗੋਲਡੀ ਅੰਦਰ ਕੋਈ ਓਪਰੀ ਹਵਾ ਬੜ੍ਹਕਾਂ ਮਾਰ ਰਹੀ ਸੀ।

ਤੈਸ਼ ਵਿਚ ਆ ਕੇ ਮੁਸਲਮਾਨਾਂ ਦੇ ਮੁੰਡੇ ਵੀ ਡਾਂਗਾਂ ਚੁੱਕੀ ਬਾਹਰ ਆ ਗਏ ਸਨ। ਉਨ੍ਹਾਂ ਨੂੰ ਵੇਖ ਕੇ ਗੋਲਡੀ ਹੋਰੀਂ ਹੋਰ ਭੂਤਰ ਗਏ।

'ਬੱਸ ਕਰੋ ਓਏ ਮੁੰਡਿਓ! ਅਕਲ ਕਰੋ ਕੁਸ਼! ਨਾ ਹੁਣ ਇਕ ਸੰਤਾਲੀ ਹੋਰ ਬਣਾਉਣੈ ਤੁਸੀਂ?' ਸਰਪੰਚ ਦੇ ਆ ਜਾਣ ਨਾਲ ਟਕਰਾ ਹੁੰਦਾ-ਹੁੰਦਾ ਮਸਾਂ ਬਚਿਆ।

ਮੈਂ ਸਰਪੰਚ ਦੀ ਚਾਲ 'ਤੇ ਹੈਰਾਨ ਸੀ। ਉਹ ਰੋਕ ਰਿਹਾ ਸੀ ਜਾਂ ਮੁੰਡਿਆਂ ਨੂੰ ਇਕ ਸੰਤਾਲੀ ਹੋਰ ਬਣਾਉਣ ਲਈ ਆਖ ਰਿਹਾ ਸੀ? ਉਹਦੇ ਮੁੰਡੇ ਸ਼ੈਂਟੀ ਨੇ ਤਾਂ ਮੂਹਰੇ ਹੋ ਕੇ ਕ੍ਰਿਕਟ ਕਲੱਬ ਬਣਵਾਇਆ ਸੀ। ਗੋਲਡੀ ਨੂੰ ਉਹਦਾ ਪ੍ਰਧਾਨ ਬਣਾਇਆ। ਆਪ ਖੁਦ ਸ਼ੈਂਟੀ ਸਭਿਆਚਾਰਕ ਕਲੱਬ ਦਾ ਪ੍ਰਧਾਨ ਹੈ। ਕ੍ਰਿਕਟ ਦੀ ਤਾਂ ਮੈਨੂੰ ਸਮਝ ਨਹੀਂ। ਪਰ ਇਕ ਵਾਰੀ ਮੈਂ ਸੱਭਿਆਚਾਰਕ ਮੇਲਾ ਵੇਖਿਆ ਸੀ। ਸਟੇਜ 'ਤੇ ਗਾਇਕ ਨੱਚ ਕੇ ਗਾ ਰਿਹਾ ਸੀ। ਪਿਛੇ 'ਸਭਿਆਚਾਰਕ ਸ਼ਾਮ, ਕਾਰਗਿਲ ਸ਼ਹੀਦਾਂ ਦੇ ਨਾਮ' ਦਾ ਬੈਨਰ ਲੱਗਿਆ ਹੋਇਆ। ਬੈਨਰ ਹੇਠ ਕੋਟ-ਪੈਂਟ ਪਾਈ ਮੁੰਡੇ ਨੱਚ ਰਹੇ ਸਨ। ਢੋਲ ਨਾਲੋਂ ਉਚੀ ਹੋਰ ਹੀ ਤਰ੍ਹਾਂ ਦੇ ਸਾਜ ਵੱਜ ਰਹੇ ਸਨ। ਮੂਹਰਲੀ ਕਤਾਰ ਵਿਚ ਗਾਇਕ ਦੁਆਲੇ ਜੀਨਾਂ ਪਾਈ ਕੁੜੀਆਂ ਨੱਚ ਰਹੀਆਂ ਸਨ। ਹਰ ਕੁੜੀ ਦੇ ਉਪਰਲੇ ਹਿੱਸੇ ਦੇ ਕੱਪੜੇ ਨਾਂ-ਮਾਤਰ ਸੀ। ਜਦੋਂ ਉਹ ਗੇੜਾ ਦੇ ਕੇ ਘੁੰਮਦੀਆਂ। ਹਰ ਕੁੜੀ ਦੀ ਨੰਗੀ ਪਿੱਠ ਚਮਕਦੀ। ਵੇਖ ਕੇ ਮੇਰਾ ਸਿਰ ਝੁਕ ਗਿਆ ਸੀ। ਪਰ ਪੰਡਾਲ ਵਿਚ ਬੈਠੀਆਂ ਪਿੰਡ ਦੀਆਂ ਕੁੜੀਆਂ-ਬੁੜ੍ਹੀਆਂ ਤੇ ਬੰਦੇ ਟੌਹਰ ਨਾਲ ਵੇਖ ਰਹੇ ਸਨ।

> ***ਕਿੱਡੀ ਵੱਡੀ ਭੁੱਲ ਕਰ ਗਿਆ ਹਾਂ। ਖੱਬੇ ਹੱਥ ਦੀ ਥਾਂ ਮੈਂ ਸੱਜੀ ਬਾਂਹ ਉਪਰ ਚੁੱਕੀ ਖੜ੍ਹਾ। ਸੱਜਾ ਹੱਥ ਤਾਂ ਮੇਰੇ ਹੈ ਹੀ ਨਹੀਂ। ਕੂਹਣੀ ਤੋਂ ਅਗਾਂਹ ਗੁੱਟ ਕੋਲ ਸਿਰਫ ਟੁੰਡ ਹੈ। ਹੱਥ ਤੋਂ ਬਗੈਰ। ਜੇ ਹੱਥ ਵੀ ਹੁੰਦਾ ਤਾਂ ਕਿਹੜਾ ਬਲਬ ਨੇ ਜਗਣਾ ਸੀ। ਬਿਜਲੀ ਦਾ ਕੁਨੈਕਸ਼ਨ ਕੱਟੇ ਨੂੰ ਤਾਂ ਕਿੰਨਾ ਹੀ ਚਿਰ ਹੋ ਗਿਆ ਹੈ। ਮੈਥੋਂ ਲਗਾਤਾਰ ਕਈ ਬਿਲ ਨਹੀਂ ਸੀ ਭਰ ਹੋਏ। ਬਿਜਲੀ ਵਾਲੇ ਤਾਰ ਕੱਟ ਗਏ ਸਨ। ਮੁੜਕੇ ਲਵਾ ਨਹੀਂ ਹੋਈ। ਓਦੋਂ ਦਾ ਘਰ ਵਿਚ ਦੀਵਾ ਹੀ ਜਗਦਾ ਹੈ।***

ਸਿੱਖਾਂ ਦੇ ਮੁੰਡੇ ਗੋਲਡੀ ਨੂੰ ਤਾਂ ਇਕ ਦਿਨ ਮੈਂ ਵੇਖਦਾ ਹੀ ਰਹਿ ਗਿਆ ਸੀ। ਉਹ ਮੂੰਹ-ਸਿਰ ਘੋਨੇ-ਮੋਨ ਕਰਵਾਈ ਫਿਰਦਾ ਸੀ। ਕੰਨਾਂ ਵਿਚ ਮੁੰਦਰਾਂ ਪਾਈ ਉਹ ਜਰਦੇ ਵਰਗੀ ਸੁਪਾਰੀ ਜਿਹੀ ਚੱਬ ਰਿਹਾ ਸੀ। ਜਦੋਂ ਮੈਂ ਪੁੱਛਿਆ, 'ਆਹ ਕੀ ਕਾਇਆ ਕਲਪ ਕਰਾਈ ਫਿਰਦੈਂ ਗੋਲਡੀ?'

'ਕਾਇਆ ਕਲਪ ਤਾਂ ਹੁਣ ਐਕਣੇ ਕਰਾਉਣੀ ਪੈਂਦੀ ਐ ਤਾਇਆ! ਤਾਂ ਹੀ ਕੋਈ ਕੁੜੀ-ਚਿੜੀ ਫਸਦੀ ਐ!' ਮੈਨੂੰ ਅੱਖ ਮਾਰ ਕੇ ਉਹ ਮੋਟਰ-ਸਾਈਕਲ 'ਤੇ ਹਵਾ ਹੋ ਗਿਆ ਸੀ।

ਕਲੱਬਾਂ ਵਾਲੇ ਮੁੰਡਿਆਂ ਦੀ ਬਹੁਤ ਹਵਾ ਵਿਗੜੀ ਹੋਈ ਹੈ। ਉਹ ਕਿਹੜਾ ਨਸ਼ਾ ਹੈ ਜਿਹੜਾ ਇਹ ਨਹੀਂ ਕਰਦੇ। ਉਹ ਕਿਹੜੀ ਕਰਤੂਤ ਹੈ ਜਿਸ ਵਿਚ ਉਨ੍ਹਾਂ ਦਾ ਹੱਥ ਨਹੀਂ ਹੁੰਦਾ। ਸਾਡੇ ਵਿਹੜੇ ਦੇ ਵੀ ਬਹੁਤੇ ਮੁੰਡੇ ਇਨ੍ਹਾਂ ਨਾਲ ਰਲੇ ਹੋਏ ਨੇ। ਸਰਪੰਚ ਦਾ ਮੁੰਡਾ ਸ਼ੈਂਟੀ ਸਾਰੇ ਲਸ਼ਕਰ ਦਾ ਮੋਹਰੀ ਹੈ। ਸਾਰੇ ਪਿੰਡ ਦੀ ਮੁੰਡੀਹਰ ਉਹਦੇ ਮਗਰ ਹੈ। ਉਹਦੀ ਪਿੱਠ ਪਿੱਛੇ ਸਰਪੰਚ ਤੇ ਸਰਪੰਚ ਦੀ ਪਿੱਠ ਪਿੱਛੇ ਇਲਾਕੇ ਦਾ ਮੰਤਰੀ ਹੈ। ਜ਼ਹਿਰ ਬੱਚੇ-ਬੱਚੇ ਦੀ ਨਸ-ਨਸ ਤੱਕ ਪਹੁੰਚ ਗਿਆ ਹੈ।

ਮੈਂ ਗੁਰਦੁਆਰੇ ਕੋਲ ਪਹੁੰਚ ਗਿਆ ਹਾਂ। ਨਿਸ਼ਾਨ ਸਾਹਿਬ 'ਤੇ ਲੱਗਿਆ ਮਰਕਰੀ ਬਲਬ ਜਗ ਰਿਹਾ ਸੀ। ਚੁਪਾਸੇ ਚੁੱਪ ਚਾਂ ਹੈ। ਸਾਹਮਣੇ ਭਾਈ ਜੀ ਦੇ ਘਰ ਦਾ ਦਰਵਾਜ਼ਾ ਬੰਦ ਹੈ। ਉਹ ਅੰਦਰ ਸੁੱਤਾ ਪਿਆ ਹੋਣੈ। ਹੋਈਆਂ-ਬੀਤੀਆਂ ਗੱਲਾਂ ਦਾ ਗੁੱਛਾ ਜਿਹਾ ਮੇਰੇ ਦਿਮਾਗ ਵਿਚ ਇਕੱਠਾ ਹੁੰਦਾ ਜਾ ਰਿਹਾ ਹੈ। ਮੈਂ ਗੁਰਦੁਆਰੇ ਦੇ ਗੇਟ ਮੋਹਰੇ ਖੜ੍ਹਾ ਹਾਂ। ਜਿੰਦਾ-ਕੁੰਡਾ ਖੋਲ੍ਹ ਕੇ ਦਰਵਾਜ਼ਾ ਖੋਲ੍ਹਿਆ ਹੈ। ਦੇਹਲੀ ਨੂੰ ਸੀਸ ਝੁਕਾਉਣ ਲਈ ਹੇਠਾਂ ਝੁਕਿਆ ਹਾਂ। ਦਰਦ ਨਾਲ ਮੇਰੀ ਜੀਭ ਦੰਦਾਂ ਹੇਠਾਂ ਆ ਗਈ ਹੈ। ਜ਼ਖਮਾਂ ਵਿਚੋਂ ਚੀਸ ਉਠੀ ਹੈ। ਜਲੇ ਹੋਏ ਮਾਸ ਤੇ ਬਰਨੌਲ ਦੀ ਗੰਧ ਨੱਕ ਵਿਚ ਆ ਵੜੀ ਹੈ। ਦੇਹਲੀ ਨੂੰ ਹੱਥ ਲਾ ਕੇ ਮਸਾਂ ਉਠਿਆ ਹਾਂ। ਪੱਗ ਦੀ ਢਿੱਲੀ ਹੋਈ ਬੁੱਕਲ ਠੀਕ ਕਰਨ ਲੱਗਿਆ। ਮੇਰੀ ਸੱਜੀ ਬਾਂਹ ਬਾਹਰ ਨਿਕਲ ਆਈ ਹੈ। ਮੇਰੀ ਨਜ਼ਰ ਹੱਥ-ਹੱਥ ਤੋਂ ਬਗੈਰ ਟੁੰਡ 'ਤੇ ਚਿਪਕ ਗਈ ਹੈ। ਟੁੰਡ ਵਲ ਵੇਖ ਕੇ ਮੈਂ ਫਿਰ ਦੇਹਲੀ ਵਲ ਨੂੰ ਝਾਕਿਆ ਹਾਂ। ਮੈਨੂੰ ਉਹੀ ਚੀਜ਼ਾਂ ਦਿਸਣ ਲੱਗ ਪਈਆ ਨੇ ਜੋ ਉਸ ਦਿਨ ਦਿਸੀਆਂ ਸਨ।

ਉਸ ਦਿਨ ਵੀ ਆਦਤ ਮੂਜਬ ਮੈਂ ਗੁਰਦੁਆਰੇ ਦਾ ਗੇਟ ਖੋਲ੍ਹਿਆ ਸੀ। ਦੇਹਲੀ ਨੂੰ ਸੀਸ ਝੁਕਾਉਣ ਲਈ ਜਿਉਂ ਹੀ ਹੇਠਾਂ ਝੁਕਿਆ। ਮੇਰੀ ਨਜ਼ਰ ਥਾਏਂ ਜੰਮ ਕੇ ਰਹਿ ਗਈ। ਐਡਾ ਬੜਾ ਕੁਫਰ! ਪਹਿਲਾਂ ਤਾਂ ਮੈਨੂੰ ਅੱਖਾਂ 'ਤੇ ਯਕੀਨ ਨਾ ਆਇਆ। ਜਦੋਂ ਮੈਂ ਦੁਬਾਰਾ ਵੇਖਿਆ ਤਾਂ ਉਹੀ ਮੰਜ਼ਰ ਸੀ। ਗੁਰਦੁਆਰੇ ਦੀ ਦੇਹਲੀ ਅੰਦਰ ਸਿਗਰਟਾਂ-ਬੀੜੀਆਂ ਡਿੱਗੀਆਂ ਪਈਆਂ ਸਨ। ਵੇਖਦਾ-ਵੇਖਦਾ ਮੈਂ ਹੇਠਾਂ ਬੈਠ ਗਿਆ। ਬੈਠਾ ਖਾਸਾ ਚਿਰ ਸੋਚਦਾ ਰਿਹਾ ਕਿ ਕੀ ਕਰਾਂ? ਪਹਿਲਾਂ ਤਾਂ ਮਨ ਵਿਚ ਆਈ ਕਿ ਉਚੀ ਉਚੀ ਰੌਲਾ ਪਾ ਦੇਵਾਂ। ਲੋਕ ਇਕੱਠੇ ਕਰ ਲਵਾਂ। ਪਰ ਅਗਲੇ ਹੀ ਪਲ ਮੈਂ ਇਹ ਖਿਆਲ ਤਿਆਗ ਦਿੱਤਾ ਕਿਉਂਕਿ ਕਾਰਗਿਲ ਦੀ ਲੜਾਈ ਦੇ ਦਿਨ ਸਨ। ਪਿੰਡ ਵਿਚ ਮੁਸਲਮਾਨਾਂ ਦਾ ਵੀ ਵਾਸਾ ਸੀ। ਕੁਝ ਚਿਰ ਸੋਚਣ ਮਗਰੋਂ ਮੇਰੇ ਦਿਮਾਗ ਵਿਚ ਇਕ ਨਵਾਂ ਹੀ ਖਿਆਲ ਆਇਆ। ਮੈਂ ਸਿਗਰਟਾਂ-ਬੀੜੀਆਂ ਨੂੰ ਚੁੱਕ ਕੇ ਚੁੱਪ-ਚਾਪ ਬਾਹਰ ਵਾੜਾਂ ਵਿਚ ਸਿੱਟ ਦੇਣ ਬਾਰੇ ਸੋਚਿਆ। ਦਰੀ ਤੋਂ ਸਾਰੀਆਂ ਚੀਜ਼ਾਂ ਸੁੰਭਰ ਕੇ ਮੈਂ ਸੱਜੇ ਹੱਥ 'ਤੇ ਰੱਖ ਲਈਆਂ।

'ਸ਼ਾਇਦ ਏਹਦੇ ਵਿਚ ਈ ਸਰਬੱਤ ਦਾ ਭਲਾ ਐ! ਸ਼ਾਇਦ ਏਹੀ ਧਰਮ ਐ!' ਸੋਚਦਾ ਹੋਇਆ ਜਿਉਂ ਹੀ ਮੈਂ ਵਾੜੇ ਵਲ ਨੂੰ ਤੁਰਿਆ ਪਤਾ ਨਹੀਂ ਕਿਧਰੋਂ ਇਕ ਤਲਵਾਰ ਲਿਸ਼ਕੀ। ਮੈਂ ਤਾਂ 'ਖੱਚ...ਚ...ਚ!' ਦੀ ਆਵਾਜ਼ ਹੀ ਸੁਣੀ। ਜਾਂ ਫਿਰ ਇਕ ਜਾਣੀ-ਪਛਾਣੀ ਜਿਹੀ ਆਵਾਜ਼, 'ਲੈ ਫੜ ਪਾਗਲਾ, ਹੋਰ ਬੋਲਿਆ ਕਰੀਂ ਹੁਣ!

ਧੁੰਦਲੀਆਂ ਨਜ਼ਰਾਂ ਨਾਲ ਮੈਂ ਸਰਪੰਚ ਦਾ ਮੁੰਡਾ ਸ਼ੈਂਟੀ ਭੱਜਿਆ ਜਾਂਦਾ ਵੇਖਿਆ। ਉਹਦੇ ਨਾਲ ਦੋ ਜਣੇ ਹੋਰ ਸਨ। ਤਲਵਾਰ ਥਾਏਂ ਸਿੱਟ ਉਹ ਹਨ੍ਹੇਰੇ ਵਿਚ ਅਲੋਪ ਹੋ ਗਏ ਸਨ। ਸਭ ਕੁਝ ਅੱਖ ਦੇ ਪਲਕਾਰੇ ਵਿਚ ਵਾਪਰਿਆ। ਨਿਸ਼ਾਨ ਸਾਹਿਬ ਦੇ ਮਰਕਰੀ ਬੱਲਬ ਦੇ ਚਾਨਣ ਵਿਚ ਮੇਰਾ ਵੱਢਿਆ ਹੱਥ ਧਰਤੀ 'ਤੇ ਪਿਆ ਤੜਫ ਰਿਹਾ ਸੀ। ਕੋਲ ਹੀ ਸਿਗਰਟਾਂ-ਬੀੜੀਆਂ ਖਿੰਡੀਆਂ ਪਈਆਂ ਸਨ। ਮੇਰੀ ਬਾਂਹ ਦੇ ਟੁੰਡ ਵਿਚੋਂ ਲਹੂ ਚੋਅ ਰਿਹਾ ਸੀ। ਕੁਝ ਚਿਰ ਤਾਂ ਮੈਂ ਅਸਮਾਨ ਪਾੜਵੀਆਂ ਚੀਕਾਂ ਮਾਰੀਆਂ। ਫਿਰ ਖੜ੍ਹੇ-ਖੜ੍ਹੇ ਮੈਨੂੰ ਪਤਾ ਨਹੀਂ ਕੀ ਹੋਇਆ। ਮੈਂ ਸਰੇ-ਮੈਦਾਨ ਬੀਹੀਆਂ ਵਿਚ ਭੱਜਣ ਲੱਗ ਪਿਆ, 'ਸਰਪੰਚ ਦੇ ਮੁੰਡੇ ਨੇ ਮੇਰਾ ਹੱਥ ਵੱਢ'ਤਾ ਓਏ! ਸਰਪੰਚ ਦੇ ਮੁੰਡੇ ਨੇ ਮੇਰਾ...!'

ਭੱਜਦਾ-ਭੱਜਦਾ ਪਤਾ ਨਹੀਂ ਕਦੋਂ ਬੇਹੋਸ਼ ਹੋ ਗਿਆ। ਜਦੋਂ ਸੁਰਤ ਆਈ, ਮੈਂ ਹਸਪਤਾਲ ਵਿਚ ਸੀ। ਮੇਰੀ ਬਾਂਹ 'ਤੇ ਪੱਟੀਆਂ ਕਰੀਆਂ ਹੋਈਆਂ ਸਨ। ਬਾਹਰ ਵਰਾਂਡੇ ਵਿਚ ਸਾਡੇ ਵਿਹੜੇ ਦੇ ਦੋ-ਤਿੰਨ ਬੰਦੇ ਖੜ੍ਹੇ ਸਨ। ਸਰਪੰਚ ਉਨ੍ਹਾਂ ਨੂੰ ਉਚੀ ਉਚੀ ਦੱਸ ਰਿਹਾ ਸੀ, 'ਇਹ ਸਿਗਰਟਾਂ-ਬੀੜੀਆਂ ਤਾਂ ਮੇਰੇ ਨਾਲ ਸੀਰੀ ਹੁੰਦਾ ਵੀ ਪੀਂਦਾ ਤੀ! ਊਂ ਉਪਰੋਂ ਪੂਰਾ ਗਿਆਨੀ-ਧਿਆਨੀ ਬਣਿਆ ਫਿਰਦਾ! ਤੜਕੇ ਸਾਝਰੇ ਈ ਗੁਰਦੁਆਰੇ ਜਾਂਦੈ! ਮੈਂ ਸੋਚਿਆ ਚਲੋ ਆਪਾਂ ਕੀ ਲੈਣਾ ਆਪੇ ਭਰੂ! ਆਹ ਕਈ ਦਿਨਾਂ ਤੋਂ ਤਾਂ ਸਭ ਨੇ ਈ ਸੁਣਿਐ! ਕਹਿੰਦਾ ਫਿਰਦਾ ਤੀ ਅਖੇ ਹੁਣ ਪਾਪਾਂ ਦਾ ਘੜਾ ਭਰ ਗਿਐ! ਪਰ ਕੀ ਪਤਾ ਤੀ ਬਈ ਭੁੱਲ ਬਖਸ਼ਾਉਣ ਲਈ ਇਹ ਆਹ ਕਾਰਾ ਵੀ ਕਰ ਸਕਦੈ!'

'ਆਹੋ ਜੀ ਪਾਗਲ ਦਾ ਕੀ ਐ! ਕੁਸ਼ ਵੀ ਕਰ ਸਕਦੈ!' ਵਿਹੜੇ ਦੇ ਬੰਦਿਆਂ ਵਿਚੋਂ ਮੇਰੇ ਭਾਈ ਦੀ ਆਵਾਜ਼ ਸਭ ਤੋਂ ਉਚੀ ਸੀ।

ਜੱਸੀ ਦੇ ਸਸਕਾਰ ਵੇਲੇ ਸਰਪੰਚ ਨੇ ਮੈਨੂੰ ਮੜ੍ਹੀਆਂ ਬਾਰੇ ਜੋ ਗੱਲ ਆਖੀ। ਉਹ ਮੈਂ ਆਪਣੇ ਭਾਈ ਨੂੰ ਦੱਸੀ ਸੀ। ਪਰ ਉਹ ਉਲਟਾ ਮੈਨੂੰ ਹੀ ਪਾਗਲ ਆਖਣ ਲੱਗ ਪਿਆ। ਪਾਗਲ ਸਮਝ ਕੇ ਹੀ ਕਿਸੇ ਨੇ ਮੈਨੂੰ ਮੁੜ ਕੇ ਸੀਰੀ ਨਹੀਂ ਰਲਾਇਆ ਪਰ ਮੈਨੂੰ ਸਾਰਾ ਪਿੰਡ ਪਾਗਲ ਜਾਪਦਾ ਹੈ। ਤਾਂ ਹੀ ਤਾਂ ਕਿਸੇ ਨੂੰ ਕੁਝ ਦਿਸਦਾ ਨਹੀਂ। ਕਿਸੇ ਨੂੰ ਕੁਝ ਸੁਣਦਾ ਨਹੀਂ। ਨਾ ਕੋਈ ਕੁਝ ਬੋਲਦਾ ਹੈ। ਮੈਂ ਗਲਤ ਹਾਂ ਜਾਂ ਸਹੀ, ਮੈਨੂੰ ਨਹੀਂ ਪਤਾ। ਮੈਨੂੰ ਤਾਂ ਸਰਪੰਚ ਦੀਆਂ ਸਾਰੀਆਂ ਅਗਲੀਆਂ-ਪਿਛਲੀਆਂ ਗਲਤ ਜਾਪਦੀਆਂ ਹਨ। ਉਹਨੇ ਮੇਰੇ ਪੈਸੇ ਦੱਬ ਲਏ। ਨਗਿੰਦਰ ਰਾਹੀਂ ਗੁਰਦੁਆਰੇ ਦਾ ਪੈਸਾ ਉਹ ਖਾਂਦਾ। ਪੰਚਾਇਤੀ ਜ਼ਮੀਨ ਉਹ ਖਾਂਦਾ। ਗਰਾਂਟਾਂ ਉਹ ਛਕਦਾ। ਕਿਸੇ ਦੀ ਧੀ-ਭੈਣ ਦਾ ਸਾਂਝਾ ਉਹ ਨਹੀਂ। ਭਾਈ ਜੀ ਨਾਲ ਰਲ ਕੇ ਗੁਰਦੁਆਰੇ ਵਿਚ ਵੀ ਖੇਹ ਖਾਂਦਾ ਹੈ। ਮੰਤਰੀ ਦੀਆਂ ਨੀਤੀਆਂ ਨਾਲ ਉਹਨੇ ਪਿੰਡ ਵਿਚ ਅੱਗੇ ਜਾ ਕੇ ਕੀ ਗੁਲ ਖਿਲਾਉਣੇ ਨੇ, ਇਹ ਕਿਸੇ ਨੂੰ ਨਹੀਂ ਦਿਸਦਾ। ਜਦੋਂ ਮੇਰੇ ਭਾਈ ਵਰਗਾ ਆਪਣੀ ਕੁੜੀ ਦੀ ਇੱਜ਼ਤ ਅਣਦੇਖੀ ਕਰ ਸਕਦੈ, ਹੋਰ ਤਾਂ ਕਿਸੇ ਨੇ ਵੇਖਣਾ ਹੀ ਕੀ ਹੈ। ਮੈਂ ਤਾਂ ਸਰਪੰਚ ਦੀ ਹਰ ਕਰਤੂਤ ਬਾਰੇ ਬੋਲਿਆ ਹਾਂ। ਪਰ ਹਰ ਕੋਈ ਮੇਰੀਆਂ ਗੱਲਾਂ ਨੂੰ ਪਾਗਲ ਦਾ ਮਗਜ਼ ਸਮਝਦੈ। ਹੁਣ ਮੈਨੂੰ ਵੇਖਣ ਸਾਰ ਹੀ ਅਗਲਾ ਪਰ੍ਹਾਂ ਨੂੰ ਤੁਰ ਪੈਂਦਾ ਹੈ।

'ਸਤਨਾਮ...!' ਦੇਹਲੀ ਨੂੰ ਸੀਸ ਨਿਵਾ ਕੇ ਮੈਂ ਗੁਰਦੁਆਰੇ ਅੰਦਰ ਨੂੰ ਤੁਰ ਪਿਆ ਹਾਂ। ਧੁਰ ਤੋਂ ਧੁਰ ਤੱਕ ਹਰ ਗੱਲ ਮੇਰੇ ਦਿਮਾਗ ਵਿਚ ਘੁੰਮ ਰਹੀ ਹੈ।

ਮੇਰੇ ਮੂਹਰੇ ਰੰਗਦਾਰ ਤੱਪੜ ਵਿਛਿਆ ਹੋਇਆ ਹੈ। ਉਸ 'ਤੇ ਤੁਰਦਾ-ਤੁਰਦਾ ਮੈਂ ਲੰਮੇ ਚੌੜੇ ਗੋਲਕ ਵਲ ਨੂੰ ਵਧ ਰਿਹਾ ਹਾਂ। ਉਹਦੇ ਪਿੱਛੇ ਮਹਾਰਾਜ ਦੀ ਹਜ਼ੂਰੀ ਹੈ। ਮੱਥਾ ਟੇਕ ਕੇ ਮੈਂ ਇਕ ਪਾਸੇ ਦਰੀਆਂ 'ਤੇ ਬੈਠ ਗਿਆ ਹਾਂ। ਕੰਧ 'ਤੇ ਟੰਗਿਆ ਘੰਟਾ ਅਜੇ ਸਵਾ ਤਿੰਨ ਵਜਾ ਰਿਹੈ। ਮੈਂ ਅੱਖਾਂ ਬੰਦ ਕਰਕੇ ਬੈਠ ਗਿਆ ਹਾਂ। ਪੂਰੇ ਹਾਲ ਵਿਚ ਸ਼ਾਂਤੀ ਪਸਰੀ ਪਈ ਹੈ। ਪਰ ਅੱਜ ਇਹ ਸ਼ਾਂਤੀ ਵੀ ਮੈਨੂੰ ਟੇਕ ਨਹੀਂ ਬਖਸ਼ ਰਹੀ। ਜ਼ਖਮਾਂ ਦੀ ਜਲਣ ਵਧਦੀ ਜਾ ਰਹੀ ਹੈ। ਜਿਉਂ ਹੀ ਉਹ ਘਟਨਾ ਅੱਖਾਂ ਮੂਹਰੇ ਆਉਂਦੀ ਹੈ, ਮੈਂ ਆਪਣੇ ਆਪ ਵਿਚ ਨਹੀਂ ਰਹਿੰਦਾ। ਮੈਨੂੰ ਲਗਦੈ ਹੁਣ ਵੀ ਮੈਂ ਆਪਣੇ ਆਪ ਵਿਚ ਨਹੀਂ। ਮੈਨੂੰ ਜਾਪ ਰਿਹੈ ਕਿ ਹੁਣ ਮੈਂ ਸੰਤੋਖ ਸਿੰਘ ਨਹੀਂ, ਕੁਝ ਹੋਰ ਹੀ ਹਾਂ। ਉਸ ਦਿਨ ਵੀ ਮੈਂ ਕੁਝ ਹੋਰ ਹੀ ਸੀ। ਮੈਂ ਸ਼ਹਿਰੋਂ ਦਿਹਾੜੀ ਲਾ ਕੇ ਮੁੜਿਆ ਸਾਂ। ਆਥਣ ਦਾ ਵਕਤ ਸੀ ਜਦੋਂ ਮੈਂ ਪੰਚਾਇਤ ਘਰ ਕੋਲ ਪਹੁੰਚਿਆ। ਪੰਡਾਲ ਵਿਚ ਲੋਕਾਂ ਦਾ ਇਕੱਠ ਸੀ। ਇਸ ਵਾਰੀ ਲੋਕਾਂ ਨੇ ਸਰਬਸੰਮਤੀ ਨਾਲ ਫਿਰ ਉਹੀ ਸਰਪੰਚ ਚੁਣਿਆ ਹੈ। ਸਰਪੰਚ ਨੇ ਲੋਕਾਂ ਦਾ ਧੰਨਵਾਦ ਕਰਨਾ ਸੀ। ਇਕੱਠ ਵੇਖ ਕੇ ਮੈਂ ਰੁਕ ਗਿਆ। ਸਰਪੰਚ ਦਾ ਮੂੰਹ ਵੇਖਣ ਸਾਰ ਮੇਰੇ ਦਿਮਾਗ ਨੂੰ ਖਿਝ ਚੜ੍ਹਨ ਲੱਗ ਪਈ। ਜਦੋਂ ਸਰਪੰਚ ਬੋਲਣ ਲਈ ਉਠਿਆ। ਮੇਰੇ ਮੂੰਹੋਂ ਅਜੀਬ ਜਿਹੀ ਆਵਾਜ਼ ਨਿਕਲਣ ਲੱਗ ਪਈ। ਮੂਹਰੇ ਖੜ੍ਹੇ ਲੋਕ ਮੇਰੇ ਵਲ ਝਾਕੇ। ਕਈ ਆਵਾਜ਼ਾਂ ਵੀ ਆਈਆਂ, 'ਆਹ ਲਓ। ਆ ਗਿਆ ਪਾਗਲ।'

ਪਰ ਕਿਸੇ ਦੀ ਪਰਵਾਹ ਕੀਤੇ ਬਗੈਰ ਮੈਂ ਇਕੱਠ ਵਿਚੋਂ ਅਗਾਂਹ ਨੂੰ ਵਧਣ ਲੱਗ ਪਿਆ। ਜਦੋਂ ਮੈਂ ਐਨ ਮੂਹਰੇ ਪਹੁੰਚ ਗਿਆ ਤਾਂ ਸਰਪੰਚ ਬੋਲਿਆ ਸੀ, 'ਜਿਵੇਂ ਮੈਂ ਪਹਿਲਾਂ ਤਨ, ਮਨ ਤੇ ਧਨ ਨਾਲ ਨਗਰ ਦੀ ਸੇਵਾ ਕੀਤੀ ਹੈ, ਹੁਣ ਵੀ ਮੈਂ ਸਹੁੰ ਖਾ ਕੇ ਕਹਿੰਨਾਂ ਕਿ...।'

'ਸੌਂਹਾਂ ਤਾਂ ਝੂਠੇ ਖਾਂਦੇ ਹੁੰਦੇ ਨੇ, ਇਹਨੂੰ ਪਛਾਣੋ ਲੋਕੋ, ਕਾਲਾ ਅੰਗਰੇਜ਼ ਐ ਇਹ ਕਾਲਾ ਅੰਗ...!' ਸਰਪੰਚ ਦੀ ਗੱਲ ਕੱਟ ਕੇ ਪਤਾ ਨਹੀਂ ਕਦੋਂ ਮੈਂ ਉਚੀ ਸਾਰੀ ਬੋਲ ਪਿਆ ਸੀ। ਪਰ ਮੇਰੀ ਗੱਲ ਪੂਰੀ ਨਹੀਂ ਸੀ ਹੋਈ। ਸ਼ੈਂਟੀ ਦੇ ਆੜੀਆਂ ਨੇ ਮੈਨੂੰ ਗਿੱਚੀ ਤੋਂ ਫੜ ਲਿਆ। ਫਿਰ ਧੂਹ ਕੇ ਪਰ੍ਹਾਂ ਨੂੰ ਲੈ ਗਏ ਸਨ। ਓਹਲੇ ਲਿਜਾ ਕੇ ਮੈਨੂੰ ਖਾਸਾ ਕੁੱਟਿਆ। ਜਿਉਂ ਜਿਉਂ ਉਨ੍ਹਾਂ ਮੈਨੂੰ ਕੁੱਟਿਆ, ਮੈਂ ਜ਼ਿਆਦਾ ਬੋਲਦਾ ਗਿਆ। ਮੇਰੇ ਹਰ ਬੋਲ ਨਾਲ ਸ਼ੈਂਟੀ ਦੇ ਅੰਦਰ ਕੁਝ ਹੋ ਰਿਹਾ ਸੀ। ਬਿੰਦ ਕੁ ਪਿੱਛੋਂ ਇਕ ਭੈਅ ਉਹਦੇ ਚਿਹਰੇ 'ਤੇ ਆ ਜਾਂਦਾ। ਉਹਦੀ ਸ਼ਕਲ ਜਮ੍ਹਾਂ ਹੀ ਸਰਪੰਚ ਵਰਗੀ ਹੈ। ਉਹਦੇ ਚਿਹਰੇ 'ਤੇ ਫੈਲਿਆ ਭੈਅ ਮੈਨੂੰ ਸਰਪੰਚ ਦੇ ਮੂੰਹ 'ਤੇ ਫੈਲ ਗਿਆ ਜਾਪਦਾ। ਉਹ ਭੈਅ ਕੁਰਸੀ ਦੀਆਂ ਲੱਤਾਂ ਲਈ ਖਤਰਨਾਕ ਸੀ ਤਾਂ ਹੀ ਤਾਂ ਖਤਰਨਾਕ ਜਿਹਾ ਚਿਹਰਾ ਬਣਾ ਕੇ ਸ਼ੈਂਟੀ ਨੇ ਆਖਿਆ ਸੀ, 'ਜਿਹੜਾ ਤੂੰ ਇਹ ਬੋਲਣੋਂ

*(ਬਾਕੀ ਅਗਲੇ ਸਫੇ 'ਤੇ)*

# ਸ਼ਹੀਦ ਭਗਤ ਸਿੰਘ ਬਾਰੇ ਕੁਝ ਸ਼ੰਕਾਵਾਂ ਅਤੇ ਫਿਕਰ

**ਪ੍ਰਤੀਕਰਮ**

**ਅਮਨਦੀਪ ਸਿੰਘ***

ਪੰਜਾਬ ਟਾਈਮਜ਼ 'ਚ 11 ਦਸੰਬਰ 2010 ਨੂੰ ਪ੍ਰੋ. ਹਰਪਾਲ ਸਿੰਘ ਪੰਨੂੰ ਦਾ ਲੇਖ 'ਭਗਤ ਸਿੰਘ ਬਾਰੇ ਕੁਝ ਸਵਾਲ' ਛਪਿਆ। ਜਾਣ ਕੇ ਖੁਸ਼ੀ ਹੋਈ ਕਿ 12 ਤੇ 13 ਅਕਤੂਬਰ ਨੂੰ ਜਿਸ ਮਕਸਦ ਲਈ ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ ਨੇ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਉਤੇ ਕਾਨਫਰੰਸ ਕਰਵਾਈ ਸੀ ਉਹ ਸਫਲ ਹੋਇਆ ਹੈ ਕਿਉਂਕਿ ਇਸ ਨੇ ਡਾ. ਪੰਨੂੰ ਜਿਹੇ ਵਿਦਵਾਨ ਦੇ ਮਨ ਵਿਚ ਅਜਿਹੇ ਪ੍ਰਸ਼ਨ ਪੈਦਾ ਕੀਤੇ ਜੋ ਉਨ੍ਹਾਂ ਨੇ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੇ ਕੀਤੇ। ਕਾਨਫਰੰਸ ਮੇਰੇ ਉਪਰਾਲਿਆਂ ਨਾਲ ਹੋਈ ਸੀ ਅਤੇ ਡਾ. ਪੰਨੂੰ ਦੇ ਪੇਪਰ ਤੋਂ ਪਿਛੋਂ ਮੇਰਾ ਉਠਾਇਆ ਇਕ ਪ੍ਰਸ਼ਨ ਹੀ ਸ਼ਾਇਦ ਉਨ੍ਹਾਂ ਦੀ ਬੇਚੈਨੀ ਦਾ ਬਾਇਸ ਬਣਿਆ। ਇਸ ਲਈ ਉਨ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਭਾਲਣ 'ਚ ਮਦਦ ਕਰਨਾ ਮੇਰਾ ਇਖਲਾਕੀ ਫਰਜ਼ ਹੈ।

ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜਿਵੇਂ ਕਿ ਡਾ. ਪੰਨੂੰ ਨੇ ਕਰੋਮੋਜ਼ੋਵ ਦੇ ਹਵਾਲੇ ਨਾਲ ਕਿਹਾ ਹੈ, 'ਸਾਨੂੰ ਸਾਡੇ ਸਵਾਲਾਂ ਦੇ ਸੰਤੋਸ਼ਜਨਕ ਉਤਰ ਸਾਡੇ ਜੀਵਨ ਕਾਲ ਵਿਚ ਹੀ ਮਿਲ ਜਾਣ, ਇਹ ਸਾਡੇ ਲਈ ਬੜੇ ਸੁਭਾਗ ਦੀ ਗੱਲ ਹੁੰਦੀ ਹੈ।' ਬਹੁਤ ਲੋਕ ਇਹ ਭਰਮ ਪਾਲੀ ਰੱਖਦੇ ਹਨ ਕਿ ਉਨ੍ਹਾਂ ਨੂੰ ਤਾਂ ਸਭ ਕੁਝ ਪਤਾ ਹੈ ਪਰ ਜਦੋਂ ਕਿਸੇ ਹੋਰ ਨੂੰ ਸਮਝਾਉਣ ਜਾਂਦੇ ਹਨ ਤਾਂ ਪਤਾ ਲੱਗਦਾ ਹੈ ਕਿ ਦੂਸਰਿਆਂ ਨੂੰ ਤਾਂ ਗੱਲ ਸਮਝ ਹੀ ਨਹੀਂ ਪੈ ਰਹੀ। ਇਸ ਦਾ ਕੀ ਕਾਰਨ ਹੈ? ਇਸ ਦਾ ਕਾਰਨ ਸਾਡੇ ਨਜ਼ਰੀਏ ਵਿਚਲਾ ਫਰਕ ਹੈ। ਕਿਸੇ ਸਿੱਖ ਕੋਲੋਂ ਸਵਾਲ ਪੁੱਛੋ ਤਾਂ ਉਹ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਰਾਹੀਂ ਉਤਰ ਦੇਵੇਗਾ ਕਿਉਂਕਿ ਉਸ ਲਈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੀ ਆਖਰੀ ਸੱਚ ਹੈ। ਪਰ ਸਾਹਮਣੇ ਖੜ੍ਹਾ ਬੰਦਾ ਤਾਂ ਆਪਣਾ ਆਖਰੀ ਸੱਚ ਕੁਰਾਨ, ਗੀਤਾ ਜਾਂ 'ਕੈਪੀਟਲ' ਨੂੰ ਮੰਨ ਕੇ ਚੱਲ ਰਿਹਾ ਹੋ ਸਕਦਾ ਹੈ। ਉਸ ਨੂੰ ਸਮਝ ਆਵੇ ਤਾਂ ਆਵੇ ਕਿਵੇਂ? ਇਸ ਲਈ ਮੇਰਾ ਦਾਅਵਾ ਨਹੀਂ ਕਿ ਡਾ. ਪੰਨੂੰ ਦੇ ਪ੍ਰਸ਼ਨਾਂ ਦਾ ਢੁਕਵਾਂ ਉਤਰ ਦੇ ਸਕਾਂਗਾ। ਹਾਂ, ਉਨ੍ਹਾਂ ਬਾਰੇ ਆਪਣਾ ਨਜ਼ਰੀਆ ਜ਼ਰੂਰ ਬਿਆਨ ਕਰਾਂਗਾ।

ਡਾ. ਪੰਨੂੰ ਨੇ ਇਕ ਸਵਾਲ ਸਭ ਤੋਂ ਵੱਧ ਸ਼ਿੱਦਤ ਨਾਲ ਵਾਰ-ਵਾਰ ਕੀਤਾ ਹੈ ਕਿ ਕੀ ਉਨ੍ਹਾਂ ਨੂੰ ਭਗਤ ਸਿੰਘ ਦੀ ਕਦਰ ਕਰਨ ਦਾ ਵੀ ਹੱਕ ਨਹੀਂ? ਕੀ ਉਹ ਆਪਣੀ ਮਨਮਰਜ਼ੀ ਦੀ ਛਵੀ ਵਿਚ ਭਗਤ ਸਿੰਘ ਦੀ ਤਸਵੀਰ ਆਪਣੇ ਘਰੇ ਨਹੀਂ ਲਾ ਸਕਦੇ? ਕੀ ਮਾਰਕਸ ਦੇ ਉਪਾਸ਼ਕ ਬਣੇ ਬਿਨਾਂ ਭਗਤ ਸਿੰਘ ਨੂੰ ਪਿਆਰ ਨਾਲ ਯਾਦ ਨਹੀਂ ਕੀਤਾ ਜਾ ਸਕਦਾ? ਇਹ ਸਵਾਲ ਹਰ ਕਿਸਮ ਦੀ ਕੱਟੜਵਾਦੀ ਸੋਚ ਨੂੰ ਚੁਣੌਤੀ ਦਿੰਦਾ ਹੈ। ਭਗਤ ਸਿੰਘ ਦੀ ਪੱਗ ਵਾਲੀ ਤਸਵੀਰ ਦਾ ਪਾਰਲੀਮੈਂਟ ਵਿਚ ਲੱਗਣਾ ਤਾਂ ਹਜ਼ਰਤ ਮੁਹੰਮਦ ਦੀ ਬੁੱਤ ਪੂਜਾ ਵਰਗਾ ਗੁਨਾਹ ਹੋ ਨਿੱਬੜਿਆ!

ਕੀ ਆਪਣੇ ਆਪ ਨੂੰ ਮਾਰਕਸਵਾਦੀ ਕਹਾਉਣ ਵਾਲੇ ਵੀ ਇੰਨੇ ਮੁਤੱਸਬੀ ਹੋ ਸਕਦੇ ਹਨ? ਇਨ੍ਹਾਂ ਸਵਾਲਾਂ ਤੋਂ ਪਹਿਲਾਂ ਮੈਂ ਮਹਾਤਮਾ ਬੁੱਧ ਦਾ ਜ਼ਿਕਰ ਕਰਾਂਗਾ। ਉਨ੍ਹਾਂ ਸਖਤੀ ਨਾਲ ਬੁੱਤ ਪੂਜਾ ਦਾ ਖੰਡਨ ਕੀਤਾ। ਉਨ੍ਹਾਂ ਦਾ ਸਾਰਾ ਜ਼ੋਰ ਮਨ ਨੂੰ ਸਮਝਣ ਅਤੇ ਇਸ 'ਤੇ ਕਾਬੂ ਪਾਉਣ ਉਤੇ ਹੈ ਪਰ ਉਨ੍ਹਾਂ ਦੇ ਸ਼ਰਧਾਲੂਆਂ ਨੇ ਸ਼ਰਧਾਵੱਸ ਉਨ੍ਹਾਂ ਦੀਆਂ ਹੀ ਮੂਰਤੀਆਂ ਬਣਾ ਧਰੀਆਂ। ਕੀ ਉਹ ਮਹਾਤਮਾ ਬੁਧ ਦੇ ਵਿਚਾਰਾਂ 'ਤੇ ਅਮਲ ਕਰ ਸਕੇ, ਕੀ ਉਹ ਮੂਰਤੀ ਪੂਜਕ ਮਹਾਯਾਨੀ ਆਪਣੇ ਮਨ ਉਤੇ ਕਾਬੂ ਪਾ ਸਕੇ ਅਤੇ ਕੀ ਇਸ ਧਰਮ ਵਿਚ ਕੋਈ ਹੋਰ ਬੁਧ ਪੈਦਾ ਹੋ ਸਕਿਆ? ਬੁਧ ਦੀ ਪੂਜਾ ਹੀ ਹੋਰ ਬੁੱਧ ਦੇ ਪੈਦਾ ਹੋਣ ਦੇ ਰਾਹ ਵਿਚ ਸਭ ਤੋਂ ਵੱਡੀ ਰੋਕ ਹੈ। ਇਸੇ ਤਰ੍ਹਾਂ ਭਗਤ ਸਿੰਘ ਦੀ ਪੂਜਾ ਵੀ ਉਸ ਦੇ ਵਿਚਾਰਾਂ ਦੀ ਮੌਤ ਹੋ ਨਿੱਬੜੇਗੀ।

ਜਿਸ ਵਿਅਕਤੀ ਵਿਚ ਅਸੀਂ ਸ਼ਰਧਾ ਰੱਖਦੇ ਹਾਂ ਜਾਂ ਤਾਂ ਉਸ ਵਰਗੇ ਹੋ ਜਾਂਦੇ ਹਾਂ ਜਾਂ ਉਸ ਨੂੰ ਆਪਣੇ ਵਰਗਾ ਬਣਾ ਲੈਂਦੇ ਹਾਂ। ਇਥੇ ਜਸਵੰਤ ਜ਼ਫਰ ਦੀ ਕਵਿਤਾ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਯਾਦ ਆਉਂਦੀ ਹੈ ਕਿ ਸਾਡੇ ਘਰਾਂ ਦੀਆਂ ਕੰਧਾਂ ਬਾਗੀ ਵਿਚਾਰਾਂ ਵਾਲੇ ਨਾਨਕ ਦਾ ਬੋਝ ਨਹੀਂ ਝੱਲ ਸਕਦੀਆਂ ਕਿਉਂਕਿ ਇਸ ਲਈ ਤਾਂ ਅੰਦਰੋਂ ਬਦਲਨਾ ਪਵੇਗਾ, ਕਿੱਥੇ ਠਹਿਰਨਗੇ ਸਾਡੇ ਨਿੱਜ ਦੀਆਂ ਕੰਧਾਂ 'ਤੇ ਖੜ੍ਹੇ ਕੀਤੇ ਘਰ। ਸਾਡੇ ਲਈ ਤਾਂ ਫੇਅਰ ਐਂਡ ਲਵਲੀ ਚੀਕਸ ਵਾਲੇ ਪੁੱਤਰਾਂ ਦੀਆਂ ਦਾਤਾਂ ਅਤੇ ਨੋਟਾਂ ਦੀਆਂ ਵੇਲਾਂ ਦੇਣ ਵਾਲੇ ਗੁਰੂ ਨਾਨਕ ਦੀ ਤਸਵੀਰ ਹੀ ਠੀਕ ਹੈ। ਤੇ ਅਸੀਂ ਨਾਨਕ ਨੂੰ ਆਪਣੇ ਵਰਗਾ ਕਰ ਲਿਆ। ਅਜਿਹਾ ਨਾ ਬੁੱਧ ਨਾਲ ਹੋਣਾ ਚਾਹੀਦਾ ਸੀ, ਨਾ ਨਾਨਕ ਨਾਲ ਅਤੇ ਨਾ ਭਗਤ ਸਿੰਘ ਨਾਲ।

ਭਗਤ ਸਿੰਘ ਨੂੰ ਪਿਆਰ ਨਾਲ ਯਾਦ ਕਰਨ ਲਈ ਮਾਰਕਸੀ ਵਿਚਾਰਾਂ ਨੂੰ ਅਪਨਾਉਣ ਦੀ ਲੋੜ ਨਹੀਂ ਪਰ ਜੇ ਸਿਰਫ ਉਸ ਨੂੰ ਯਾਦ ਕਰਨ ਤੱਕ ਹੀ ਰਹੋ। ਜੇ ਉਸ ਨੂੰ ਸਮਝਣ ਤੁਰ ਪਏ ਤਾਂ ਉਹ ਤੁਹਾਨੂੰ ਅੰਦਰੋਂ ਬਦਲ ਕੇ ਹੀ ਰਹੇਗਾ, ਤੇ ਉਦੋਂ ਸ਼ਾਇਦ ਤੁਹਾਨੂੰ ਇਹ ਸਵਾਲ ਪੁੱਛਣ ਦੀ ਲੋੜ ਹੀ ਨਾ ਪਵੇ।

ਇੱਕ ਹੋਰ ਬੜਾ ਅਹਿਮ ਸਵਾਲ ਹੈ, ਕੀ ਭਗਤ ਸਿਘ ਦੇ ਨਾਂ 'ਤੇ ਸਿਆਸਤ ਕਰਨ ਦਾ ਹੱਕ ਕੇਵਲ ਮਾਰਕਸੀਆਂ ਨੂੰ ਹੈ? ਸਪਸ਼ਟ ਕਰ ਲੈਣਾ ਚਾਹੀਦਾ ਹੈ ਕਿ ਸਿਆਸਤ ਤੋਂ ਸਾਡਾ ਕੀ ਅਰਥ ਹੈ? ਜੇ ਸਿਆਸਤ ਤੋਂ ਭਾਵ ਨਿਜੀ ਹਿਤ ਪਾਲਣਾ ਅਤੇ ਲੁੱਟਣ ਦੇ ਮੌਕੇ ਹਾਸਲ ਕਰਨਾ ਹੈ ਤਾਂ ਅਜਿਹੀ ਸਿਆਸਤ ਭਗਤ ਸਿੰਘ ਦੇ ਨਾਂ 'ਤੇ



ਕਰਨ ਦਾ ਹੱਕ ਨਾ ਕਾਂਗਰਸੀਆ ਨੂੰ ਹੈ ਅਤੇ ਨਾ ਮਰਕਸੀਆਂ ਨੂੰ। ਪਰ ਜੇ ਸਿਆਸਤ ਸਮਾਜਿਕ ਤਬਦੀਲੀ ਲਈ ਹੈ ਤਾਂ ਭਗਤ ਸਿੰਘ ਜਿਸ ਇਨਕਲਾਬ ਦਾ ਨਿਸ਼ਾਨ ਬਣ ਜਾਣ ਲਈ ਫਾਂਸੀ 'ਤੇ ਚੜ੍ਹਿਆ, ਉਸ ਦੀ ਗੱਲ ਕਰਨ ਵਾਲੀ ਹਰ ਧਿਰ ਦਾ ਇਹ ਹੱਕ ਨਹੀ ਫਰਜ਼ ਹੈ ਕਿ ਭਗਤ ਸਿੰਘ ਦੇ ਛੱਡੇ ਉਸ ਨਿਸ਼ਾਨ ਨੂੰ ਵਰਤੇ ਜਿਸ ਨੂੰ ਕਾਇਮ ਕਰਨ ਲਈ ਉਹ ਆਪਾ ਵਾਰ ਗਿਆ ਸੀ।

ਸਵਾਲ ਹੈ ਕਿ ਗਾਂਧੀ ਨੂੰ ਛੱਡ ਕੇ ਕਾਂਗਰਸੀ, ਸਾਵਰਕਰ ਨੂੰ ਛੱਡ ਕੇ ਭਾਜਪਾਈ ਅਤੇ ਲੈਨਿਨ ਨੂੰ ਛੱਡ ਕੇ ਰੂਸ ਅਤੇ ਚੀਨ ਤੋਂ ਉਤਰੇ ਮਾਰਕਸਵਾਦੀ ਕਿਉਂ ਭਗਤ ਸਿੰਘ ਦੀ ਸਿਆਸਤ ਕਰਨ 'ਤੇ ਤੁਲੇ ਹੋਏ ਹਨ? ਇਹੋ ਵਰਤਾਰਾ ਕਦੇ ਗੁਰੂ ਗੋਬਿੰਦ ਸਿੰਘ ਨਾਲ ਹੁੰਦਾ ਹੈ ਅਤੇ ਕਦੇ ਗੁਰੂ ਨਾਨਕ ਨਾਲ। ਕਾਰਨ ਲੋਕਾਈ ਵਿਚ ਇਨ੍ਹਾਂ ਨਾਇਕਾਂ ਦੀ ਮਕਬੂਲੀਅਤ ਹੈ। ਲੋਕ ਇਨ੍ਹਾਂ ਨਾਇਕਾਂ ਨਾਲ ਸਿਧਾਂਤਕ ਤੌਰ 'ਤੇ ਨਹੀਂ ਭਾਵਨਾਤਮਕ ਤੌਰ 'ਤੇ ਜੁੜੇ ਹੋਏ ਹਨ ਅਤੇ ਸਹਿਜੇ ਹੀ ਇਹ ਭਰੋਸਾ ਕਰ ਲੈਂਦੇ ਹਨ ਕਿ ਇਨ੍ਹਾਂ ਨਾਇਕਾਂ ਦੇ ਨਾਮ ਲੇਵਾ ਅਸਲ ਵਿਚ ਉਨ੍ਹਾਂ ਦੇ ਵਿਚਾਰਾਂ ਦੇ ਧਾਰਨੀ ਵੀ ਹਨ। ਇਹ ਵਰਤਾਰਾ ਦੁਕਾਨਾਂ ਵਿਚ ਲੱਗੀਆਂ ਤਸਵੀਰਾਂ ਤੋਂ ਲੈ ਕੇ ਟੀ. ਵੀ. ਉਤੇ ਦਿਖਾਈਆਂ ਜਾਂਦੀਆਂ ਮਸ਼ਹੂਰੀਆਂ ਤੱਕ ਬ-ਦਸਤੂਰ ਜਾਰੀ ਹੈ। ਜਦੋਂ ਅਮਿਤਾਭ ਬੱਚਨ ਬੁਢਾਪੇ ਵਿਚ ਵੀ ਆਪਣੀ ਤੰਦਰੁਸਤੀ ਦਾ ਰਾਜ਼ ਡਾਬਰ ਦੇ ਚਵਨਪ੍ਰਾਸ਼ ਨੂੰ ਦੱਸਦਾ ਹੈ, ਐਕਟਰ ਰਣਬੀਰ ਕਪੂਰ ਪੈਪਸੀ ਪੀਣ ਵਾਲਿਆਂ ਨੂੰ ਯੰਗਿਸਤਾਨ ਦੇ ਵਾਸੀ ਬਣਾਉਂਦਾ ਹੈ, ਜਾਂ ਸਚਿਨ ਕ੍ਰਿਕਟ ਵਿਚ ਆਪਣੀ ਕਾਮਯਾਬੀ ਦਾ ਸਿਹਰਾ ਐਡੀਡਾਸ ਦੇ ਜੁੱਤਿਆਂ ਨੂੰ ਦਿੰਦਾ ਹੈ ਤਾਂ ਸਾਨੂੰ ਤਰਕਹੀਣ ਢੰਗਾਂ ਨਾਲ ਮੂਰਖ ਬਣਾਇਆ ਜਾ ਰਿਹਾ ਹੁੰਦਾ ਹੈ। ਇਨ੍ਹਾਂ ਵਿਚੋਂ ਹਰ ਸ਼ਖਸ ਆਪਣੀ ਕਿਸੇ ਨਾ ਕਿਸੇ ਖੂਬੀ ਕਰਕੇ ਲੋਕਾਈ ਵਿਚ ਪ੍ਰਵਾਨਿਤ ਹੈ ਅਤੇ ਉਸ ਨਾਲ ਜੁੜ ਕੇ ਕਈ ਪ੍ਰੋਡਕਟ ਵੀ ਪ੍ਰਵਾਨਤ ਹੋ ਗਏ ਹਨ। ਇਸੇ ਤਰ੍ਹਾਂ ਦੀ ਪ੍ਰਵਾਨਗੀ ਸਿਆਸੀ ਪਾਰਟੀਆਂ ਆਪਣੇ ਆਪ ਨੂੰ ਧਾਰਮਿਕ ਅਤੇ ਇਤਿਹਾਸਕ ਨਾਇਕਾਂ ਨਾਲ ਜੋੜ ਕੇ ਹਾਸਲ ਕਰਦੀਆਂ ਹਨ। ਜਿਵੇਂ ਅਮਿਤਾਭ ਦੀ ਤੰਦਰੁਸਤੀ ਨਾਲ ਡਾਬਰ ਦਾ ਮੇਲ ਅਤੇ ਸਚਿਨ ਨਾਲ ਜੁੱਤਿਆਂ ਦਾ ਮੇਲ ਕੁਝ ਤਰਕ ਸੰਗਤ ਹੈ। ਪਰ ਸਚਿਨ ਨਾਲ ਪੈਪਸੀ ਜਾਂ ਸ਼ਾਹਰੁਖ ਨਾਲ ਕਿਸੇ ਕਾਰ ਦਾ ਮੇਲ ਪੂਰੀ ਤਰ੍ਹਾਂ ਤਰਕਹੀਣ ਹੈ, ਇਸੇ ਤਰ੍ਹਾਂ ਸਿਆਸੀ ਪਾਰਟੀਆਂ ਵੀ ਆਪਣੇ ਸਿਆਸੀ ਮਨੋਰਥਾਂ ਮੁਤਾਬਕ ਕਿਸੇ ਨਾਇਕ ਨਾਲ ਢੁਕਵੀਆਂ ਅਤੇ ਕਿਸੇ ਨਾਲ ਬਿਲਕੁਲ ਬੇਮੇਲ ਹਨ। ਪਰ ਲੋਕਾਂ ਦੀ ਭਾਵਨਾਤਮਕਤਾ ਸਾਂਝ ਦੋਹਾਂ ਹਾਲਤਾਂ ਵਿਚ ਉਨ੍ਹਾਂ ਲਈ ਸਹਾਇਕ ਸਿੱਧ ਹੁੰਦੀ ਹੈ।

ਹੁਣ ਆਖਰੀ ਸਵਾਲ ਰਿਹਾ, ਸਟੇਟ ਦੀ ਸਹਾਇਤਾ ਨਾਲ ਸਟੇਟ ਦੀ ਨਿਖੇਧੀ ਕਰਨ ਦਾ, ਤਾਂ ਮੈਂ ਪਾਠਕਾਂ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਭਾਰਤੀ ਰਾਜ ਦਾ ਇਕ ਟੀਚਾ ਸਮਾਜਵਾਦ ਦਾ ਵੀ ਹੈ। ਜੇ ਲੋਕਤੰਤਰ, ਧਰਮ, ਮਨੁੱਖੀ ਅਧਿਕਾਰ ਅਤੇ ਸੰਪਰਦਾਇਕਤਾ ਦੇ ਮੁੱਦਿਆਂ ਤੇ ਵਿਚਾਰ-ਚਰਚਾ ਕਰਨ ਲਈ ਸਟੇਟ ਦੀ ਸਹਾਇਤਾ ਲਈ ਜਾ ਸਕਦੀ ਹੈ ਤਾਂ ਸਮਾਜਵਾਦ ਅਤੇ ਬਗਾਵਤ ਦੇ ਪ੍ਰਤੀਕ ਭਗਤ ਸਿੰਘ ਉਤੇ ਵਿਚਾਰ-ਚਰਚਾ ਕਰਨ ਲਈ ਕਿਉਂ ਨਹੀ? ਸ਼ਾਇਦ ਡਾ. ਪੰਨੂੰ ਨੂੰ ਲੱਗਦਾ ਹੈ ਕਿ ਅਜਿਹਾ ਕਰਨ ਨਾਲ ਸਟੇਟ ਦੇ ਹੱਥ ਮਜ਼ਬੂਤ ਹੁੰਦੇ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਨਾਲ ਲੋਕਾਂ ਨੂੰ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਮੌਕਾ ਮਿਲਦਾ ਹੈ ਅਤੇ ਬਕੌਲ ਭਗਤ ਸਿਘ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ।

ਰਹੀ ਗੱਲ ਭਗਤ ਸਿੰਘ ਅਤੇ ਬੋਸ ਹੁਰਾਂ ਵੱਲੋਂ ਕਦੇ ਸਰਕਾਰੀ ਸਹਾਇਤਾ ਨਾ ਲੈਣ ਦੀ, ਤਾਂ ਮੈਂ ਯਾਦ ਦਵਾਉਣਾ ਚਾਹੁੰਦਾ ਹਾਂ ਕਿ ਅਸੀਂ ਭਗਤ ਸਿੰਘ ਨਹੀਂ ਹਾਂ। ਇਸ ਤੋਂ ਵੀ ਵੱਧ ਕੇ ਅਸੀਂ ਦੋਵੇਂ ਸਟੇਟ ਦੇ ਨੌਕਰ ਹਾਂ। ਪਰ ਇਸ ਦੇ ਨਾਲ ਨਾਲ ਭਾਰਤ ਦੇ ਨਾਗਰਿਕ ਵੀ ਹਾਂ ਜਿਨ੍ਹਾਂ ਨੂੰ ਸੰਵਿਧਾਨ ਨੇ ਬੋਲਣ ਅਤੇ ਲਿਖਣ ਦੀ ਆਜ਼ਾਦੀ ਦਿੱਤੀ ਹੈ।

ਹਰ ਕੋਈ ਭਗਤ-ਸਰਾਭਾ ਨਹੀਂ ਹੁੰਦਾ ਪਰ ਕੀ ਉਸ ਤੋਂ ਘੱਟ ਰਹਿ ਕੇ ਸਮਾਜ ਦੀ ਬਿਹਤਰੀ ਲਈ ਸੋਚਿਆ ਹੀ ਨਹੀਂ ਜਾ ਸਕਦਾ? ਕੀ ਭਗਤ ਸਿੰਘ ਦੇ ਬੌਧਿਕ ਪੱਧਰ ਤੱਕ ਨਾ ਪਹੁੰਚ ਸਕਣ ਵਾਲੇ ਪਰ ਲੋਕਾਈ ਦੇ ਹੱਕਾਂ ਲਈ ਲਿਖਣ ਵਾਲੇ ਬੁੱਧੀਜੀਵੀਆਂ, ਫਾਂਸੀ ਨਾ ਚੜ੍ਹਨ ਵਾਲੇ ਪਰ ਲੋਕ ਲਹਿਰ ਦੇ ਜਲਸਿਆਂ ਹੜਤਾਲਾਂ ਵਿਚ ਹਿੱਸਾ ਲੈਣ ਵਾਲੇ ਕਾਮਿਆਂ, ਭਗਤ ਸਿੰਘ ਨਾ ਸਹੀ ਆਪਣੇ ਆਪਣੇ ਬੱਚਿਆਂ ਨੂੰ ਜ਼ਿੰਮੇਦਾਰ ਨਾਗਰਿਕ ਬਣਾਉਣ ਵਾਲੀਆਂ ਮਾਂਵਾਂ ਦਾ ਸਮਾਜ ਵਿਚ ਕੋਈ ਰੋਲ ਨਹੀਂ ਹੁੰਦਾ? ਨਾ ਯੂਨੀਵਰਸਿਟੀਆਂ ਅਤੇ ਨਾ ਹੀ ਹੋਰ ਸਰਕਾਰੀ ਅਦਾਰੇ ਕਿਸੇ ਰਾਜ ਜਾਂ ਕਿਸੇ ਸਰਕਾਰ ਨੇ ਪੈਦਾ ਕੀਤੇ ਹਨ। ਇਨ੍ਹਾਂ ਦਾ ਨਿਰਮਾਣ ਲੋਕਾਈ ਦੇ ਪੈਦਾ ਕੀਤੇ ਗਏ ਸਰਮਾਏ ਨਾਲ ਹੋਇਆ ਹੈ। ਹੁਣ ਲੋਕਾਂ ਦੇ ਅਧਿਕਾਰਾਂ ਦੀ ਹਾਮੀ ਭਰਦੀ ਭਗਤ ਸਿੰਘ ਦੀ ਵਿਚਾਰਧਾਰਾ ਉਤੇ ਚਰਚਾ ਕਰਨ ਲਈ ਲੋਕਾਂ ਦੇ ਪੈਸੇ ਦੀ ਵਰਤੋਂ ਕਰਨਾ ਸਹੀ ਹੈ ਜਾਂ ਗਲਤ ਇਸ ਦਾ ਨਿਰਣਾ ਆਪਣੇ ਡਾ. ਹਰਪਾਲ ਸਿੰਘ ਪੰਨੂ ਅਤੇ ਪਾਠਕਾਂ ਉਤੇ ਛੱਡਦਾ ਹਾਂ।

*ਫੋਨ: 91-97813-40501
email:aman60.sekhon@gmil.com

# ਪੈੜ-ਚਾਲ

(ਪਿਛਲੇ ਸਫੇ ਤੋਂ ਜਾਰੀ)

ਨੀ ਹਟਦਾ ਪਾਗਲਾ! ਦੇਖਦਾ ਜਾਈਂ ਤੈਨੂੰ ਹੁਣ ਜਮ੍ਹਾਂ ਈ ਪਾਗਲ ਕਰੂੰ।'

'ਪਾ...ਅ...ਗ...ਲ!'

ਸ਼ੈਂਟੀ ਦੇ ਇਸ਼ਾਰੇ 'ਤੇ ਸਿੱਖਾਂ ਦੇ ਗੋਲਡੀ ਨੇ ਮੇਰੀ ਦਾੜ੍ਹੀ ਪੱਟ ਦਿੱਤੀ ਸੀ।

ਕੱਲ੍ਹ ਬੱਸ ਅੱਡੇ 'ਤੇ ਖੜ੍ਹੇ ਦਾ ਮੇਰਾ ਹੱਥ ਆਪ ਮੁਹਾਰੇ ਦਾੜੀ 'ਤੇ ਚਲਿਆ ਗਿਆ ਸੀ। ਸੜਕ ਤੋਂ ਦੀ ਗੋਲਡੀ ਤੇ ਸ਼ੈਂਟੀ ਲੰਘੇ ਜਾ ਰਹੇ ਸਨ। ਸਵੇਰੇ ਨੌਂ ਕੁ ਵਜੇ ਦਾ ਵਕਤ ਸੀ। ਮੈਂ ਦਵਾਈ ਲੈਣ ਸ਼ਹਿਰ ਜਾਣਾ ਸੀ। ਨਾਲੇ ਪ੍ਰਕਾਸ਼ ਕਿੰਦਣ ਦੀ ਭਿੰਦਰ ਨੂੰ ਯਾਦ ਕਰਦੀ ਸੀ। ਜੇਲ੍ਹ ਵਿਚੋਂ ਉਹਦੀ ਵੀ ਖਬਰਸਾਰ ਲਿਆਉਣੀ ਸੀ। ਜਦੋਂ ਗਰਭਪਾਤ ਵੇਲੇ ਜੱਸੀ ਦੀ ਮੌਤ ਹੋਈ। ਉਹਦੇ ਸਸਕਾਰ ਤੋਂ ਪਹਿਲਾਂ ਹੀ ਘਰੋਂ ਭੱਜਿਆ ਭਿੰਦਰ ਮੁੜ ਕਦੇ ਨਾ ਆਇਆ। ਜੱਸੀ ਦਾ ਪ੍ਰਾਹੁਣਾ ਨੇੜੇ ਹੀ ਸ਼ਹਿਰ ਵਿਚ ਇਕ ਧਾਗਾ ਮਿੱਲ ਵਿਚ ਕੰਮ ਕਰਦਾ ਸੀ। ਭਿੰਦਰ ਨੇ ਉਹਦੇ ਆਉਣ-ਜਾਣ ਦੀ ਸੂਹ ਰੱਖੀ। ਇਕ ਦਿਨ ਜਦੋਂ ਪ੍ਰਾਹੁਣਾ ਆਪਣੇ ਸਾਈਕਲ 'ਤੇ ਘਰ ਨੂੰ ਆ ਰਿਹਾ ਸੀ, ਰਾਹ ਵਿਚ ਭਿੰਦਰ ਨੇ ਘੇਰ ਲਿਆ। ਉਹਦੇ ਹੱਥ ਵਿਚ ਨਲਕੇ ਦੀ ਡੰਡੀ ਸੀ। ਸਿਰ ਵਿਚ ਮਾਰ-ਮਾਰ ਪ੍ਰਾਹੁਣਾ ਉਹਨੇ ਜਾਨੋਂ ਮਾਰ ਦਿੱਤਾ ਸੀ। ਉਦੋਂ ਦੀ ਹੀ ਉਹ ਜੇਲ੍ਹ ਵਿਚ ਵੀਹ ਸਾਲੀ ਕੈਦ ਕੱਟ ਰਿਹਾ ਹੈ।

ਭਿੰਦਰ ਦੀ ਖਬਰਸਾਰ ਤੇ ਦਵਾਈ ਲੈ ਕੇ ਜਦੋਂ ਮੈਂ ਵਾਪਿਸ ਪਿੰਡ ਆਇਆ। ਮੂੰਹ ਹਨ੍ਹੇਰਾ ਹੋ ਚੁੱਕਾ ਸੀ। ਖਵਨੀ ਕਿਉਂ ਮੈਨੂੰ ਪਿੰਡ ਓਪਰਾ-ਓਪਰਾ ਜਿਹਾ ਲੱਗਿਆ। ਰਾਹ ਵਿਚ ਕਿਸੇ ਨਾਲ ਬੋਲੇ ਬਿਨਾਂ ਮੈਂ ਤੇਜ਼ ਤੁਰਦਾ ਘਰ ਮੂਹਰੇ ਆ ਗਿਆ। ਬਾਹਰਲਾ ਦਰਵਾਜ਼ਾ ਚੁਪੱਟ ਖੁੱਲ੍ਹਾ ਪਿਆ ਸੀ। ਮੇਰੇ ਅੰਦਰ ਵੜਨਸਾਰ ਦੋ-ਤਿੰਨ ਕੁੱਤੇ ਬਾਹਰ ਨੂੰ ਭੱਜ ਗਏ। ਡਿਓਢੀ ਪਾਰ ਕਰਕੇ ਜਿਉਂ ਹੀ ਮੈਂ ਬੈਠਕ ਅੰਦਰ ਪੈਰ ਧਰਿਆ...ਮੇਰਾ ਦਿਮਾਗ ਘੁੰਮ ਗਿਆ ਸੀ। ਮੇਰੀਆਂ ਅੱਖਾਂ ਮੂਹਰੇ ਬਾਣ ਦੇ ਮੰਜੇ 'ਤੇ ਪ੍ਰਕਾਸ਼ ਪਈ ਸੀ। ਉਹਦੇ ਹੱਥ-ਪੈਰ ਬਾਣ ਦੀ ਰੱਸੀ ਨਾਲ ਬੰਨ੍ਹੇ ਹੋਏ ਸਨ। ਮੂੰਹ ਵਿਚ ਚੁੰਨੀ ਤੁੰਨੀ ਹੋਈ। ਸਲਵਾਰ ਹੇਠਾਂ ਪਾਵੇ ਕੋਲ ਡਿੱਗੀ ਪਈ। ਢਿੱਡ ਤੋਂ ਲੈ ਕੇ ਪੈਰਾਂ ਤੱਕ ਉਹਦਾ ਸਾਰਾ ਸਰੀਰ ਨੰਗਾ। ਉਪਰ ਨੂੰ ਚੁੱਕੀ ਹੋਈ ਕੁੜਤੀ ਕਈ ਥਾਂਵਾਂ ਤੋਂ ਪਾਟੀ ਹੋਈ ਸੀ। ਸਰੀਰ 'ਤੇ ਕਈ ਥਾਂਈਂ ਝਰੀਟਾਂ ਵੀ ਸਨ। ਮੰਜੇ 'ਤੇ ਪਈ ਉਹ ਇਕ ਟੱਕ ਛੱਤ ਨੂੰ ਘੂਰ ਰਹੀ ਸੀ। ਪਾਗਲਾਂ ਵਾਂਗ ਖੜ੍ਹਾ ਮੈਂ ਉਹਦੀ ਦੁਰਦਸ਼ਾ ਵੇਖ ਰਿਹਾ ਸੀ।

'ਪ੍ਰਕਾਸ਼! ਪ੍ਰਕਾਸ਼!! ਆਹ ਕੀ ਹੋਇਆ ਪਿਐ?' ਉਹਦੇ ਮੂੰਹ ਵਿਚੋਂ ਚੁੰਨੀ ਕੱਢ ਰੱਸੀਆਂ ਖੋਲ੍ਹਦੇ ਹੋਏ ਜਦੋਂ ਮੈਂ ਪੁੱਛਿਆ ਤਾਂ ਉਹਦੀ ਸੁਰਤੀ ਨੇ ਆਖਰੀ ਵਾਰੀ ਕੰਮ ਕੀਤਾ ਸੀ, 'ਸਰਪੰਚ ਦਾ ਮੁੰਡਾ ਸ਼ੈਂਟੀ ਆਇਆ ਤੀ! ਦੋ ਜਣਿਆਂ ਨਾਲ!'

ਇਸ ਤੋਂ ਪਿੱਛੋਂ ਪ੍ਰਕਾਸ਼ ਕੁਝ ਨਹੀਂ ਸੀ ਬੋਲੀ। ਪਰ ਮੈਂ ਸਭ ਕੁਝ ਸਮਝ ਗਿਆ ਸੀ। ਮੇਰੇ ਅੰਦਰ ਅੱਗ ਉਠੀ। ਰੌਲਾ ਪਾਉਂਦਾ ਮੈਂ ਬਾਹਰ ਕੇ ਬੀਹੀ ਵਿਚ ਆ ਗਿਆ, 'ਆਹ ਦੇਖੋ ਲੋਕੋ! ਆ ਕੇ ਦੇਖੋ ਕੋਈ! ਦੇਖੋ ਸਰਪੰਚ ਦੇ ਮੁੰਡੇ ਸ਼ੈਂਟੀ ਨੇ ਮੇਰੀ ਘਰ ਆਲੀ ਨਾਲ...!'

ਮੇਰੀ ਆਵਾਜ਼ ਸੁਣ ਕੇ ਵਿਹੜੇ ਵਾਲੇ ਘਰਾਂ ਵਿਚ ਮਾੜੀ ਜਿਹੀ ਸੁਰਲ-ਵਿਰਲ ਹੋਈ। ਵੱਡੇ ਘਰਾਂ ਵਾਲੇ ਤਾਂ ਜੰਗਲਿਆਂ ਤੋਂ ਦੀ ਹੀ ਝਾਕੇ ਸਨ। ਕਈ ਬੰਦੇ-ਤੀਵੀਆਂ ਨੇ ਬੀਹੀ ਵਿਚ ਆ ਕੇ ਵੀ ਬੁੜ-ਬੁੜ ਜਿਹੀ ਕੀਤੀ, 'ਇਹਦਾ ਤਾਂ ਰੋਜ਼ ਦਾ ਈ ਕੰਮ ਐ!'

ਜਦੋਂ ਮੈਂ ਰੌਲਾ ਪਾਉਣ ਤੋਂ ਨਾ ਹੀ ਹਟਿਆ। ਮੇਰਾ ਭਾਈ ਬੀਹੀ ਵਿਚ ਆ ਗਿਆ। ਉਹਨੇ ਥੱਪੜ ਉਗਰ ਲਿਆ ਸੀ, 'ਚੁੱਪ ਕਰਦੈਂ ਕਿ ਨਹੀਂ! ਐਮੇਂ ਸਾਲਾ ਪਾਗਲ ਜਾਤ ਦਿਖਾਉਂਦੈ! ਓਏ ਹੁਣ ਤਾਂ ਧੌਲਾ-ਝਾਟਾ ਮੂੰਹ 'ਤੇ ਐ, ਹੁਣ ਤਾਂ ਹਟ ਜਾ! ਆਪ ਈ ਖੇਹ-ਖਰਾਬੀ ਕਰਕੇ ਸਾਲਾ ਸਰਪੰਚ ਦੇ ਮੁੰਡੇ ਨੂੰ ਬਦਨਾਮ ਕਰਦੈ! ਉਹਦੀਆਂ ਮਾਂਵਾਂ ਵਰਗੀ ਐ ਇਹ! ਕਿਹਦਾ ਮੰਨੂ ਤੇਰੀ ਗੱਲ?'

ਮੇਰੇ ਭਾਈ ਨੇ ਮੇਰੇ ਦੋ-ਤਿੰਨ ਥੱਪੜ ਮਾਰੇ ਸਨ। ਮੈਂ ਹੇਠਾਂ ਡਿੱਗ ਪਿਆ। ਜਦੋਂ ਮੈਂ ਉਠਿਆ। ਉਹਨੇ ਫਿਰ ਗਲ-ਹੱਥਾ ਮਾਰਿਆ। ਜਦੋਂ ਕੋਈ ਪੇਸ਼ ਨਾ ਗਈ ਤਾਂ ਮੈਂ ਪੁਲਿਸ ਚੌਂਕੀ ਵਲ ਨੂੰ ਭੱਜ ਲਿਆ। ਚੌਂਕੀ ਜਾ ਕੇ ਮੈਂ ਥਾਣੇਦਾਰ ਦੇ ਪੈਰੀਂ ਡਿੱਗ ਪਿਆ। ਮੈਂ ਉਹਨੂੰ ਸਾਰੀ ਗੱਲ ਦੱਸੀ। ਪਰ ਉਹਨੇ ਉਲਟਾ ਮੈਨੂੰ ਹੀ ਫੜ ਕੇ ਬਿਠਾ ਲਿਆ। ਕਹਿੰਦਾ 'ਖੜ੍ਹ ਜਾ ਹੁਣੇ ਸਰਪੰਚ ਨੂੰ ਨਾਲੇ ਉਹਦੇ ਮੁੰਡੇ ਨੂੰ ਬੁਲਾਉਨੇ ਆਂ, ਫੇਰ ਆਖੀਂ ਆਹੀ ਗੱਲ!'

'ਮੈਂ ਸੌਂਹ ਖਾ ਕੇ ਕਹਿਨਾ ਜੀ ਕਿ...!' ਜਿਉਂ ਹੀ ਮੈਂ ਥਾਣੇਦਾਰ ਦੇ ਪੈਰ ਫੜੇ, ਪਿੱਛੋਂ ਸਰਪੰਚ ਦੀ ਆਵਾਜ਼ ਆਈ ਸੀ, 'ਸੌਂਹ ਤਾਂ ਝੂਠੇ ਖਾਂਦੇ ਹੁੰਦੇ ਨੇ ਸੰਤੋਖ ਸਿਆਂ!'

'ਜਾਹ ਭੱਜ ਜਾ ਪਾਗਲ ਸਾਲਾ! ਐਮੇ ਮੱਥਾ ਖਾਣ ਆ ਜਾਂਦੇ ਨੇ!' ਜਦੋਂ ਥਾਣੇਦਾਰ ਨੇ ਮੇਰੀ ਪਿੱਠ ਵਿਚ ਡੰਡਾ ਮਾਰਿਆ, ਮੇਰੀਆਂ ਅੱਖਾਂ ਮੂਹਰੇ ਹਨੇਰਾ ਆ ਗਿਆ।

ਮੇਰੇ ਅੰਦਰ ਕੁਝ ਸੁਲਗ ਰਿਹਾ ਸੀ। ਮੈਨੂੰ ਹੌਂਸੂ ਜਿਹਾ ਛਿੜ ਗਿਆ। ਉਚੀ ਉਚੀ ਰੌਲਾ ਪਾਉਂਦਾ ਮੈਂ ਬਾਹਰ ਨੂੰ ਭੱਜ ਲਿਆ, 'ਤੁਸੀਂ ਇਹ 'ਨਸਾਫ ਨਹੀਂ ਕਰ ਰਹੇ! 'ਨਸਾਫ ਨੀ ਕਰ ਰਹੇ ਤੁਸੀਂ! ਮੈਂ ਵੀ ਅੱਜ ਥੋੜੇ ਸਿਰ ਚੜ੍ਹ ਕੇ ਮਰੂੰ!'

ਚੌਂਕੀ ਵਿਚੋਂ ਬਾਹਰ ਜਾਂਦਿਆਂ ਹੀ ਮੈਂ ਐਧਰ-ਓਧਰ ਝਾਕਿਆ। ਸਾਹਮਣੇ ਸਕੂਲ ਸੀ। ਸਕੂਲ ਮੂਹਰੇ ਚਾਹ ਦਾ ਖੋਖਾ। ਖੋਖੇ ਵਾਲਾ ਮੁੰਡਾ ਛਿੱਕੂ ਵਿਚ ਗਿਲਾਸ ਧਰੀਂ ਦੁਕਾਨਾਂ ਵਲ ਨੂੰ ਜਾ ਰਿਹਾ ਸੀ। ਮੈਂ ਭੱਜ ਕੇ ਉਹਦੇ ਖੋਖੇ ਵਿਚ ਜਾ ਵੜਿਆ। ਪੀਪੀ ਚੁੱਕ ਕੱਪੜਿਆਂ 'ਤੇ ਤੇਲ ਛਿੜਕਿਆ, ਸੀਖਾਂ ਵਾਲੀ ਡੱਬੀ ਚੁੱਕੀ। ਸੀਖ ਜਗ੍ਹਾ ਕੇ ਛੂਹਾ ਦਿੱਤੀ। ਫੱਕ ਦੇਣੇ ਮੇਰੇ ਕੱਪੜਿਆਂ ਨੂੰ ਅੱਗ ਲੱਗ ਗਈ। ਜਲਦਾ ਹੋਇਆ ਮੈਂ ਫਿਰ ਚੌਂਕੀ ਅੰਦਰ ਨੂੰ ਭੱਜਿਆ। ਧੁੰਦਲੀਆਂ ਨਜ਼ਰਾਂ ਨਾਲ ਮੈਂ ਵੇਖਿਆ। ਅੰਦਰੋਂ ਸਿਪਾਹੀ ਮੇਰੇ ਵਲ ਨੂੰ ਭੱਜੇ। ਬਾਹਰੋਂ ਕਈ ਬੰਦੇ ਮੇਰੇ ਵਲ ਨੂੰ ਭੱਜੇ। ਮੈਨੂੰ ਖਾਸੀਆਂ ਬਾਹਾਂ ਨੇ ਜਕੜ ਲਿਆ। ਅੱਗ ਬੁਝਾ ਦਿੱਤੀ। ਮੈਂ ਬੇਹੋਸ਼ ਹੋ ਗਿਆ।

ਜਦੋਂ ਸੁਰਤ ਆਈ, ਹਨ੍ਹੇਰਾ ਹੋ ਗਿਆ ਸੀ। ਮੇਰੇ ਸਰੀਰ ਵਿਚੋਂ ਜਲੇ ਹੋਏ ਮਾਸ ਨਾਲ ਬਰਨੌਲ ਦੀ ਗੰਧ ਆ ਰਹੀ ਸੀ। ਕਈ ਬੰਦੇ ਮੰਜੇ 'ਤੇ ਪਾਈ ਮੈਨੂੰ ਘਰ ਨੂੰ ਲਈ ਜਾ ਰਹੇ ਸਨ। ਮੇਰੇ ਤੇੜ ਇਕੱਲਾ ਕਛਹਿਰਾ ਸੀ। ਜਦੋਂ ਸਾਡੇ ਘਰ ਕੋਲ ਪਹੁੰਚੇ ਤਾਂ ਬੀਹੀ ਵਿਚ ਖਾਸੇ ਬੰਦੇ, ਤੀਵੀਆਂ ਖੜ੍ਹੀਆਂ ਸਨ। ਆਵਾਜ਼ਾਂ ਆ ਰਹੀਆਂ ਸਨ, 'ਸੰਤੋਖ ਤਾਂ ਪਾਗਲ ਹੈਗਾ ਈ ਤੀ... ਲਗਦੈ ਵਿਚਾਰੀ ਇਹ ਵੀ ਪਾਗਲ ਹੋਗੀ।'

ਆਵਾਜ਼ਾਂ ਸੁਣ ਕੇ ਮੈਂ ਟੇਢੀ ਅੱਖ ਨਾਲ ਵੇਖਿਆ। ਪ੍ਰਕਾਸ਼ ਦੀਆਂ ਲੱਤਾਂ ਨੰਗੀਆਂ ਸਨ। ਹੱਥ ਵਿਚ ਸਲਵਾਰ ਫੜੀ ਉਹ ਪਰ੍ਹਾਂ ਨੂੰ ਜਾ ਰਹੀ ਸੀ। ਮੇਰਾ ਮੰਜਾ ਘਰ ਅੰਦਰ ਨੂੰ ਜਾ ਰਿਹਾ ਸੀ। ਜਦੋਂ ਲੋਕ ਪ੍ਰਕਾਸ਼ ਨੂੰ ਫੜ ਕੇ ਅੰਦਰ ਬੰਦ ਕਰਨ ਲੱਗੇ। ਮੇਰੀਆਂ ਅੱਖਾਂ ਬੰਦ ਹੋਣ ਲੱਗ ਪਈਆਂ ਸਨ। ਅੱਖਾਂ ਖੋਲ੍ਹ ਕੇ ਮੈਂ ਆਲੇ-ਦੁਆਲੇ ਝਾਕਣ ਲੱਗ ਪਿਆ ਹਾਂ। ਘੰਟੇ ਦੀਆਂ ਸੂਈਆਂ ਟਿਕ-ਟਿਕ ਕਰ ਰਹੀਆਂ ਨੇ। ਮੇਰੀਆਂ ਪੁੜਪੁੜੀਆਂ ਵਿਚ ਟੱਸ-ਟੱਸ ਹੋ ਰਹੀ ਹੈ। ਨਜ਼ਰ ਸਾਹਮਣੀ ਕੰਧ 'ਤੇ ਲਟਕਦੀ ਫੋਟੋ 'ਤੇ ਜੰਮਦੀ ਜਾ ਰਹੀ ਹੈ। ਬਾਬੇ ਨਾਨਕ ਦੀ ਫੋਟੋ ਹੈ। ਫੋਟੋ ਵਿਚ ਇਕ ਪਹਾੜ ਦਿਸ ਰਿਹਾ। ਪਹਾੜ 'ਤੇ ਖੜ੍ਹਾ ਵਲੀ ਕੰਧਾਰੀ ਹੇਠਾਂ ਨੂੰ ਵੱਡਾ ਸਾਰਾ ਪੱਥਰ ਰੋੜ੍ਹ ਰਿਹਾ ਹੈ। ਪੱਥਰ ਦੀ ਸੇਧ ਵਿਚ ਹੇਠਾਂ ਬੈਠਾ ਮਰਦਾਨਾ ਪਾਣੀ ਪੀ ਰਿਹਾ ਹੈ। ਜਾਪਦਾ ਹੈ ਕਿ ਪੱਥਰ ਨੇ ਮਰਦਾਨੇ ਨੂੰ ਖਤਮ ਕਰ ਦੇਣਾ ਹੈ। ਪਰ ਬਾਬੇ ਨਾਨਕ ਦੇ ਹੱਥ ਨੇ ਪੱਥਰ ਰਾਹ ਵਿਚ ਹੀ ਰੋਕ ਲਿਆ ਹੈ। ਮੇਰੀ ਸੁਰਤੀ ਫੋਟੋ ਵਿਚਲੇ ਹੱਥ ਦੁਆਲੇ ਘੁੰਮਣ ਲੱਗ ਪਈ ਹੈ। ਦਿਮਾਗ ਵਿਚ ਇਕ ਨਵੀਂ ਫੋਟੋ ਬਣ ਰਹੀ ਹੈ। ਫੋਟੋ ਵਿਚ ਇਕ ਪਹਾੜ ਜਿੱਡੀ ਕੁਰਸੀ ਦਿਸ ਰਹੀ ਹੈ। ਕੁਰਸੀ 'ਤੇ ਖੜ੍ਹਾ ਸਰਪੰਚ ਮੇਰੇ ਵਲ ਨੂੰ ਵੱਡਾ ਸਾਰਾ ਪੱਥਰ ਰੋੜ੍ਹ ਰਿਹੈ। ਲੱਗਦਾ ਪੱਥਰ ਨੇ ਮੈਨੂੰ ਖਤਮ ਕਰ ਦੇਣੈ। ਮਰਦਾਨੇ ਨੂੰ ਤਾਂ ਬਾਬੇ ਨਾਨਕ ਦੇ ਹੱਥ ਨੇ ਬਚਾ ਲਿਆ ਸੀ। ਮੈਨੂੰ ਬਚਾਉਣ ਵਾਲਾ ਹੱਥ ਕਿੱਥੇ ਹੈ?

ਮੈਂ ਕਿੱਥੇ ਹਾਂ? ਫੋਟੋ ਤੋਂ ਨਜ਼ਰ ਹਟਾ ਕੇ ਝਾਤੀ ਮਾਰਦਾ ਹਾਂ। ਪਤਾ ਨਹੀਂ ਕਦੋਂ ਕੁ ਉਠਿਆ। ਬੈਟਰੀ ਚਾਲੂ ਕਰੀ ਬੈਠਾ ਹਾਂ। ਮਾਈਕ ਮੇਰੇ ਮੂਹਰੇ ਹੈ। ਸਾਢੇ ਤਿੰਨ ਵੱਜਣ ਵਾਲੇ ਨੇ। ਮੈਂ ਮਾਈਕ ਵਿਚ ਫੂਕ ਮਾਰੀ ਹੈ। ਅੱਖਾਂ ਉਤਾਂਹ ਚੜ੍ਹਨ ਲੱਗ ਪਈਆਂ ਨੇ। ਮੇਰੇ ਮੂੰਹ ਵਿਚੋਂ ਆਵਾਜ਼ ਨਿਕਲਣ ਲੱਗ ਪਈ ਹੈ, 'ਸਤਨਾਮ! ਵਾਹਿਗੁਰੂ! ਉਠੋ ਨਗਰ ਨਿਵਾਸੀਓ! ਇਕ ਹੱਥ ਦੀ ਲੋੜ ਐ ਭਾਈ!'

ਇਹ ਮੈਥੋਂ ਕੀ ਆਖਿਆ ਗਿਆ ਹੈ, ਮਾਈਕ ਵਿਚ ਬੋਲਦੇ ਵਕਤ ਮੈਂ ਸੰਤੋਖ ਸਿੰਘ ਨਹੀਂ ਸੀ। ਹੋਰ ਕੁਝ ਬੋਲਣ ਲਈ ਮਨ ਨਹੀਂ ਕਰ ਰਿਹਾ। ਬੈਟਰੀ ਬੰਦ ਕਰ ਹੌਲੀ-ਹੌਲੀ ਉਠਿਆ ਹਾਂ। ਮਹਾਰਾਜ ਦੀ ਹਜ਼ੂਰੀ ਵਿਚ ਮੱਥਾ ਟੇਕ ਬਾਹਰ ਨੂੰ ਤੁਰ ਪਿਆ ਹਾਂ। ਦੇਹਲੀ 'ਤੇ ਸੀਸ ਨਿਵਾ ਮੈਂ ਜਿੰਦੇ ਵਿਚੋਂ ਚਾਬੀ ਕੱਢ ਲਈ ਹੈ। ਦਰਵਾਜ਼ਾ ਭੇੜ ਕੇ ਫਿਰ ਘਰ ਵਲ ਨੂੰ ਤੁਰ ਪਿਆ ਹਾਂ।

ਬੀਹੀ ਵਿਚ ਸਿਰਫ ਮੈਂ ਹੀ ਨਹੀਂ ਰਿਹਾ। ਮੇਰੇ ਮਗਰ ਕੋਈ ਹੋਰ ਵੀ ਤੁਰਿਆ ਆ ਰਿਹਾ। ਉਹਦੇ ਮਗਰ ਕੋਈ ਹੋਰ ਹੈ। ਪੈੜ-ਚਾਲ ਉਭਰ ਰਹੀ ਹੈ। ਬੀਹੀ ਵਿਚ ਪਸਰੀ ਸੁੰਨ ਟੁੱਟਣ ਲੱਗ ਪਈ ਹੈ। ਪੱਕ ਕਰਨ ਲਈ ਮੈਂ ਪਿਛਾਂਹ ਨੂੰ ਝਾਕਿਆ। ਕੋਈ ਵੀ ਨਹੀਂ। ਐਵੇਂ ਹੀ ਮੇਰਾ ਵਹਿਮ ਹੈ। ਕੋਈ ਨਹੀਂ ਉਠਿਆ। ਜਿਨ੍ਹਾਂ ਨੇ ਵੀ ਗੁਰਦੁਆਰੇ ਦਾ ਸਪੀਕਰ ਸੁਣਿਆ ਹੋਣਾ। ਮੈਨੂੰ ਫਿਰ ਪਾਗਲ ਆਖਣਾ ਹੈ। ਦਰਵਾਜ਼ੇ ਬੰਦ ਕਰੀ ਸਾਰਾ ਪਿੰਡ ਸੁੱਤਾ ਪਿਆ ਹੈ। ਮੈਂ ਹੁਣ ਕੀ ਕਰਾਂ? ਦਿਮਾਗ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਰਿਹਾ।

ਮੈਂ ਘਰ ਮੂਹਰੇ ਆ ਪਹੁੰਚਿਆ ਹਾਂ। ਦਰਾਂ ਮੂਹਰੇ ਖੜ੍ਹ ਕੇ ਚੁਪਾਸੇ ਨਜ਼ਰ ਮਾਰੀ ਹੈ। ਬੀਹੀ ਵਿਚ ਹਨ੍ਹੇਰਾ ਹੈ। ਪਰਲੇ ਮੋੜ ਤੋਂ ਕੁੱਤਿਆਂ ਦੇ ਰੋਣ ਦੀ ਆਵਾਜ਼ ਆ ਰਹੀ ਹੈ। ਮੈਂ ਦਰਵਾਜ਼ਾ ਖੋਲ੍ਹਿਆ ਹੈ। ਅੰਦਰ ਡਿਓਢੀ ਸਣੇ ਬੈਠਕ ਵਿਚ ਵੀ ਹਨੇਰਾ। ਦੀਵਾ ਬੁਝਿਆ ਪਿਆ ਹੈ। ਜ਼ਖਮਾਂ ਵਿਚ ਹੋਂਦੀ ਵੱਧ ਜਲਣ ਹੋਣ ਲੱਗ ਪਈ ਹੈ। ਮੈਂ ਮੰਜੇ 'ਤੇ ਬੈਠਣ ਲੱਗਿਆ ਹਾਂ ਪਰ ਨਹੀਂ, ਬੈਠ ਨਹੀਂ ਸਕਿਆ।

ਕੋਈ ਚੀਜ਼ ਮੇਰੇ ਮੂੰਹ 'ਤੇ ਆ ਵੱਜੀ ਹੈ। ਟੋਹ ਕੇ ਵੇਖਦਾ ਹਾਂ। ਪ੍ਰਕਾਸ਼ ਦੀ ਸਲਵਾਰ ਹੈ। ਬੈਠਕ ਦੀ ਖਿੜਕੀ ਥਾਈਂ ਪ੍ਰਕਾਸ਼ ਨੇ ਮੇਰੇ ਵਲ ਸਿੱਟੀ ਹੈ। ਸਲਵਾਰ ਹੱਥ ਵਿਚ ਫੜੀ ਮੈਂ ਸੋਚੀਂ ਪੈ ਗਿਆ ਹਾਂ। ਕਦੇ ਮਨ ਵਿਚ ਆਉਂਦੀ ਹੈ ਕਿ ਹਨੇਰੇ ਵਿਚ ਹੀ ਉਹਦਾ ਨੰਗ ਢਕ ਦੇਵਾਂ। ਕਦੇ ਸੋਚਦਾ ਹਾਂ ਕਿ ਦੀਵਾ ਜਗਾ ਕੇ ਚਾਨਣ ਕਰ ਲਵਾਂ।

#

# ...ਪਰ ਪੰਥ ਡਾਢੇ ਪੁਰਖ ਦਾ ਵੱਧਦਾ ਹੀ ਜਾਏ

## ਸਿੱਖ ਸੰਘਰਸ਼-1

ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦਿੱਲੀ ਵਿਚ ਜਿਸ ਤਰ੍ਹਾਂ ਖੁਲ੍ਹੇ-ਆਮ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਉਸਦਾ ਮੁੱਖ ਮਨੋਰਥ ਇਹੀ ਸੀ ਕਿ ਸਿੱਖਾਂ ਅਤੇ ਉਨ੍ਹਾਂ ਦੇ ਸਮਰਥਕਾਂ ਵਿਚ ਹੀ ਨਹੀਂ, ਸਗੋਂ ਹਰ ਉਸ ਵਿਅਕਤੀ, ਜੋ ਜ਼ਰਾ ਜਿਹੀ ਵੀ ਹਕੂਮਤ ਦੇ ਵਿਰੁਧ ਬਗਾਵਤੀ ਸੁਰ ਰਖਦਾ ਹੈ, ਵਿਚ ਅਜਿਹਾ ਡਰ ਅਤੇ ਸਹਿਮ ਪੈਦਾ ਹੋ ਜਾਏ ਕਿ ਇਸ ਧਰਤੀ

ਜਸਵੰਤ ਸਿੰਘ 'ਅਜੀਤ'
ਫੋਨ:91-98689-17731

ਤੇ ਸਿੱਖ ਤਾਂ ਕੀ ਹੋਰ ਵੀ ਕੋਈ ਜ਼ਾਲਮ ਮੁਗ਼ਲ ਹਕੂਮਤ ਨੂੰ ਵੰਗਾਰਨ ਵਾਲਾ ਨਾ ਰਹੇ।

ਇਸ ਦੇ ਨਾਲ ਹੀ ਜ਼ਾਲਮ ਹਕੂਮਤ ਵਲੋਂ ਸਿੱਖਾਂ ਦੇ ਸ਼ਿਕਾਰ ਦੀ ਮੁਹਿੰਮ ਵੀ ਛੇੜ ਦਿੱਤੀ ਗਈ ਤਾਂ ਜੋ ਜੇ ਕਿਧਰੇ ਲੁਕਿਆ-ਛਿਪਿਆ ਜਾਂ ਹਕੂਮਤ ਦੀਆਂ ਨਜ਼ਰਾਂ ਤੋਂ ਬਚਿਆ ਕੋਈ ਟਾਂਵਾਂ-ਟਾਂਵਾਂ ਸਿੱਖ ਬਾਕੀ ਰਹਿ ਗਿਆ ਹੋਵੇ ਤਾਂ ਉਸ ਨੂੰ ਵੀ ਖ਼ਤਮ ਕਰ ਦਿਤਾ ਜਾਏ ਅਤੇ ਇਸ ਤਰ੍ਹਾਂ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿੱਤਾ ਜਾਏ। ਇਸ ਬਿਖੜੇ ਸਮੇਂ ਦਾ ਵਰਨਣ ਕਰਦਿਆਂ ਭਾਈ ਰਤਨ ਸਿੰਘ ਭੰਗੂ ਲਿਖਦੇ ਹਨ:

ਟੋਲ ਸਿੰਘਨ ਕੋ ਮਾਰੇ।
ਜੈਸੇ ਮਾਰੇ ਟੋਲ ਸ਼ਿਕਾਰੇ।
ਜੋ ਸਿੰਘਨ ਕੋ ਆਨ ਬਤਾਵੈ।
ਤੁਰਤ ਅਨਾਮ ਸੁ ਤਾਹਿ ਦਿਵਾਵੈ।

ਇਨ੍ਹਾਂ ਹਾਲਾਤ ਵਿਚ ਸਿੱਖਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਜੰਗਲਾਂ ਬੇਲਿਆਂ ਵਿਚ ਸਿਰ ਛੁਪਾਉਣ ਲਈ ਮਜਬੂਰ ਹੋਣਾ ਪਿਆ:

'ਰਾਤ ਤੁਰੇ ਦਿਨ ਰਹੈਂ ਲੁਕਾਇ। ਕਈਅਨ ਲੀਨੇ ਕੁਭੇਨ (ਟੋਏ) ਬਨਾਇ। ਕਈ ਰਹੈਂ ਘਰ ਤੀਜੇ ਥਾਇ। ਕਈ ਰਹੈਂ ਦੇਸਹਿ ਜਾਇ।'

ਵਾਲੀ ਸਥਿਤੀ ਬਣ ਗਈ ਹੋਈ ਸੀ। ਦੇਸ ਦਾ ਪੱਤਾ-ਪੱਤਾ ਉਨ੍ਹਾਂ ਦਾ ਵੈਰੀ ਹੋ ਗਿਆ ਹੋਇਆ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਸਿੱਖਾਂ ਪਾਸ ਸਰਬ ਪ੍ਰਵਾਨਤ ਕੋਈ ਅਜਿਹਾ ਆਗੂ ਨਹੀਂ ਸੀ ਰਹਿ ਗਿਆ ਹੋਇਆ ਜੋ ਇਸ ਸੰਕਟਾਂ ਭਰੀ ਸਥਿਤੀ ਵਿਚੋਂ ਉਭਰਨ ਲਈ ਉਨ੍ਹਾਂ ਨੂੰ ਉਸਾਰੂ ਅਗਵਾਈ ਦੇ ਸਕਦਾ ਅਤੇ ਉਨ੍ਹਾਂ ਦੀ ਬਾਂਹ ਫੜ ਉਨ੍ਹਾਂ ਦਾ ਹੌਸਲਾ ਵਧਾ ਸਕਦਾ। ਇਸ ਸਮੇਂ ਦੇ ਸੰਕਟ ਨੂੰ ਹੋਰ ਵਧਾਉਣ ਲਈ ਗੁਰੂ ਤੇਗ ਬਹਾਦਰ ਜੀ ਦੇ ਭਰਾ ਸੂਰਜ ਮਲ ਦਾ ਪੁੱਤਰ ਗੁਲਾਬ ਰਾਏ, ਭਾਈ ਗੰਗੋ ਸ਼ਾਹ ਦੀ ਸੰਤਾਨ ਵਿਚੋਂ ਖੜਕ ਸਿੰਘ ਅਤੇ ਮਾਤਾ ਸੁੰਦਰੀ ਜੀ ਦੇ ਦੱਤਕ ਪੁੱਤਰ ਅਜੀਤ ਸਿੰਘ ਗੱਦੀਆਂ ਲਾ ਬੈਠੇ ਅਤੇ ਆਪਣੇ ਆਪ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਵਾਰਿਸ ਦਸ ਕੇ ਸਿੱਖਾਂ ਨੂੰ ਭਟਕਾਉਣ ਤੇ ਗੁਮਰਾਹ ਕਰਨ ਲੱਗ ਪਏ। ਉਨ੍ਹਾਂ ਤੋਂ ਪਹਿਲਾਂ ਇਸੇ ਕੰਮ ਵਿਚ ਲਗੇ ਹਿੰਦਾਲੀਏ ਮੀਣੇ, ਧੀਰਮਲੀਏ ਅਤੇ ਰਾਮਰਾਈਏ ਵੀ ਮੌਕੇ ਦਾ ਲਾਭ ਉਠਾਉਣ ਲਈ ਸਰਗਰਮ ਹੋ ਗਏ।

ਉਧਰ ਹਕੂਮਤ ਵਲੋਂ ਵੀ ਸਿੱਖੀ ਦੇ ਪ੍ਰਚਾਰ ਉਤੇ ਹਰ ਤਰ੍ਹਾਂ ਦੀ ਪਾਬੰਦੀ ਲਾ ਦਿੱਤੀ ਗਈ ਸੀ। ਇਥੋਂ ਤਕ ਕਿ ਗੁੜ ਨੂੰ ਗੁੜ ਅਤੇ ਕਿਸੇ ਪੁਸਤਕ ਨੂੰ ਗ੍ਰੰਥ ਨਹੀਂ ਸੀ ਕਿਹਾ ਜਾ ਸਕਦਾ ਕਿਉਂਕਿ ਅਜਿਹਾ ਕਰਨ ਨਾਲ ਗੁਰੂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਧਿਆਨ ਆ ਜਾਣ ਦੀ ਸੰਭਾਵਨਾ ਬਣ ਸਕਦੀ ਸੀ।

ਧਰਮ ਪ੍ਰਚਾਰ ਦੇ ਰਸਤੇ ਵਿਚ ਖੜੀਆਂ ਕੀਤੀਆਂ ਗਈਆਂ ਇਤਨੀਆਂ ਰੁਕਾਵਟਾਂ ਦੇ ਬਾਵਜੂਦ ਨਿਰਮਲੇ ਸਾਧੂ ਅਤੇ ਸੇਵਾਪੰਥੀ ਬਾਬੇ ਸਹਿਜੇ-ਸਹਿਜੇ ਸਿੱਖੀ ਪ੍ਰਚਾਰ ਵਿਚ ਜੁਟੇ ਹੋਏ ਸਨ। ਉਹ ਯਾਤਰਾਵਾਂ ਕਰਦੇ ਅਤੇ ਸਿੱਖਾਂ ਦੀਆਂ ਸ਼ਹੀਦੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰੱਖਿਆ ਲਈ ਉਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਕੁਰਬਾਨੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਉਂਦੇ ਜਾਂਦੇ। ਇਨ੍ਹਾਂ ਵਲੋਂ ਕੀਤਾ ਜਾ ਰਿਹਾ ਪ੍ਰਚਾਰ ਦੱਬਿਆ-ਘੁੱਟਿਆ ਸੀ ਜਦਕਿ ਇਨ੍ਹਾਂ ਦੇ ਮੁਕਾਬਲੇ ਆਪਣੇ ਆਪ ਗੁਰੂ ਬਣੀ ਬੈਠੇ ਪਾਖੰਡੀਆਂ ਦਾ ਪ੍ਰਚਾਰ ਖੁਲ੍ਹੇ-ਆਮ ਹੋ ਰਿਹਾ ਸੀ। ਜਿਸ ਦਾ ਨਤੀਜਾ ਇਹ ਹੋਇਆ ਕਿ ਪਖੰਡ ਦੇ ਵਧ ਜਾਣ ਕਾਰਣ ਆਮ ਸਿੱਖ ਭੰਬਲ-ਭੂਸਿਆਂ ਵਿਚ ਪੈ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਿਸ ਨੂੰ ਸੱਚਾ ਗੁਰੂ ਸਵੀਕਾਰੇ ਅਤੇ ਕਿਸ ਦੀਆਂ ਸਿਖਿਆਵਾਂ ਨੂੰ ਅਪਨਾਵੇ।

**ਪੰਥ ਵਿਚ ਫੁੱਟ:** ਗੁਰਦਾਸ ਨੰਗਲ ਦੇ ਘੇਰੇ ਸਮੇਂ ਹੀ ਸਿੱਖ-ਪੰਥ ਵਿਚ ਫੁਟ ਪੈ ਗਈ ਸੀ। ਬਾਬਾ ਬਿਨੋਦ ਸਿੰਘ ਦੇ ਆਪਣੇ ਸਾਥੀਆਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਜਾਣ ਅਤੇ ਉਸ ਪਿਛੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ ਗ੍ਰਿਫਤਾਰ ਕਰ ਦਿੱਲੀ ਵਿਚ ਸ਼ਹੀਦ ਕਰ ਦਿਤੇ ਜਾਣ ਤੋਂ ਬਾਅਦ ਬਣੇ ਦੋਵੇਂ ਧੜੇ, ਤੱਤ ਖਾਲਸਾ ਅਤੇ ਬੰਦਈ ਖਾਲਸਾ ਦੇ ਰੂਪ ਵਿਚ ਆਹਮੋ-ਸਾਹਮਣੇ ਖੜੇ ਹੋ ਗਏ ਅਤੇ ਇਕ-ਦੂਜੇ ਨੂੰ ਨੁਕਸਾਨ ਪਹੁੰਚਾਉਣ ਲਈ ਸਾਜ਼ਿਸ਼ਾਂ ਕਰਨ ਵਿਚ ਰੁੱਝ ਗਏ ਸਨ।

**ਦੁਸ਼ਮਣ ਬਨਾਮ ਸਾਥੀ:** ਸਿੱਖਾਂ ਵਿਚ ਪੈਦਾ ਹੋਈ ਇਸ ਫੁਟ ਕਾਰਨ ਇਕ-ਦੂਜੇ ਨੂੰ ਨੁਕਸਾਨ ਪਹੁੰਚਾਉਣ ਦੀਆਂ ਹੋ ਰਹੀਆਂ ਸਾਜ਼ਿਸ਼ਾਂ ਤੋਂ ਲਾਭ ਉਠਾਉਣ ਲਈ, ਸਮੇਂ ਦੀ ਹਕੂਮਤ ਵੀ ਵਧੇਰੇ ਜ਼ੋਰ ਨਾਲ ਹਰਕਤ ਵਿਚ ਆ ਗਈ। ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਲਈ ਸ਼ੁਰੂ ਕੀਤੀ ਮੁਹਿੰਮ ਵਿਚ ਤੇਜ਼ੀ ਲੈ ਆਂਦੀ। ਜੰਗਲੀ ਜਾਨਵਰਾਂ ਵਾਂਗ ਟੋਹ ਲੈ-ਲੈ ਕੇ ਸਿੱਖਾਂ ਦਾ ਸ਼ਿਕਾਰ ਕੀਤਾ ਜਾਣ ਲੱਗਾ। ਇਹੀ ਨਹੀਂ ਉਨ੍ਹਾਂ ਦੇ ਸਿਰਾਂ ਦੇ ਮੁੱਲ ਵੀ ਨਿਸ਼ਚਿਤ ਕਰ ਦਿੱਤੇ ਗਏ। ਸਿੱਖਾਂ ਦਾ ਪਤਾ ਦੱਸਣ ਵਾਲੇ ਨੂੰ ਦੱਸ ਰੁਪਏ ਅਤੇ ਉਨ੍ਹਾਂ ਦਾ ਸਿਰ ਵੱਢ ਲਿਆਉਣ ਵਾਲੇ ਨੂੰ ਅੱਸੀ ਰੁਪਏ ਦਿੱਤੇ ਜਾਂਦੇ ਸਨ। 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਲੇਖਕ ਦੇ ਸ਼ਬਦਾਂ ਵਿਚ:

ਲੁੱਟ ਮਾਰ ਸਿੰਘ ਸੁ ਪਾਵਾ।
ਸਿਰ ਪਰ ਹੋਵੈਂ ਜਿਸ ਕੇ ਕੇਸ।
ਰਹਿਣ ਨਾ ਦੇਣੋਂ ਆਪਣੇ ਦੇਸ।

ਹੋਰ:

ਦੱਸਣ ਵਾਲੇ ਦਸ ਰੁਪਏ।
ਔਰ ਮਾਰਨ ਵਾਲੇ ਪਚਾਸ।
ਯਹ ਲਾਲਚ ਤੁਰਕਨ ਦਯੋ।
ਤਬ ਬਹੁਤ ਸਿੰਘਨ ਭਯੋ ਨਾਸ਼।

ਜਦੋਂ ਇਹ ਸਥਿਤੀ ਆ ਗਈ ਤਾਂ ਸਿੱਖਾਂ ਦਾ ਭਾਰੀ ਨੁਕਸਾਨ ਹੋਇਆ। ਆਪਣੇ ਵੀ ਬੇਗਾਨੇ ਹੋ ਗਏ। ਪੱਤਾ-ਪੱਤਾ ਤਾਂ ਸਿੱਖਾਂ ਦਾ ਪਹਿਲਾਂ ਹੀ ਵੈਰੀ ਚਲਿਆ ਆ ਰਿਹਾ ਸੀ। ਜਿਨ੍ਹਾਂ ਦੇ ਧਰਮ ਦੀ ਰਖਿਆ ਲਈ ਗੁਰੂ ਸਾਹਿਬਾਨ ਨੇ ਸ਼ਹਾਦਤਾਂ ਦਿੱਤੀਆਂ ਅਤੇ ਸਿੱਖ ਆਪਣੇ ਘਰ-ਬਾਰ ਅਤੇ ਸੁੱਖ-ਆਰਾਮ ਤਿਆਗ ਕੇ ਦੁਸ਼ਮਣਾਂ ਦੇ ਨਾਲ ਜੂਝ ਰਹੇ ਸਨ, ਉਨ੍ਹਾਂ ਵਿਚੋਂ ਵੀ ਕੁਝ ਡਰ ਅਤੇ ਕੁਝ ਲਾਲਚਵਸ, ਉਨ੍ਹਾਂ ਦੇ ਦੁਸ਼ਮਣਾਂ ਦੇ ਨਾਲ ਜਾ ਮਿਲੇ। ਇਸ ਦੇ ਬਾਵਜੂਦ ਕਈ ਅਜਿਹੇ ਵੀ ਸਨ, ਜੋ ਸਿੱਖਾਂ ਦੀ ਮਦਦ ਕਰਨ ਲਈ ਆਪਣੀਆਂ ਜਾਨਾਂ ਹੂਲਣ ਵਾਸਤੇ ਵੀ ਤਿਆਰ ਸਨ। ਜਿੱਥੇ ਸਾਹਿਬ ਰਾਏ,



*18ਵੀਂ ਸਦੀ ਵਿਚ ਸਿੱਖਾਂ ਦੇ ਸਿਰਾਂ ਦੇ ਮੁੱਲ*

ਹਰਿਭਗਤ ਨਿਰੰਜਨੀਆ, ਜਸਪਤ ਰਾਏ, ਲੱਖਪਤ ਰਾਏ ਅਤੇ ਛੀਨੇ ਦਾ ਕਰਮਾ ਆਦਿ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਵਿਚ ਹਕੂਮਤ ਦਾ ਸਾਥ ਦੇ ਰਹੇ ਸਨ, ਉਥੇ ਹੀ ਸਿੱਖਾਂ ਨੂੰ ਹੱਕ, ਇਨਸਾਫ਼ ਅਤੇ ਮਜ਼ਲੂਮਾਂ ਤੇ ਬੇਸਹਾਰਿਆਂ ਲਈ ਜਾਨਾਂ ਹੂਲਦਿਆਂ ਵੇਖ ਦੀਵਾਨ ਕੌੜਾ ਮੱਲ ਅਤੇ ਅਗਿਆਰ ਗੌਂਸ ਆਦਿ ਵਰਗੇ ਕਈ ਹਿੰਦੂ ਅਤੇ ਮੁਸਲਮਾਨ ਸਿੱਖਾਂ ਦੇ ਮਦਦਗਾਰ ਵੀ ਬਣ ਗਏ ਹੋਏ ਸਨ।

ਸੰਕਟ ਭਰੇ ਇਸ ਸਮੇਂ ਵਿਚ ਸਿੱਖਾਂ ਦੀ ਮਦਦ ਕਰਨ ਵਾਲੀ ਹਿੰਦੂਆਂ ਦੀ ਇਕ ਅਜਿਹੀ ਸ਼੍ਰੇਣੀ ਤਿਆਰ ਹੁੰਦੀ ਗਈ ਜੋ ਬਾਅਦ ਵਿਚ 'ਸਹਿਜਧਾਰੀਆਂ' ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਇਹ ਹਿੰਦੂ ਮਹਿਸੂਸ ਕਰਦੇ ਸਨ ਕਿ ਸਿੱਖ ਜਿਸ ਉਦੇਸ਼ ਦੇ ਲਈ ਜੂਝਦੇ ਹੋਏ ਜੰਗਲ-ਜੰਗਲ ਭਟਕਣ ਲਈ ਮਜਬੂਰ ਹਨ, ਉਹ ਦੇਸ਼, ਧਰਮ ਅਤੇ ਗ਼ਰੀਬ-ਮਜ਼ਲੂਮਾਂ ਤੇ ਬੇਸਹਾਰਿਆਂ ਦੀ ਰੱਖਿਆ ਦਾ ਉਦੇਸ਼ ਹੈ। ਇਹੀ ਕਾਰਨ ਹੈ ਕਿ ਉਹ ਸਮਝਦੇ ਸਨ ਕਿ "ਸਿੱਖ ਛੁਡਾਵਨ ਹੈ ਬਡ ਧਰਮ। ਗਊ ਬ੍ਰਾਹਮਣ ਤੇ ਸੌ ਗੁਨ ਕਰਮ।"

ਇਨ੍ਹਾਂ ਹੀ ਹਿੰਦੂਆਂ ਵਿਚ ਆਪਣੇ ਪਹਿਲੇ ਬੱਚੇ ਨੂੰ ਸਿੱਖ ਬਣਾਉਣ ਦੀ ਪਰੰਪਰਾ ਅਰੰਭ ਹੋਈ, ਇਸ ਸੰਘਰਸ਼ ਵਿਚ ਸ਼ਹੀਦ ਹੋਣ ਵਾਲੇ ਸਿੱਖਾਂ ਦੀ ਘਾਟ ਨੂੰ ਪੂਰਿਆਂ ਕਰਨ ਵਿਚ ਸਹਾਇਕ ਹੁੰਦੀ ਰਹੀ। ਹਾਲਾਂਕਿ ਇਹ ਜਾਣਦੇ ਸਨ ਕਿ ਜਿਸ ਬੱਚੇ ਨੂੰ ਉਹ ਸਿੱਖ ਬਣਾ ਰਹੇ ਹਨ, ਉਸ ਨੇ ਇਸ ਸੰਘਰਸ਼ ਵਿਚ ਸ਼ਹੀਦ ਹੋ ਜਾਣਾ ਹੈ। ਉਨ੍ਹਾਂ ਦਾ ਇਹ ਅਹਿਸਾਸ ਇਨ੍ਹਾਂ ਸ਼ਬਦਾਂ ਵਿਚੋਂ ਪ੍ਰਗਟ ਹੁੰਦਾ ਹੈ ਕਿ ਜਦੋਂ ਉਨ੍ਹਾਂ ਨੂੰ ਇਹ ਪੁਛਿਆ ਜਾਂਦਾ ਕਿ ਉਨ੍ਹਾਂ ਦੇ ਕਿਤਨੇ ਬੱਚੇ ਹਨ ਤਾਂ ਉਹ ਦਸਦੇ ਕਿ ਉਨ੍ਹਾਂ ਦੇ ਬੱਚੇ ਤਾਂ 'ਚਾਰ' ਸਨ ਪਰ ਤਿੰਨ ਰਹਿ ਗਏ ਹਨ, ਇਕ ਸਿੱਖ ਬਣ ਗਿਆ ਹੈ।

ਹਾਲਾਂਕਿ ਹਕੂਮਤ ਦੀ ਜ਼ਾਲਮ ਸੋਚਣੀ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦੀ ਨੀਤੀ ਦੇ ਫਲਸਰੂਪ ਉਨ੍ਹਾਂ ਦੀ ਮਦਦ ਲਈ ਕੋਈ ਖੁਲ੍ਹ ਕੇ ਸਾਹਮਣੇ ਆਉਣ ਲਈ ਤਿਆਰ ਨਹੀਂ ਸੀ ਹੁੰਦਾ। ਹਿੰਦੂਆਂ ਅਤੇ ਮੁਸਲਮਾਨਾਂ ਵਲੋਂ ਜੋ ਵੀ ਸਹਾਇਤਾ ਕੀਤੀ ਜਾਂਦੀ ਉਹ ਲੁਕੀ-ਛੁਪੀ ਹੁੰਦੀ ਸੀ। ਉਨ੍ਹਾਂ ਨੂੰ ਇਸ ਗੱਲ ਦਾ ਡਰ ਸੀ ਕਿ ਜੇ ਕਿਧਰੇ ਹਕੂਮਤ ਨੂੰ ਪਤਾ ਲੱਗ ਗਿਆ ਕਿ ਉਹ ਸਿੱਖਾਂ ਦੀ ਮਦਦ ਕਰ ਰਹੇ ਹਨ ਤਾਂ ਉਹ ਵੀ ਉਸ ਦੇ ਜ਼ੁਲਮ ਦਾ ਸ਼ਿਕਾਰ ਹੋਣੋਂ ਬਚ ਨਹੀਂ ਸਕਣਗੇ। ਇਸੇ ਡਰ ਅਤੇ ਸਹਿਮ ਦਾ ਹੀ ਸਿੱਟਾ ਸੀ ਕਿ ਸਿੱਖਾਂ ਪ੍ਰਤੀ ਹਮਦਰਦੀ ਅਤੇ ਉਨ੍ਹਾਂ ਨੂੰ ਬਚਾਉਣ ਦੀ ਪ੍ਰਬਲ ਇੱਛਾ ਹੋਣ ਦੇ ਬਾਵਜੂਦ ਉਨ੍ਹਾਂ ਦੇ ਹਮਦਰਦ, ਹਿੰਦੂ ਅਤੇ ਮੁਸਲਮਾਨ ਉਨ੍ਹਾਂ ਦੇ ਲਈ ਬਹੁਤ ਕੁਝ ਨਹੀਂ ਸੀ ਕਰ ਪਾ ਰਹੇ।

ਮਿਟਾਏ ਨਾ ਜਾ ਸਕੇ: ਦੇਸ਼ ਦਾ ਪੱਤਾ-ਪੱਤਾ ਦੁਸ਼ਮਣ ਹੋ ਜਾਣ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਚਲਾਈਆਂ ਗਈਆਂ ਸ਼ਿਕਾਰ-ਮੁਹਿੰਮਾਂ ਦੇ ਬਾਵਜੂਦ ਸਿੱਖਾਂ ਦਾ ਖੁਰਾ-ਖੋਜ ਮਿਟਾਇਆ ਨਾ ਜਾ ਸਕਿਆ। ਭਾਈ ਕੇਸਰ ਸਿੰਘ ਛਿੱਬਰ ਦੇ ਸ਼ਬਦਾਂ ਵਿਚ:

'ਲੱਖ ਹਜ਼ਾਰ ਸਿੱਖ ਤੁਰਕਾਂ ਖਪਾਏ।
ਪਰ ਪੰਥ ਡਾਢੇ ਪੁਰਖ ਦਾ ਵੱਧਦਾ ਹੀ ਜਾਏ।'

ਉਸ ਸਮੇਂ ਦੀ ਭਿਆਨਕ ਸਥਿਤੀ ਨੂੰ ਗੰਭੀਰਤਾ ਨਾਲ ਘੋਖਿਆਂ ਹੈਰਾਨੀ ਹੁੰਦੀ ਹੈ ਕਿ ਇਹ ਸਭ ਕੁਝ ਕਿਵੇਂ ਹੋ ਰਿਹਾ ਸੀ? ਇਤਨੇ ਜ਼ੁਲਮਾਂ ਅਤੇ ਸਖ਼ਤੀਆਂ ਦੇ ਬਾਵਜੂਦ ਸਿੱਖ ਪੰਥ ਵਿਚ ਵਾਧਾ ਹੀ ਹੁੰਦਾ ਜਾ ਰਿਹਾ ਸੀ। ਕੀ ਇਸ ਦੇ ਪਿੱਛੇ ਕੋਈ ਗ਼ੈਬੀ ਸ਼ਕਤੀ ਕੰਮ ਕਰ ਰਹੀ ਸੀ?

ਇਤਿਹਾਸ ਦਸਦਾ ਹੈ ਕਿ ਅਜਿਹੇ ਭਿਆਨਕ ਸੰਕਟ ਸਮੇਂ ਵੀ ਉਨ੍ਹਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਦੇ ਕਈ ਕਾਰਨ ਸਨ। ਸਭ ਤੋਂ ਵੱਡਾ ਕਾਰਨ ਇਹ ਸੀ ਕਿ ਉਹ ਸਮਝਦੇ ਸਨ ਕਿ ਜੋ ਕੁਝ ਹੋ ਰਿਹਾ ਹੈ, ਗੁਰੂ ਦੇ ਭਾਣੇ ਵਿਚ ਹੀ ਹੈ। ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਤੇਗ ਬਹਾਦਰ ਅਤੇ ਚਹੁੰ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਛੀਵਾੜੇ ਦੇ ਜੰਗਲਾਂ ਵਿਚ ਵਿਚਰਨ ਨਾਲ ਸਬੰਧਤ ਕਥਾਵਾਂ, ਉਨ੍ਹਾਂ ਦੇ ਵਿਸ਼ਵਾਸ ਅਤੇ ਸਹਿਣ-ਸ਼ਕਤੀ ਨੂੰ ਦ੍ਰਿੜ੍ਹ ਕਰਦੀਆਂ ਸਨ:

'ਸਿੱਖ ਬਾਤ ਬਾਤ ਮੇਂ ਇਹੀ ਅਲੈ ਹੈਂ।
ਜੁ ਗੁਰੂ ਕਰਹੈ ਸੋਈ ਹੋਹੈਂ।'

ਉਨ੍ਹਾਂ ਦੀ ਇਸ ਤਰ੍ਹਾਂ ਦੀ ਚੜ੍ਹਦੀ ਕਲਾ ਦੀ ਸੋਚਣੀ ਹੀ ਉਨ੍ਹਾਂ ਦੇ ਵਿਸ਼ਵਾਸ ਅਤੇ ਹੌਸਲੇ ਨੂੰ ਡਗਮਗਾਉਣ ਦੀ ਬਜਾਏ ਹਰ ਤਰ੍ਹਾਂ ਦੇ ਜ਼ੁਲਮ ਦਾ ਟਾਕਰਾ ਕਰਨ ਲਈ ਉਨ੍ਹਾਂ ਵਿਚਲੇ ਆਤਮ-ਵਿਸ਼ਵਾਸ ਨੂੰ ਦ੍ਰਿੜ੍ਹ ਕਰ ਉਨ੍ਹਾਂ ਨੂੰ ਜੋਸ਼ ਭਰਪੂਰ ਸ਼ਕਤੀ ਦੇ ਰਹੀ ਸੀ। ਗੁਰੂ ਸਾਹਿਬਾਨ ਦੇ ਜੀਵਨ-ਕਾਰਜਾਂ ਤੇ ਸਿੱਖਾਂ ਦੀਆਂ ਸ਼ਹਾਦਤਾਂ ਨਾਲ ਭਰਪੂਰ ਇਤਿਹਾਸ ਉਨ੍ਹਾਂ ਦੀ ਪ੍ਰੇਰਨਾ ਦਾ ਸ੍ਰੋਤ ਸੀ।

ਕਾਜ਼ੀ ਨੂਰ ਮੁਹੰਮਦ, ਜੋ ਆਪਣੀਆਂ ਲਿਖਤਾਂ ਵਿਚ ਨਫ਼ਰਤ ਨਾਲ ਸਿੱਖਾਂ ਨੂੰ ਸੱਗ (ਕੁੱਤੇ) ਲਿਖਦਾ ਹੈ, ਉਹ ਵੀ ਇਸ ਸੰਕਟ-ਪੂਰਣ ਸਮੇਂ ਵਿਚ ਉਨ੍ਹਾਂ ਦੇ ਆਚਰਣ ਦੀ ਉਚਤਾ ਵੇਖ ਇਹ ਲਿਖਣੋਂ ਆਪਣੇ-ਆਪ ਨੂੰ ਰੋਕ ਨਹੀਂ ਸਕਿਆ, ਕਿ 'ਸ਼ਾਬਾਸ਼, ਉਹ ਸੱਗਾਂ ਦੀ ਕੌਮ, ਜੋ ਦੁਸ਼ਮਣ ਦੀ ਮਾਂ-ਬੇਟੀ ਨੂੰ ਵੀ ਆਪਣੀ ਮਾਂ-ਬੇਟੀ ਸਮਝਦੀ ਹੈ।'

ਇਹੀ ਉਹ ਕਾਰਨ ਸਨ ਜਿਨ੍ਹਾਂ ਦੇ ਫਲਸਰੂਪ ਆਮ ਲੋਕਾਂ ਦੇ ਦਿਲ ਵਿਚ ਸਿੱਖਾਂ ਦੇ ਲਈ ਹਮਦਰਦੀ ਅਤੇ ਜਜ਼ਬਾਤੀ ਲੋਕਾਂ ਦੇ ਦਿਲ ਵਿਚ ਸਿੱਖ ਬਣਨ ਦੀ ਲਾਲਸਾ ਪੈਦਾ ਹੁੰਦੀ ਰਹੀ। ਅਬਦੁਲ ਸਮਦ ਖਾਨ ਅਤੇ ਜ਼ਕਰੀਆ ਖਾਨ ਆਦਿ ਵਰਗੇ ਜ਼ਾਲਮ ਹੁਕਮਰਾਨਾਂ ਦੇ ਬੇ-ਥਾਹ ਜ਼ੁਲਮੀ ਤੂਫ਼ਾਨਾਂ ਵਿਚ ਵੀ ਇਸੇ ਭਾਵਨਾ ਨੇ ਸਿੱਖੀ ਜਜ਼ਬੇ ਦੀ ਜੋਤ ਨੂੰ ਬੁਝਣ ਨਹੀਂ ਦਿੱਤਾ।

ਇਸੇ ਰੋਸ਼ਨੀ ਵਿਚ ਕੇਸਰ ਸਿੰਘ ਛਿੱਬਰ ਦੇ ਇਹ ਸ਼ਬਦ ਫਿਰ ਦੁਹਰਾਏ ਜਾ ਸਕਦੇ ਹਨ:

'ਲੱਖ ਹਜ਼ਾਰ ਸਿੱਖ ਤੁਰਕਾਂ ਖਪਾਏ।
ਪਰ ਪੰਥ ਡਾਢੇ ਪੁਰਖ ਦਾ ਵੱਧਦਾ ਹੀ ਜਾਏ।'

---

# ਨੈਣ-ਨਕਸ਼

*(ਸਫਾ 29 ਦੀ ਬਾਕੀ)*

ਬੱਲ ਉਥੇ ਹੀ ਸੀ।

ਚਾਰ ਕੁ ਵਜੇ ਟੂਰਨਾਮੈਂਟ ਖ਼ਤਮ ਹੋ ਗਿਆ ਤੇ ਪ੍ਰਬੰਧਕਾਂ ਨੇ ਪਹਿਲਾਂ ਹੀ 'ਜੀਜਾ ਲੱਕ ਮਿਣ ਲੈ' ਵਜਾ-ਵਜਾ ਕੇ ਧੂੜ ਉਡਾਈ ਪਈ ਸੀ। ਹਾਲਾਂਕਿ 'ਇੱਛਰਾਂ' ਧਾਹਾਂ ਮਾਰਦੀ, ਗੋਲੀ ਮਾਰੋ ਇਹੋ ਜਿਹੇ ਬਨਾਉਟੀ ਯਾਰ ਦੇ, ਅੰਬ ਦਾ ਬੂਟਾ, ਮਾਂ ਹੁੰਦੀ ਏ ਮਾਂ...ਆਦਿ ਉਸ ਵੇਲੇ ਦੀਆਂ ਉਹਦੀਆਂ ਅਮਰ ਰਚਨਾਵਾਂ ਨਾਲ ਪੂਰੀ ਝੰਡੀ ਵੀ ਸੀ ਪਰ ਅਨਾਊਂਸ ਇਹ ਹੋਇਆ ਕਿ ਪਹਿਲਾਂ ਮਾਣਕ ਗਾਵੇਗਾ। ਆਲੇ-ਦੁਆਲੇ ਦੇ ਦਸਾਂ ਪਿੰਡਾਂ ਤੋਂ ਲੋਕ ਆਏ ਹੋਣਗੇ। ਗਰਾਊਂਡ ਖਚਾਖਚ ਨਹੀਂ ਬਲਕਿ ਦਰਸ਼ਕਾਂ ਨਾਲ ਉਪਰ-ਥੱਲੇ ਹੋਈ ਪਈ ਸੀ। ਬਹੁਤਾ ਇਸ ਕਰਕੇ ਕਿ ਚਮਕੀਲਾ ਇਸ ਇਲਾਕੇ ਵਿਚ ਪਹਿਲੀ ਵਾਰ ਆਇਆ ਸੀ।

ਭੀੜ ਨੇ ਪਾ'ਤੀ ਰੌਲੀ...ਪਾ ਲਿਆ ਖਿਲਾਰ...ਆਵਾਜ਼ਾਂ ਕੱਸ ਹੋਣ ਲੱਗ ਪਈਆਂ, "ਮਾਣਕ ਨੂੰ ਬਥੇਰਾ ਸੁਣ ਲਿਐ, ਇਹਨੂੰ ਨੀਂ ਸੁਣਨਾ, ਪਹਿਲਾਂ ਚਮਕੀਲਾ ਲਾਓ।"

ਪ੍ਰਬੰਧਕ ਬਹੁਤਾ ਕਰਕੇ ਮਾਣਕ ਦੇ ਸਤਿਕਾਰ ਵਾਲੇ ਸਨ ਪਰ ਹਿਸਾਬ-ਕਿਤਾਬ ਨਿਬੜੇ ਨਾ। ਸਾਜ਼ੀ ਧੁਨਾਂ ਵੀ ਵਜਾਉਣ ਲੱਗ ਪਏ ਸਨ, ਪਰ ਲੋਕ ਹੱਥ ਉਪਰ ਨੂੰ ਕਰ ਕੇ ਨਾਂਹ ਕਰਨ 'ਨਹੀਂ ਨਹੀਂ... ਚਮਕੀਲਾ...ਚਮਕੀਲਾ।'

ਜਿਹੜੇ ਚਮਕੀਲੇ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪਤੈ ਕਿ ਨਿਮਰਤਾ ਤੇ ਚਮਕੀਲਾ ਕਦੇ ਵੀ ਅਲੱਗ-ਅਲੱਗ ਨਹੀਂ ਸਨ ਹੋਏ। ਤੇ ਇਸ ਕਰਕੇ ਮੇਰੇ ਮਨ ਵਿਚ ਚਮਕੀਲੇ ਦਾ ਸਾਰੀ ਉਮਰ ਸਤਿਕਾਰ ਬਣਿਆ ਰਿਹੈ ਅਤੇ ਮਾਣਕ ਦੀ ਵੀ ਉਹਦੇ ਪ੍ਰਤੀ ਗਰਮਾਇਸ਼ ਠੰਢੀ ਹੋਈ, ਉਹ ਚੰਨਿਆਣੀ ਪਿੰਡ ਦੀ ਘਟਨਾ ਹੀ ਸੀ।

ਚਮਕੀਲਾ ਆਪਣੀ ਗੱਡੀ ਵਿਚੋਂ ਉਤਰ ਕੇ ਸਟੇਜ 'ਤੇ ਆਇਆ। ਲੋਕਾਂ ਨੇ ਕਿਲਕਾਰੀਆਂ, ਚੀਕਾਂ ਦਾ ਤੂਫਾਨ ਲਿਆ 'ਤਾ। ਉਹਨੇ ਝੁਕ ਕੇ ਦੋਵੇਂ ਹੱਥ ਮਾਣਕ ਦੇ ਪੈਰਾਂ ਨੂੰ ਲਾਏ ਅਤੇ ਮਾਇਕ ਫੜ ਕੇ ਮੁਖਾਤਿਬ ਹੋਇਆ, "ਮਾਣਕ ਗਾਇਕੀ ਦੀ ਮਿੱਠੀ ਛਬੀਲ ਦਾ ਨਾਂ ਐ, ਸਤਿਕਾਰ ਉਹਦੇ ਲਈ ਛੋਟਾ ਸ਼ਬਦ ਐ। ਮੈਂ ਉਹਦੇ ਪੈਰਾਂ ਵਿਚ ਸਿਰ ਰੱਖਦਾ ਹਾਂ। ਮਾਣਕ ਸ੍ਹਾਬ ਪਹਿਲਾਂ ਹੀ ਗਾਉਣਗੇ, ਜੇ ਉਹਨੂੰ ਨਹੀਂ ਸੁਣੋਗੇ ਤਾਂ ਚਮਕੀਲਾ ਬਿਨਾਂ ਗਾਏ ਵਾਪਸ ਪਰਤ ਜਾਏਗਾ...।"

ਜਿਵੇਂ ਹਾੜ੍ਹ ਵਿਚ ਸਿਖ਼ਰ ਦੁਪਹਿਰੇ ਮੀਂਹ ਵਰ੍ਹ ਪਿਆ ਹੋਵੇ। ਭੀੜ ਚੁੱਪ ਹੋ ਗਈ ਤੇ ਮਾਣਕ ਨੇ 'ਕਲਗੀਧਰ ਦਾ ਬਾਪੜਾ' ਗਾਉਣ ਤੋਂ ਪਹਿਲਾਂ 'ਚਮਕੀਲਾ ਆਪਣਾ ਈ ਬੱਚਾ ਆ' ਕਹਿ ਕੇ ਡੂਢ ਘੰਟਾ ਗਾਇਆ ਤਾਂ ਜ਼ਰੂਰ, ਹਾਲਾਤ ਕਰਕੇ ਗੱਲ ਉਹ ਨੀਂ ਬਣੀ।

ਤੇ ਫਿਰ ਚਮਕੀਲੇ ਨੇ ਸਵਾ ਤਿੰਨ ਘੰਟੇ...ਉਪਰ ਦੀ ਥੱਲੇ ਕਰ'ਤੀ; ਠੇਕੇ 'ਤੇ ਘਰ ਪਾ ਲੈਣਾ, ਗੁੰਮ ਬਾਪੂ ਅਤੇ ਜੀਜਾ ਲੱਕ ਮਿਣ ਲੈ, ਸੋਹਣਿਆ ਵਿਆਹ ਕਰਵਾ ਕੇ ਵੇ ਆਦਿ ਗੀਤਾਂ ਨਾਲ ਦੋਹਾਂ ਨੇ ਸਿੱਧ ਕਰ'ਤਾ ਕਿ ਮੁਕਾਬਲਾ ਤਾਂ ਖਿਡਾਰੀਆਂ ਦਾ ਹੋ ਕੇ ਹਟਿਆ, ਉਨ੍ਹਾਂ ਦਾ ਤਾਂ ਹੈ ਈ ਨ੍ਹੀਂ।

ਮੁੜਦੀ ਵਾਰੀ ਟੱਲੀ ਜਿਹੇ ਹੋਏ ਮਾਣਕ ਨੂੰ ਸੁਖਵਿੰਦਰ ਪੰਛੀ ਨੇ ਫਿਰ ਟਕੋਰ ਲਾ ਕੇ ਪੁੱਛਿਆ, "ਉਸਤਾਦ ਜੀ, ਕਿਵੇਂ...ਜੀਜਾ ਦਰਜੀ ਸੀ ਕਿ ਕੁਛ ਹੋਰ...?"

"ਚੁੱਪ ਕਰ ਉਇ, ਜੀਜਾ ਤਾਂ ਸਾਲਾ ਕੰਜਰ ਦਾ, ਕੱਪੜੇ ਸਿਊਣ ਵਾਲੀ ਵੱਡੀ ਫੈਕਟਰੀ ਦਾ ਮਾਲਕ ਲੱਗਦੈ।" ਤੇ ਡਰਾਈਵਰ ਗੁਰਦਾਸ ਵੱਲ ਇਸ਼ਾਰਾ ਕਰ ਕੇ ਬੋਲਿਆ, "ਲਾ ਤਾਂ ਕੇਰਾਂ ਟੇਪ ਸੁਣ ਤਾਂ ਲਈਏ 'ਜੀਜਾ ਲੱਕ ਮਿਣ ਲੈ' ਵਿਚ ਹੈ ਕੀ?"

ਵਿਸ਼ਵਾਸ ਹੋ ਗਿਆ ਸੀ ਕਿ ਧਰਮ ਭਾਵੇਂ ਨਾ ਵੀ ਘਟਾਵੇ ਪਰ ਸੰਗੀਤ ਵਿਰੋਧ ਘੱਟ ਜ਼ਰੂਰ ਕਰ ਦਿੰਦਾ ਹੈ।

ਅੰਤਿਕਾ: ਚਮਕੀਲੇ ਦਾ ਵਿਰੋਧ ਵੀ ਰੱਜ ਕੇ ਹੋਇਆ ਅਤੇ 'ਭੇਤ' ਕੀ ਹੈ ਕਿ ਲੋਕੀਂ ਸੁਣਦੇ ਵੀ ਹਾਲੇ ਤੀਕਰ ਰੱਜ-ਰੱਜ ਕੇ ਹੀ ਹਨ। ਅਸਲ ਵਿਚ ਬੰਦੇ ਨੂੰ ਕਿਸੇ ਵਰਗਾ ਨਹੀਂ, ਆਪਣੇ ਵਰਗਾ ਹੀ ਹੋਣਾ ਚਾਹੀਦੈ, ਤਾਂ ਹੀ:

ਧੁੱਪ ਮੁਲਤਾਨ ਜਿੰਨੀ ਆਕੜ ਸ਼ੈਤਾਨ ਜਿੰਨੀ,
ਸ਼ਾਹੀ ਸੁਲੇਮਾਨ ਜਿੰਨੀ,
ਯੂਸਫ਼ ਜੈਸਾ ਸੋਹਣਾ ਨ੍ਹੀਂ।
ਬਾਲੀ ਜਿੰਨਾ ਜੱਬਰ,
ਲੰਕੇਸ਼ ਜਿੰਨਾ ਟੱਬਰ,
ਅਯੂਬ ਜਿੰਨਾ ਸਬਰ,
ਯਕੂਬ ਜਿੰਨਾ ਰੋਣਾ ਨ੍ਹੀਂ।
ਹੇਕ ਮਿੱਠੀ ਪਿੱਚ ਤੋਂ,
ਬੀਮਾਰੀ ਤਪਦਿਕ ਤੋਂ,
ਤੇ ਬਨੀਦਾ ਹਰਿਕ ਤੋਂ,
ਨਿਸ਼ਾਨਚੀ ਦਰੋਣਾ ਨ੍ਹੀਂ।
ਸੂਰਮਾ ਨ੍ਹੀਂ ਸ਼ੇਰ ਜੈਸਾ,
ਭੰਡਾਰੀ ਨ੍ਹੀਂ ਕੁਬੇਰ ਜੈਸਾ,
ਤੇ ਭਗਤ ਸਿਊਂ ਦਲੇਰ ਜੈਸਾ,
ਦਲੇਰ ਪੈਦਾ ਹੋਣਾ ਨ੍ਹੀਂ।

*(ਬਾਬੂ ਰਜਬ ਅਲੀ)*

---

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਰੰਗ ਜ਼ਿੰਦਗੀ ਦੇ

ਖੋਟੇ ਕੰਮਾਂ ਦੇ ਵਿਚ ਗਲਤਾਨ ਹੋ ਕੇ, ਕਾਹਤੋਂ ਬੰਦਿਆ ਮੱਤ ਗਵਾ ਬੈਠਾ।
ਮਨ ਭਟਕਦੇ ਤੀਵੀਆਂ-ਮਾਨੀਆਂ ਨੂੰ, ਠਰਕੀ ਦਿਲ ਨੂੰ ਫੇਰ ਭਰਮਾ ਬੈਠਾ।
ਮੋਤੀ ਰੁੜੀਆਂ ਵਿਚੋਂ ਲੱਭਦੇ ਭਲਾ ਕਿੱਥੇ, ਤੇ ਚੁੰਝ ਹੰਸਾਂ ਦੀ ਕਾਂ ਚੁਰਾ ਬੈਠਾ।
ਲੰਘੀ ਉਮਰ ਬਦਫ਼ੈਲੀਆਂ-ਠੱਗੀਆਂ ਵਿਚ ਪੱਕੇ ਦੇਖ ਕੇ ਕੱਚੇ ਹੀ ਢਾਹ ਬੈਠਾ।
ਵਾਜਾ ਮੌਤ ਦਾ ਵੱਜਣ ਹੀ ਵਾਲੜਾ ਏ, ਫਿਰ ਵੀ ਖ਼ੁਦੀ 'ਚ ਧੌਣ ਅਕੜਾ ਬੈਠਾ।
ਜਦੋਂ ਬੁੜ੍ਹਕ ਕੇ ਡਿੱਗਿਆ ਤਾਂ ਫੇਰ ਜਾਣੀਂ ਲੱਤ ਆਪਣੀ 'ਚ ਹੀ ਲੱਤ ਫਸਾ ਬੈਠਾ।
ਬੁੱਢਾ ਹੋ ਗਿਆ ਅਕਲ ਨਹੀਂ ਆਈ 'ਭੌਰ' ਨਕਲੀ ਚਿੱਟਿਆਂ ਤੋਂ ਕਾਲੇ ਬਣਾ ਬੈਠਾ।

# ਉਮੀਦ ਦਾ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼

*ਅਦਬੀ ਸੰਸਾਰ ਫ਼ੈਜ਼ ਅਹਿਮਦ ਫ਼ੈਜ਼ ਨੂੰ ਲਗਾਤਾਰ ਜੱਦੋ-ਜਹਿਦ ਕਰਦੇ ਸ਼ਾਇਰ ਦੇ ਰੂਪ ਵਿਚ ਜਾਣਦਾ ਹੈ। ਸਿਆਸੀ ਕਾਰਕੁਨਾਂ ਦੀ ਨਿਗ੍ਹਾ ਵਿਚ ਇਸ ਅਜ਼ੀਮ ਸ਼ਾਇਰ ਦੇ ਅਲਫ਼ਾਜ਼ ਅਜਿਹੇ 'ਖ਼ਤਰਨਾਕ ਅਲਫ਼ਾਜ਼' ਹਨ ਜੋ ਲੋਕਾਂ ਦੇ ਦਿਲਾਂ ਵਿਚ ਸੁੱਤੀ ਅੱਗ ਨੂੰ ਹਵਾ ਦਿੰਦੇ ਹਨ। ਬਿਨਾਂ ਸ਼ੱਕ, ਇਹੀ ਵਜ੍ਹਾ ਹੋਵੇਗੀ ਜਿਸ ਦੇ ਸਿੱਟੇ ਵਜੋਂ ਫ਼ੈਜ਼ ਦੀ ਜ਼ਿੰਦਗੀ ਦਾ ਬਿਹਤਰੀਨ ਦੌਰ ਜਾਂ ਤਾਂ ਸਲਾਖ਼ਾਂ ਪਿੱਛੇ ਬੀਤਿਆ ਜਾਂ ਦੇਸ਼ ਨਿਕਾਲੇ ਵਿਚ, ਪਰ ਹਜ਼ਾਰਾਂ ਨਾ-ਉਮੀਦੀਆਂ ਭਰੇ ਮਾਹੌਲ ਦੇ ਬਾਵਜੂਦ ਉਨ੍ਹਾਂ ਦੀ ਕਵਿਤਾ ਵਿਚ ਉਮੀਦ ਦੀਆਂ ਚਿਣਗਾਂ ਅਤੇ ਚੰਗਿਆੜੀਆਂ ਕਦੇ ਬੁਝੀਆਂ ਨਹੀਂ, ਉਨ੍ਹਾਂ ਦੀ ਮੁਹੱਬਤ ਕਦੇ ਬੁੱਢੀ ਨਹੀਂ ਹੋਈ। ਇਹ ਵਰ੍ਹਾ ਫ਼ੈਜ਼ (13 ਫਰਵਰੀ, 1911-19 ਨਵੰਬਰ 1984) ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਅਗਲੇ ਅੰਕ ਵਿਚ ਉਨ੍ਹਾਂ ਦੀਆਂ ਖ਼ਾਸ ਗ਼ਜ਼ਲਾਂ/ਨਜ਼ਮਾਂ ਦੇ ਰੂ-ਬ-ਰੂ ਹੋਵਾਂਗੇ। -ਸੰਪਾਦਕ*

**ਆਸ਼ੀਸ਼**

ਇਹ ਵਰ੍ਹਾ ਅਜ਼ੀਮ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼ ਦੇ ਜਨਮ ਦਾ ਸੌਂਵਾਂ ਵਰ੍ਹਾ ਹੈ। ਫ਼ੈਜ਼ 'ਲੋਕਾਂ ਦਾ ਸ਼ਾਇਰ' ਸੀ/ਹੈ। ਉਨ੍ਹਾਂ ਦੀ ਸ਼ਾਇਰੀ ਵਿਚ ਭਾਰਤੀ ਉਪ ਮਹਾਂਦੀਪ ਤੋਂ ਲੈ ਕੇ ਸੰਸਾਰ ਦੇ ਸਾਰੇ ਮੁਲਕਾਂ ਵਿਚ ਵਸੇ ਹੋਏ ਬੇਸਹਾਰਾ-ਬੇਵੱਸ ਲੋਕਾਂ ਅਤੇ ਯਤੀਮਾਂ ਦੀਆਂ ਨਾ ਸਿਰਫ਼ ਆਵਾਜ਼ਾਂ ਹੀ ਦਰਜ ਹਨ, ਸਗੋਂ ਉਨ੍ਹਾਂ ਦੀਆਂ ਉਮੀਦਾਂ/ਉਮੰਗਾਂ ਨੂੰ ਵੀ ਜਗ੍ਹਾ ਮਿਲੀ ਹੈ। ਅਦਬੀ ਸੰਸਾਰ ਉਨ੍ਹਾਂ ਨੂੰ ਲਗਾਤਾਰ ਜੱਦੋ-ਜਹਿਦ ਕਰਦੇ ਸ਼ਾਇਰ ਦੇ ਰੂਪ ਵਿਚ ਜਾਣਦਾ ਹੈ। ਸਿਆਸੀ ਕਾਰਕੁਨਾਂ ਦੀ ਨਿਗ੍ਹਾ ਵਿਚ ਫ਼ੈਜ਼ ਦੇ ਅਲਫ਼ਾਜ਼ ਅਜਿਹੇ 'ਖ਼ਤਰਨਾਕ ਅਲਫ਼ਾਜ਼' ਹਨ ਜੋ ਲੋਕਾਂ ਦੇ ਦਿਲਾਂ ਵਿਚ ਸੁੱਤੀ ਅੱਗ ਨੂੰ ਹਵਾ ਦਿੰਦੇ ਹਨ। ਬਿਨਾਂ ਸ਼ੱਕ, ਇਹੀ ਵਜ੍ਹਾ ਹੋਵੇਗੀ ਜਿਸ ਦੇ ਸਿੱਟੇ ਵਜੋਂ ਫ਼ੈਜ਼ ਦੀ ਜ਼ਿੰਦਗੀ ਦਾ ਬਿਹਤਰੀਨ ਦੌਰ ਜਾਂ ਤਾਂ ਸਲਾਖ਼ਾਂ ਪਿੱਛੇ ਬੀਤਿਆ ਜਾਂ ਦੇਸ਼ ਨਿਕਾਲੇ ਵਿਚ, ਪਰ ਹਜ਼ਾਰਾਂ ਨਾਉਮੀਦੀਆਂ ਭਰੇ ਮਾਹੌਲ ਦੇ ਬਾਵਜੂਦ ਉਨ੍ਹਾਂ ਦੀ ਕਵਿਤਾ ਵਿਚ ਉਮੀਦ ਦੀਆਂ ਚਿਣਗਾਂ ਅਤੇ ਚੰਗਿਆੜੀਆਂ ਕਦੇ ਬੁਝੀਆਂ ਨਹੀਂ, ਉਨ੍ਹਾਂ ਦੀ ਮੁਹੱਬਤ ਕਦੇ ਬੁੱਢੀ ਨਹੀਂ ਹੋਈ। ਅੱਜ ਦੇ ਖੜੋਤ ਭਰੇ ਸਮੇਂ ਵਿਚ ਅਜਿਹੇ ਜ਼ਿੰਦਾਦਿਲ ਸ਼ਾਇਰ ਦੀ ਯਾਦ-ਦਿਹਾਨੀ ਸਾਡੀ ਲੋੜ ਹੈ; ਅਤੇ ਸਮੇਂ ਦੀ ਵੀ, ਤਾਂ ਕਿ ਅਸੀਂ ਪੁਰਜ਼ੋਰ ਆਵਾਜ਼ ਵਿਚ ਕਹਿ ਸਕੀਏ:

ਬੋਲ ਕੇ ਲਬ ਆਜ਼ਾਦ ਹੈਂ ਤੇਰੇ
ਬੋਲ ਜ਼ਬਾਂ ਅਬ ਤਕ ਤੇਰੀ ਹੈ

13 ਫਰਵਰੀ, 1911 ਨੂੰ ਕਸਬਾ ਕਾਲਾ ਕਾਦਿਰ, ਜ਼ਿਲ੍ਹਾ ਸਿਆਲਕੋਟ (ਪੰਜਾਬ) ਦੇ ਆਮ ਪਰਿਵਾਰ ਵਿਚ ਫ਼ੈਜ਼ ਅਹਿਮਦ ਫ਼ੈਜ਼ ਦੀ ਪੈਦਾਇਸ਼ ਹੋਈ। ਇਨ੍ਹਾਂ ਦੇ ਅੱਬਾ ਚੌਧਰੀ ਸੁਲਤਾਨ ਅਹਿਮਦ ਵਕੀਲ ਸਨ ਅਤੇ ਅਦਬੀ ਰੁਚੀਆਂ ਵਾਲੇ ਸਨ। ਇਨ੍ਹਾਂ ਦੀ ਮਿੱਤਰ ਮੰਡਲੀ ਵਿਚ ਅੱਲਾਮਾ ਇਕਬਾਲ ਜਿਹੇ ਮਹਾਨ ਸ਼ਾਇਰ ਅਤੇ ਹੋਰ ਅਦਬੀ ਹਸਤੀਆਂ ਸਨ। ਉਂਜ ਤਾਂ ਫ਼ੈਜ਼ ਦੀ ਮੁੱਢਲੀ ਸਿੱਖਿਆ ਮਦਰੱਸੇ ਤੋਂ ਸ਼ੁਰੂ ਹੋਈ ਪਰ ਜਲਦੀ ਹੀ ਉਨ੍ਹਾਂ ਦੇ ਅੱਬਾ ਜੀ ਨੇ ਉਨ੍ਹਾਂ ਦਾ ਨਾਮ ਮਿਸ਼ਨਰੀ ਸਕੂਲ ਵਿਚ ਦਰਜ ਕਰਵਾ ਦਿੱਤਾ। ਉਥੇ ਉਨ੍ਹਾਂ ਨੇ ਹਾਈ ਮਿਡਲ ਪੱਧਰ ਤਕ ਅੰਗਰੇਜ਼ੀ ਮਾਧਿਅਮ ਨਾਲ ਪੜ੍ਹਾਈ ਕੀਤੀ। ਉੱਚ ਸਿੱਖਿਆ ਲਈ ਫ਼ੈਜ਼ ਨੇ ਲਾਹੌਰ ਵੱਲ ਰੁਖ਼ ਕੀਤਾ। ਉਥੇ ਗਵਰਨਮੈਂਟ ਕਾਲਜ ਅਤੇ ਫਿਰ ਓਰੀਐਂਟਲ ਕਾਲਜ ਵਿਚ ਅੰਗਰੇਜ਼ੀ ਤੇ ਅਰਬੀ ਵਿਚ ਮਾਸਟਰ ਡਿਗਰੀ ਹਾਸਲ ਕੀਤੀ।

ਜਿਨ੍ਹਾਂ ਦਿਨਾਂ ਵਿਚ ਫੈਜ਼ ਗਿਆਨ ਇਕੱਠਾ ਕਰ ਰਹੇ ਸਨ, ਉਸ ਸਮੇਂ ਮੁਲਕ ਦੀਆਂ ਹਵਾਵਾਂ ਵਿਚ ਸਿਆਸੀ ਰੰਗ ਤੇਜ਼ੀ ਨਾਲ ਘੁਲ਼ ਰਹੇ ਸਨ। ਕਿਸਾਨਾਂ-ਮਜ਼ੂਦਰਾਂ ਦੀ ਲਹਿਰ ਦਾ ਦੌਰ ਸੀ। ਕਾਲਜਾਂ ਵਿਚ ਦੇਸ਼-ਦੁਨੀਆਂ ਨੂੰ ਲੈ ਕੇ ਚਰਚਾ ਹੋ ਰਹੀ ਸੀ। ਦੁਨੀਆਂ ਦੇ ਇਕ ਮੁਲਕ, ਰੂਸ ਵਿਚ ਮਜ਼ਦੂਰ ਰਾਜ ਕਾਇਮ ਹੋ ਚੁੱਕਿਆ ਸੀ। ਲੁੱਟ-ਰਹਿਤ ਢਾਂਚਾ ਬਣਾਉਣ ਦਾ ਨਵਾਂ ਤਜਰਬਾ ਹੋ ਰਿਹਾ ਸੀ, ਜਾਂ ਇੰਜ ਕਹਿ ਲਵੋ ਕਿ ਚਾਰ-ਚੁਫ਼ੇਰੇ ਸਿਆਸਤ ਦੇ ਰੰਗ ਬਿਖਰੇ ਹੋਏ ਸਨ। ਅਜਿਹੇ ਭਖਵੇਂ ਅਤੇ ਸਿਆਸੀ ਮਾਹੌਲ ਵਿਚ ਨੌਜਵਾਨ ਫ਼ੈਜ਼ ਦਾ ਆਪਾ ਵੀ ਕਰਵਟ ਲੈ ਰਿਹਾ ਸੀ। ਉਨ੍ਹਾਂ ਦੀ ਕਿਤਾਬਾਂ ਵਾਲੀ ਅਲਮਾਰੀ ਵਿਚ ਕਈ ਅਜਿਹੀਆਂ ਕਿਤਾਬਾਂ ਆਣ ਸ਼ਾਮਲ ਹੋਈਆਂ ਜਿਨ੍ਹਾਂ ਨੂੰ ਲਕੋ ਕੇ ਰੱਖਣਾ ਪੈਂਦਾ ਸੀ, ਇਨ੍ਹਾਂ 'ਤੇ ਰੋਕ ਜੁ ਲੱਗੀ ਹੋਈ ਸੀ। ਇਨ੍ਹਾਂ ਕਿਤਾਬਾਂ ਰਾਹੀਂ ਫ਼ੈਜ਼ ਨੂੰ ਅਜਿਹਾ ਬਹੁਤ ਕੁਝ ਜਾਣਨ ਦਾ ਮੌਕਾ ਮਿਲਿਆ ਜਿਸ ਤੋਂ ਉਹ ਪਹਿਲਾਂ ਨਾ-ਵਾਕਿਫ਼ ਸਨ। ਇਨ੍ਹਾਂ ਹੀ ਸਮਿਆਂ ਵਿਚ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨੂੰ ਸ਼ਬਦਾਂ ਦਾ ਰੂਪ ਦੇਣਾ ਸ਼ੁਰੂ ਕੀਤਾ। ਸ਼ਾਇਰੀ ਨਾਲ ਉਨ੍ਹਾਂ ਦੀ ਮੁਹੱਬਤ ਹੋਈ, ਸੱਚੇ ਅਰਥਾਂ ਦੀ ਮੁਹੱਬਤ ਜਿਹੜੀ ਜ਼ਿੰਦਗੀ ਭਰ ਕਾਇਮ ਰਹੀ।

ਗਰੈਜੂਏਸ਼ਨ ਕਰਨ ਮਗਰੋਂ 1935 ਵਿਚ ਫ਼ੈਜ਼, ਮੁਹੰਮਦ ਐਂਗਲੋ ਓਰੀਐਂਟਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਣ ਲੱਗੇ। ਇਥੇ ਆ ਕੇ ਉਨ੍ਹਾਂ ਦੀ ਸਿਆਸੀ ਸਰਗਰਮੀ ਅਤੇ ਨਾਲ ਹੀ ਲੋਕਾਂ ਨਾਲ ਲਗਾਓ ਲਗਾਤਾਰ ਵਧਦਾ ਗਿਆ। ਇਥੇ ਹੀ ਉਨ੍ਹਾਂ ਦੀ ਦੋਸਤੀ ਮੁਹੰਮਦ ਜ਼ਫ਼ਰ ਅਤੇ ਉਨ੍ਹਾਂ ਦੀ ਬੇਗਮ ਰਸ਼ੀਦ ਜਹਾਂ ਨਾਲ ਹੋਈ। ਇਸ ਦੋਸਤੀ ਨੇ ਫ਼ੈਜ਼ ਦੀ ਜ਼ਿੰਦਗੀ ਨੂੰ ਦਿਸ਼ਾ ਦੇਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਅੰਦਰ ਬਦਲਾਅ ਦੀ ਪਿਆਸ ਵਧਣ ਲੱਗੀ। ਇਨ੍ਹਾਂ ਸਮਿਆਂ ਵਿਚ ਲੰਡਨ ਤੋਂ ਪੜ੍ਹ ਕੇ ਪਰਤੇ ਸਾਰੇ ਬੁੱਧੀਜੀਵੀਆਂ ਦੀ ਸੰਗਤ ਵਿਚ ਮਾਰਕਸਵਾਦ ਦਾ 'ੳ ਅ' ਸਿਖਿਆ। ਖ਼ੁਦ ਫ਼ੈਜ਼ ਦੀ ਜ਼ਬਾਨੀ: "ਕਮਿਊਨਿਸਟ ਮੈਨੀਫੈਸਟੋ ਪੜ੍ਹਨਾ ਮੇਰੇ ਵਿਚਾਰਾਂ ਦੀ ਤਬਦੀਲੀ ਦਾ ਅਹਿਮ ਮੋੜ ਸੀ। ਹੁਣ ਸਾਡੇ ਕੋਲ ਨਵੇਂ ਦੋਸਤ ਸਨ, ਨਵੇਂ ਲੋਕ ਸਨ, ਕਰਨ ਲਈ ਬਹੁਤ ਕੁਝ ਸੀ ਅਤੇ ਨਾਲੇ ਹੀ ਅਜਿਹੀ ਵਿਚਾਰਧਾਰਾ ਦੀ ਰੌਸ਼ਨੀ ਸੀ ਜਿਹੜੀ ਊਰਜਾਵਾਨ ਤੇ ਤੂਫ਼ਾਨੀ ਸੀ।"

ਇਸ ਫ਼ੈਸਲਾਕੁਨ ਮੋੜ ਮਗਰੋਂ ਫ਼ੈਜ਼ ਦਾ ਸਮਾਜਕ-ਸਿਆਸੀ ਝੁਕਾਅ ਵਧਦਾ ਗਿਆ। ਲੋਕਾਂ ਦੀ ਜ਼ਿੰਦਗੀ ਨਾਲ ਵਧਦਾ ਲਗਾਓ ਪੂਰੀ ਜ਼ਿੰਦਗੀ ਵਿਚ ਅਗਾਂਹ ਹੀ ਗਿਆ। 1936 ਵਿਚ ਉਨ੍ਹਾਂ ਨੇ ਲੇਖਕਾਂ ਦੀ ਜਥੇਬੰਦੀ 'ਕੁੱਲ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ' ਦੀ ਉਸਾਰੀ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ ਕੀਤੀ। ਇਹ ਗੱਲ ਕਾਬਲ-ਇ-ਗ਼ੌਰ ਹੈ ਕਿ ਅਜਿਹੀ ਜਥੇਬੰਦੀ ਦੀ ਉਸਾਰੀ ਦੇ ਅਮਲ ਵਿਚ ਉਰਦੂ ਦੇ ਲੇਖਕਾਂ ਦੀ ਭੂਮਿਕਾ ਮੋਹਰੀ ਸੀ। ਉਹ ਭਾਵੇਂ ਸੱਜਾਦ ਜ਼ਹੀਰ, ਗਿਆਸ ਅਹਿਮਦ ਗੱਦੀ, ਕ੍ਰਿਸ਼ਨ ਚੰਦਰ, ਰਸ਼ੀਦ ਜਹਾਂ ਬੇਗਮ ਹੋਣ ਜਾਂ ਫ਼ੈਜ਼। ਇਕ ਦੌਰ ਅਜਿਹਾ ਵੀ ਆਇਆ ਕਿ ਫ਼ੈਜ਼ ਪ੍ਰਗਤੀਸ਼ੀਲ ਲੇਖਕ ਸੰਘ ਦੀ ਮੁੱਖ ਅਤੇ ਬੁਲੰਦ ਆਵਾਜ਼ ਬਣ ਗਏ। ਉਰਦੂ ਸ਼ਾਇਰੀ ਦਾ ਸੰਸਾਰ 'ਗ਼ਮ-ਇ-ਦੋਸਤ' ਦੀ ਦਹਿਲੀਜ਼ ਲੰਘ ਕੇ 'ਗ਼ਮ-ਇ-ਸੰਸਾਰ' ਵੱਲ ਵਧਿਆ। ਉਨ੍ਹਾਂ ਦੀ ਕਵਿਤਾ ਕਲਾਸੀਕਲ ਧਾਰਾ ਦੀ ਵਾਰਸ ਹੋਣ ਦੇ ਬਾਵਜੂਦ ਸਿਆਸੀ ਪ੍ਰਤੀਬੱਧਤਾ ਵੱਲ ਵਧਦੀ ਨਜ਼ਰ ਆਉਂਦੀ ਹੈ। ਇਸ ਦੀ ਸਭ ਤੋਂ ਵਧੀਆ ਉਦਾਹਰਣ 'ਨਕਸ਼-ਇ-ਫ਼ਰਿਆਦੀ' ਦੀਆਂ ਕਵਿਤਾਵਾਂ ਹਨ ਜਿਨ੍ਹਾਂ ਦਾ ਪ੍ਰਕਾਸ਼ਨ 1941 ਵਿਚ ਹੋਇਆ। ਇਸ ਵਿਚਲੀਆਂ ਕਵਿਤਾਵਾਂ ਉਰਦੂ ਕਾਵਿ ਪ੍ਰੰਪਰਾਵਾਂ ਦੀ ਤਿਲਾਂਜਲੀ ਦਿੱਤੇ ਬਿਨਾਂ ਨਵੇਂ ਨਕਸ਼ ਅਤੇ ਨਵੇਂ ਰੰਗ ਲੈ ਕੇ ਆਉਂਦੀਆਂ ਹਨ।



ਪ੍ਰਗਤੀਸ਼ੀਲ ਲੇਖਕ ਸੰਘ ਦੇ ਤਤਕਾਲੀ ਸਕੱਤਰ ਅਤੇ ਫ਼ੈਜ਼ ਦੇ ਖ਼ਾਸ ਦੋਸਤ ਸੱਜਾਦ ਜ਼ਹੀਰ, ਫ਼ੈਜ਼ ਦੀਆਂ ਕਵਿਤਾਵਾਂ ਬਾਰੇ ਕਹਿੰਦੇ ਹਨ ਕਿ ਫ਼ੈਜ਼ ਦੀ ਕਵਿਤਾ ਜਿਨ੍ਹਾਂ ਕਦਰਾਂ-ਕੀਮਤਾਂ ਨੂੰ ਪ੍ਰਗਟ ਕਰਦੀ ਹੈ, ਉਹ ਅਗਾਂਹਵਧੂ ਮਨੁੱਖਤਾ ਦੀਆਂ ਕਦਰਾਂ-ਕੀਮਤਾਂ ਹਨ। ਉਨ੍ਹਾਂ ਨੇ ਆਪਣੀਆਂ ਜੜ੍ਹਾਂ ਤੋਂ ਉਖੜਨ ਦੀ ਬਜਾਏ ਆਪਣੇ ਸਭਿਆਚਾਰ ਦੇ ਸਭ ਤੋਂ ਉੱਤਮ ਤੱਤਾਂ ਨੂੰ ਆਤਮਸਾਤ ਕੀਤਾ।

ਮਾਰਕਸਵਾਦ ਵਿਚ ਡੂੰਘਾ ਵਿਸ਼ਵਾਸ ਹੋਣ ਦੇ ਬਾਵਜੂਦ ਫ਼ੈਜ਼ ਕਦੇ ਕਮਿਊਨਿਸਟ ਪਾਰਟੀ ਦੇ ਬਾਕਾਇਦਾ ਮੈਂਬਰ ਨਹੀਂ ਬਣ ਸਕੇ। ਇਹ ਵੱਖਰੀ ਗੱਲ ਹੈ। ਉਂਝ, ਜਦੋਂ 1941 ਵਿਚ ਸੋਵੀਅਤ ਯੂਨੀਅਨ 'ਤੇ ਜਬਰੀ ਜੰਗ ਥੋਪ ਦਿੱਤੀ ਗਈ, ਫ਼ਾਸਿਸਟ ਤਾਕਤਾਂ ਨੇ ਇਨਸਾਨੀ ਖ਼ੂਨ ਵਹਾਉਣ ਵਿਚ ਕੋਈ ਕਸਰ ਨਹੀਂ ਛੱਡੀ ਸੀ, ਹਿਟਲਰ ਦੀਆਂ 254 ਡਿਵੀਜ਼ਨਾਂ ਵਿਚੋਂ 200 ਸੋਵੀਅਤ ਯੂਨੀਅਨ ਨੂੰ ਤਬਾਹ ਕਰਨ ਵਿਚ ਲਗਾ ਦਿੱਤੀਆਂ ਗਈਆਂ ਤਾਂ ਅਜਿਹੇ ਸਮੇਂ ਵਿਚ ਫ਼ੈਜ਼ ਨੇ ਵੀ ਸੰਸਾਰ ਦੇ ਸਾਰੇ ਸੱਚੇ ਕਲਮਕਾਰਾਂ ਵਾਂਗੂੰ ਮਨੁੱਖਤਾ ਦੇ ਦੁਸ਼ਮਣ ਵਿਰੁੱਧ ਮੈਦਾਨ ਵਿਚ ਡਟਣਾ ਆਪਣਾ ਫ਼ਰਜ਼ ਸਮਝਿਆ ਅਤੇ ਆ ਡਟੇ। ਉਨ੍ਹਾਂ ਬਤੌਰ ਵਾਲੰਟੀਅਰ ਨਾਜ਼ੀਵਾਦੀ ਅਤੇ ਫ਼ਾਸੀਵਾਦੀ ਤਾਕਤਾਂ ਨਾਲ ਲੜਨ ਲਈ ਬ੍ਰਿਟਿਸ਼ ਫ਼ੌਜ ਵਿਚ ਆਪਣਾ ਨਾਂ ਦਰਜ ਕਰਵਾਇਆ। ਜੰਗ ਖ਼ਤਮ ਹੁੰਦੇ ਹੀ ਉਨ੍ਹਾਂ ਨੇ ਫ਼ੌਜ ਤੋਂ ਵਿਦਾਈ ਲੈ ਲਈ ਅਤੇ ਲਾਹੌਰ ਪਰਤ ਗਏ।

ਲਾਹੌਰ ਪਰਤ ਕੇ ਕਲਮ ਦਾ ਇਹ ਸਿਪਾਹੀ ਇਕ ਵਾਰੀ ਮੁੜ ਕਲਮ ਦੇ ਮੋਰਚੇ 'ਤੇ ਤਾਇਨਾਤ ਹੋ ਗਿਆ। ਉਥੇ ਉਨ੍ਹਾਂ ਨੇ ਖੱਬੇਪੱਖੀ ਸੋਚ ਤੋਂ ਪ੍ਰਭਾਵਤ ਰੋਜ਼ਾਨਾ ਅਖ਼ਬਾਰ 'ਪਾਕਿਸਤਾਨ ਟਾਈਮਜ਼' ਦਾ ਸੰਪਾਦਨ ਸ਼ੁਰੂ ਕੀਤਾ। ਇਨ੍ਹਾਂ ਦਿਨਾਂ ਵਿਚ ਦੇਸ਼ ਭਰ ਵਿਚ ਹਾਏ-ਤੌਬਾ ਮਚੀ ਹੋਈ ਸੀ। ਕਤਲ-ਓ-ਗ਼ਾਰਦ ਦਾ ਮਾਹੌਲ ਚੱਲ ਰਿਹਾ ਸੀ। ਫ਼ਿਰੰਗੀਆਂ ਦੀ 'ਪਾੜੋ ਤੇ ਰਾਜ ਕਰੋ' ਨੀ ਨੀਤੀ ਆਪਣਾ ਅਸਲੀ ਰੂਪ ਦਿਖਾ ਰਹੀ ਸੀ। ਵਿਆਪਕ ਲੋਕ-ਦਬਾਅ ਅਤੇ ਸੰਸਾਰ ਪੈਮਾਨੇ 'ਤੇ ਕਮਜ਼ੋਰ ਹੁੰਦੇ ਜਾਣ ਕਰਕੇ ਫ਼ਿਰੰਗੀ ਹਕੂਮਤ ਨੇ ਆਪਣਾ ਬੋਰੀਆ-ਬਿਸਤਰਾ ਬੰਨ੍ਹ ਲਿਆ। ਸੰਨ 1947 ਵਿਚ ਭਾਰਤ ਬਸਤੀਵਾਦੀ ਗ਼ੁਲਾਮੀ ਤੋਂ ਮੁਕਤ ਹੋਇਆ। ਪਰ ਲਹੂ-ਲੁਹਾਣ ਟੁਕੜਿਆਂ ਵਿਚ ਵੰਡਿਆ ਹੋਇਆ। ਅਜਿਹੀ ਅੱਧੀ-ਅਧੂਰੀ, ਟੁੱਟੀ-ਭੱਜੀ ਹੋਈ ਆਜ਼ਾਦੀ 'ਤੇ ਸਵਾਲ ਚੁੱਕਦਿਆਂ ਇਕ ਨਜ਼ਮ ਵਿਚ ਫ਼ੈਜ਼ ਕਹਿੰਦੇ ਹਨ ਕਿ ਦਾਗ਼-ਦਾਗ਼ ਉਜਾਲਿਆਂ ਵਾਲੀ ਆਜ਼ਾਦੀ ਉਹ ਆਜ਼ਾਦੀ ਨਹੀਂ ਹੈ ਜਿਸ ਲਈ ਅਸੀਂ ਲੜ ਰਹੇ ਸੀ। ਅਜੇ ਸਾਡੇ ਅਰਮਾਨ ਅਧੂਰੇ ਹਨ, ਉਸ ਸਵੇਰ ਲਈ ਅਜੇ ਹੋਰ ਚੱਲਣਾ ਹੈ। ਮੁਲਕ ਦੀ ਵੰਡ ਦਾ ਅਤੇ 'ਆਜ਼ਾਦੀ' ਦਾ ਸਾਹਮਣਾ ਇਸ ਸ਼ਾਇਰ ਨੇ ਇਸ ਤਰੀਕੇ ਨਾਲ ਕੀਤਾ।

ਲਾਹੌਰ ਆ ਕੇ ਫ਼ੈਜ਼ ਨੇ ਆਪਣੇ ਆਪ ਨੂੰ ਕਈ ਮੋਰਚਿਆਂ 'ਤੇ ਲਾ ਦਿੱਤਾ। ਪੱਤਰਕਾਰੀ, ਟਰੇਡ ਯੂਨੀਅਨ, ਕੌਮਾਂਤਰੀ ਸ਼ਾਂਤੀ ਲਹਿਰ। ਪਰ ਨਵੀਂ ਹਕੂਮਤ ਦੇ ਤੌਰ-ਤਰੀਕੇ ਬਹੁਤ ਚੰਗੇ ਨਹੀਂ ਸਨ। ਨਵੀਂ ਪਾਕਿਸਤਾਨੀ ਸਰਕਾਰ ਬੁਰੀ ਹੱਦ ਤਕ ਅਮਰੀਕੀ ਹੁਕਮਰਾਨ ਦੀ ਪਿੱਛਲੱਗੂ ਬਣ ਜਾਣ ਨੂੰ ਕਾਹਲੀ ਸੀ। ਉਸ ਦਾ ਝੁਕਾਅ ਬੁਨਿਆਦੀ ਤੌਰ 'ਤੇ ਪਿਛਾਖੜੀ ਮੁੱਠੀ ਭਰ ਜਮਾਤ ਵੱਲ ਜ਼ਿਆਦਾ ਸੀ ਜਾਂ ਇੰਜ ਕਹੋ ਕਿ ਰਾਜ ਵਿਚ ਉਨ੍ਹਾਂ ਦੀ ਸਥਿਤੀ ਘੱਟ ਜਾਂ ਵੱਧ ਤਾਕਤਵਰ ਸੀ।

ਫ਼ੈਜ਼ ਨੂੰ 9 ਮਾਰਚ, 1951 ਨੂੰ ਰਾਜ ਖ਼ਿਲਾਫ਼ ਵਿਦਰੋਹ ਕਰਨ ਦੀ ਸਾਜ਼ਿਸ਼ ਰਚਣ ਦੇ ਇਲਜ਼ਾਮ ਵਿਚ ਕੁਝ ਦੂਜੇ ਅਫ਼ਸਰਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ 'ਤੇ ਰਾਵਲਪਿੰਡੀ ਸਾਜ਼ਿਸ਼ ਦਾ ਇਲਜ਼ਾਮ ਮੜ੍ਹਿਆ ਗਿਆ। ਉਨ੍ਹਾਂ ਦੇ ਸਿਰ 'ਤੇ ਮੌਤ ਦਾ ਖ਼ਤਰਾ ਮੰਡਰਾਉਣ ਲੱਗਿਆ। ਅੰਤ ਵਿਚ ਉਨ੍ਹਾਂ ਨੂੰ ਚਾਰ ਵਰ੍ਹਿਆਂ ਲਈ ਜੇਲ੍ਹ ਦੀਆਂ ਸਲਾਖ਼ਾਂ ਮਗਰ ਧੱਕ ਦਿੱਤਾ ਗਿਆ। ਆਜ਼ਾਦ ਮੁਲਕ ਵਿਚ ਫ਼ੈਜ਼ ਦੀ ਇਹ ਪਹਿਲੀ ਗ੍ਰਿਫ਼ਤਾਰੀ ਸੀ। ਇਸ ਗ੍ਰਿਫ਼ਤਾਰੀ ਦੇ ਚੱਲਦੇ ਅਤੇ ਜੇਲ੍ਹ ਦੀਆਂ ਤਕਲੀਫ਼ਾਂ ਦੀ ਅੱਤ ਨੇ ਫ਼ੈਜ਼ ਨੂੰ ਤਰੱਕੀਪਸੰਦ ਲੋਕਾਂ ਦਾ ਪਿਆਰਾ ਬਣਾ ਦਿੱਤਾ। ਇਨ੍ਹਾਂ ਸਮਿਆਂ ਵਿਚ ਫ਼ੈਜ਼ ਨੇ ਮੁੜ ਕਵਿਤਾ ਦਾ ਪੱਲਾ ਫੜਿਆ ਜਿਹੜਾ ਮਗਰਲੇ ਦਿਨੀਂ 1940 ਤੋਂ ਕੁਝ ਛੁੱਟ ਗਿਆ ਸੀ। ਉਨ੍ਹਾਂ ਦਾ ਦੂਜਾ ਸੰਗ੍ਰਹਿ 'ਦਸਤ-ਇ-ਸਬਾ' ਤਦ ਛਪ ਕੇ ਆਇਆ ਜਦੋਂ ਉਹ ਜੇਲ੍ਹ ਵਿਚ ਸਨ। ਤੀਜਾ ਸੰਗ੍ਰਹਿ 'ਜ਼ਿੰਦਾਨਾਮਾ' ਦੀਆਂ ਤਕਰੀਬਨ ਸਾਰੀਆਂ ਕਵਿਤਾਵਾਂ ਜੇਲ੍ਹ ਦੌਰਾਨ ਹੀ ਲਿਖੀਆਂ ਗਈਆਂ।

ਜੇਲ੍ਹ ਤੋਂ ਰਿਹਾਅ ਹੋਣ ਤਕ ਦੇਸ਼-ਦੁਨੀਆਂ ਵਿਚ ਕਾਫ਼ੀ ਕੁਝ ਬਦਲ ਚੁੱਕਿਆ ਸੀ। ਸ਼ੀਤ ਯੁੱਧ ਦਾ ਸ਼ੁਰੂਆਤੀ ਦੌਰ ਸੀ। ਪਾਕਿਸਤਾਨੀ ਹੁਕਮਰਾਨ ਜਮਾਤ ਅਮਰੀਕਾ ਨਾਲ ਡੂੰਘੀ ਜੁੜ ਚੁੱਕੀ ਸੀ। ਮੁਲਕ ਵਿਚ ਵਿਰੋਧ ਦੀ ਹਰ ਆਵਾਜ਼ 'ਤੇ ਪਹਿਰਾ ਸੀ। ਖੱਬੇਪੱਖੀ ਪੱਤਰ-ਪਤ੍ਰਿਕਾਵਾਂ ਅਤੇ ਮਜ਼ਦੂਰ ਜਥੇਬੰਦੀਆਂ ਨੂੰ ਬੇਰਹਿਮੀ ਨਾਲ ਮਿਲਟਰੀ ਬੂਟਾਂ ਹੇਠ ਦਬਾਇਆ ਜਾ ਰਿਹਾ ਸੀ। ਅਜਿਹੇ ਦਮਘੋਟੂ ਮਾਹੌਲ ਵਿਚ ਫ਼ੈਜ਼ ਲਈ ਕੁਝ ਵੀ ਕਰ ਸਕਣ ਦੀ ਗੁੰਜਾਇਸ਼ ਘੱਟਦੇ-ਘੱਟਦੇ ਬੇਹੱਦ ਘੱਟ ਰਹਿ ਗਈ ਸੀ, ਪਰ ਫ਼ੈਜ਼ ਚੁੱਪ ਬੈਠਣ ਵਾਲਿਆਂ ਵਿਚੋਂ ਨਹੀਂ ਸੀ। ਸ਼ੀਤ ਯੁੱਧ ਦੌਰਾਨ ਉਹ ਆਪਣੇ ਜਵਾਨਾਂ ਨੂੰ ਕੌਮਾਂਤਰੀ ਜਗਤ ਤਕ ਲੈ ਗਏ। 1965 ਵਿਚ ਉਹ ਦਿੱਲੀ ਵਿਚ ਹੋਏ ਏਸ਼ੀਅਨ ਰਾਈਟਸ ਸੰਮੇਲਨ ਵਿਚ ਸ਼ਾਮਲ ਹੋਏ। 1958 ਵਿਚ ਏਸ਼ੀਆ-ਅਫ਼ਰੀਕਾ ਲੇਖਕ ਸੰਮੇਲਨ ਤਾਸ਼ਕੰਦ ਵਿਖੇ ਹੋਣ ਵਾਲਾ ਸੀ। ਉਥੇ ਜਾਣ ਲਈ ਫ਼ੈਜ਼ ਅਤੇ ਇਕ ਹੋਰ ਪਾਕਿਸਤਾਨੀ ਡੈਲੀਗੇਟ ਹਾਫ਼ਿਜ਼ ਜਲੰਧਰੀ ਨੂੰ ਜਾਣ ਦੀ ਆਗਿਆ ਮਿਲੀ। ਅਜੇ ਸੰਮੇਲਨ ਚੱਲ ਹੀ ਰਿਹਾ ਸੀ ਕਿ ਪਾਕਿਸਤਾਨ ਵਿਚ ਪਹਿਲਾ ਫ਼ੌਜੀ ਤਖ਼ਤਾ ਪਲਟ ਗਿਆ। ਮੁਲਕ ਵਿਚ ਫ਼ੌਜੀ ਤਾਨਾਸ਼ਾਹੀ ਲਾਗੂ ਕਰ ਦਿੱਤੀ ਗਈ। ਫ਼ੈਜ਼ ਮੁਲਕ ਪਰਤਦੇ ਹੀ ਗ੍ਰਿਫ਼ਤਾਰ ਕਰ ਲਏ ਗਏ, ਕੁਝ ਹੀ ਸਮੇਂ ਲਈ ਸਹੀ। ਰਿਹਾਅ ਹੁੰਦਿਆਂ ਹੀ ਉਨ੍ਹਾਂ ਨੇ ਪੱਤਰਕਾਰੀ ਅਤੇ ਮਜ਼ਦੂਰ ਜਥੇਬੰਦੀਆਂ ਵਿਚ ਕੰਮ ਕਰਨ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਝੋਕ ਦਿੱਤਾ। ਉਹ ਆਪਣੀ ਸਾਰੀ ਸਿਰਜਣਾਤਮਿਕਤਾ ਅਤੇ ਆਵੇਗ ਨਾਲ ਇਨ੍ਹਾਂ ਸਰਗਰਮੀਆਂ ਵਿਚ ਲੱਗ ਗਏ। ਠੀਕ ਉਨ੍ਹਾਂ ਦਿਨਾਂ ਦੀ ਤਰ੍ਹਾਂ ਜਦੋਂ ਉਹ 1947 ਤੋਂ 1951 ਦਰਮਿਆਨ ਲੱਗੇ ਹੋਏ ਸਨ।

ਕੌਮਾਂਤਰੀ ਪੈਮਾਨੇ 'ਤੇ ਉਨ੍ਹਾਂ ਦੀ ਕਵਿਤਾ ਦੀ ਚਰਚਾ ਹੋ ਰਹੀ ਸੀ, ਉਨ੍ਹਾਂ ਦੀਆਂ ਕਵਿਤਾਵਾਂ ਨੂੰ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਣ ਲੱਗਾ। 1962 ਵਿਚ ਉਨ੍ਹਾਂ ਨੂੰ ਰੂਸ ਵਿਚ ਸਰਬਉੱਚ ਪੁਰਸਕਾਰ ਲੈਨਿਨ ਸ਼ਾਂਤੀ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਪੁਰਸਕਾਰ ਲੈਣ ਲਈ ਜਦੋਂ ਉਨ੍ਹਾਂ ਨੂੰ ਰੂਸ ਜਾਣ ਦੀ ਆਗਿਆ ਮਿਲੀ ਤਾਂ ਉਦੋਂ ਹੀ ਨਾ ਮੁੜ ਕੇ ਦੋ ਸਾਲ ਲਈ ਬ੍ਰਿਟੇਨ ਚਲੇ ਗਏ। 1964 ਵਿਚ ਉਹ ਪਾਕਿਸਤਾਨ ਮੁੜ ਪਰਤੇ। ਇਸ ਦੌਰਾਨ ਉਨ੍ਹਾਂ ਨੇ ਅਧਿਐਨ-ਅਧਿਆਪਨ ਦਾ ਕੰਮ ਕੀਤਾ ਅਤੇ ਕਲਾ ਸਭਿਆਚਾਰ ਦੇ ਖੇਤਰ ਵਿਚ ਕਈ ਜ਼ਿੰਮੇਵਾਰੀਆਂ ਨਿਭਾਈਆਂ।

ਜ਼ੁਲਫ਼ਿਕਾਰ ਅਲੀ ਭੁੱਟੋ ਦੇ ਸੱਤਾ 'ਤੇ ਕਾਬਜ਼ ਹੋਣ ਮਗਰੋਂ ਮੁਲਕ ਦਾ ਮੌਸਮ ਕੁਝ ਰਾਹਤ ਭਰਿਆ ਲੱਗਿਆ। ਇਥੇ ਫ਼ੈਜ਼ ਨਵੇਂ ਹੁਕਮਰਾਨਾਂ ਦੀਆਂ ਨੀਤੀਆਂ ਨਾਲ ਕੁਝ ਸਹਿਮਤ ਜਿਹੇ ਨਜ਼ਰ ਆਉਂਦੇ ਹਨ। ਭੁੱਟੋ ਨੇ ਫ਼ੈਜ਼ ਨੂੰ ਸਿੱਖਿਆ ਮਹਿਕਮੇ ਤਹਿਤ ਸਭਿਆਚਾਰਕ ਸਲਾਹਕਾਰ ਦੇ ਅਹੁਦੇ ਲਈ ਨਿਯੁਕਤ ਕੀਤਾ। ਚਾਰ ਸਾਲਾਂ ਤਕ ਉਹ ਇਸਲਾਮਾਬਾਦ ਵਿਚ ਸਭਿਆਚਾਰਕ ਪ੍ਰਸ਼ਾਸਕ ਵਜੋਂ ਕੰਮ ਕਰਦੇ ਰਹੇ। ਉਨ੍ਹਾਂ ਦੀ ਰਹਿਨੁਮਾਈ ਵਿਚ ਲੋਕ ਵਿਰਾਸਤ ਦੇ ਰੂਪ ਵਿਚ ਨੈਸ਼ਨਲ ਇੰਸਟੀਚਿਊਟ 'ਲੋਕ ਵਿਰਸਾ' ਨਾਂ ਨਾਲ ਖੜ੍ਹਾ ਕੀਤਾ ਗਿਆ, ਪਰ ਰਾਹਤ ਦੇ ਇਨ੍ਹਾਂ ਪਲਾਂ ਦੀ ਉਮਰ ਕਾਫ਼ੀ ਛੋਟੀ ਨਿਕਲੀ। 1977 ਵਿਚ ਮੁੜ ਪਾਕਿਸਤਾਨ ਵਿਚ ਫ਼ੌਜੀ ਤਖ਼ਤਾ ਪਲਟ ਹੋਇਆ। ਫ਼ੈਜ਼ ਆਪਣੇ ਅਹੁਦੇ ਤੋਂ ਹੀ ਬੇਦਖ਼ਲ ਨਹੀਂ ਹੋਏ ਸਗੋਂ ਉਨ੍ਹਾਂ ਨੂੰ ਮੁਲਕ ਤੋਂ ਵੀ ਬੇਦਖ਼ਲ ਹੋਣਾ ਪਿਆ।

ਜ਼ੁਲਫ਼ਿਕਾਰ ਅਲੀ ਭੁੱਟੋ ਦੀ ਲੀਡਰਸ਼ਿਪ ਵਿਚ ਪਾਕਿਸਤਾਨ ਪੀਪਲਜ਼ ਪਾਰਟੀ ਦੀ ਸਰਕਾਰ ਪ੍ਰਤੀ ਫ਼ੈਜ਼ ਦਾ ਸਮਰਥਨ ਦਾ ਰਵੱਈਆ ਉਂਜ ਹੀ ਨਹੀਂ ਸੀ। ਫ਼ੈਜ਼ ਦੇ ਇਸ ਸਟੈਂਡ ਨਾਲ ਸਹਿਮਤੀ ਰੱਖਣਾ ਇਥੇ ਸਵਾਲ ਨਹੀਂ ਹੈ ਅਤੇ ਨਿਸਚਿਤ ਰੂਪ ਨਾਲ ਇਸ ਦੀ ਆਲੋਚਨਾ ਕੀਤੀ ਜਾ ਸਕਦੀ ਹੈ, ਪਰ ਉਸ ਦੇ ਕਾਰਨਾਂ 'ਤੇ ਗ਼ੌਰ ਕੀਤੇ ਬਿਨਾਂ ਇਸ ਦੀ ਆਲੋਚਨਾ ਕਰਨਾ ਫ਼ੈਜ਼ ਨਾਲ ਬੇਇਨਸਾਫ਼ੀ ਹੋਵੇਗੀ। ਭੁੱਟੋ ਦੀ ਸਰਕਾਰ ਨੇ ਜਿਹੜਾ ਪ੍ਰੋਗਰਾਮ

(ਬਾਕੀ ਅਗਲੇ ਸਫ਼ੇ 'ਤੇ)

### ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ

*ਮੈਨੇ ਸਮਝਾ ਥਾ ਕੇ ਤੂ ਹੈ ਤੋ ਦਰਖ਼ਸ਼ਾਂ ਹੈ ਹਯਾਤ*
*ਤੇਰਾ ਗ਼ਮ ਹੈ ਤੋ ਗ਼ਮ-ਇ-ਦਹਰ ਕਾ ਝਗੜਾ ਕਯਾ ਹੈ?*
*ਤੇਰੀ ਸੂਰਤ ਸੇ ਹੈ ਆਲਮ ਮੇਂ ਬਹਾਰੋਂ ਕੋ ਸਬਾਤ*
*ਤੇਰੀ ਆਂਖੋਂ ਕੇ ਸਿਵਾ ਦੁਨੀਆ ਮੇਂ ਰੱਖਾ ਕਯਾ ਹੈ?*
*ਤੂ ਜੋ ਮਿਲ ਜਾਏ ਤੋ ਤਕਦੀਰ ਨਿਗੂੰ ਹੋ ਜਾਏ*
*ਯੂੰ ਨਾ ਥਾ ਮੈਨੇ ਫ਼ਕਤ ਚਾਹਾ ਥਾ ਯੂੰ ਹੋ ਜਾਏ*

*ਔਰ ਭੀ ਗ਼ਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ*
*ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ*
*ਅਨਗਿਨਤ ਸਦੀਓਂ ਕੇ ਤਾਰੀਕ ਬਹੀਮਾਨਾ ਤਿਲਿਸਮ*
*ਰੇਸ਼ਮ-ਓ-ਅਤਲਸ-ਓ-ਕਮਖ਼ੁਆਬ ਮੇਂ ਬੁਨਵਾਏ ਹੂਏ*
*ਜਾ-ਬ-ਜਾ ਬਿਕਤੇ ਹੂਏ ਕੂਚਾ-ਓ-ਬਾਜ਼ਾਰ ਮੇਂ ਜਿਸਮ*
*ਖ਼ਾਕ ਮੇਂ ਲਿਥੜੇ ਹੂਏ, ਖ਼ੂਨ ਮੇਂ ਨਹਿਲਾਏ ਹੂਏ*
*ਜਿਸਮ ਨਿਕਲੇ ਹੂਏ ਅਮਰਾਜ ਕੇ ਤੱਨੂਰੋਂ ਸੇ*
*ਪੀਪ ਬਹਤੀ ਹੂਈ ਗਲਤੇ ਹੂਏ ਨਾਸੂਰੋਂ ਸੇ*
*ਲੌਟ ਜਾਤੀ ਹੈ ਇਧਰ ਕੋ ਭੀ ਨਜ਼ਰ ਕਯਾ ਕੀਜੇ*
*ਅਬ ਭੀ ਦਿਲਕਸ਼ ਹੈ ਤੇਰਾ ਹੁਸਨ ਮਗਰ ਕਯਾ ਕੀਜੇ?*

*ਔਰ ਭੀ ਗ਼ਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ*
*ਰਾਹਤੇਂ ਔਰ ਭੀ ਹੈਂ ਵਸਲ ਕੀ ਰਾਹਤ ਕੇ ਸਿਵਾ*
*ਮੁਝ ਸੇ ਪਹਿਲੀ ਸੀ ਮੁਹੱਬਤ ਮੇਰੀ ਮਹਿਬੂਬ ਨਾ ਮਾਂਗ*

(ਦਰਖ਼ਸ਼ਾਂ: ਖਿੜੀ ਹੋਈ, ਹਯਾਤ: ਜ਼ਿੰਦਗੀ, ਗ਼ਮ-ਇ-ਦਹਰ: ਦੁਨੀਆਂਦਾਰੀ ਦੇ, ਸਬਾਤ: ਹੋਂਦ/ਠਹਿਰਾਓ, ਨਿਗੂੰ: ਝੁਕ ਜਾਏ, ਫ਼ਕਤ: ਕੇਵਲ, ਤਾਰੀਕ: ਹਨ੍ਹੇਰੇ, ਬਹੀਮਾਨਾ: ਕਰੂਰਤਾ ਭਰੇ, ਤਿਲਿਸਮ: ਜਾਲ, ਰੇਸ਼ਮ-ਓ-ਅਤਲਾਸ-ਓ-ਕਮਖ਼ੁਆਬ: ਕੀਮਤੀ ਵਸਤਰ, ਜਾ-ਬ-ਜਾ: ਥਾਂ-ਥਾਂ, ਕੂਚਾ-ਓ-ਬਾਜ਼ਾਰ: ਬਾਜ਼ਾਰ ਦੀਆਂ ਗਲੀਆਂ, ਤੱਨੂਰੋਂ: ਬੀਮਾਰੀਆਂ ਦੀ ਭੱਠੀ)

# ਆਪਣੇ ਲਈ ਸੋਚਣਾ ਖ਼ੁਦਗਰਜ਼ੀ ਲਗਦਾ ਸੀ:ਫ਼ੈਜ਼



*ਡਾ. ਸਰਵਰ, ਸਈਦ ਸਿਬਤੇ ਹਸਨ ਅਤੇ ਫ਼ੈਜ਼*

## ਫ਼ੈਜ਼ ਅਹਿਮਦ ਫ਼ੈਜ਼ ਦਾ ਆਖ਼ਰੀ ਇੰਟਰਵਿਊ

ਇਹ ਇੰਟਰਵਿਊ ਬੀ.ਬੀ.ਸੀ. ਦੇ ਪ੍ਰੋਡਿਊਸਰ ਕ੍ਰਿਸ਼ਨ ਗੋਲਡ ਨੇ ਯੂ. ਕੇ. ਵਿਚ ਰਿਕਾਰਡ ਕੀਤਾ ਸੀ ਜੋ ਬਾਅਦ ਵਿਚ "ਸ਼ਬਸਤਾਨ" (ਦਿੱਲੀ) ਦੇ ਫ਼ੈਜ਼ ਅੰਕ (ਫਰਵਰੀ-ਮਾਰਚ 1985) ਵਿਚ ਛਪਿਆ। ਕ੍ਰਿਸ਼ਨ ਦਾ ਦਾਅਵਾ ਹੈ ਕਿ ਫ਼ੈਜ਼ ਦਾ ਇਹ ਆਖ਼ਰੀ ਇੰਟਰਵਿਊ ਹੈ।

**ਕ੍ਰਿਸ਼ਨ:** ਫ਼ੈਜ਼ ਸਾਹਿਬ ਕਿਤੇ ਇਨ੍ਹੀਂ ਹੀ ਦਿਨੀਂ ਇਕ ਇੰਟਰਵਿਊ ਵਿਚ ਤੁਹਾਨੂੰ ਪੁੱਛਿਆ ਗਿਆ ਸੀ ਕਿ ਉਹ ਕਿਹੜੇ ਸਵਾਲ ਹਨ ਜੋ ਆਪ ਨੂੰ ਨਾ ਪੁੱਛੇ ਜਾਣ; ਪਰ ਮੈਂ ਇਸਦੇ ਬਿਲਕੁਲ ਉਲਟ ਇਹ ਕਹਿਣਾ ਚਾਹੁੰਦਾ ਹਾਂ ਕਿ ਆਪ ਨੇ ਆਪਣੇ ਸੈਂਕੜੇ ਇੰਟਰਵਿਊ ਦਿੱਤੇ ਹਨ ਤੇ ਆਪ ਅਜਿਹੇ ਸਵਾਲ ਦੱਸੋ ਜੋ ਆਪ ਨੇ ਹਮੇਸ਼ਾਂ ਸੋਚਿਆ ਹੋਵੇ ਕਿ ਕਾਸ਼ ਮੈਨੂੰ ਕੋਈ ਪੁੱਛੇ ਤੇ ਮੈਂ ਉਸਦਾ ਇਹ ਜਵਾਬ ਦੇਵਾਂ। ਕੋਈ ਅਜਿਹਾ ਸਵਾਲ ਹੈ?

**ਫ਼ੈਜ਼:**ਭਾਈ ਗੱਲ ਇਹ ਹੈ ਕਿ ਮੈਂ ਤਾਂ ਇੰਟਰਵਿਊ ਆਦਿ ਦੇਣ ਦਾ ਹਾਮੀ ਨਹੀਂ ਹਾਂ। ਸਾਡਾ ਕੰਮ ਤੇ ਲਿਖਣਾ ਹੈ। ਮੇਰੇ ਕੋਲੋਂ ਕੋਈ ਕੀ ਸਵਾਲ ਪੁੱਛਦਾ ਹੈ, ਕਿਉਂ ਪੁੱਛਦਾ ਹੈ, ਮੈਂ ਕਦੀ ਧਿਆਨ ਨਹੀਂ ਦਿੱਤਾ। ਜੋ ਵੀ ਕੋਈ ਸਵਾਲ ਕਰੇ, ਮੈਂ ਜਵਾਬ ਦੇਣ ਲਈ ਤਿਆਰ ਹਾਂ। ਤੁਸੀਂ ਪੁੱਛ ਰਹੇ ਹੋ ਕਿ ਕੋਈ ਅਜਿਹਾ ਸਵਾਲ ਜੋ ਮੈਨੂੰ ਕਰਨਾ ਚਾਹੀਦਾ ਸੀ, ਇਹ ਜ਼ਰਾ ਸੋਚਣ ਦਾ ਮੌਕਾ ਦਿਉ। ਅਗਲਾ ਸਵਾਲ ਕਰੋ।

**ਕ੍ਰਿਸ਼ਨ:** ਆਪ ਨੇ ਹੁਣੇ ਹੀ ਕਿਹਾ ਕਿ ਮੇਰਾ ਕੰਮ ਲਿਖਣਾ ਹੈ। ਚੰਗਾ ਫਿਰ, ਇਹ ਦੱਸੋ ਕਿ ਆਪਣੇ ਸ਼ਿਅਰ ਕਹਿਣਾ ਕਦੋਂ ਸ਼ੁਰੂ ਕੀਤਾ?

**ਫ਼ੈਜ਼:** ਸ਼ਿਅਰ ਤਾਂ ਸ਼ਾਇਦ ਮੈਂ ਬਚਪਨ ਤੋਂ ਹੀ ਤੁਕ-ਬੰਦੀ ਕਰਨੀ ਸ਼ੁਰੂ ਕਰ ਦਿੱਤੀ ਸੀ, ਜਿਸਦਾ ਮੈਂ ਕਦੇ ਕੋਈ ਰਿਕਾਰਡ ਨਹੀਂ ਰੱਖਿਆ। ਐਪਰ ਸੰਜੀਦਗੀ ਨਾਲ ਮੈਂ ਉਸ ਵਕਤ ਲਿਖਣਾ ਸ਼ੁਰੂ ਕੀਤਾ ਜਦੋਂ ਮੈਂ ਗੌਰਮਿੰਟ ਕਾਲਜ ਵਿਚ ਦਾਖਲ ਹੋਇਆ। ਇਹ ਗੱਲ 1939 ਦੀ ਹੈ, ਜਦ ਮੈਂ ਥਰਡ ਯੀਅਰ ਵਿਚ ਪੜ੍ਹਦਾ ਸੀ। ਜਦੋਂ ਲਾਹੌਰ ਗੌਰਮਿੰਟ ਕਾਲਜ ਵਿਚ ਪਹਿਲਾਂ ਮੁਸ਼ਾਇਰਾ ਹੋਇਆ। ਕਾਲਜ ਦੇ ਉਸ ਮੁਸ਼ਾਇਰੇ ਵਿਚ ਸ਼ਹਿਰ ਦੇ ਨਾਮਵਰ ਸ਼ਾਇਰ ਤਸ਼ਰੀਫ ਲਿਆਏ ਸੀ। ਅੱਜਕੱਲ ਜੋ ਫਰਸ਼ੀ (ਥੱਲੇ ਬਹਿ ਕੇ) ਸ਼ਾਇਰੀ ਦਾ ਰਿਵਾਜ਼ ਚੱਲ ਨਿਕਲਿਆ ਹੈ, ਉਸ ਜ਼ਮਾਨੇ ਵਿਚ ਅਜਿਹਾ ਨਹੀਂ ਹੁੰਦਾ ਸੀ। ਕਾਲਜ ਵਿਚ ਇਉਂ ਹੁੰਦਾ ਸੀ ਕਿ ਵੱਡੇ-ਵੱਡੇ ਸ਼ਾਇਰ ਸਟੇਜ ਉੱਤੇ ਕੁਰਸੀਆਂ ਉੱਤੇ ਬੈਠਦੇ ਹੁੰਦੇ ਸੀ। ਤੇ ਜੋ ਸਾਡੇ ਵਰਗੇ ਅਜੇ ਸ਼ਾਇਰ ਬਣਨ ਦੀ ਕੋਸ਼ਿਸ਼ ਵਿਚ ਹੁੰਦੇ ਸੀ, ਉਹ ਸਰੋਤਿਆਂ ਵਿਚ ਬੈਠਦੇ ਹੁੰਦੇ ਸੀ, ਤੇ ਵਾਰੀ-ਵਾਰੀ ਉਨ੍ਹਾਂ ਨੂੰ ਸੱਦਿਆ ਜਾਂਦਾ ਸੀ। ਮੈਂ ਮੁਸ਼ਾਇਰੇ ਵਿਚ ਸ਼ਿਅਰ ਪੜ੍ਹਨਾ ਗੌਰਮਿੰਟ ਕਾਲਜ ਵਿਚ ਹੀ ਸ਼ੁਰੂ ਕੀਤਾ। ਪਹਿਲੀ ਵਾਰ ਮੈਂ ਗ਼ਜ਼ਲ ਪੜ੍ਹੀ ਤਾਂ ਬਹੁਤ ਦਾਦ ਮਿਲੀ। ਉਸ ਮੁਸ਼ਾਇਰੇ ਦੀ ਪ੍ਰਧਾਨਗੀ ਪੁਤਰਸ ਬੁਖਾਰੀ ਸਾਹਿਬ ਕਰ ਰਹੇ ਸੀ। ਪਹਿਲੇ ਦੌਰ ਵਿਚ ਬਹੁਤ ਦਾਦ ਮਿਲੀ ਤਾਂ ਦੂਸਰੇ ਦੌਰ ਲਈ ਵੀ ਮੈਨੂੰ ਬੁਲਾਇਆ ਗਿਆ ਪਰ ਮੇਰੇ ਕੋਲ ਤਾਂ ਸਿਰਫ਼ ਇਕ ਹੀ ਗ਼ਜ਼ਲ ਸੀ!

ਇਕ ਵਾਰ ਮੇਰੇ ਇਕ ਦੋਸਤ ਬਰਿਜ ਮੋਹਨ ਨੇ ਆਪਣੇ ਕਿਸੇ ਦੋਸਤ ਦੇ ਨਾਂ ਸ਼ਾਇਰਾਨਾ ਖ਼ਤ ਮੇਰੇ ਕੋਲੋਂ ਲਿਖਵਾਇਆ ਸੀ ਜੋ ਮੈਂ ਨਜ਼ਮ ਬਣਾ ਕੇ ਲਿਖ ਦਿੱਤਾ ਸੀ। ਮੈਂ ਮਜਬੂਰਨ ਦੂਸਰੇ ਦੌਰ ਵਿਚ, ਉਹ ਨਜ਼ਮ ਕੀਤਾ ਖ਼ਤ ਪੜ੍ਹ ਦਿੱਤਾ। ਮੁਸ਼ਾਇਰਾ ਖ਼ਤਮ ਹੋਇਆ ਤਾਂ ਚਿਰਾਗ਼ ਹਸਨ ਹਸਰਤ, ਸੂਫ਼ੀ ਤਬੱਸਮ ਤੇ ਅਬਦੁਲ ਮਜੀਦ ਸਾਲਕ ਵਰਗੇ ਵੱਡੇ ਸ਼ਾਇਰ ਤੇ ਅਹਿਲੇ-ਕਲਮ ਮੇਰੇ ਕੋਲ ਆ ਗਏ ਤੇ ਆਖਣ ਲੱਗੇ ਕਿ ਮਲੂਮ ਹੁੰਦਾ ਹੈ "ਬਹੁਤ ਚੋਟ ਲੱਗੀ ਹੈ"। ਮੈਂ ਆਖਿਆ "ਜੀ ਹਾਂ, ਲੱਗੀ ਤਾਂ ਹੈ"। ਕਹਿਣ ਲੱਗੇ, "ਹਾਂ ਭਈ, ਰੰਗ ਬਹੁਤ ਅੱਛਾ ਹੈ। ਸ਼ਿਅਰ ਕਿਹਾ ਕਰੋ"। ਮੈਂ ਸਮਝਿਆ ਕਿ ਸੱਚ ਹੀ ਮੈਂ ਤੇ ਸ਼ਾਇਰ ਬਣ ਗਿਆ ਹਾਂ ਜੋ ਇਸ ਕਿਸਮ ਦੇ ਚੋਟੀ ਦੇ ਸ਼ਾਇਰ ਮੈਨੂੰ ਸਲਾਹ ਦੇ ਰਹੇ ਹਨ। ਇਹ ਹੈ ਮੇਰੀ ਕਵਿਤਾ ਦੇ ਸਫ਼ਰ ਦਾ ਆਰੰਭ।

**ਕ੍ਰਿਸ਼ਨ:** ਤੁਸਾਂ ਆਖਿਆ ਹੈ ਕਿ ਕਿਸੇ ਜ਼ਮਾਨੇ ਵਿਚ ਆਪ ਤੁਕ-ਬੰਦੀ ਕਰਦੇ ਹੁੰਦੇ ਸੀ। ਕੀ ਉਸ ਜ਼ਮਾਨੇ ਵਿਚ ਕਦੀ ਖ਼ਿਆਲ ਆਇਆ ਸੀ ਕਿ ਆਪ ਸ਼ਾਇਰ ਬਣੋਗੇ?

**ਫ਼ੈਜ਼:** ਕਦੇ ਵੀ ਨਹੀਂ। ਉਸ ਵਕਤ ਤਾਂ ਮੈਂ ਕ੍ਰਿਕਟਰ ਬਣਨਾ ਚਾਹੁੰਦਾ ਸੀ। ਮੇਰੀਆਂ ਇੱਛਾਵਾਂ ਦਾ ਘੇਰਾ ਤਾਂ ਇਥੋਂ ਤੀਕ ਹੀ ਸੀਮਤ ਸੀ।

**ਕ੍ਰਿਸ਼ਨ:** ਸ਼ਾਇਰੀ ਤੋਂ ਬਿਨਾਂ ਆਪ ਪ੍ਰੋਫੈਸਰ ਵੀ ਰਹੇ ਤੇ ਅਖ਼ਬਾਰ ਦੇ ਐਡੀਟਰ ਵੀ। ਆਪ ਫੌਜ ਵਿਚ ਵੀ ਰਹੇ। ਇਸ ਸਭ ਦੇ ਬਾਵਜੂਦ ਤੁਹਾਡਾ ਸ਼ਾਇਰੀ ਨਾਲ ਨਾਤਾ ਕਾਇਮ ਰਿਹਾ। ਇਹ ਦੱਸੋ ਕਿ ਇਨ੍ਹਾਂ ਨੌਕਰੀਆਂ ਵਿਚ ਆਪ ਕਿਵੇਂ ਚਲੇ ਗਏ? ਮਿਸਾਲ ਵਜੋਂ ਫੌਜ ਵਿਚ ਆਪ ਕਿਉਂ ਤੇ ਕਿਵੇਂ ਗਏ?

**ਫ਼ੈਜ਼:** ਜਦੋਂ ਜਰਮਨ ਨੇ ਰੂਸ ਉਤੇ ਹਮਲਾ ਕੀਤਾ ਤੇ ਜਾਪਾਨੀ ਹਿੰਦੁਸਤਾਨ ਤੀਕਰ ਪਹੁੰਚ ਗਏ ਤਾਂ ਮੈਂ ਸੋਚਿਆ ਕਿ ਹੁਣ ਤਾਂ ਫਾਸਿਜ਼ਮ ਦਾ ਸਵਾਲ ਹੈ। ਇਹ ਅੰਗਰੇਜ਼ਾਂ ਦੀ ਹਮਾਇਤ ਦਾ ਸਵਾਲ ਨਹੀਂ ਹੈ। ਉਹ ਕੌਮਾਂਤਰੀ ਤਹਿਰੀਕ ਸੀ, ਫਾਸਿਜ਼ਮ ਦੇ ਖ਼ਿਲਾਫ਼ ਤੇ ਲੋਕ-ਰਾਜ ਦੇ ਹੱਕ ਵਿਚ। ਤਦ ਮੈਂ ਸੋਚਿਆ ਕਿ ਸਾਨੂੰ ਫੌਜ ਵਿਚ ਸ਼ਾਮਿਲ ਹੋ ਜਾਣਾ ਚਾਹੀਦਾ ਹੈ ਤੇ ਜਮਹੂਰੀ ਕਦਰਾਂ ਦੀ ਬਹਾਲੀ ਲਈ ਸਾਨੂੰ ਵੀ ਹੱਥ ਵਟਾਉਣਾ ਚਾਹੀਦਾ ਹੈ।

**ਕ੍ਰਿਸ਼ਨ:** ਉਸ ਪਿੱਛੋਂ ਫਿਰ ਆਪ ਨੇ ਰਾਜਨੀਤੀ ਵਿਚ ਵੀ ਹਿੱਸਾ ਲਿਆ...

**ਫ਼ੈਜ਼:** ਸਿਆਸਤ ਵਿਚ ਤਾਂ ਮੈਂ ਫੌਜ ਵਿਚ ਜਾਣ ਤੋਂ ਪਹਿਲਾਂ ਹੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਹੋਇਆ ਇਹ ਕਿ ਜਦੋਂ ਮੈਂ 1935 ਵਿਚ ਅੰਮ੍ਰਿਤਸਰ ਵਿਚ ਪੜ੍ਹਾਉਂਦਾ ਸੀ ਤਾਂ ਸਾਡੇ ਇਕ ਕੁਲੀਗ ਹੁੰਦੇ ਸਨ। ਰਾਮਪੁਰ ਦੇ ਸਾਹਿਬਜ਼ਾਦੇ ਮਹਿਮੂਦ ਅਲ ਜਫ਼ਰ। ਇਨ੍ਹਾਂ ਦੀ ਬੇਗਮ ਸੀ ਡਾਕਟਰ ਰਸ਼ੀਦਾ ਜਹਾਂ। ਉਹ ਲੋਕ ਸਾਡੇ ਨਾਲ ਸਨ। ਮਹਿਮੂਦ ਅਲ ਜ਼ਫਰ ਨੇ ਮੈਨੂੰ ਆਖਿਆ ਕਿ ਅਸਾਂ ਲੰਡਨ ਵਿਚ ਭਾਰਤੀ ਤਰੱਕੀ-ਪਸੰਦ ਮਸੱਨਫੀਨ (ਲੇਖਕਾਂ) ਦੀ ਐਸੋਸੀਏਸ਼ਨ ਕਾਇਮ ਕੀਤੀ ਹੈ ਤੇ ਹੁਣ ਅਸੀਂ ਚਾਹੁੰਦੇ ਹਾਂ ਕਿ ਉਹ ਜਥੇਬੰਦੀ ਹਿੰਦੁਸਤਾਨ ਵਿਚ ਵੀ ਬਣਾਈ ਜਾਵੇ। ਕੀ ਤੈਨੂੰ ਉਸ ਵਿਚ ਕੋਈ ਦਿਲਚਸਪੀ ਹੈ?, ਤਾਂ ਮੈਂ ਆਖਿਆ ਹਾਂ, ਮੈਂ ਜ਼ਰੂਰ ਕੰਮ ਕਰਾਂਗਾ। ਇਹ ਮੇਰੀ ਜਵਾਨੀ (ਸ਼ਬਾਬ) ਦਾ ਸਮਾਂ ਸੀ ਤੇ ਆਸ਼ਕੀ ਦੀ ਮਰਜ਼ ਵੀ ਸੀ। ਬੇਗਮ ਰਸ਼ੀਦ ਜਹਾਂ ਨੇ ਆਖਿਆ, ਇਹ ਆਸ਼ਕੀ ਦੇ ਚੱਕਰ ਸਭ ਫ਼ਜ਼ੂਲ ਗੱਲਾਂ ਨੇ। ਦੁਨੀਆਂ ਦੇ ਦੁੱਖਾਂ ਦੀ ਗੰਭੀਰਤਾ ਜ਼ਿਆਦਾ ਸੰਗੀਨ ਹੈ। ਇਹ ਤੇਰੀ ਆਸ਼ਕੀ ਦਾ ਮਾਮਲਾ ਇਕ ਛੋਟਾ ਜਿਹਾ ਹੈ ਤੇ ਉਨ੍ਹਾਂ ਨੇ ਮੈਨੂੰ ਸਿਖਾਇਆ ਕਿ ਇਹ ਆਪਣਾ ਗ਼ਮ ਹੈ, ਇਹ ਤਾਂ ਬਹੁਤ ਮਾਮੂਲੀ ਜਿਹੀ ਗੱਲ ਹੈ। ਦੁਨੀਆਂ ਭਰ ਦੇ ਦੁੱਖ ਵੇਖੋ। ਆਪਣੇ ਲੋਕਾਂ ਦੇ ਤੇ ਆਪਣੀ ਕੌਮ ਦੇ ਤੇ ਆਪਣੇ ਮੁਲਕ ਦੇ। ਇਨ੍ਹਾਂ ਦੀ ਬਿਪਤਾ ਦੇ ਬਾਰੇ ਤੈਨੂੰ ਸੋਚਣਾ ਚਾਹੀਦਾ। ਜੇ ਆਪਣੇ ਲਈ ਸੋਚਦੇ ਰਹੋਗੇ ਤਾਂ ਖ਼ੁਦਗਰਜ਼ੀ ਦਾ ਕੰਮ ਹੋਵੇਗਾ। ਇਹ ਸ਼ਿਅਰ ਉਸੇ ਹੀ ਜ਼ਮਾਨੇ ਦਾ ਹੈ,

ਔਰ ਭੀ ਗ਼ਮ ਹੈ ਜ਼ਮਾਨੇ ਮੇਂ
ਮੁਹੱਬਤ ਕੇ ਸਿਵਾ,
ਰਾਹਤੇਂ ਔਰ ਭੀ ਹੈ,
ਵਸਲ ਕੀ ਰਾਹਤ ਕੇ ਸਿਵਾ।

**ਕ੍ਰਿਸ਼ਨ:** ਕੁਝ ਲੋਕਾਂ ਦਾ ਕਹਿਣਾ ਹੈ ਕਿ ਜਦ ਆਪ ਜੇਲ੍ਹ ਵਿਚ ਸੀ ਤਾਂ ਉਹ ਜ਼ਮਾਨਾ ਆਪ ਦੀ ਸ਼ਾਇਰੀ ਦਾ ਸਭ ਤੋਂ ਜਰਖੇਜ਼ (ਉਪਜਾਊ) ਜ਼ਮਾਨਾ ਸੀ?

**ਫ਼ੈਜ਼:** ਇਹ ਬਿਲਕੁਲ ਠੀਕ ਹੈ, ਕਿਉਂਕਿ ਜੇਲ੍ਹਖਾਨੇ ਵਿਚ ਹੋਰ ਕੋਈ ਰੁਝੇਵਾਂ ਨਹੀਂ ਹੁੰਦਾ। ਜੇਲ੍ਹ ਦਾ ਜ਼ਮਾਨਾ ਇਸ ਤਰ੍ਹਾਂ ਦਾ ਹੁੰਦਾ ਹੈ ਜਿਵੇਂ ਕੋਈ ਮੁੜ ਕੇ ਇਸ਼ਕ ਕਰ ਰਿਹਾ ਹੋਵੇ। ਜਿਵੇਂ ਇਸ਼ਕ ਵਿਚ ਖਾਹ-ਮਖਾਹ ਸ਼ਿਅਰ ਬਣਦੇ ਚਲੇ ਜਾਂਦੇ ਹਨ। ਇਨਸਾਨ ਜਜ਼ਬਾਤ ਦੇ ਵਹਾਅ ਵਿਚ ਵਹਿ ਕੇ ਲਹਿੰਦਾ ਹੀ ਚਲਾ ਜਾਂਦਾ ਹੈ। ਜੇਲ੍ਹਖਾਨਾ ਵੀ ਐਸਾ ਹੀ ਹੁੰਦਾ ਹੈ, ਜਿਵੇਂ ਆਪ ਨੇ ਦੁਬਾਰਾ ਇਸ਼ਕ ਕਰ ਲਿਆ ਹੋਵੇ। ਜੇਲ੍ਹ ਵਿਚ ਮੇਰਾ ਇਹ ਇਸ਼ਕ ਸ਼ਾਇਰੀ ਨਾਲ ਸੀ।

**ਕ੍ਰਿਸ਼ਨ:** ਆਮ ਤੌਰ 'ਤੇ ਲੋਕਾਂ ਦਾ ਖਿਆਲ ਹੈ ਕਿ ਆਪ ਨੇ ਭਰਪੂਰ ਅਤੇ ਕਾਮਯਾਬ ਜ਼ਿੰਦਗੀ ਗੁਜ਼ਾਰੀ ਹੈ। ਕੀ ਆਪ ਵੀ ਇਸ ਤਰ੍ਹਾਂ ਹੀ ਸਮਝਦੇ ਹੋ?

**ਫ਼ੈਜ਼:** ਭਰਪੂਰ ਤਾਂ ਠੀਕ ਹੈ, ਪਰ ਕਾਮਯਾਬ ਮੈਂ ਨਹੀਂ ਕਹਿ ਸਕਦਾ। ਮੈਂ ਸਮਝਦਾ ਹਾਂ ਕਿ ਹਰ ਪੰਜ-ਛੇ ਸਾਲ ਬਾਅਦ ਇਨਸਾਨ ਨੂੰ ਆਪਣਾ ਕੰਮ ਬਦਲ ਲੈਣਾ ਚਾਹੀਦਾ ਹੈ। ਜਿਵੇਂ ਮੈਂ ਪਹਿਲੇ ਪੰਜ ਸਾਲ ਪੜ੍ਹਾਇਆ, ਫਿਰ ਪੰਜ ਸਾਲ ਫੌਜ ਦੀ ਨੌਕਰੀ ਕੀਤੀ। ਫਿਰ ਉਸ ਪਿੱਛੋਂ ਪੰਜ-ਛੇ ਸਾਲ ਪੱਤਰਕਾਰੀ ਦੀ ਨਜ਼ਰ ਕੀਤੇ। ਤੇ ਉਸ ਤੋਂ ਪਿੱਛੋਂ ਪੰਜ ਸਾਲ ਜੇਲ੍ਹਖਾਨੇ ਗਏ। ਇਸ ਪਿੱਛੋਂ ਮੈਂ ਸਭਿਆਚਾਰਕ ਕੰਮ ਕੀਤਾ। ਫਿਰ ਚਾਰ ਸਾਲ ਬਾਹਰ ਗੁਜ਼ਾਰੇ। ਮੈਂ ਸਮਝਦਾ ਹਾਂ ਕਿ ਆਦਮੀ ਨੂੰ ਇਕੋ ਰਟ ਵਿਚ ਨਹੀਂ ਲੱਗਾ ਰਹਿਣਾ ਚਾਹੀਦਾ।

**ਕ੍ਰਿਸ਼ਨ:** ਕੋਈ ਅਜਿਹਾ ਕੰਮ ਜੋ ਆਪ ਕਰਨਾ ਚਾਹੁੰਦੇ ਸੀ ਤੇ ਉਹ ਨਹੀਂ ਹੋਇਆ?

**ਫ਼ੈਜ਼:** ਅਜਿਹੇ ਤਾਂ ਬਹੁਤ ਸਾਰੇ ਕੰਮ ਹਨ ਜੋ ਮੈਂ ਕਰਨਾ ਚਾਹੁੰਦਾ ਸੀ ਤੇ ਹੋਏ ਨਹੀਂ; ਤੇ ਅਜਿਹੇ ਵੀ ਬਹੁਤ ਸਾਰੇ ਕੰਮ ਹਨ ਜੋ ਮੈਂ ਨਹੀਂ ਕਰਨਾ ਚਾਹੁੰਦਾ ਸੀ ਤੇ ਉਹ ਕੀਤੇ। ਮੈਂ ਸਮਝਦਾ ਹਾਂ ਕਿ ਜੋ ਕੰਮ ਮੈਨੂੰ ਕਰਨੇ ਚਾਹੀਦੇ ਸਨ, ਪਰ ਉਹ ਇਸ ਲਈ ਨਹੀਂ ਕਰ ਸਕੇ ਕਿ ਉਹ ਕੰਮ ਕਰਨ ਦੀ ਮੈਨੂੰ ਮੋਹਲਤ ਹੀ ਨਹੀਂ ਮਿਲੀ। ਮਸਲਨ ਮੈਂ ਚਾਹੁੰਦਾ ਸੀ ਕਿ ਸ਼ਾਇਰੀ ਨੂੰ ਛੱਡ ਕੇ ਅਦਬ/ਸਾਹਿਤ ਖ਼ਾਸ ਤੌਰ ਤੇ ਉਰਦੂ ਸ਼ਾਇਰੀ ਦੇ ਰਾਜਸੀ, ਆਰਥਿਕ ਅਤੇ ਸਮਾਜੀ ਰਿਸ਼ਤਿਆਂ ਦੀ ਬਾਬਤ ਜੰਮ ਕੇ ਬੈਠ ਕੇ ਕੁਝ ਲਿਖਦੇ। ਆਖ਼ਰ ਗ਼ਜ਼ਲ ਕਿਵੇਂ ਤੇ ਕਿਸ ਤਰ੍ਹਾਂ ਬਦਲਦੀ ਰਹੀ? ਵੱਖ-ਵੱਖ ਸਮਿਆਂ ਵਿਚ ਮਿਸਾਲ ਵਜੋਂ ਨਾਵਲ ਨੇ ਕਿਵੇਂ ਤੇ ਕਿਉਂ ਜਨਮ ਲਿਆ? ਅੰਗਰੇਜ਼ਾਂ ਦੇ ਆਉਣ ਤੇ ਨਕਸ਼ਾ ਕਿਵੇਂ ਬਦਲਿਆ? ਸਾਡੇ ਵੱਲ ਸਾਹਿਤ ਦਾ ਇਤਿਹਾਸ ਤਾਂ ਕਾਫ਼ੀ ਲਿਖਿਆ ਗਿਆ ਹੈ, ਪਰ ਉਹ ਸਾਰਾ ਸਤਿ ਹੀ ਹੈ। ਇਸ ਵਿਚ ਅਦਬ ਦੇ ਵਿਸ਼ਿਆਂ ਉੱਤੇ ਵਿਚਾਰ ਕੀਤੀ ਗਈ ਹੈ, ਪਰ ਸਾਹਿਤ ਦੇ ਸਭਿਆਚਾਰਕ ਆਰਥਿਕ ਅਤੇ ਸਿਆਸੀ ਰਿਸ਼ਤੇ ਹਨ, ਇਨ੍ਹਾਂ ਉੱਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ। ਮੈਂ ਚਾਹੁੰਦਾ ਸੀ ਕਿ ਨਿੱਠ ਕੇ ਬਹਿ ਕੇ ਇਸ ਖ਼ਲਾ ਨੂੰ ਭਰਿਆ ਜਾਂਦਾ। ਇਹ ਕਾਫ਼ੀ ਲੰਮਾ ਅਤੇ ਮਿਹਨਤ ਮੰਗਦਾ ਕੰਮ ਸੀ ਜੋ ਮੈਂ ਅਜੇ ਤੱਕ ਨਹੀਂ ਕਰ ਸਕਿਆ।

**ਕ੍ਰਿਸ਼ਨ:** ਨੌਜਵਾਨ ਕਵੀਆਂ ਨੂੰ ਤੁਸੀਂ ਸ਼ਾਇਰੀ ਬਾਰੇ ਕੀ ਸਲਾਹ ਦੇਵੋਗੇ?

**ਫ਼ੈਜ਼:** ਸ਼ਾਇਰੀ ਦੇ ਬਾਰੇ ਤਿੰਨ ਸਲਾਹਾਂ ਹਨ। ਪਹਿਲਾ ਮਸ਼ਵਰਾ ਤਾਂ ਇਹ ਹੈ ਕਿ ਜੋ ਕੁਝ ਲਿਖੋ ਆਪਣੇ ਦਿਲ ਤੋਂ ਲਿਖੋ। ਕਿਸੇ ਦੇ ਕਹਿਣ ਦੇ ਕਾਰਨ ਮਤ ਲਿਖੋ। ਦਬਾਅ ਵਿਚ ਆ ਕੇ ਮਤ ਲਿਖੋ। ਸਵਾਬ (ਪੁੰਨ) ਦੀ ਖ਼ਾਤਰ ਮਤ ਲਿਖੋ। ਇਥੋਂ ਤੀਕ ਕਿ ਸਿਆਸਤ ਦੀ ਖ਼ਾਤਰ ਮਤ ਲਿਖੋ। ਜੋ ਬਾਤ ਦਿਲ ਤੋਂ ਨਿਕਲਦੀ ਹੈ, ਉਹੀ ਲਿਖੋ। ਜੋ ਦਿਲ ਵਿਚੋਂ ਗੱਲ ਨਹੀਂ ਨਿਕਲਦੀ ਤਾਂ ਮਤ ਲਿਖੋ।

ਦੂਸਰਾ ਮਸ਼ਵਰਾ ਇਹ ਹੈ ਕਿ ਇਨਸਾਨ ਦੀ ਆਪਣੀ ਜ਼ਾਤ ਤਾਂ ਨਗੂਣੀ ਚੀਜ਼ ਹੈ। ਅੰਦਰੋਂ ਤੁਸੀਂ ਕੀ ਕੱਢ ਲਵੋਗੇ? ਅੰਦਰ ਜੋ ਕੁਝ ਵੀ ਹੈ, ਉਹ ਤਾਂ ਬਾਹਰ ਤੋਂ ਹੀ ਆਉਂਦਾ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਬਾਹਰ ਕੀ ਹੈ? ਬਾਹਰ ਦੀ ਗੱਲ ਦੇ ਤਿੰਨ ਹਲਕੇ ਹਨ। ਇਕ ਤਾਂ ਆਪਣੀ ਜ਼ਾਤ ਦਾ ਹਲਕਾ ਹੈ। ਤੁਹਾਡੇ ਉੱਤੇ ਖ਼ੁਦ ਕੀ ਬੀਤੀ ਤੇ ਆਪ ਦੇ ਉੱਤੇ ਜੋ ਬੀਤੀ, ਉਸਦਾ ਤੁਹਾਡੇ ਲੋਕਾਂ ਅਤੇ ਤੁਹਾਡੀ ਕੌਮ ਉੱਤੇ ਕੀ ਅਸਰ ਪਿਆ। ਇਨ੍ਹਾਂ ਪ੍ਰਸੰਗਾਂ ਵਿਚ ਤੁਸੀਂ ਹਾਲਾਤ ਦਾ ਜਾਇਜ਼ਾ ਲਵੋ ਤਾਂ ਇਹ ਤਿੰਨ ਖ਼ਾਸ ਦਾਇਰੇ ਹਨ ਜਿਨ੍ਹਾਂ ਉੱਤੇ ਇਨਸਾਨ ਦੀ ਨਜ਼ਰ ਹੋਣੀ ਚਾਹੀਦੀ ਹੈ। ਦੂਜੇ ਤੁਹਾਨੂੰ ਆਪਣੇ ਬੀਤੇ, ਵਰਤਮਾਨ ਤੇ ਭਵਿੱਖ ਉੱਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ। ਇਹ ਗੱਲ ਸਾਹਮਣੇ ਰਹਿੰਦੀ ਚਾਹੀਦੀ ਹੈ ਕਿ ਬੀਤੇ ਨਾਲ ਸਾਡਾ ਕੀ ਰਿਸ਼ਤਾ ਹੈ। ਅੱਜਕੱਲ ਅਸੀਂ ਕੀ ਕਰ ਰਹੇ ਹਾਂ ਤੇ ਭਵਿੱਖ ਵਿਚ ਸਾਨੂੰ ਕਿਹੜੇ ਰਸਤੇ ਉੱਤੇ ਚੱਲਣਾ ਚਾਹੀਦਾ ਹੈ। ਇਸ ਉੱਤੇ ਵੀ ਅੱਖ ਰੱਖਣੀ ਚਾਹੀਦੀ ਹੈ। ਫਿਰ ਜਾ ਕੇ ਕਿਤੇ ਮਹਾਨ ਸ਼ਾਇਰੀ ਬਣਦੀ ਹੈ ਜਿਸ ਨਾਲ ਸਮਾਜਿਕ ਪ੍ਰਬੰਧ ਦੀ ਸੇਵਾ ਸੰਭਵ ਹੁੰਦੀ ਹੈ।

**ਕ੍ਰਿਸ਼ਨ:** ਅਖ਼ੀਰ ਵਿਚ ਮੈਂ ਦਰਖ਼ਾਸਤ ਕਰਾਂਗਾ ਕਿ ਆਪਣਾ ਕੋਈ ਤਾਜ਼ਾ ਕਲਾਮ ਸੁਣਾਉਣ ਦੀ ਮਿਹਰਬਾਨੀ ਕਰੋ?

**ਫ਼ੈਜ਼:** ਮੈਨੂੰ ਵਾਪਸ ਘਰ ਗਏ ਨੂੰ ਪੰਜ-ਛੇ ਮਹੀਨੇ ਹੋਏ ਸਨ ਕਿ ਮੈਂ ਉੱਥੇ ਜੋ ਕੁਝ ਵੇਖਿਆ ਤੇ ਜੋ ਕੁਝ ਸਾਡੇ ਉੱਤੇ ਗੁਜ਼ਰੀ, ਉਹ ਅਰਜ਼ ਕਰਦਾ ਹਾਂ

ਨਹੀਂ ਨਿਗਾਹ ਮੇਂ ਮੰਜ਼ਿਲ ਤੋਂ ਜ
ੁਸਤਜੂ ਹੀ ਸਹੀ
ਨਹੀਂ ਵਿਸਾਲ ਮੁਯੱਸਰ ਤੋਂ ਆਰਜ਼ੂ ਹੀ ਸਹੀ
ਨਾ ਤਨ ਮੇਂ ਖ਼ੂਨ ਫਰਾਹਮ
ਨਾ ਅਸ਼ਕ ਆਖੋਂ ਮੇਂ
ਨਿਮਾਜ਼ੇ ਸ਼ੌਕ ਤੋ ਵਾਜਿਬ ਹੈ
ਵਜ਼ੂ ਹੀ ਸਹੀ
ਗਰ ਇੰਤਜ਼ਾਰ ਕਠਿਨ ਹੈ ਤੋ
ਜਬ ਤਲਕ ਐ ਦਿਲ
ਕਿਸੀ ਕੇ ਵਾਅਦਾ ਫਰਦਾ ਕੀ
ਗੁਫ਼ਤਗੂ ਹੀ ਸਹੀ।

# ਉਮੀਦ ਦਾ ਸ਼ਾਇਰ ਫ਼ੈਜ਼ ਅਹਿਮਦ ਫ਼ੈਜ਼

ਪੇਸ਼ ਕੀਤਾ ਸੀ, ਉਸ ਵਿਚ ਕਈ ਰੈਡੀਕਲ ਭੂਮੀ ਸੁਧਾਰਾਂ ਦੀ ਗੱਲ ਸੀ, ਟਰੇਡ ਯੂਨੀਅਨਾਂ ਦੇ ਹੱਕਾਂ ਦੀ ਗੱਲ ਸੀ, ਨਾਗਰਿਕ ਅਤੇ ਮਨੁੱਖੀ ਹੱਕਾਂ ਦੀ ਇੱਜ਼ਤ ਦੀ ਗੱਲ ਸੀ। ਇਸ ਨੂੰ ਭੁੱਟੋ ਦੀ ਸਰਕਾਰ ਨੇ ਬਹੁਤ ਘੱਟ ਲਾਗੂ ਕੀਤਾ ਪਰ ਜਿਸ ਮੁਲਕ 'ਤੇ ਫ਼ੌਜੀ ਤਾਨਾਸ਼ਾਹੀ ਦੇ ਕਦੇ ਵੀ ਸਥਾਪਤ ਹੋ ਜਾਣ ਦੀ ਤਲਵਾਰ ਲਟਕਦੀ ਰਹਿੰਦੀ ਸੀ, ਉਸ ਵਿਚ ਭੁੱਟੋ ਦੀ ਉਦਾਰਵਾਦੀ ਰੈਡੀਕਲ ਪੂੰਜੀਵਾਦੀ ਸਰਕਾਰ ਇਕ ਰਾਹਤ ਵਾਂਗੂੰ ਸਨ। ਭੁੱਟੋ ਇਸਲਾਮੀ ਕੱਟੜਪੰਥ ਅਤੇ ਫ਼ੌਜ ਦੇ 'ਕਾਊਂਟਰ ਐਕਟ' ਵਾਂਗੂੰ ਸਨ। ਇਹੀ ਵਜ੍ਹਾ ਸੀ ਕਿ ਫ਼ੈਜ਼ ਦਾ ਰਵੱਈਆ ਇਸ ਸਰਕਾਰ ਪ੍ਰਤੀ ਸਮਰਥਨ ਅਤੇ ਨਰਮੀ ਦਾ ਸੀ।1978 ਤੋਂ 1982 ਦਾ ਅਰਸਾ ਫ਼ੈਜ਼ ਨੇ ਦੇਸ਼ ਨਿਕਾਲੇ ਵਿਚ ਗੁਜ਼ਾਰਿਆ। ਉਨ੍ਹਾਂ ਨੇ ਏਸ਼ੀਆ-ਅਫ਼ਰੀਕਾ ਵਿਚ ਫੈਲੇ ਸਾਰੇ ਲੇਖਕ-ਦੋਸਤਾਂ ਨਾਲ ਮੁਲਾਕਾਤ ਕੀਤੀ। ਇਨ੍ਹਾਂ ਹੀ ਮਿੱਤਰਾਂ ਦੀ ਬਦੌਲਤ ਉਨ੍ਹਾਂ ਨੂੰ ਅਫ਼ਰੀਕਾ-ਏਸ਼ੀਆਈ ਜਰਨਲ 'ਲੋਟਸ' ਦੇ ਸੰਪਾਦਨ ਦਾ ਕੰਮ ਮਿਲਿਆ ਜਿਹੜਾ ਬੇਰੂਤ ਵਿਚ ਛਪਦਾ ਹੁੰਦਾ ਸੀ। ਬੇਰੂਤ ਵਿਚ ਬੀਤੇ ਇਨ੍ਹਾਂ ਤਿੰਨ ਵਰ੍ਹਿਆਂ ਵਿਚ ਉਨ੍ਹਾਂ ਨੇ ਫ਼ਲਸਤੀਨੀ ਲੋਕਾਂ ਦੇ ਦੁੱਖ ਨੂੰ, ਮੁਕਤੀ ਦੀ ਚਾਹਤ ਨੂੰ ਬੇਹੱਦ ਨਜ਼ਦੀਕੀ ਨਾਲ ਵੇਖਿਆ। 'ਫ਼ਲਸਤੀਨੀ ਮੁਕਤੀ ਜਥੇਬੰਦੀ' ਦੇ ਆਗੂ ਯਾਸਿਰ ਅਰਾਫ਼ਾਤ ਨਾਲ ਦੋਸਤੀ ਹੋਈ ਜਿਨ੍ਹਾਂ ਨੂੰ ਫ਼ੈਜ਼ ਨੇ ਆਪਣਾ ਅਖ਼ੀਰਲਾ ਸੰਗ੍ਰਹਿ 'ਮੇਰੇ ਮੁਸਾਫ਼ਿਰ' ਭੇਟ ਕੀਤਾ। ਜਦੋਂ ਬੇਰੂਤ 'ਤੇ ਇਜ਼ਰਾਈਲ ਨੇ ਕਬਜ਼ਾ ਕਰ ਲਿਆ, ਤਦ ਉਨ੍ਹਾਂ ਨੂੰ ਉਥੋਂ ਨਿਕਲਣਾ ਪਿਆ। ਉਹ ਉਥੋਂ ਮੁਲਕ-ਦਰ-ਮੁਲਕ ਭਟਕਦੇ ਹੋਏ ਮੰਗੋਲੀਆ, ਕੈਨੇਡਾ, ਭਾਰਤ, ਵੀਅਤਨਾਮ ਅਤੇ ਅਮਰੀਕਾ ਵੀ ਗਏ।

ਅੰਤ ਵਿਚ 1982 ਵਿਚ ਹਮਵਤਨ ਵਾਪਸੀ ਹੋਈ। ਸਿਹਤ ਕਾਫ਼ੀ ਵਿਗੜ ਚੁੱਕੀ ਸੀ। 19 ਨਵੰਬਰ, 1984 ਨੂੰ ਲਾਹੌਰ ਦੇ ਮੇਯੋ ਹਸਪਤਾਲ ਵਿਚ ਦਿਲ ਦੀ ਗਤੀ ਰੁਕ ਜਾਣ ਨਾਲ ਫ਼ੈਜ਼ ਦਾ ਦੇਹਾਂਤ ਹੋ ਗਿਆ ਤੇ ਦਮਨਕਾਰੀ ਹਕੂਮਤ ਤੋਂ ਬੇਖ਼ੌਫ਼ ਰਹਿਣ ਵਾਲਾ ਇਹ ਸ਼ਾਇਰ ਸਾਡੇ ਤੋਂ ਵਿਛੜ ਗਿਆ।

ਜਾਂਦੇ-ਜਾਂਦੇ ਚੰਦ ਸਤਰਾਂ ਫ਼ੈਜ਼ ਦੀ ਕਵਿਤਾ ਬਾਰੇ ਕਹਿਣਾ ਜ਼ਰੂਰੀ ਹੈ ਜਿਹੜੀਆਂ ਕਹੇ ਬਗੈਰ ਗੱਲ ਪੂਰੀ ਨਹੀਂ ਹੋਵੇਗੀ। ਜੇਕਰ ਕਿਸੇ ਕਵਿਤਾ ਵਿਚ ਮਹਿਜ਼ ਬਿਆਨ ਹੋਣ, ਆਪਣੇ ਸਮੇਂ ਦਾ ਮਹਿਜ਼ ਪ੍ਰਤੀਚਿਤਰਣ ਹੋਵੇ, ਜਿਉਂਦਿਆਂ ਦੀਆਂ ਉਮੀਦਾਂ, ਆਸ਼ਾਵਾਂ ਗੈਰਹਾਜ਼ਰ ਹੋਣ ਤਾਂ ਅਜਿਹੀ ਕਵਿਤਾ ਕਿਸ ਕੰਮ ਦੀ? ਜਦੋਂ ਤੁਹਾਡੇ ਹੱਥ ਬੰਨ੍ਹੇ ਹੋਣ ਤਾਂ ਟਾਕਰੇ ਦੀ ਕਲਾ ਕਿਵੇਂ ਵਿਕਸਤ ਕੀਤੀ ਜਾਵੇ, ਹੁਕਮਰਾਨਾਂ ਨੂੰ ਉਖਾੜ ਸੁੱਟਣ ਲਈ ਇਤਿਹਾਸਕ ਅਤੇ ਲੋਕ ਪ੍ਰਤੀਕਾਂ ਦੀ ਵਰਤੋਂ ਕਿਵੇਂ ਕੀਤੀ ਜਾਵੇ ਜਿਸ ਨਾਲ ਕਿ ਵਿਨਾਸ਼ ਅਤੇ ਬਦਲਾ ਸਾਕਾਰ ਰੂਪ ਵਿਚ ਮੂਰਤੀਮਾਨ ਹੋ ਸਕੇ, ਇਹ ਕਲਾ ਫ਼ੈਜ਼ ਕੋਲ ਹੈ। ਇਥੇ ਆਪਸੀ ਪ੍ਰਤੀਕ ਨਵੇਂ ਅਰਥਾਂ ਵਿਚ ਲੋਕਾਂ ਦੀਆਂ ਇੱਛਾਵਾਂ ਨੂੰ ਸ਼ਬਦ ਦਿੰਦੇ ਪ੍ਰਤੀਤ ਹੁੰਦੇ ਹਨ:

*ਹਮ ਦੇਖੇਂਗੇ*
*ਲਾਜ਼ਿਮ ਹੈ ਕੇ, ਹਮ ਭੀ ਦੇਖੇਂਗੇ*
*ਵੋ, ਦਿਨ ਕੇ, ਜਿਸਕਾ ਵਾਅਦਾ ਹੈ*
*ਜੋ ਲੌਹ-ਇ-ਅਜ਼ਲ ਮੇਂ ਲਿਖਾ ਹੈ*
*ਜਬ ਜ਼ੁਲਮ-ਓ-ਸਿਤਮ ਕੇ ਕੋਹ-ਏ-ਗਰਾਂ*
*ਰੂਈ ਕੀ ਤਰ੍ਹਾਂ ਉੜ ਜਾਏਂਗੇ*
*ਹਮ ਮਹਕੂਮੋਂ ਕੇ ਪਾਵ ਤਲੇ*
*ਜਬ ਧਰਤੀ ਧੜ ਧੜ ਧੜਕੇਗੀ*
*ਔਰ ਅਹਿਲ-ਏ-ਹਿਕਮ ਕੇ ਸਰ ਊਪਰ*
*ਜਬ ਬਿਜਲੀ ਕੜ ਕੜ ਕੜਕੇਗੀ*
*ਜਬ ਅਰਜ਼-ਇ-ਖ਼ੁਦਾ ਕੇ ਕਾ'ਬੇ ਸੇ*
*ਸਬ ਬੁੱਤ ਉਠਵਾਏ ਜਾਏਂਗੇ*
*ਹਮ ਅਹਿਲ-ਇ-ਸਫ਼ਾ, ਮਰਦੂਦ-ਇ-ਹਰਮ*
*ਮਸਨਦ ਪੇ ਬਿਠਾਏ ਜਾਏਂਗੇ*
*ਸਬ ਤਾਜ ਉਛਾਲੇ ਜਾਏਂਗੇ*
*ਸਬ ਤਖ਼ਤ ਗਿਰਾਏ ਜਾਏਂਗੇ*
*ਬਸ ਨਾਮ ਰਹੇਗਾ ਅੱਲ੍ਹਾ ਕਾ*
*ਜੋ ਗ਼ਾਇਬ ਭੀ ਹੈ, ਹਾਜ਼ਿਰ ਭੀ*
*ਜੋ ਮੰਜ਼ਰ ਭੀ ਹੈ, ਨਾਜ਼ਿਰ ਭੀ*
*ਉਠੇਗਾ 'ਅਨ-ਉਲ-ਹੱਕ' ਕਾ ਨਾਅਰਾ*
*ਜੋ ਮੈਂ ਭੀ ਹੂੰ ਔਰ ਤੁਮ ਭੀ ਹੋ*
*ਔਰ ਰਾਜ ਕਰੇਗੀ ਖ਼ਲਕ-ਇ-ਖ਼ੁਦਾ*
*ਜੋ ਮੈਂ ਭੀ ਹੂੰ ਔਰ ਤੁਮ ਭੀ ਹੋ*

(ਲੌਹ-ਇ-ਅਜ਼ਲ: ਪੂਰਵ-ਲਿਖਤ/ਕਿਸਮਤ, ਕੋਹੇ-ਗਰਾਂ: ਭਾਰੀ ਪਹਾੜ, ਮਹਕੂਮੋਂ: ਦੱਬੇ-ਕੁਚਲੇ, ਅਹਿਲ-ਇ-ਹਿਕਮ: ਸੱਤਾਧਾਰੀ/ਹਾਕਮ, ਅਰਜ਼-ਇ-ਖ਼ੁਦਾ: ਖ਼ੁਦਾ ਦੀ ਜ਼ਮੀਨ, ਅਹਿਲ-ਇ-ਸਫ਼ਾ: ਸੱਚੇ ਲੋਕ, ਮਰਦੂਦ-ਇ-ਹਰਮ: ਕੱਟੜਪੰਥੀਆਂ ਦੁਆਰਾ ਲਿਤਾੜੇ ਹੋਏ, ਹਾਜ਼ਿਰ: ਦ੍ਰਿਸ਼, ਨਾਜ਼ਿਰ: ਦਰਸ਼ਨ, ਅਨ-ਉਲ-ਹੱਕ: "ਮੈਂ ਸੱਚ ਹਾਂ" ਸੂਫ਼ੀ ਸੰਤ ਮਨਸੂਰ ਦਾ ਨਾਅਰਾ ਜਿਸ ਨੂੰ ਇਸ ਘੋਸ਼ਣਾ ਕਾਰਨ ਸੂਲੀ 'ਤੇ ਚੜ੍ਹਾਇਆ ਗਿਆ ਸੀ, ਖ਼ਲਕ-ਇ-ਖ਼ੁਦਾ: ਜਨ ਸਮੂਹ।)

ਫ਼ੈਜ਼ ਦੀ ਕਵਿਤਾ ਵਿਚ ਜਿਹੜੀ ਸਭ ਤੋਂ ਮਹੱਤਵਪੂਰਨ ਗੱਲ ਹੈ, ਉਹ ਹੈ ਦੱਬੇ-ਕੁਚਲੇ ਹੋਇਆਂ ਪ੍ਰਤੀ ਦੁੱਖ-ਦਰਦ ਦੀ ਭਾਵਨਾ, ਆਮ ਲੋਕਾਂ ਨਾਲ ਅਟੁੱਟ ਰਿਸ਼ਤਾ। ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਇਨਸਾਨੀ ਖ਼ੂਨ ਡੁੱਲ੍ਹੇ, ਫ਼ੈਜ਼ ਕਿਸੇ ਵੀ ਘਟਨਾ ਤੋਂ ਬਿਨਾਂ ਪ੍ਰਭਾਵਤ ਕਬੂਲੇ ਨਹੀਂ ਰਹੇ।

ਇਸ ਲਈ ਜਦੋਂ ਈਰਾਨ ਵਿਚ ਵਿਦਿਆਰਥੀਆਂ ਨੂੰ ਮੌਤ ਦੇ ਹਨ੍ਹੇਰੇ ਖੂਹ ਵਿਚ ਸੁੱਟਿਆ ਜਾਂਦਾ ਹੈ ਤਾਂ ਉਹ ਇਕ ਕਵਿਤਾ 'ਈਰਾਨੀ ਤੁਲਬਾ ਦੇ ਨਾਮ' ਲਿਖਦੇ ਹਨ, ਅਫ਼ਰੀਕੀ ਆਜ਼ਾਦੀ ਪ੍ਰੇਮੀਆਂ ਦੇ ਸਮਰਥਨ ਵਿਚ 'ਅਫ਼ਰੀਕਾ ਕਮ ਬੈਕ' ਦਾ ਨਾਅਰਾ ਮਾਰਦੇ ਹਨ ਅਤੇ ਸਾਮਰਾਜਵਾਦੀਆਂ ਵਿਰੁੱਧ ਲੜਕੇ ਅਰਬਾਂ ਦੀ ਹਮਾਇਤ ਵਿਚ 'ਸਰ-ਏ-ਵਾਦੀ-ਸੀਨਾ' ਅਤੇ ਫ਼ਲਸਤੀਨ ਬਾਂਕਿਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ 'ਦੋ ਨਜ਼ਮਾਂ ਫ਼ਲਸਤੀਨ ਲਈ' ਲਿਖ ਕੇ ਆਪਣਾ ਦੁੱਖ ਪ੍ਰਗਟ ਕਰਦੇ ਹਨ।

ਫ਼ੈਜ਼ ਦੀਆਂ ਨਜ਼ਮਾਂ ਦੇਸ਼-ਸਮੇਂ ਦੀਆਂ ਹੱਦਾਂ ਨੂੰ ਟੱਪ ਕੇ ਦੁਖੀ ਲੋਕਾਂ ਦੀ ਆਵਾਜ਼ ਬਣ ਕੇ ਸਾਹਮਣੇ ਆਉਂਦੀਆਂ ਹਨ। ਉਹ ਸੱਚੇ ਅਰਥਾਂ ਵਿਚ ਇਕ ਕੌਮਾਂਤਰੀ ਕਵੀ ਸਨ। ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ ਦੀ ਪਰੰਪਰਾ ਦੇ ਕਵੀ। ਉਨ੍ਹਾਂ ਦੀ ਕਵਿਤਾ ਵਿਚ ਆਮ ਲੋਕਾਂ ਦਾ ਸੰਘਰਸ਼ ਹੈ, ਉਮੀਦ ਹੈ; ਬਿਹਤਰ ਭਵਿੱਖ ਦਾ ਸੁਫ਼ਨਾ ਹੈ।

# ਨਾਵਲ 'ਏਹੋ ਹਮਾਰਾ ਜੀਵਣਾ' ਉਤੇ ਫਿਲਮ ਬਣਾਏਗਾ ਓਮ ਪੁਰੀ

**ਛੋਟੇ ਪਰਦੇ 'ਤੇ ਆਪਣੇ ਹੁਨਰ ਦਾ ਕਮਾਲ ਦਿਖਾਉਣ ਉਪਰੰਤ ਜਦੋਂ ਕਲਾਕਾਰ ਓਮ ਪੁਰੀ ਨੇ ਫਿਲਮਾਂ 'ਆਕ੍ਰੋਸ਼' ਅਤੇ 'ਅਰਧ ਸਤਯ' ਕੀਤੀਆਂ ਤਾਂ ਉਹ ਇਕ ਦਮ ਮੁੰਬਈ ਫਿਲਮ ਨਗਰੀ 'ਤੇ ਛਾ ਗਿਆ। ਆਪਣੀ ਦਮਦਾਰ ਅਦਾਕਾਰੀ ਨਾਲ ਉਸ ਨੇ ਇਕ ਪਿਛੋਂ ਇਕ ਫਿਲਮ ਨਾਲ ਆਪਣੀ ਧਾਂਕ ਜਮਾਈ। ਪੰਜਾਬੀ ਫਿਲਮਾਂ ਵਿਚ ਵੀ ਵਧੀਆ ਕਲਾਕਾਰ ਵਜੋਂ ਸਥਾਪਤ ਓਮ ਪੁਰੀ ਦੀ ਇੱਛਾ ਹੁਣ ਨਾਵਲਕਾਰ ਦਲੀਪ ਕੌਰ ਟਿਵਾਣਾ ਦੇ ਨਾਵਲ 'ਏਹੋ ਹਮਾਰਾ ਜੀਵਣਾ' ਉਤੇ ਫਿਲਮ ਬਣਾਉਣ ਦੀ ਹੈ। ਪੇਸ਼ ਹੈ ਓਮ ਪੁਰੀ ਨਾਲ ਇਕ ਮੁਲਾਕਾਤ:**

**ਪੁਰੀ ਸਾਹਬ, ਸਭ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਤੇ ਸ਼ੁਰੂਆਤੀ ਦੌਰ ਬਾਰੇ ਦੱਸੋ?**

-ਮੇਰਾ ਜਨਮ ਅੰਬਾਲੇ 'ਚ ਸ਼੍ਰੀਮਤੀ ਤਾਰਾ ਦੇਵੀ ਤੇ ਸ੍ਰੀ ਟੇਕ ਚੰਦ ਦੇ ਘਰ 18 ਅਕਤੂਬਰ, 1950 ਨੂੰ ਹੋਇਆ। ਮੁਢਲੀ ਪੜ੍ਹਾਈ ਅੰਬਾਲੇ ਤੋਂ ਹੀ ਕੀਤੀ ਤੇ ਫਿਰ ਅਸੀਂ ਪਟਿਆਲਾ ਸ਼ਿਫਟ ਹੋ ਗਏ। ਕਾਫੀ ਸਮਾਂ ਪਟਿਆਲਾ ਤੇ ਚੰਡੀਗੜ੍ਹ 'ਚ ਗੁਜ਼ਾਰਿਆ। ਅਦਾਕਾਰੀ ਦੀ ਸ਼ੁਰੂਆਤ ਮੈਂ ਮਰਹੂਮ ਹਰਪਾਲ ਟਿਵਾਣਾ ਨਾਲ ਕੀਤੀ। ਉਨ੍ਹਾਂ ਤੋਂ ਹੀ ਰੰਗਮੰਚ ਦੀਆਂ ਬਾਰੀਕੀਆਂ ਸਿੱਖੀਆਂ ਤੇ ਉਨ੍ਹਾਂ ਨਾਲ ਕੰਮ ਕਰਦਿਆਂ ਬਣੇ ਸਬੰਧਾਂ ਜ਼ਰੀਏ ਹੀ ਮੈਨੂੰ ਫਿਲਮਾਂ 'ਚ ਕੰਮ ਮਿਲਣਾ ਸ਼ੁਰੂ ਹੋਇਆ। ਪੰਜਾਬੀ ਦੀ ਪਹਿਲੀ ਐਵਾਰਡ ਜੇਤੂ ਫਿਲਮ 'ਚੰਨ ਪ੍ਰਦੇਸੀ' ਨੇ ਮੇਰੇ ਲਈ ਨਵੇਂ ਰਾਹ ਖੋਲ੍ਹੇ। ਸਿਆਮ ਬੈਨੇਗਲ ਦੀ ਫਿਲਮ 'ਗੋਧੂਲ' ਰਾਹੀਂ ਬਾਲੀਵੁੱਡ 'ਚ ਬਰੇਕ ਮਿਲੀ। ਇਸ ਫਿਲਮ ਤੋਂ ਬਾਅਦ ਨਾਮਵਾਰ ਫਿਲਮਸਾਜ਼ ਗੋਬਿੰਦ ਨਿਹਲਾਨੀ ਨੇ 'ਆਕ੍ਰੋਸ਼' ਰਾਹੀਂ ਦਰਸ਼ਕਾਂ ਵਿਚ ਪਛਾਣ ਬਣਾਈ। ਇਸ ਫਿਲਮ ਨੇ ਹੀ ਮੈਨੂੰ ਅਭਿਨੇਤਾ ਬਣਾਇਆ ਹੈ। ਅੱਜ ਜੋ ਵੀ ਹਾਂ, ਤੁਹਾਡੇ ਸਾਹਮਣੇ ਹਾਂ।

**ਤੁਸੀਂ ਆਪਣੇ ਸ਼ੁਰੂਆਤੀ ਦੌਰ ਵਿਚ 'ਆਕ੍ਰੋਸ਼', 'ਅਰਧ ਸਤਯ' ਵਰਗੀਆਂ ਆਰਟ ਫਿਲਮਾਂ ਕੀਤੀਆਂ, ਫਿਰ ਕਮਰਸ਼ੀਅਲ ਫਿਲਮਾਂ ਵੱਲ ਕਿਵੇਂ ਮੁੜੇ?**

-ਇਹ ਸਭ ਬੜਾ ਸੰਘਰਸ਼ਪੂਰਨ ਰਿਹਾ। ਆਰਟ ਕਲਾਕਾਰ ਹੋਣ ਕਰਕੇ ਇਹੋ ਜਿਹੀਆਂ ਫਿਲਮਾਂ ਦੀ ਪੇਸ਼ਕਸ਼ ਆਉਂਦੀ ਸੀ ਪਰ ਮੈਂ ਨਿਰੋਲ ਕਮਰਸ਼ੀਅਲ ਫਿਲਮਾਂ 'ਚ ਆਪਣੀ ਪ੍ਰਤਿਭਾ ਦਿਖਾਉਣਾ ਚਾਹੁੰਦਾ ਸਾਂ ਪਰ ਨਿਰਮਾਤਾ ਤੇ ਨਿਰਦੇਸ਼ਕਾਂ ਨੂੰ ਮੇਰੀ ਪ੍ਰਤਿਭਾ ਤੇ ਸਮਰੱਥਾ 'ਤੇ ਯਕੀਨ ਨਹੀਂ ਸੀ ਬੱਝਦਾ। ਖੈਰ! ਜਦੋਂ ਬੱਝਿਆ ਤਾਂ ਇਨ੍ਹਾਂ ਫਿਲਮਾਂ ਦੀ ਪੇਸ਼ਕਸ਼ ਹੋਣ ਲੱਗੀ, ਜਿਨ੍ਹਾਂ 'ਚੋਂ 'ਪੱਥਰ', 'ਨਾਸੂਰ', 'ਅੱਧਾ ਰਾਮ-ਅੱਧਾ ਰਾਵਣ', 'ਘਾਇਲ', 'ਘਾਤਕ', 'ਹਮ ਫਰਿਸ਼ਤੇ ਨਹੀਂ' ਵਰਗੀਆਂ ਫਿਲਮਾਂ ਮੈਂ ਉਸ ਸਮੇਂ ਕੀਤੀਆਂ।

**ਪਿਛਲੇ ਕੁਝ ਸਾਲਾਂ ਤੋਂ ਤੁਸੀਂ ਕਾਮੇਡੀ ਫਿਲਮਾਂ ਕਰ ਰਹੇ ਹੋ। ਇਸ ਦਾ ਕੀ ਕਾਰਨ ਹੈ?**

-(ਹੱਸਦੇ ਹੋਏ) ਬਹੁਤ ਫਿਲਮਾਂ 'ਚ ਖਲਨਾਇਕ ਬਣ ਕੇ 'ਮਾੜੇ ਕੰਮ' ਕਰ'ਲੇ, ਹੁਣ ਢਲਦੀ ਉਮਰ 'ਚ ਤਾਂ ਚੰਗੇ ਕਿਰਦਾਰ ਨਿਭਾ ਲਵਾਂ। ਵੈਸੇ ਕਲਾਕਾਰ ਨੂੰ ਹਰ ਤਰ੍ਹਾਂ ਦੇ ਕਿਰਦਾਰ ਨਿਭਾਉਣੇ ਪੈਂਦੇ ਹਨ ਪਰ ਮੈਂ ਜ਼ਿਆਦਾਤਰ ਖਲਨਾਇਕ ਜਾਂ ਕਹਿ ਲਵੋ ਕਰੂਰ ਵਿਅਕਤੀ ਵਾਲੇ ਕਿਰਦਾਰ ਹੀ ਨਿਭਾਏ ਹਨ। ਨਿਰਦੇਸ਼ਕਾਂ ਨੂੰ ਲੱਗਦਾ ਸੀ ਕਿ ਮੈਂ ਅਜਿਹੇ ਕਿਰਦਾਰਾਂ 'ਚ ਜ਼ਿਆਦਾ ਪ੍ਰਭਾਵਸ਼ਾਲੀ ਲੱਗਦਾ ਹਾਂ। ਜਦੋਂ ਮੈਂ ਕਾਮੇਡੀ ਕਿਰਦਾਰ ਨਿਭਾਏ ਤਾਂ ਲੋਕਾਂ ਦਾ ਵਧੇਰੇ ਹੁੰਗਾਰਾ ਮਿਲਿਆ। ਸੋ ਹੁਣ ਨਿਰਦੇਸ਼ਕ ਮੈਨੂੰ ਹਲਕੀ ਫੁਲਕੀ ਕਾਮੇਡੀ ਵਾਲੇ ਕਿਰਦਾਰ 'ਚ ਹੀ ਰੱਖਦੇ ਹਨ, ਬਾਕੀ ਮੈਨੂੰ ਵੀ ਅਜਿਹੇ ਕਿਰਦਾਰ ਨਿਭਾਅ ਕੇ ਚੰਗਾ ਲੱਗਦਾ ਹੈ। ਹੁਣ ਮੈਂ ਉਮਰ ਦੇ ਤਕਾਜ਼ੇ ਨਾਲ ਕੁਝ ਵੱਖਰੀ ਕਿਸਮ ਦੇ ਕਿਰਦਾਰ ਨਿਭਾਉਣ ਦੀ ਇੱਛਾ ਰੱਖਦਾ ਹਾਂ।

**ਬਾਲੀਵੁੱਡ 'ਚ ਤੁਹਾਨੂੰ ਖੂਬ ਕੰਮ ਮਿਲ ਰਿਹਾ ਸੀ ਫਿਰ ਵੀ ਹਾਲੀਵੁੱਡ ਦੀਆਂ ਫਿਲਮਾਂ ਕਰਨ ਦਾ ਫੈਸਲਾ ਕਿਉਂ ਲਿਆ?**

-ਸ਼ੋਹਰਤ ਨੇ ਆਪਣੇ-ਆਪ ਇਹ ਸਬੱਬ ਬਣਾਇਆ ਪਰ ਮੈਂ ਪੈਰ ਨਹੀਂ ਛੱਡੇ। ਅੰਤਰਰਾਸ਼ਟਰੀ ਫਿਲਮਾਂ ਕਰਨ ਦਾ ਮੁੱਖ ਕਾਰਨ ਪੈਸਾ ਕਮਾਉਣਾ ਹੀ ਰਿਹਾ ਹੈ। 1980 'ਚ ਜੈਨਿਫਰ ਕਪੂਰ ਕਾਰਨ ਫਿਲਮ 'ਜਿਊਲ ਇਨ ਦਾ ਕਰਾਊਨ' ਵਿਚ ਅਭਿਨੈ ਕਰਨ ਦਾ ਮੌਕਾ ਮਿਲਿਆ ਸੀ। ਇਸ ਫਿਲਮ ਤੋਂ ਬਾਅਦ ਹਾਲੀਵੁੱਡ ਤੋਂ ਬਹੁਤ ਪੇਸ਼ਕਸ਼ਾਂ ਆਈਆਂ ਜੋ ਮੈਂ ਸਵੀਕਾਰ ਕਰਦਾ ਚਲਿਆ ਗਿਆ ਪਰ ਮੇਰੀ ਪਹਿਲ ਹਮੇਸ਼ਾ ਬਾਲੀਵੁੱਡ ਫਿਲਮਾਂ ਨੂੰ ਰਹੀ ਹੈ।

**ਤੁਸੀਂ ਹੁਣੇ ਪੈਸੇ ਦੀ ਗੱਲ ਕੀਤੀ ਹੈ, ਕੀ ਤੁਸੀਂ ਫਿਲਮਾਂ 'ਚ ਅਭਿਨੈ ਸਿਰਫ ਪੈਸੇ ਖਾਤਰ ਹੀ ਕਰਦੇ ਹੋ?**

-ਸੱਚ ਦੱਸਾਂ ਤਾਂ ਮੈਂ ਆਪਣੀ ਜ਼ਿੰਦਗੀ 'ਚ ਜ਼ਿਆਦਾ ਫਿਲਮਾਂ ਪੈਸੇ ਖਾਤਰ ਹੀ ਕੀਤੀਆਂ ਹਨ ਕਿਉਂਕਿ ਜ਼ਿੰਦਗੀ 'ਚ ਪੈਸਾ ਬਹੁਤ ਅਹਿਮੀਅਤ ਰੱਖਦਾ ਹੈ। ਤੁਹਾਡੇ ਰਿਸ਼ਤੇ-ਨਾਤੇ ਤੇ ਸੰਗੀ ਸਾਥੀ ਅੱਜ ਦੇ ਦੌਰ 'ਚ ਉਦੋਂ ਤੱਕ ਹੀ ਤੁਹਾਡੇ ਨਾਲ ਹਨ, ਜਦੋਂ ਤੱਕ ਤੁਹਾਡੇ ਕੋਲ ਚਾਰ ਪੈਸੇ ਹਨ।



*ਹਾਲੀਵੁੱਡ ਫਿਲਮ 'ਲਟਿਲ ਟੈਰਰ' ਦੇ ਇਕ ਦ੍ਰਿਸ਼ ਵਿਚ ਓਮ ਪੁਰੀ ਅਤੇ ਦੀਪ ਢਿੱਲੋਂ*

ਮੈਂ ਕਲਾਕਾਰ ਸੀ ਤੇ ਮੈਨੂੰ ਮੇਰੇ ਕੰਮ ਦੇ ਪੈਸੇ ਮਿਲਦੇ ਸਨ। ਹੁਣ ਮੈਂ ਪੈਸੇ ਦੇ ਨਾਲ ਨਾਲ ਆਪਣੀ ਮਾਨਸਿਕ ਸੰਤੁਸ਼ਟੀ ਲਈ ਵੀ ਫਿਲਮਾਂ ਕਰਦਾ ਹਾਂ।

**ਅੱਜ ਕੱਲ੍ਹ ਅਰਥ ਭਰਪੂਰ, ਸਮਾਜਿਕ ਸਮੱਸਿਆ ਵਾਲੀਆਂ ਫਿਲਮਾਂ ਦੀ ਜਗ੍ਹਾ ਮੰਨੋਰੰਜਨ ਭਰਪੂਰ ਫਿਲਮਾਂ ਹੀ ਬਣ ਅਤੇ ਚੱਲ ਰਹੀਆਂ ਹਨ। ਕੀ ਕਾਰਨ ਹੈ?**

-ਨਹੀਂ, ਮੈਨੂੰ ਕਦੇ ਨਹੀਂ ਅਜਿਹਾ ਲੱਗਿਆ ਕਿ ਸਿਰਫ ਮੰਨੋਰੰਜਨ ਭਰਪੂਰ ਫਿਲਮਾਂ ਹੀ ਚੱਲ ਰਹੀਆਂ ਹਨ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸਮਾਜਿਕ ਵਿਸ਼ਿਆਂ ਜਾਂ ਅਰਥ ਭਰਪੂਰ ਫਿਲਮਾਂ ਲੋਕ ਨਹੀਂ ਦੇਖਦੇ। ਜੇ ਇਹ ਗੱਲ ਹੁੰਦੀ ਤਾਂ 'ਥ੍ਰੀ ਈਡੀਅਟ' ਤੇ 'ਰਾਜਨੀਤੀ' ਵਰਗੀਆਂ ਫਿਲਮਾਂ ਫਲਾਪ ਹੋਣੀਆਂ ਸਨ। ਅਜਿਹੀਆਂ ਫਿਲਮਾਂ ਨੂੰ ਮਨੋਰੰਜਕ ਫਿਲਮਾਂ ਵਿਚ ਤਾਂ ਨਹੀਂ ਗਿਣਿਆ ਜਾਂਦਾ। ਅੱਜ ਦੇ ਸਿਨੇਮੇ ਬਾਰੇ ਅਸੀਂ ਕਹਿ ਸਕਦੇ ਹਾਂ, ਸਮਾਨਾਂਤਰ ਸਿਨੇਮਾ ਆਪਣੇ ਨਵੇਂ ਸਰੂਪ ਵਿਚ ਆ ਚੁੱਕਾ ਹੈ। ਸੁਧੀਰ ਮਿਸ਼ਰਾ, ਪ੍ਰਕਾਸ਼ ਝਾਅ ਤੇ ਵਿਸ਼ਾਲ ਭਾਰਦਵਾਜ ਵਰਗੇ ਨਿਰਦੇਸ਼ਕਾਂ ਦੀਆਂ ਫਿਲਮਾਂ ਇਸ ਦੀ ਮਿਸਾਲ ਹੈ।

**ਤੁਹਾਡੇ ਸਮਕਾਲੀ ਨਸੀਰੂਦੀਨ ਸ਼ਾਹ ਨਿਰਦੇਸ਼ਕ ਵੀ ਬਣ ਗਏ ਹਨ। ਤੁਸੀਂ ਇਸ ਪਾਸੇ ਰੁਖ਼ ਕਿਉਂ ਨਹੀਂ ਕੀਤਾ?**

-ਸੱਚ ਦੱਸਾਂ ਤਾਂ ਮੈਂ ਵੀ ਇਕ ਫਿਲਮ ਨਿਰਦੇਸ਼ਿਤ ਕਰਨਾ ਚਾਹੁੰਦਾ ਹਾਂ। ਮੇਰਾ ਵਾਸਤਾ ਪੰਜਾਬ ਨਾਲ ਹੈ, ਇਸ ਲਈ ਪੰਜਾਬੀ ਭਾਸ਼ਾ ਦੀ ਫਿਲਮ ਬਣਾਉਣਾ ਮੇਰੀ ਦਿਲੀ ਇੱਛਾ ਹੈ। ਅਸਲ 'ਚ ਮੈਂ ਉਘੀ ਲੇਖਿਕਾ ਦਲੀਪ ਕੌਰ ਟਿਵਾਣਾ ਦੇ ਨਾਵਲ 'ਇਹੋ ਹਮਾਰਾ ਜੀਵਣਾ' 'ਤੇ ਆਧਾਰਤ ਫਿਲਮ ਬਣਾਉਣਾ ਚਾਹੁੰਦਾ ਹਾਂ। ਇਹ ਬਹੁਤ ਵੱਡਾ ਪ੍ਰਾਜੈਕਟ ਹੈ ਜਿਸ ਲਈ ਪੰਜਾਬ ਸਰਕਾਰ ਦਾ ਸਹਿਯੋਗ ਲਾਜ਼ਮੀ ਹੈ। ਜੇਕਰ ਸਰਕਾਰ ਮੈਨੂੰ ਸਹਿਯੋਗ ਦੇਵੇ ਤਾਂ ਮੈਂ ਇਹ ਫਿਲਮ ਜਲਦ ਹੀ ਸ਼ੁਰੂ ਕਰ ਦੇਵਾਂਗਾ।

**ਕੀ ਤੁਸੀਂ ਕੁਝ ਦਿਨ ਪਹਿਲਾਂ ਹਾਲੀਵੁੱਡ ਦੀ ਫਿਲਮ ਦੀ ਸ਼ੂਟਿੰਗ ਮੁਕੰਮਲ ਕੀਤੀ ਹੈ?**

-ਹਾਂ, ਥੋੜਾ ਸਮਾਂ ਪਹਿਲਾਂ ਹੀ ਇਸ ਫਿਲਮ ਦੀ ਸ਼ੂਟਿੰਗ ਤੋਂ ਵਿਹਲਾ ਹੋਇਆ ਹਾਂ। ਫਿਲਮ ਦੀ ਕਹਾਣੀ ਬਾਰੇ ਤਾਂ ਮੈਂ ਕੁਝ ਨਹੀਂ ਦੱਸ ਸਕਦਾ ਪਰ ਇਨ੍ਹਾਂ ਦੱਸ ਦਿੰਦਾ ਹਾਂ ਕਿ ਨਿਰਦੇਸ਼ਕ ਮਹਿੰਦਰ ਚਾਨਾ ਦੀ ਇਸ ਫਿਲਮ ਦਾ ਨਾਂ 'ਲਿਟਿਲ ਟੈਰਰ' ਹੈ। ਇਹ ਫਿਲਮ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ 'ਚ ਵੀ ਡੱਬ ਹੋਵੇਗੀ।

**ਤੁਹਾਡੀ ਫਿਲਮ 'ਖਾਪ' ਜਲਦ ਰਿਲੀਜ਼ ਹੋ ਰਹੀ ਹੈ। ਇਸ ਬਾਰੇ ਥੋੜ੍ਹੀ ਜਾਣਕਾਰੀ ਦੇਵੋ?**

-ਹਰਿਆਣਾ ਵਿਚ ਪ੍ਰਚਲਿਤ ਖਾਪ ਪੰਚਾਇਤਾਂ ਦੇ ਆਪਣੇ ਕਾਇਦੇ-ਕਾਨੂੰਨ ਕਾਰਨ 'ਜਾਤ' ਜਾਂ 'ਅਣਖ' ਖਾਤਰ ਕਿੰਨੇ ਮਾਸੂਮਾਂ ਨੂੰ ਜ਼ਿੰਦਗੀ ਤੋਂ ਹੱਥ ਧੋਣਾ ਪਿਆ ਹੈ। ਇਹ ਫਿਲਮ ਇਨ੍ਹਾਂ ਗੱਲਾਂ 'ਤੇ ਆਧਾਰਤ ਹੈ ਜਿਸ ਵਿਚ ਮੈਂ ਹਰਿਆਣਵੀ ਜ਼ਿਮੀਂਦਾਰ ਦੀ ਭੂਮਿਕਾ ਨਿਭਾ ਰਿਹਾ ਹਾਂ। ਇਹ ਜ਼ਿਮੀਂਦਾਰ ਆਪਣੇ ਅਸੂਲਾਂ 'ਤੇ ਚੱਲਦਾ ਹੈ ਤੇ ਇਕੋ ਗੋਤਰ 'ਚ ਵਿਆਹ ਦਾ ਕੱਟੜ ਵਿਰੋਧੀ ਹੈ। ਜਦੋਂ ਉਸ ਦਾ ਆਪਣਾ ਬੇਟਾ ਉਸ ਦੀ ਮਰਜ਼ੀ ਖ਼ਿਲਾਫ਼ ਵਿਆਹ ਕਰਵਾ ਲੈਂਦਾ ਹੈ ਤਾਂ ਉਹ ਆਪਣੇ ਬੇਟੇ ਤੋਂ ਮੂੰਹ ਫੇਰ ਲੈਂਦਾ ਹੈ। ਇਹ ਵਿਅਕਤੀ ਇਨ੍ਹਾਂ ਨਿਰਦਈ ਹੈ ਕਿ ਇਕੋ ਜਾਤ 'ਚ ਵਿਆਹ ਕਰਵਾਉਣ ਵਾਲੇ ਪ੍ਰੇਮੀਆਂ ਦੇ ਕਤਲਾਂ ਨੂੰ ਵੀ ਜਾਇਜ਼ ਸਮਝਦਾ ਹੈ।

**ਤੁਹਾਨੂੰ ਨਹੀਂ ਲੱਗਦਾ ਇਸ ਤਰ੍ਹਾਂ ਦੇ ਕਿਰਦਾਰ ਨਾਲ ਤੁਹਾਡਾ ਅਕਸ ਖ਼ਰਾਬ ਹੋਵੇਗਾ?**

-ਵੈਸੇ ਇਹ ਕਿਰਦਾਰ ਮੇਰੇ ਸੁਭਾਅ ਨਾਲ ਬਿਲਕੁਲ ਮੇਲ ਨਹੀਂ ਖਾਂਦਾ। ਮੈਂ ਨਿੱਜੀ ਤੌਰ 'ਤੇ ਖਾਪ ਪੰਚਾਇਤਾਂ ਦੇ ਵਿਰੁਧ ਹਾਂ। ਫਿਲਮ 'ਚ ਇਹ ਕਿਰਦਾਰ ਅੱਗੇ ਜਾ ਕੇ ਨਵਾਂ ਮੋੜ ਲੈਂਦਾ ਹੈ ਅਤੇ ਮੈਂ ਪ੍ਰੇਮੀਆਂ ਦੀ ਸੁਰੱਖਿਆ ਲਈ ਵੀ ਅੱਗੇ ਆਉਂਦਾ ਹਾਂ। ਇਸ ਬਦਲਾਅ ਦੀ ਬਦੌਲਤ ਮੈਨੂੰ ਦਰਸ਼ਕਾਂ ਦੀਆਂ ਤਾੜੀਆਂ ਮਿਲਣਗੀਆਂ।

**-ਸਪਨ ਮਨਚੰਦਾ**

# ਕਰੀਨਾ ਤੇ ਕੈਟਰੀਨਾ ਵਿਚਾਲੇ 'ਦੌੜ'

ਫਿਲਮ ਨਗਰੀ ਵਿਚ ਪੈਰ ਰੱਖਦਿਆਂ ਹੀ ਸਾਰੀਆਂ ਅਭਿਨੇਤਰੀਆਂ ਟੌਪ 'ਤੇ ਪਹੁੰਚਣਾ ਚਾਹੁੰਦੀਆਂ ਹਨ ਪਰ ਇਸ ਦੇ ਬਾਵਜੂਦ ਕਹਿੰਦੀਆਂ ਹਨ ਕਿ ਉਹ ਨੰਬਰ ਗੇਮ ਦੀ ਦੌੜ 'ਚ ਸ਼ਾਮਲ ਨਹੀਂ ਪਰ ਜਿਵੇਂ ਹੀ ਉਨ੍ਹਾਂ ਦੀਆਂ ਫਿਲਮਾਂ ਹਿਟ ਹੋਣ ਲੱਗਦੀਆਂ ਹਨ ਉਹ ਨੰਬਰ ਵਨ ਦੀ ਹੋੜ ਵਿਚ ਸਭ ਤੋਂ ਅੱਗੇ ਹੋ ਜਾਂਦੀਆਂ ਹਨ। ਪਿਛਲੇ ਕੁਝ ਸਮੇਂ ਤੋਂ ਕਰੀਨਾ ਕਪੂਰ ਨੰਬਰ ਵਨ ਦੀ ਦੌੜ ਵਿਚ ਸਭ ਤੋਂ ਅਗਾਂਹ ਚੱਲ ਰਹੀ ਹੈ।

ਕੈਟਰੀਨਾ ਕੈਫ ਇਕ ਅਜਿਹੀ ਅਭਿਨੇਤਰੀ ਹੈ ਜੋ ਇਸ ਸਾਲ ਆਪਣੇ ਕੰਮ ਦੇ ਦਮ 'ਤੇ ਨੰਬਰ ਗੇਮ ਵਿਚ ਕਰੀਨਾ ਦੇ ਤਕਰੀਬਨ ਨੇੜੇ ਆ ਗਈ ਹੈ। ਕੈਟਰੀਨਾ ਦੀਆਂ ਤਕਰੀਬਨ ਸਾਰੀਆਂ ਫ਼ਿਲਮਾਂ ਨੇ ਬਾਕਸ ਆਫਿਸ 'ਤੇ ਚੰਗੀ ਕਮਾਈ ਕੀਤੀ ਹੈ। ਹੁਣ ਇਸ ਸਮੇਂ ਕਰੀਨਾ ਤੇ ਕੈਟਰੀਨਾ ਵਿਚ ਨੰਬਰ ਵਨ ਦੀ ਲੜਾਈ ਚੱਲ ਰਹੀ ਹੈ। ਕਰੀਨਾ ਉਸ ਸਥਾਨ 'ਤੇ ਪਹੁੰਚ ਗਈ ਹੈ ਤੇ ਕੈਟਰੀਨਾ ਉਸ ਸਥਾਨ ਨੂੰ ਛੂਹਣ ਹੀ ਵਾਲੀ ਹੈ। ਇਸੇ ਕਰਕੇ ਦੋਵੇਂ ਅਭਿਨੇਤਰੀਆਂ ਵਿਚ ਸੀਤ ਯੁੱਧ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਕਰੀਨਾ ਤੇ ਕੈਟਰੀਨਾ ਵਿਚ ਇਕ ਸਮਾਨਤਾ ਹੈ ਕਿ ਦੋਵੇਂ ਆਪਣਾ ਸਥਾਨ ਬਣਾਈ ਰੱਖਣ ਲਈ ਸਿਰਫ ਵੱਡੇ ਕਲਾਕਾਰਾਂ ਨਾਲ ਹੀ ਕੰਮ ਕਰ ਰਹੀਆਂ ਹਨ। ਇਸੇ ਕਾਰਨ ਚੰਗੀਆਂ ਫਿਲਮਾਂ ਪਾਉਣ ਦੀ ਦੌੜ ਵਿਚ ਦੋਵਾਂ ਵਿਚਾਲੇ ਮੁਕਾਬਲਾ ਵੀ ਸਪੱਸ਼ਟ ਹੈ। ਇਹ ਠੰਡਾ ਯੁੱਧ ਹੁਣ ਬਹੁਤ ਛੇਤੀ ਹਿੰਸਕ ਰੂਪ ਲੈਣ ਜਾ ਰਿਹਾ ਹੈ। ਇਸ ਦਾ ਇਕ ਕਾਰਨ ਹੈ ਕਰੀਨਾ ਦੀ ਸਲਮਾਨ ਖਾਨ ਨਾਲ ਸਾਈਨ ਕੀਤੀ ਹੋਈ ਫ਼ਿਲਮ 'ਬਾਡੀਗਾਰਡ'।





ਫਿਲਮ 'ਵਾਂਟਿਡ' ਤੇ 'ਦਬੰਗ' ਈਦ 'ਤੇ ਰਿਲੀਜ਼ ਕਰਨ ਪਿੱਛੋਂ ਸਲਮਾਨ ਇਸ ਸਾਲ ਈਦ 'ਤੇ ਹੀ ਫਿਲਮ 'ਬਾਡੀਗਾਰਡ' ਰਿਲੀਜ਼ ਕਰਨਾ ਚਾਹੁੰਦਾ ਹੈ। 'ਦਬੰਗ' ਦੇ ਹਿੱਟ ਹੋਣ ਪਿਛੋਂ ਇਸ ਫਿਲਮ ਤੋਂ ਸਲਮਾਨ ਨੂੰ ਬਹੁਤ ਆਸਾਂ ਹਨ ਤੇ ਉਹ ਪੂਰਾ ਧਿਆਨ ਇਸ ਫਿਲਮ 'ਤੇ ਦੇ ਰਿਹਾ ਹੈ। ਕਰੀਨਾ ਨੂੰ ਜਦੋਂ ਇਸ ਫਿਲਮ ਵਿਚ ਕੰਮ ਕਰਨ ਦਾ ਮੌਕਾ ਮਿਲਿਆ ਸੀ ਤਾਂ ਉਹ ਬਹੁਤ ਖੁਸ਼ ਸੀ ਪਰ ਜਦੋਂ ਕੈਟਰੀਨਾ ਨੇ ਇਹ ਦੱਸਿਆ ਕਿ ਪਹਿਲਾਂ ਇਸ ਫਿਲਮ ਦੀ ਪੇਸ਼ਕਸ਼ ਉਸ ਨੂੰ ਮਿਲੀ ਸੀ ਤੇ ਸਮੇਂ ਦੀ ਘਾਟ ਕਾਰਨ ਉਸ ਨੂੰ ਫਿਲਮ ਛੱਡਣੀ ਪਈ ਸੀ ਤਾਂ ਕਰੀਨਾ ਦੀ ਖੁਸ਼ੀ ਦੂਰ ਹੋ ਗਈ।

ਹੁਣ ਇਨ੍ਹਾਂ ਦੋ ਅਭਿਨੇਤਰੀਆਂ ਕਾਰਨ ਬਾਲੀਵੁਡ ਵਿਚ ਦੋ ਧੜੇ ਪੈਦਾ ਹੋ ਗਏ ਹਨ। ਕੈਟਰੀਨਾ ਨੂੰ ਅਦਿੱਤਯ ਚੋਪੜਾ ਤੇ ਫਰਹਾ ਖਾਨ ਵਰਗੇ ਫਿਲਮਕਾਰਾਂ ਦਾ ਸਹਾਰਾ ਮਿਲਿਆ ਹੈ, ਜਦਕਿ ਕਰੀਨਾ ਨੂੰ ਕਰਨ ਜੌਹਰ, ਸੈਫ ਅਲੀ ਖਾਨ, ਸ਼ਾਹਰੁਖ ਖਾਨ ਤੇ 'ਗੋਲਮਾਲ-3' ਦੇ ਹਿੱਟ ਹੋਣ ਪਿਛੋਂ ਰੋਹਿਤ ਸ਼ੈੱਟੀ ਦਾ ਸਾਥ ਮਿਲ ਰਿਹਾ ਹੈ। ਇਸ ਸਾਲ ਦੋਹਾਂ ਅਭਿਨੇਤਰੀਆਂ 'ਚ ਵਧੇਰੇ ਮੁਕਾਬਲਾ ਹੋਣ ਦੀ ਸੰਭਾਵਨਾ ਹੈ। ਕੈਟਰੀਨਾ 'ਮੇਰੇ ਬ੍ਰਦਰ ਕੀ ਦੁਲਹਨ', ਤੇ 'ਜ਼ਿੰਦਗੀ ਮਿਲੇਗੀ ਨਾ ਦੋਬਾਰਾ' ਦੀ ਬੜੀ ਉਤਸੁਕਤਾ ਨਾਲ ਉਡੀਕ ਕਰ ਰਹੀ ਹੈ ਜਦ ਕਿ ਕਰੀਨਾ ਸਲਮਾਨ ਖਾਨ ਨਾਲ 'ਬਾਡੀਗਾਰਡ', ਸ਼ਾਹਰੁਖ ਖਾਨ ਨਾਲ 'ਰਾ ਵਨ' 'ਚ, ਸੈਫ ਅਲੀ ਖਾਨ ਨਾਲ 'ਏਜੰਟ ਵਿਨੋਦ' 'ਚ ਨਜ਼ਰ ਆਏਗੀ।

# ਆਮਿਰ ਖ਼ਾਨ ਧੂਮ-3 'ਚ ਬਣੇਗਾ ਬੈਡਮੈਨ

ਜੌਹਨ ਅਬਰਾਹਿਮ ਤੇ ਰਿਤਿਕ ਰੌਸ਼ਨ ਤੋਂ ਬਾਅਦ ਹੁਣ ਬਾਲੀਵੁੱਡ ਸੁਪਰ ਸਟਾਰ ਆਮਿਰ ਖਾਨ ਦੀ ਵਾਰੀ ਹੈ ਜੋ ਯਸ਼ ਰਾਜ ਦੀ ਸੁਪਰਹਿੱਟ ਫਰੈਂਚਾਈਜ਼ੀ 'ਧੂਮ-3' ਵਿਚ ਬੁਰੇ ਆਦਮੀ ਦਾ ਕਿਰਦਾਰ ਨਿਭਾਉਣਗੇ। ਦੋਵੇਂ ਅਭਿਸ਼ੇਕ ਬੱਚਨ ਤੇ ਉਦੈ ਚੋਪੜਾ ਫੇਰ ਆਪੋ-ਆਪਣੇ ਪਹਿਲੇ ਕਿਰਦਾਰਾਂ ਜੈ ਦੀਕਸ਼ਿਤ ਤੇ ਅਲੀ 'ਚ ਦਿਖਾਈ ਦੇਣਗੇ।



ਯਸ਼ ਰਾਜ ਫ਼ਿਲਮਜ਼ ਦੇ ਬੈਨਰ ਨਾਲ ਆਮਿਰ ਦੀ ਇਹ ਦੂਜੀ ਫ਼ਿਲਮ ਹੋਵੇਗੀ ਜੋ ਇਸ ਤੋਂ ਪਹਿਲਾਂ 'ਫਨਾ' ਵਿਚ ਦਹਿਸ਼ਤਵਾਦੀ ਦਾ ਕਿਰਦਾਰ ਨਿਭਾ ਚੁੱਕੇ ਹਨ। ਆਮਿਰ ਨੇ ਇਸ ਬਾਰੇ ਇਕ ਬਿਆਨ ਵਿਚ ਕਿਹਾ ਕਿ ਇਕ ਵਾਰੀ ਫੇਰ ਯਸ਼ ਰਾਜ ਨਾਲ ਕੰਮ ਕਰਨਾ ਸੱਚਮੁਚ ਬਹੁਤ ਖੁਸ਼ੀ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਧੂਮ ਬਹੁਤ ਹੀ ਕਮਾਲ, ਮਨੋਰੰਜਕ ਤੇ ਖੁਸ਼ੀ ਦੇਣ ਵਾਲੀ ਤੇ ਜਦੋਂ ਵੀ ਉਹ ਧੂਮ ਦੀ ਥੀਮ ਧੁਨ ਸੁਣਦਾ ਹੈ ਤਾਂ ਉਸ ਦੇ ਪੈਰ ਥਿਰਕਣ ਲਈ ਤਿਆਰ ਹੋ ਜਾਂਦੇ ਹਨ। ਉਸ ਨੇ ਨਾਲ ਹੀ ਕਿਹਾ ਕਿ ਵਿਕਟਰ ਦੀ ਪਟਕਥਾ ਨੇ ਸੱਚਮੁਚ ਉਸ ਦਾ ਦਿਲ ਜਿੱਤ ਲਿਆ। ਇਸ ਬਾਰੇ ਫ਼ਿਲਮ ਦੇ ਪ੍ਰੋਡਿਊਸਰ ਯਸ਼ ਚੋਪੜਾ ਨੇ ਕਿਹਾ ਕਿ ਉਹ ਇਸ ਗੱਲ ਤੋਂ ਬਹੁਤ ਖੁਸ਼ ਹੈ ਕਿ ਆਮਿਰ ਵਰਗਾ ਕਲਾਕਾਰ ਧੂਮ ਵਿਚ ਆ ਰਿਹਾ ਹੈ। ਅਦਿੱਤਿਆ ਚੋਪੜਾ ਵੱਲੋਂ ਨਿਰਮਤ ਤੇ ਵਿਜੈ ਕ੍ਰਿਸ਼ਨਾ ਅਚਾਰੀਆ ਵੱਲੋਂ ਨਿਰਦੇਸ਼ਤ ਇਸ ਫ਼ਿਲਮ ਦੀ ਸ਼ੂਟਿੰਗ ਇਸ ਵਰ੍ਹੇ ਦੇ ਅਖੀਰ ਵਿਚ ਸ਼ੁਰੂ ਹੋਵੇਗੀ।


HOT OFFER!
BEST DEAL
built-in 4-9mm vari-focal lens & 42pcs IR LED
@540TVL 1/3" SONY Super HAD CCD Model SA-1838HS
$99
VT-100 Dome Camera Price: $49.00
VT-1565 IR Camera Price: $199.00
VT-1566 Bullet Camera Price: $99.00
NOW BUY ONLINE
www.EzChase.com
$599
4 Cameras + 4CH DVR
PRO PACKAGE
CCTV
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
We sell less price but make your security priceless.
We only provide high quality at economy price.
Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service : 1-800-235-1391


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on
iPhone
with our new technology
QuikStop
Shell
Holiday Inn
Denny's
Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਰੀਜਨ









# ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼ ਸਮਾਗਮ

## 13 ਫਰਵਰੀ 2011

## ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਬੇਕਰਜ਼ਫੀਲਡ

*8601 ਸਾਊਥ ਐਚ. ਸਟਰੀਟ, ਬੇਕਰਜ਼ਫੀਲਡ (ਕੈਲੀਫੋਰਨੀਆ)*

*ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਮਰੀਕਾ ਰੀਜਨ (ਵੈਸਟ ਕੋਸਟ) ਵਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ 64ਵਾਂ ਜਨਮ ਦਿਹਾੜਾ 13 ਫਰਵਰੀ, 2011 ਨੂੰ ਗੁਰਦੁਆਰਾ ਗੁਰੂ ਨਾਨਕ ਮਿਸ਼ਨ, ਬੇਕਰਜ਼ਫੀਲਡ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਇਸ ਇਤਿਹਾਸਿਕ ਦਿਹਾੜੇ ਉਤੇ ਸ਼ਾਮਿਲ ਹੋਣ ਲਈ ਅਪੀਲ ਕੀਤੀ ਹੈ। ਪ੍ਰੋਗਰਾਮ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਚੱਲੇਗਾ। ਇਸ ਮੌਕੇ ਭਾਈ ਸਰਵਣ ਸਿੰਘ ਤੇ ਭਾਈ ਜਸਵਿੰਦਰ ਸਿੰਘ ਦਾ ਕਵੀਸ਼ਰੀ ਜਥਾ, ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਅਤੇ ਹੋਰ ਕਥਾਕਾਰ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ। ਪੰਥਕ ਬੁਲਾਰੇ ਡਾ. ਅਮਰਜੀਤ ਸਿੰਘ, ਡਾ. ਪ੍ਰਿਤਪਾਲ ਸਿੰਘ, ਸ. ਤਰਲੋਚਨ ਸਿੰਘ ਦੁਪਾਲਪੁਰ, ਸ. ਜਸਵੰਤ ਸਿੰਘ ਹੋਠੀ, ਸ. ਜੀਤ ਸਿੰਘ ਆਲੋਅਰਖ ਸੰਤਾਂ ਦੇ ਜੀਵਨ ਅਤੇ ਮਿਸ਼ਨ ਬਾਰੇ ਸੰਗਤਾਂ ਨਾਲ ਜਾਣਕਾਰੀ ਸਾਂਝੀ ਕਰਨਗੇ।*

ਅਪੀਲ ਕਰਤਾ:ਸੁਰਜੀਤ ਸਿੰਘ ਕਲਾਹਰ (ਪ੍ਰਧਾਨ), ਬੂਟਾ ਸਿੰਘ ਖੜੌਦ (ਕਨਵੀਨਰ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਰੀਜਨ
ਵਧੇਰੇ ਜਾਣਕਾਰੀ ਲਈ:ਜੀਤ ਸਿੰਘ ਆਲੋਅਰਖ (ਜਨਰਲ ਸਕੱਤਰ) ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫੋਨ:559-470-5595
ਗੁਰਜੀਤ ਸਿੰਘ ਝਾਂਮਪੁਰ (ਅੰਤਰ-ਰਾਸ਼ਟਰੀ ਮੀਡੀਆ ਸਕੱਤਰ) ਫੋਨ:510-657-8205
ਜਾਰੀ ਕਰਤਾ: ਰੇਸ਼ਮ ਸਿੰਘ ਬੇਕਰਜ਼ਫੀਲਡ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਮਰੀਕਾ ਰੀਜਨ (ਵੈਸਟ ਕੋਸਟ)
ਫੋਨ:661-209-0118 e-mail: PunjabiKing08@att.net

## ਅੰਮ੍ਰਿਤਸਰ ਐਲਾਨਨਾਮਾ

ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ
ਮਿਤੀ 01-05-1994

ਸ਼੍ਰੋਮਣੀ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਆਧਾਰਤ ਪੰਜਾਬੀ ਕੌਮੀ ਸੱਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਅਜਿਹੇ ਵੱਖਰੇ ਖਿੱਤੇ ਵਾਸਤੇ ਜਦੋਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਇਕ ਅਜਿਹਾ ਖਿੱਤਾ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਹ ਹੋਂਦ ਵਿਚ ਨਹੀਂ ਆਇਆ। ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ-ਗਿਣਤੀਆਂ ਦੀਆਂ ਭਾਵਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ। ਇਤਿਹਾਸ ਦੇ ਇਸ ਮੋੜ 'ਤੇ ਇੱਕ ਪਾਸੇ ਜੇ ਦੱਖਣ ਪੂਰਬੀ ਏਸ਼ੀਆ ਬੇਚੈਨ ਹੈ ਅਤੇ ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਨ ਲਈ ਕਦਰਾਂ-ਕੀਮਤਾਂ ਦੇ ਨਵੇਂ ਮਾਡਲ ਦੀ ਤਲਾਸ਼ ਵਿਚ ਹਨ। ਇਹ ਕੌਮਾਂ ਆਪਣੇ ਵਿਲੱਖਣ ਸੱਭਿਆਚਾਰਾਂ ਨੂੰ ਨਵੇਂ ਸਿਰਿਓਂ ਵਿਉਂਤਣ ਲਈ ਵੀ ਯਤਨ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡੀ ਏਕਤਾ ਅਤੇ ਇਕਸੁਰਤਾ, ਸੰਬਾਦ, ਸ਼ਾਇਰਾਨਾ ਤਰਜ਼ਿ-ਜ਼ਿੰਦਗੀ, ਲੁੱਟ-ਖਸੁਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਅਧੀਨ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ, ਹੋਰਨਾਂ ਸੱਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਜੀਵਨ ਜਾਚ ਉਤੇ ਉਸਰੀਆਂ ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਿਕ ਸੰਸਥਾਵਾਂ ਇੱਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਅਜਿਹਾ ਮੌਕਾ ਪ੍ਰਦਾਨ ਕਰਨਗੀਆਂ ਜੋ ਪਿਛਲੇ ਸਮੇਂ ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖ ਅਤੇ ਪੰਜਾਬੀਅਤ ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਪ੍ਰਗਟਾਵੇ ਰਾਹੀਂ ਗੌਰਵਸ਼ੀਲ ਯੋਗਦਾਨ ਦੇ ਸਕੇਗੀ।

ਅਕਾਲੀ ਦਲ ਦਾ ਇਹ ਮੱਤ ਹੈ ਕਿ ਹਿੰਦੁਸਤਾਨ ਵੱਖ ਵੱਖ ਕੌਮੀ ਸਭਿਆਚਾਰਾਂ ਦਾ ਇਕ ਉਪ ਮਹਾਂਦੀਪ ਹੈ, ਜਿਸ ਵਿਚ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਵਿਰਾਸਤ ਅਤੇ ਨਿਵੇਕਲੀ ਮੁਖਧਾਰਾ ਹੈ। ਇਸ ਉਪ ਮਹਾਂਦੀਪ ਨੂੰ ਇਕ ਕਨਫੈਡਰਲ ਵਿਧਾਨ ਰਾਹੀਂ ਨਵੇਂ ਸਿਰਿਓਂ ਸੰਗਠਿਤ ਕਰਨ ਦੀ ਲੋੜ ਹੈ ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਸ਼ਾ ਅਨੁਸਾਰ ਪ੍ਰਫੁਲਿਤ ਹੋਵੇ ਅਤੇ ਆਪਣੀ ਵਿਸ਼ੇਸ਼ ਖੁਸ਼ਬੋ ਵਿਸ਼ਵ ਸਭਿਆਚਾਰਾਂ ਦੇ ਬਾਗ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫੈਡਰਲ ਨਵ-ਸੰਗਠਨ, ਹਿੰਦੁਸਤਾਨੀ ਹੁਕਮਰਾਨਾਂ ਵੱਲੋਂ ਪਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇੱਕ ਪ੍ਰਭੂਸਤਾ ਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜਦੋਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ।

ਦਸਤਖਤ -- ਅਮਰਿੰਦਰ ਸਿੰਘ ਜਗਦੇਵ ਸਿੰਘ ਤਲਵੰਡੀ ਸਿਮਰਨਜੀਤ ਸਿੰਘ ਮਾਨ ਜਸਮੇਰ ਸਿੰਘ ਬਾਲਾ ਭਾਈ ਮਨਜੀਤ ਸਿੰਘ ਸੁਰਜੀਤ ਸਿੰਘ ਬਰਨਾਲਾ